**Golden State Realty** JASSI GILL Broker/Owner



Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
CA DRE# 00966763

**Harmit S Toor**
Bay East Brokers, Inc.
BEB BAY EAST BROKERS



Help you Buy, Sell & Loans:
♦ Residential & Commercial Property
♦ Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com
EQUAL HOUSING OPPORTUNITY

COVERED CALIFORNIA
Certified Insurance Agent
**Global Green** INSURANCE AGENCY



Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM



Gurcharan Singh Mann
**Mann Insurance Brokers Inc.**
4123 Dyer St., #230, Union City, CA 94587



Twenty-Fourth Year of Publication | ਕੈਲੀਫੋਰਨੀਆ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 32; August 12, 2023 | 20451 N. Plum Grove Rd., Palatine, IL 60074 | Ph:847-359-0746, Fax:847-705-9388




ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਵਲੋਂ ਕਰਵਾਏ ਗਏ ਕਬੱਡੀ ਕੱਪ ਵਿਚ ਜੇਤੂ ਰਹੀ 'ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਬੇਅ ਏਰੀਆ' ਦੀ ਟੀਮ ਪ੍ਰਬੰਧਕਾਂ ਅਤੇ ਸਪਾਂਸਰਾਂ ਨਾਲ।

## ਪੰਜਾਬ ਦਾ ਦਿੱਲੀ ਨੂੰ ਫਿਰ ਸਵਾਲ: ਦਾਬੇ ਖਿਲਾਫ ਆਵਾਜ਼ ਉੱਠੀ

ਚੰਡੀਗੜ੍ਹ: ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਸਿਆਸੀ ਵਿਰੋਧੀਆਂ ਨੂੰ ਦਬਾਉਣ, ਧਾਰਮਿਕ ਮਾਮਲਿਆਂ ਵਿਚ ਦਖਲ ਅਤੇ ਘੱਟ ਗਿਣਤੀਆਂ ਨੂੰ ਦਾਬੇ ਮਾਰਨ ਲਈ ਕੇਂਦਰੀ ਜਾਂਚ ਏਜੰਸੀਆਂ ਦੀ ਵਰਤੋਂ ਖ਼ਿਲਾਫ਼ ਪੰਜਾਬ ਵਿਚ ਜ਼ੋਰਦਾਰ ਆਵਾਜ਼ ਉੱਠੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਣੇ ਵੱਡੀ ਗਿਣਤੀ ਸਿੱਖ ਜਥੇਬੰਦੀਆਂ ਅਤੇ ਸਿਆਸੀ ਧਿਰਾਂ ਨੇ ਕੇਂਦਰ ਸਰਕਾਰ ਨੂੰ ਅਜਿਹੀਆਂ ਹੋਛੀਆਂ ਕਾਰਵਾਈਆਂ ਤੋਂ ਵਰਜਿਆ ਹੈ।

ਭਾਜਪਾ ਦਾ ਪੁਰਾਣਾ ਭਾਈਵਾਲ ਰਿਹਾ ਅਕਾਲੀ ਦਲ ਬਾਦਲ ਇਸ ਪਾਸੇ ਹੁਣ ਸਭ ਤੋਂ ਵੱਧ ਸਰਗਰਮ ਜਾਪ ਰਿਹਾ ਹੈ। ਇਥੋਂ ਤੱਕ ਕਿ ਪੰਜਾਬ ਭਾਜਪਾ ਲੀਡਰਸ਼ਿਪ ਵੀ ਕੇਂਦਰ ਦੀ ਇਸ ਰਣਨੀਤੀ ਨੂੰ ਸੂਬੇ ਵਿਚ ਸਿਆਸੀ ਨਫ਼ੇ-ਨੁਕਸਾਨ ਵਜੋਂ ਤੋਲਣ ਲੱਗੀ ਹੈ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੀ ਏਜੰਸੀਆਂ ਦੀ ਪੰਜਾਬ ਵਿਚ ਕਾਰਵਾਈ ਲਈ ਗ੍ਰਹਿ ਮੰਤਰੀ ਨੂੰ ਉਲਾਂਭਾ ਦੇ ਕੇ ਆਏ ਹਨ। ਜਾਖੜ ਨੇ ਅਮਿਤ ਸ਼ਾਹ ਨਾਲ ਮੁਲਾਕਾਤ ਕਰ ਕੇ ਕੌਮੀ ਜਾਂਚ ਏਜੰਸੀ ਐਨ.ਆਈ.ਏ. ਵੱਲੋਂ ਖਾਲਸਾ ਏਡ ਵਰਗੀਆਂ ਸਮਾਜ ਭਲਾਈ ਦੇ ਕੰਮਾਂ ਵਿਚ ਜੁਟੀਆਂ ਸੰਸਥਾਵਾਂ ਉਤੇ ਛਾਪਿਆਂ ਬਾਰੇ ਸਖਤ ਇਤਰਾਜ਼ ਜਤਾਇਆ ਹੈ। ਸੂਤਰ ਦੱਸਦੇ ਹਨ ਕਿ ਜਾਖੜ ਅਮਿਤ ਸ਼ਾਹ ਦੇ ਕੰਨੀਂ ਇਹ ਗੱਲ ਵੀ ਪਾ ਕੇ ਆਏ ਹਨ ਕਿ ਅਜਿਹੀਆਂ ਕਾਰਵਾਈਆਂ ਪਾਰਟੀ ਨੂੰ ਲੈ ਬੈਠਣਗੀਆਂ ਅਤੇ 2024 ਦੀਆਂ ਲੋਕ ਸਭਾ ਚੋਣਾਂ ਲਈ ਵਿੱਢੀ ਮੁਹਿੰਮ ਉਤੇ ਮਾੜਾ ਅਸਰ ਪਾ ਸਕਦੀਆਂ ਹਨ।


(ਬਾਕੀ ਸਫਾ 6 'ਤੇ)



**Medicare** COVERED CALIFORNIA
Life & Health Insurance
ਹੈਲਥ ਕੇਅਰ
Call: 510-459-7537
Bhupinder Singh Dev
bdev_99@yahoo.com
Lic# 0F86916



MEHAR INSURANCE
We do not offer every plan available in your area. Any information we provide is limited to those plans we offer in your area. Please contact Medicare.gov or 1-800-Medicare to get information on all of your options.



Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloeda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Raja Sweets & Indian Cuisine | Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS





Services
-We do Same day IRP Plates
-Truck Permits
-New company
-Truck ELD
-Trucking compliance



Rajinder Singh
159 D'Arcy Pkwy, Lathrop, CA 95330
Phone: 209 636 0880

# ਪ੍ਰਿਤਪਾਲ ਸਿੰਘ ਖਾਲਸਾ ਗੱਤਕਾ ਐਸੋਸੀਏਸ਼ਨ ਨਿਊ ਜਰਸੀ ਦਾ ਪ੍ਰਧਾਨ ਨਿਯੁਕਤ

## ਪੱਤਰਕਾਰ ਪ੍ਰਦੀਪ ਸਿੰਘ ਗਿੱਲ ਨੂੰ ਬਣਾਇਆ ਪ੍ਰੈਸ ਸਕੱਤਰ

**ਨਿਊ ਜਰਸੀ:** ਵਿਸ਼ਵ ਗੱਤਕਾ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ ਗੱਤਕਾ ਫੈਡਰੇਸ਼ਨ ਯੂ.ਐਸ.ਏ. ਨੇ ਦੋ ਨਾਮਵਰ ਸ਼ਖ਼ਸੀਅਤਾਂ ਨੂੰ ਦੋ ਖੇਡ ਸੰਸਥਾਵਾਂ ਅੰਦਰ ਅਹਿਮ ਅਹੁਦਿਆਂ 'ਤੇ ਨਿਯੁਕਤ ਕਰਨ ਦਾ ਐਲਾਨ ਕਰਦਿਆਂ ਪ੍ਰਿਤਪਾਲ ਸਿੰਘ ਖਾਲਸਾ ਨੂੰ ਗੱਤਕਾ ਐਸੋਸੀਏਸ਼ਨ ਨਿਊ ਜਰਸੀ ਦਾ ਪ੍ਰਧਾਨ ਅਤੇ ਪੱਤਰਕਾਰ ਪਰਦੀਪ ਸਿੰਘ ਗਿੱਲ ਨੂੰ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਪ੍ਰੈਸ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਹੈ।

ਨਿਊ ਜਰਸੀ ਵਿਖੇ ਖਾਲਸਾ ਤੇ ਗਿੱਲ ਨੂੰ ਸਿਰਪਾਓ ਸਮੇਤ ਨਿਯੁਕਤੀ ਪੱਤਰ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਅਤੇ ਜਨਰਲ ਸਕੱਤਰ ਡਾ. ਦੀਪ ਸਿੰਘ ਵੱਲੋਂ ਸੌਂਪੇ ਗਏ।

ਇਸ ਮੌਕੇ ਗੱਤਕਾ ਪ੍ਰੋਮੋਟਰਜ਼ ਗਰੇਵਾਲ ਅਤੇ ਡਾ. ਦੀਪ ਸਿੰਘ ਨੇ ਸਾਬਕਾ ਖਿਡਾਰੀ ਖ਼ਾਲਸਾ ਅਤੇ ਖੇਡ ਸੱਭਿਆਚਾਰ ਪ੍ਰਮੋਟਰ ਗਿੱਲ ਦੀ ਅਗਵਾਈ ਹੇਠ ਅਮਰੀਕਾ ਅੰਦਰ ਸਿੱਖ ਮਾਰਸ਼ਲ ਆਰਟ ਗੱਤਕੇ ਦੀ ਤਰੱਕੀ ਅਤੇ ਵਿਕਾਸ ਲਈ ਆਸ ਪ੍ਰਗਟਾਈ। ਸੌਂਪੇ ਗਏ ਕਾਰਜਾਂ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕਰਦੇ ਹੋਏ ਨਵ-ਨਿਯੁਕਤ ਸਟੇਟ ਪ੍ਰਧਾਨ ਖਾਲਸਾ ਤੇ ਕੌਮੀ ਪ੍ਰੈਸ ਸਕੱਤਰ ਗਿੱਲ ਨੇ ਨਿਊ ਜਰਸੀ ਸਮੇਤ ਪੂਰੇ ਅਮਰੀਕਾ ਵਿਚ ਗੱਤਕੇ ਦੀ ਅਮੀਰ ਵਿਰਾਸਤ ਨੂੰ ਪ੍ਰਫੁੱਲਿਤ ਕਰਨ ਅਤੇ ਸੰਭਾਲਣ ਲਈ ਤਨਦੇਹੀ ਨਾਲ ਕੰਮ ਕਰਨ ਦਾ ਭਰੋਸਾ ਦਿੱਤਾ।



ਇਸ ਮੌਕੇ ਪ੍ਰਧਾਨ ਗਰੇਵਾਲ ਅਤੇ ਜਨਰਲ ਸਕੱਤਰ ਡਾ. ਦੀਪ ਸਿੰਘ ਤੋਂ ਇਲਾਵਾ ਗੁਰਦੁਆਰਾ ਗਲੈਨ ਰੌਕ, ਨਿਊ ਜਰਸੀ ਦੇ ਸਾਬਕਾ ਪ੍ਰਧਾਨ, ਕਾਰੋਬਾਰੀ ਅਤੇ ਪੰਜਾਬ ਗਲੋਬਲ ਟੀਵੀ ਦੇ ਚੇਅਰਮੈਨ ਸ. ਹਰਭਜਨ ਸਿੰਘ ਨੇ ਵੀ ਦੋਵਾਂ ਨੂੰ ਵਧਾਈ ਦਿੱਤੀ।

ਇਸ ਦੌਰਾਨ, ਗੱਤਕਾ ਫੈਡਰੇਸ਼ਨ ਯੂ.ਐਸ.ਏ. ਨੇ ਉਨ੍ਹਾਂ ਨੂੰ ਸ਼ੁਭ ਕਾਮਨਾਵਾਂ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਇਹ ਸੰਸਥਾਵਾਂ ਅਮਰੀਕਾ ਵਿਚ ਗੱਤਕੇ ਦੇ ਖੇਤਰ ਵਿਚ ਨਵੇਂ ਮੀਲ ਪੱਥਰ ਸਥਾਪਤ ਕਰਨਗੀਆਂ। ਖਾਲਸਾ ਅਤੇ ਗਿੱਲ ਦੀਆਂ ਨਿਯੁਕਤੀਆਂ ਗੱਤਕਾ ਫੈਡਰੇਸ਼ਨ ਅਮਰੀਕਾ ਲਈ ਮਹੱਤਵਪੂਰਨ ਕਦਮ ਹੈ ਕਿਉਂਕਿ ਇਨ੍ਹਾਂ ਦੋਵਾਂ ਸ਼ਖਸੀਅਤਾਂ ਕੋਲ ਸੱਭਿਆਚਾਰ ਅਤੇ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਤਜਰਬਾ, ਲਗਨ ਅਤੇ ਮਿਹਨਤ ਕਰਨ ਦਾ ਜਨੂੰਨ ਹੈ।

***-ਰਿਪੋਰਟ: ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ***

# ਪੰਜਾਬ ਸਪੋਰਟਸ ਕਲੱਬ ਸਿਆਟਲ ਕਲਚਰਲ ਸੁਸਾਇਟੀ ਨੇ ਕਰਵਾਇਆ ਕਬੱਡੀ ਟੂਰਨਾਮੈਂਟ

**ਸਿਆਟਲ:** ਪੰਜਾਬ ਸਪੋਰਟਸ ਕਲੱਬ ਸਿਆਟਲ ਕਲਚਰਲ ਸੁਸਾਇਟੀ ਵੱਲੋਂ ਲੰਘੀ 23 ਜੁਲਾਈ ਨੂੰ ਮਿਡਵੇਅ ਐਲੀਮੈਂਟਰੀ ਸਕੂਲ



ਡਮੋਇਸ ਵਾਸ਼ਿੰਗਟਨ ਦੀਆਂ ਗਰਾਊਂਡਾਂ ਵਿਖੇ ਕਬੱਡੀ ਕੱਪ 2023 ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਦੋ ਅੰਡਰ ਟਵੰਟੀਵੰਨ ਦੀਆਂ ਟੀਮਾਂ ਨੇ ਭਾਗ ਲਿਆ, ਅਤੇ ਚਾਰ ਕਲੱਬਾਂ ਦੇ ਮੈਚ ਹੋਏ। ਟੂਰਨਾਮੈਂਟ ਨੂੰ ਨੇਪਰੇ ਚਾੜ੍ਹਨ ਦਾ ਸਿਹਰਾ ਜਿੰਦ ਅਠਵਾਲ, ਪਿੰਦਾ ਅਠਵਾਲ, ਜਸ ਧਾਲੀਵਾਲ, ਮਨਿੰਦਰ ਖਟਕੜ, ਪੁਰਾਣਾ ਪੰਜਾਬ ਸਪੋਰਟਸ ਕਲੱਬ ਆਦਿ ਸਿਰ ਜਾਂਦਾ ਹੈ। ਫਰਿਜ਼ਨੋ ਤੋਂ ਉੱਘੇ ਕਬੱਡੀ ਪ੍ਰਮੋਟਰ ਸ. ਨਾਜਰ ਸਿੰਘ ਸਹੋਤਾ ਤੇ ਯੂਬਾ ਸਿਟੀ ਤੋਂ ਸਾਬੀ ਢੰਢਵਾਲ, ਅਜਾਇਬ ਸਿੰਘ ਮੱਲ੍ਹੀ, ਗੁਰਮੀਤ ਸਿੰਘ ਤੱਖਰ, ਸਨੀ (ਚਹਾਲਸ ਵਾਸ਼ਿੰਗਟਨ) ਨੇ ਟੂਰਨਾਮੈਂਟ ਵਿਚ ਸ਼ਿਰਕਤ ਕਰ ਕੇ ਚਾਰ ਚੰਨ ਲਾਏ। ਪਲੇਅਰਾਂ ਦੀ ਸਿਹਤਯਾਬੀ ਅਤੇ ਟੂਰਨਾਮੈਂਟ ਦੀ ਕਾਮਯਾਬੀ ਨੂੰ ਮੁੱਖ ਰੱਖ ਕੇ ਟੂਰਨਾਮੈਂਟ ਦੀ ਸ਼ੁਰੂਆਤ ਵਾਹਿਗੁਰੂ



ਦਾ ਸ਼ੁਕਰਾਨਾ ਕਰਦਿਆਂ ਅਰਦਾਸ ਕਰ ਕੇ ਕੀਤੀ ਗਈ। ਉਪਰੰਤ ਅੰਡਰ ਟਵੰਟੀਵੰਨ ਦਾ ਬਹੁਤ ਰੌਚਕ ਮੁਕਾਬਲਾ ਫਰਿਜ਼ਨੋ ਕੈਲੀਫੋਰਨੀਆ ਯੂ.ਐਸ.ਏ. ਸਪੋਰਟਸ ਕਲੱਬ ਅਤੇ ਨਿਊਯਾਰਕ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ, ਜਿਹੜਾ ਫਰਿਜ਼ਨੋ ਨੇ ਫਸਵੇਂ ਮੁਕਾਬਲੇ ਦੌਰਾਨ ਨਿਊਯਾਰਕ ਨੂੰ ਹਰਾ ਕੇ ਜਿੱਤਿਆ।

ਕਲੱਬਾਂ ਦੇ ਮੈਚ ਖੇਡਣ ਲਈ ਸਿਆਟਲ, ਮੈਨਟੀਕਾ, ਯੂਬਾ ਸਿਟੀ ਅਤੇ ਬੇਕਰਸਫੀਲਡ ਦੀਆਂ ਟੀਮਾਂ ਆਪਸ ਵਿਚ ਭਿੜੀਆਂ। ਸੈਮੀਫਾਈਨਲ ਮੈਚ ਬੇਕਰਸਫੀਲਡ ਅਤੇ ਯੂਬਾ ਸਿਟੀ ਦਰਮਿਆਨ ਖੇਡਿਆ ਗਿਆ, ਅਤੇ ਇਹ ਮੈਚ ਬੇਕਰਸਫੀਲਡ ਦੀ ਟੀਮ ਨੇ ਯੂਬਾ ਸਿਟੀ ਨੂੰ ਅੱਧੇ ਪੁਆਇੰਟ ਨਾਲ ਹਰਾ ਕੇ ਜਿੱਤਿਆ। ਫਾਈਨਲ ਮੈਚ ਸਿਆਟਲ ਅਤੇ ਮੈਨਟੀਕਾ ਦੀਆਂ ਕਲੱਬਾਂ ਦਰਮਿਆਨ ਖੇਡਿਆ ਗਿਆ, ਇਸ ਮੈਚ ਨੂੰ ਵੇਖਣ ਲਈ ਦਰਸ਼ਕ ਦੂਰ ਦੁਰਾਡੇ ਤੋਂ ਪਹੁੰਚੇ ਹੋਏ ਸਨ। ਇਸ ਸਖਤ ਟੱਕਰ ਦੌਰਾਨ ਸਿਆਟਲ ਨੇ ਮੈਨਟੀਕਾ ਦੀ ਟੀਮ ਨੂੰ ਹਰਾ ਕੇ ਕੱਪ ਆਪਣੇ ਨਾਮ ਕੀਤਾ। ਟੂਰਨਾਮੈਂਟ ਦੌਰਾਨ ਗੋਲਡਨ ਕਰੀ ਰੈਸਟੋਰੈਂਟ ਵਾਲਿਆਂ ਨੇ ਲੰਗਰ ਲਗਾ ਕੇ ਬਹਿਜਾ ਬਹਿਜਾ ਕਰਵਾ ਦਿੱਤੀ, ਹਰ ਕੋਈ ਉਨ੍ਹਾਂ ਦੇ ਖਾਣੇ ਦੀ ਤਾਰੀਫ਼ ਕਰਦਾ ਨਜ਼ਰ ਆਇਆ। ਪ੍ਰਬੰਧਕਾਂ ਵੱਲੋਂ ਗੋਲਡਨ ਕਰੀ ਰੈਸਟੋਰੈਂਟ ਵਾਲੇ ਸਤਨਾਮ ਸਿੰਘ ਦਾ ਉਨ੍ਹਾਂ ਦੀਆਂ ਸੇਵਾਵਾਂ ਲਈ ਵਿਸ਼ੇਸ਼ ਧੰਨਵਾਦ ਕੀਤਾ।

ਸਾਰੇ ਮੈਚਾਂ ਦੀ ਐਂਪਾਇਰਿੰਗ ਕਰਨ ਲਈ ਸਾਬਕਾ ਕਬੱਡੀ ਖਿਡਾਰੀ ਦਲਵੀਰ ਸਿੰਘ ਚੌਧਰੀ, ਬੀਰੂ ਵੱਡਾਘਰ, ਕੋਚ ਦਵਿੰਦਰ ਸਿੰਘ, ਕੋਚ ਬਾਬਾ ਆਦਿ ਪਹੁੰਚੇ ਹੋਏ ਸਨ। ਕੁਮੈਂਟੇਟਰ ਸਵਰਨ ਮੱਲਾ ਅਤੇ ਕਾਲਾ ਰਸ਼ੀਨ ਨੇ ਆਪਣੇ ਟੋਟਕਿਆਂ ਨਾਲ ਖੂਬ ਸਮਾਂ ਬੰਨ੍ਹਿਆ। ਹੋਰ ਜਿਹੜੇ ਸਪਾਂਸਰ ਜਾਂ ਸਹਿਯੋਗੀ ਸੱਜਣਾਂ ਦੇ ਸਹਿਯੋਗ ਨਾਲ ਟੂਰਨਾਮੈਂਟ ਨੇਪਰੇ ਚੜ੍ਹਿਆ ਉਨ੍ਹਾਂ ਵਿਚ ਮਨਮੋਹਨ ਸਿੰਘ ਧਾਲੀਵਾਲ, ਜਸ ਧਾਲੀਵਾਲ, ਡਾ. ਹਰਚੰਦ ਸਿੰਘ, ਹਰਨੇਕ ਸਿੰਘ ਨੇਕੀ (ਚਹਾਲਸ ਵਾਸ਼ਿੰਗਟਨ), ਇਸ਼ਵਿੰਦਰ ਸਿੰਘ, ਪਵਿੱਤਰ ਸਿੰਘ, ਹਰਸ਼ ਵਿਰਕ, ਜੱਗੀ ਲੁਬਾਣਾ, ਮੱਖਣ ਰਣੀਕੇ, ਬੌਬੀ ਧਾਮੀ, ਇੰਦਰਜੀਤ ਪੰਨੂੰ, ਵਿੱਕੀ ਰੈਂਬੋ, ਲਵ ਨਾਗਰਾ, ਸੰਦੀਪ ਸਿੰਘ ਢੋਲਾ, ਸੰਦੀਪ ਸਿੰਘ ਗੁਰਨਾ, ਦੀਪ ਸਿੰਘ ਰਾਏ, ਸਤਵੰਤ ਸਿੰਘ ਸੋਨੂੰ, ਅਮਨਦੀਪ ਸਿੰਘ ਮਣਕੂ, ਕਰਨ ਸਿੱਧੂ, ਜਗਦੇਵ ਸਿੰਘ ਸੰਧੂ (ਐਵਰਟ), ਕੁਲਵੀਰ ਸਿੰਘ ਕੁਰਾਲਾ, ਸੋਨੂੰ ਨਿਊ ਟਰੈਕ ਟਰਾਂਸਪੋਰਟ, ਮਨਜਿੰਦਰ ਸਿੰਘ



ਡੇਅ ਐਂਡ ਨਾਈਟ ਟਰੱਕ ਰਿਪੇਅਰ, ਸਤਨਾਮ ਸਿੰਘ ਮਕੈਨਿਕ, ਰਾਜਿਸ ਟਰਾਂਸਪੋਰਟ ਵਾਲੇ ਬਿੱਲਾ, ਕੀ ਇੰਸ਼ੋਰੈਂਸ, ਸੈਮ ਵਿਰਕ, ਪਾਲ ਮੁਲਤਾਨੀ, ਬਲਜਿੰਦਰ ਸਿੰਘ ਲਤਾਲਾ, ਜਤਿੰਦਰ ਸਪਰਾਏ, ਰਾਜ ਢਿੱਲੋਂ ਆਦਿ ਦੇ ਨਾਮ ਜ਼ਿਕਰਯੋਗ ਹਨ।

ਇਸ ਟੂਰਨਾਮੈਂਟ ਨੂੰ ਕਾਮਯਾਬੀ ਨਾਲ ਸਿਰੇ ਚਾੜ੍ਹਨ ਦਾ ਸਿਹਰਾ ਸਿਆਟਲ ਵਾਲੇ ਅਠਵਾਲ ਪਰਿਵਾਰ ਸਿਰ ਜਾਂਦਾ ਹੈ, ਕਬੱਡੀ ਨੂੰ ਦਿਲੋਂ ਪਿਆਰ ਕਰਨ ਵਾਲੇ ਜਿੰਦ ਅਠਵਾਲ, ਉਨ੍ਹਾਂ ਦੇ ਛੋਟੇ ਭਰਾ ਪਿੰਦਾ ਅਠਵਾਲ, ਜਿੰਦ ਅਠਵਾਲ ਦੇ ਬੇਟੇ ਕਰਨ ਅਠਵਾਲ, ਸ਼ਾਨ ਅਠਵਾਲ, ਅਗਨੀਰ ਅਠਵਾਲ ਨੇ ਟੂਰਨਾਮੈਂਟ ਦੀ ਕਾਮਯਾਬੀ ਲਈ ਦਿਨ ਰਾਤ ਮਿਹਨਤ ਕੀਤੀ। ਅਠਵਾਲ ਪਰਿਵਾਰ ਵੱਲੋਂ ਸਮੂਹ ਸ਼ਹਿਰ ਨਿਵਾਸੀਆਂ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ ਗਿਆ।

ਪੁਰਾਣੇ ਪੰਜਾਬ ਸਪੋਰਟਸ ਕਲੱਬ ਦੇ ਮੈਂਬਰ ਬਾਸੀ ਬ੍ਰਦਰਜ਼, ਪਿੰਟੂ ਬਾਠ, ਹਰਦੀਪ ਗਿੱਲ, ਤਾਰਾ ਤੰਮੜ, ਪੰਮੀ ਕੰਗ, ਬਲਕਾਰ ਸਿੰਘ ਕੂੰਨਰ, ਬਲਜੀਤ ਸਿੰਘ ਸੋਹਲ, ਮਨਮੋਹਨ ਸਿੰਘ ਧਾਲੀਵਾਲ, ਮਨਿੰਦਰ ਖਟਕੜ, ਅਵਤਾਰ ਪੁਰੇਵਾਲ, ਮੇਜਰ ਸਿੰਘ ਧਾਮੀ, ਸ਼ਿੰਦਰਪਾਲ ਔਜਲਾ ਆਦਿ ਦੀ ਅਣਥੱਕ ਮਿਹਨਤ ਨੂੰ ਸਜਦਾ ਕਰਨਾ ਬਣਦਾ ਹੈ।

ਅਖੀਰ ਜੇਤੂ ਟੀਮਾਂ ਨੂੰ ਇਨਾਮ ਵੰਡੇ ਗਏ ਅਤੇ ਕਾਮਯਾਬੀ ਦੇ ਝੰਡੇ ਗੱਡਦਾ ਇਹ ਟੂਰਨਾਮੈਂਟ ਯਾਦਗਾਰੀ ਹੋ ਨਿੱਬੜਿਆ। ਇਸ ਟੂਰਨਾਮੈਂਟ ਦੀ ਕਾਮਯਾਬੀ ਲਈ ਸਮੂਹ ਪ੍ਰਬੰਧਕ ਅਤੇ ਸਪਾਂਸਰ ਵਧਾਈ ਦੇ ਪਾਤਰ ਹਨ।

**-ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

Worldwide Services, LLC
Ravdeep S. Bhasin
Certified, Registered & Bonded Consultant
> IMMIGRATION CONSULTING SERVICES (ਇੰਮੀਗਰੇਸ਼ਨ ਸਲਾਹ ਸੇਵਾਵਾਂ):
Family Immigration/ Green Card Petition; Citizenship; Business/ Visitor Visa; Religious Visa; and Other Immigration Services.
> INCOME - TAX (Individual & Business) FILING SERVICES (ਇਨਕਮ-ਟੈਕਸ ਫਾਈਲਿੰਗ ਸੇਵਾਵਾਂ).
> FINANCIAL ACCOUNTING & MANAGEMENT SERVICES (ਵਿੱਤੀ ਲੇਖਾ ਅਤੇ ਪ੍ਰਬੰਧਨ ਸੇਵਾਵਾਂ).
> LEGAL DOCUMENT PREPARATION SERVICES (ਕਾਨੂੰਨੀ ਦਸਤਾਵੇਜ਼ ਤਿਆਰ ਕਰਨ ਦੀਆਂ ਸੇਵਾਵਾਂ):
Divorce, Name Change, Small Claims, & Others.
15437 Stratford Drive, Ste. 1, San Jose, CA 95124
ravdeep@worldwidesvcs.com
Cell: 408-613-3876
Fax: 408-409-2614

# ਵਿੰਡਸਰ ਨੇ ਪਹਿਲੇ ਕਬੱਡੀ ਕੱਪ ਦੀ ਕੀਤੀ ਮੇਜ਼ਬਾਨੀ

**ਵਿੰਡਸਰ:** ਵਿੰਡਸਰ ਸ਼ਹਿਰ ਨੇ ਖੇਡਾਂ ਦੇ ਇਤਿਹਾਸ ਵਿਚ ਨਵਾਂ ਮੀਲ ਪੱਥਰ ਸਥਾਪਤ ਕਰਦਿਆਂ 30 ਜੁਲਾਈ ਨੂੰ ਆਪਣੇ ਪਹਿਲੇ ਕਬੱਡੀ ਟੂਰਨਾਮੈਂਟ ਦਾ ਉਦਘਾਟਨ ਕਰਦਿਆਂ ਕਬੱਡੀ ਕੱਪ ਦੀ ਮੇਜ਼ਬਾਨੀ ਕੀਤੀ। ਡਬਲਯੂ.ਐਫ.ਸੀ.ਯੂ. ਸੈਂਟਰ ਦੇ ਨਾਲ ਲੱਗਦੇ ਖੂਬਸੂਰਤ ਮੈਕਹਗ ਪਾਰਕ ਵਿਖੇ ਹੋਇਆ ਕਰਵਾਇਆ ਗਿਆ ਇਹ ਕਬੱਡੀ ਕੱਪ ਸਥਾਨਕ ਭਾਈਚਾਰੇ ਅਤੇ ਬਾਹਰਲੇ ਲੋਕਾਂ ਦੇ ਭਾਰੀ ਸਮਰਥਨ ਨਾਲ ਸਫਲਤਾਪੂਰਵਕ ਸੰਪੰਨ ਹੋਇਆ।

ਪੰਜਾਬ ਵਿਚ ਡੂੰਘੀਆਂ ਜੜ੍ਹਾਂ ਰੱਖਣ ਵਾਲੀ ਅਤੇ ਭਾਰਤੀ ਭਾਈਚਾਰੇ ਨਾਲ ਮਜ਼ਬੂਤ ਸਬੰਧਾਂ ਵਾਲੀ ਮਾਂ ਖੇਡ ਕਬੱਡੀ ਨੇ ਦਰਸ਼ਕਾਂ ਵਿਚ ਉਤਸ਼ਾਹ ਭਰ ਦਿੱਤਾ ਅਤੇ ਦਰਸ਼ਕਾਂ ਦੇ ਦਿਲ ਜਿੱਤ ਲਏ। ਇਸ ਟੂਰਨਾਮੈਂਟ ਨੇ ਵਿੰਡਸਰ ਨਿਵਾਸੀਆਂ ਵਿੱਚ ਕਬੱਡੀ ਲਈ ਅਥਾਹ ਪਿਆਰ ਅਤੇ ਜਨੂੰਨ ਦਾ ਪ੍ਰਦਰਸ਼ਨ ਕੀਤਾ। ਵੱਖ-ਵੱਖ ਭਾਈਚਾਰਿਆਂ ਦੇ ਲੋਕ ਇਸ ਰੋਮਾਂਚਕ ਅਤੇ ਵਿਲੱਖਣ ਖੇਡ ਨੂੰ ਦੇਖਣ ਲਈ ਇਕੱਠੇ ਹੋਏ, ਜਿਸ ਨਾਲ ਏਕਤਾ ਅਤੇ ਸੱਭਿਆਚਾਰਕ ਸਾਂਝ ਦੀ ਭਾਵਨਾ ਪੈਦਾ ਹੋਈ।



ਕਬੱਡੀ ਕੱਪ ਵਿਚ ਨਾਮਵਰ ਅੰਤਰਰਾਸ਼ਟਰੀ ਖਿਡਾਰੀਆਂ ਦੀਆਂ ਸੱਤ ਟੀਮਾਂ ਸ਼ਾਮਲ ਹੋਈਆਂ ਜਿਨਾਂ ਨੇ ਮੈਦਾਨ ਵਿਚ ਆਪਣੇ ਅਸਾਧਾਰਨ ਹੁਨਰ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ। ਤਿੱਖੇ ਮੈਚਾਂ ਦੀ ਲੜੀ ਤੋਂ ਬਾਅਦ ਓਂਟਾਰੀਓ ਕਬੱਡੀ ਕਲੱਬ ਨਿਰਵਿਵਾਦ ਚੈਂਪੀਅਨ ਵਜੋਂ ਉਭਰਿਆ।

5,000 ਤੋਂ ਵੱਧ ਦਰਸ਼ਕ ਇਸ ਰੋਮਾਂਚਕ ਖੇਡ ਮੇਲੇ ਦਾ ਆਨੰਦ ਲੈਣ ਲਈ ਪਾਰਕ ਵਿਚ ਇਕੱਠੇ ਹੋਏ ਸਨ। ਟੂਰਨਾਮੈਂਟ ਦਾ ਪ੍ਰਭਾਵ ਸੱਚਮੁੱਚ ਵਿਸ਼ਵਵਿਆਪੀ ਸੀ, ਕਿਉਂਕਿ 100,000 ਤੋਂ ਵੱਧ ਲੋਕਾਂ ਨੇ ਦੁਨੀਆ ਭਰ ਵਿੱਚ ਆਪਣੇ ਟੈਲੀਵਿਜ਼ਨਾਂ ਅਤੇ ਮੋਬਾਈਲ ਸਕ੍ਰੀਨਾਂ ਤੋਂ ਮੇਲੇ ਨੂੰ ਲਾਈਵ ਦੇਖਿਆ।



ਮੇਲੇ ਦੇ ਪ੍ਰਬੰਧਕ ਜੀਵਨ ਗਿੱਲ ਨੇ ਕਿਹਾ ਕਿ 200,000 ਡਾਲਰ ਖਰਚ ਕੇ ਇਸ ਸ਼ਾਨਦਾਰ ਇਵੈਂਟ ਦੀ ਮੇਜ਼ਬਾਨੀ ਕਰਨਾ ਕੋਈ ਛੋਟੀ ਗੱਲ ਨਹੀਂ ਸੀ। ਸਾਡੇ ਸਪਾਂਸਰਾਂ ਦੇ ਭਾਰੀ ਸਮਰਥਨ ਨੇ ਇਸ ਟੂਰਨਾਮੈਂਟ ਨੂੰ ਸਫਲ ਬਣਾਇਆ, ਅਤੇ ਅਸੀਂ ਉਨ੍ਹਾਂ ਵਿੱਚੋਂ ਹਰ ਇੱਕ ਦੀ ਦਿਲੋਂ ਪ੍ਰਸ਼ੰਸਾ ਕਰਦੇ ਹਾਂ। ਉਨ੍ਹਾਂ ਨੇ ਇਸ ਸ਼ਾਨਦਾਰ ਸਫਲਤਾ ਅਤੇ ਭਾਈਚਾਰੇ ਦੇ ਅਟੁੱਟ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਬੱਡੀ ਕੱਪ ਦੀ ਸ਼ਾਨਦਾਰ ਸਫਲਤਾ ਅਤੇ ਵੱਖ-ਵੱਖ ਭਾਈਚਾਰਿਆਂ ਦੇ ਉਤਸ਼ਾਹੀ ਇਕੱਠ ਨੇ ਪ੍ਰਬੰਧਕਾਂ ਨੂੰ ਅਜਿਹੇ ਹੋਰ ਬੇਮਿਸਾਲ ਸਮਾਗਮ ਕਰਨ ਲਈ ਪ੍ਰੇਰਿਤ ਕੀਤਾ ਹੈ। ਵਿੰਡਸਰ ਕਬੱਡੀ ਕੱਪ ਨੂੰ ਵਿਸ਼ੇਸ਼ ਸਾਲਾਨਾ ਸਮਾਗਮ ਦੇ ਤੌਰ 'ਤੇ ਸਥਾਪਿਤ ਕਰਨਾ ਹੈ, ਜੋ ਕਿ ਨੌਜਵਾਨਾਂ ਵਿਚ ਖੇਡ ਭਾਵਨਾ ਅਤੇ ਸੱਭਿਆਚਾਰਕ ਸਾਂਝ ਪੈਦਾ ਕਰੇਗਾ। ਪਹਿਲਾ ਵਿੰਡਸਰ ਕਬੱਡੀ ਕੱਪ ਵਿਸ਼ਵ ਪੱਧਰ 'ਤੇ ਵਿਭਿੰਨ ਅਤੇ ਰੋਮਾਂਚਕ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸ਼ਹਿਰ ਦੀ ਵਚਨਬੱਧਤਾ ਦਾ ਸਬੂਤ ਹੈ। ਇਵੈਂਟ ਦੀ ਸਫਲਤਾ ਨੇ ਕਮਿਊਨਿਟੀ ਦੇ ਅੰਦਰ ਕਬੱਡੀ ਲਈ ਬਹੁਤ ਉਤਸ਼ਾਹ ਪੈਦਾ ਕੀਤਾ ਹੈ, ਅਤੇ ਅਸੀਂ ਆਉਣ ਵਾਲੇ ਸਾਲਾਂ ਵਿੱਚ ਇਸ ਵਿਰਾਸਤ ਨੂੰ ਅੱਗੇ ਵਧਾਉਣ ਦੀ ਉਮੀਦ ਕਰਦੇ ਹਾਂ। ਉਨ੍ਹਾਂ ਕਿਹਾ, 'ਅਸੀਂ ਪਹਿਲੇ ਵਿੰਡਸਰ ਕਬੱਡੀ ਕੱਪ ਨੂੰ ਖੇਡਾਂ ਦਾ ਇੱਕ ਅਭੁੱਲ ਅਤੇ ਜੇਤੂ ਜਸ਼ਨ ਬਣਾਉਣ ਲਈ ਸਾਰੇ ਭਾਗੀਦਾਰਾਂ, ਸਪਾਂਸਰਾਂ, ਸਮਰਥਕਾਂ ਅਤੇ ਸਮੁੱਚੇ ਭਾਈਚਾਰੇ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।'

ਇਸ ਮੌਕੇ ਦਰਸ਼ਕਾਂ ਲਈ ਸੁਆਦੀ ਭੋਜਨ ਦਾ ਪ੍ਰਬੰਧ ਕੀਤਾ ਗਿਆ ਸੀ। ਸਥਾਨਕ ਅਧਿਕਾਰੀਆਂ ਅਤੇ ਸਿਟੀ ਪੁਲਿਸ ਨੇ ਟੂਰਨਾਮੈਂਟ ਨੂੰ ਨਿਰਵਿਘਨ ਚਲਾਉਣ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਵਿਚ ਅਣਮੁੱਲਾ ਸਹਿਯੋਗ ਦਿੱਤਾ।


## ਛੋਟੇ ਟਰੱਕ ਡਰਾਈਵਰਾਂ ਤੇ ਵੈਨ ਡਰਾਈਵਰਾਂ ਦੀ ਲੋੜ

174 ਵੈਸਟ ਸਟੇਵ ਮਿਲ ਰੋਡ ਰੋਜਰਸ (ਅਰਕਨਸਾਂਸ) ਵਿਖੇ ਛੋਟੇ ਟਰੱਕ ਡਰਾਈਵਰਾਂ, ਵੈਨ ਡਰਾਈਵਰਾਂ ਅਤੇ ਵੇਅਰਹਾਊਸ ਵਿਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ।

ਚਾਹਵਾਨ ਸੰਪਰਕ ਕਰਨ:

**ਸੁਖਪਾਲ ਸਿੰਘ ਚਾਂਦੀ; ਫੋਨ: 479-544-7066**

**Wanted Small Truck Drivers and Van Drivers**

Small Truck drivers, Van drivers and Warehouse workers needed at 174 West Stave Mill Road Rogers (Arkansas).

**Contact: Sukhpal Singh Chandi**
**Phone: 479-544-7066**


# Matrimonials

## ਲੜਕੀ ਦੀ ਲੋੜ ਹੈ

USA based Sharma family looking for a suitable match for their son, age 31, 5'9", currently based in Punjab, India. He has done C.Ped and D.Ped from Punjab university. Pure vegetarian, does not smoke, nor drink. He is very loyal and a loving person and looking forward for someone with similar interest. Girl should be from USA or Canada. Contact us at 248-579-3135 or e-mail: Sharmaabpreet@gmail.com
30-33

Wanted suitable match for Ivy League MBA Jatt Sikh divorced man, age 40, height 5'10" settled in the Bay Area (California). Homeowner and working as a Senior Product Manager in big tech. Moved from Chandigarh (India) to the US 12 years ago. Looking in the US only. Caste no bar. Please contact us @ dhillonravi1983@gmail.com or 408-859-5613.
30-33

Ramgarhia Sikh Family looking for a suitable match for their 29 years old, 5' 11" Boy. Education: B. Com and well settled in Fresno, California, USA. Gotra: Khural & Bansal. Girl must be U.S. Citizen or Permanent resident. Please Contact us at: (559) 702- 6844.
30-33

Ramgarhia Sikh Family looking for a suitable match for their 29 years old, 5' 11" Boy. B. Com and well settled in Fresno, California, USA. Gotra: Khural & Bansal. Girl must be U.S. Citizen or Permanent resident. Contact us at: (559) 702- 6844.
29-32

## ਲੜਕੇ ਦੀ ਲੋੜ ਹੈ

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com
32-35

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com
30-33

Jatt Sikh family looking for a suitable match (only from Jatt Sikh family) for their US born and raised beautiful Doctor daughter, age 30, height 5'.5", doing residency. Please contact at caprisingh8@yahoo.com to exchange information and phone numbers. Serious inquiries only.
30-33

Parjapat family Looking for a suitable Match for their daughter, USA citizen age 33, 5'4" Divorced, no kids, Degree in Accounting, well settled in California. Please contact us at 337-513-2504 or e-mail: beantsingh94553@yahoo.com
29-32

Jat Sikh well educated and well settled family seeking suitable match for their September, 2001 US born 5'4" daughter. Turban wearing keshadari boy and compatible humble family is preference but not limited to. She possesses AA degree in management and Supervision. Employed as Federal employee in Bay Area (California). Contact us @ Ph:510-861-6491 or e-mail at: pgrealty@gmail.com
26-29




**UMA TRAVELS**

2535 West Devon Ave., Chicago, IL 60659

For Delhi-Bombay Ahmedabad, Hydrabad-Madras Call For Special Sale Fares

**Call: 773-338-5603**

# ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਦੇ ਮਸਲਿਆਂ ਦੇ ਹੱਲ ਲਈ ਮੋਰਚਾਬੰਦੀ

**ਮੁਹਾਲੀ:** ਪੰਜਾਬ ਵਿਚ ਹੜ੍ਹਾਂ ਪੀੜਤਾਂ ਲਈ ਰਾਹਤ, ਸੰਘੀ ਢਾਂਚਾ, ਕਰਜ਼ਾ ਮੁਆਫੀ, ਚੰਡੀਗੜ੍ਹ ਉਤੇ ਪੰਜਾਬ ਦਾ ਹੱਕ, ਪੰਜਾਬ ਦੇ ਪਾਣੀਆਂ ਸਮੇਤ ਹੋਰ ਮੁੱਦਿਆਂ ਸਬੰਧੀ ਪੰਜ ਕਿਸਾਨ ਜਥੇਬੰਦੀਆਂ ਨੇ ਮੁਹਾਲੀ ਵਿਚ ਸੂਬਾ ਤੇ ਕੇਂਦਰ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਆਲ ਇੰਡੀਆ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਅਤੇ ਭਾਰਤੀ ਕਿਸਾਨ ਯੂਨੀਅਨ (ਮਾਨਸਾ) ਦੇ ਸਾਂਝੇ ਬੈਨਰ ਹੇਠ ਪੰਜਾਬ ਭਰ 'ਚੋਂ ਕਿਸਾਨ ਕਾਫਲਿਆਂ ਦੇ ਰੂਪ ਵਿਚ ਇੱਥੋਂ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਸਾਹਮਣੇ ਪੁੱਡਾ ਗਰਾਊਂਡ ਵਿਚ ਪੁੱਜੇ ਤੇ ਰੋਸ ਜ਼ਾਹਰ ਕੀਤਾ।

ਇਸ ਮੌਕੇ ਬਲਬੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ, ਹਰਜਿੰਦਰ ਸਿੰਘ ਟਾਂਡਾ ਅਤੇ ਬੋਘ ਸਿੰਘ ਮਾਨਸਾ ਨੇ ਮੁੱਖ ਤੌਰ 'ਤੇ ਦਰਿਆਈ ਪਾਣੀ ਵਿਵਾਦ ਅਤੇ ਜਲ ਸੰਕਟ, ਵਾਤਾਵਰਨ ਪ੍ਰਦੂਸ਼ਣ, ਸੰਘੀ ਪ੍ਰਣਾਲੀ 'ਤੇ ਕੇਂਦਰ ਵੱਲੋਂ ਲਗਾਤਾਰ ਕੀਤੇ ਜਾ ਰਹੇ ਹਮਲੇ, ਹੜ੍ਹ ਪੀੜਤਾਂ ਲਈ ਤੁਰੰਤ ਲੋੜੀਂਦੀ ਰਾਹਤ ਅਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ



ਮੁਆਫੀ ਆਦਿ ਮੁੱਦਿਆਂ 'ਤੇ ਹੁਕਮਰਾਨਾਂ 'ਤੇ ਨਿਸ਼ਾਨਾ ਸਾਧਿਆ। ਰਾਜੇਵਾਲ ਨੇ ਕਿਹਾ ਕਿ ਕੇਂਦਰ ਦੇ ਗਲਤ ਫੈਸਲਿਆਂ ਅਤੇ ਕਾਰਜਕਾਰੀ ਹੁਕਮਾਂ ਰਾਹੀਂ ਸੂਬੇ ਦੇ ਦਰਿਆਈ ਪਾਣੀਆਂ ਦੀ ਲੁੱਟ ਕੀਤੀ ਜਾ ਰਹੀ ਹੈ ਅਤੇ ਵਾਧੂ ਪਾਣੀ ਗੈਰ-ਰਿਪੇਰੀਅਨ ਰਾਜਾਂ ਨੂੰ ਦਿੱਤਾ ਗਿਆ ਹੈ। ਪ੍ਰੇਮ ਸਿੰਘ ਭੰਗੂ ਨੇ ਹੜ੍ਹ ਪੀੜਤਾਂ ਨੂੰ ਤੁਰਤ ਰਾਹਤ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਝੋਨੇ ਦੇ ਨੁਕਸਾਨ ਲਈ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ, ਮ੍ਰਿਤਕਾਂ ਨੂੰ 10 ਲੱਖ ਰੁਪਏ ਅਤੇ ਤਬਾਹ ਹੋਏ ਘਰਾਂ ਲਈ 10 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ। ਕੰਵਲਪ੍ਰੀਤ ਸਿੰਘ ਪੰਨੂ ਨੇ ਕੇਂਦਰ ਤੇ ਸੂਬਾ ਸਰਕਾਰਾਂ 'ਤੇ ਕਰਜ਼ਾ ਮੁਆਫ ਨਾ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਭਾਜਪਾ ਨੇ ਨੌਂ ਸਾਲਾਂ ਦੇ ਸ਼ਾਸਨ ਦੌਰਾਨ ਕਾਰਪੋਰੇਟਾਂ ਦੇ 15 ਲੱਖ ਕਰੋੜ ਰੁਪਏ ਮੁਆਫ ਕਰ ਦਿੱਤੇ ਹਨ। ਉਨ੍ਹਾਂ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ 'ਤੇ ਕਰਜ਼ਾ ਚੜ੍ਹਨ ਲਈ ਸਰਕਾਰੀ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ।

ਬੋਘ ਸਿੰਘ ਮਾਨਸਾ ਅਤੇ ਹਰਜਿੰਦਰ ਸਿੰਘ ਟਾਂਡਾ ਨੇ ਮੰਗ ਕੀਤੀ ਕਿ ਐਮ.ਐਸ.ਪੀ. ਨੂੰ ਕਾਨੂੰਨੀ ਹੱਕ ਬਣਾਇਆ ਜਾਵੇ ਅਤੇ ਡਾ. ਐਮ.ਐਸ. ਸਵਾਮੀਨਾਥਨ ਦੀ ਰਿਪੋਰਟ ਹੂ-ਬ-ਹੂ ਲਾਗੂ ਕੀਤੀ ਜਾਵੇ। ਪੰਜਾਬ ਦੇ ਰਾਜਪਾਲ ਦੇ ਫੀਲਡ ਅਫਸਰ ਮੱਖਣ ਸਿੰਘ ਅਤੇ ਮੁਹਾਲੀ ਦੇ ਡੀ.ਆਰ.ਓ. ਮੇਜਰ ਗੁਰਜਿੰਦਰ ਸਿੰਘ ਬੈਨੀਪਾਲ ਨੇ ਕਿਸਾਨਾਂ ਤੋਂ ਮੰਗ ਪੱਤਰ ਹਾਸਲ ਕੀਤਾ। ਕਿਸਾਨਾਂ ਨੇ ਮਸਲੇ ਹੱਲ ਕਰਨ ਲਈ ਦੋ ਮਹੀਨੇ ਦਾ ਅਲਟੀਮੇਟਮ ਦਿੱਤਾ।

## ਲੀਡਰਾਂ ਦੀ ਸ਼ਹਿ 'ਤੇ ਜ਼ਮੀਨਾਂ ਖੋਹ ਰਿਹੈ ਭੂ-ਮਾਫੀਆ: ਉਗਰਾਹਾਂ

**ਮਹਿਲ ਕਲਾਂ:** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਗੋਬਿੰਦਪੁਰਾ ਜ਼ਮੀਨੀ ਘੋਲ ਦੇ ਸ਼ਹੀਦ ਸੁਰਜੀਤ ਸਿੰਘ ਹਮੀਦੀ ਦੀ 13ਵੀਂ ਬਰਸੀ ਮੌਕੇ ਪਿੰਡ ਹਮੀਦੀ ਵਿਚ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਬੀ.ਕੇ.ਯੂ. (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਭਾਵੇਂ ਦਿੱਲੀ ਦੀਆਂ ਬਰੂਹਾਂ 'ਤੇ ਕੀਤੇ ਗਏ ਸੰਘਰਸ਼ ਸਦਕਾ ਤਿੰਨੇ ਖੇਤੀ ਕਾਨੂੰਨ ਰੱਦ ਕਰਵਾ ਲਏ ਗਏ ਹਨ ਪਰ ਜ਼ਮੀਨੀ ਹਮਲਾ ਬਰਕਰਾਰ ਹੈ। ਉਨ੍ਹਾਂ ਕਿਹਾ ਕਿ ਭਾਰਤਮਾਲਾ ਵਰਗੇ ਵੱਡੇ ਹਾਈਵੇਅ ਪ੍ਰੋਜੈਕਟਾਂ ਰਾਹੀਂ ਨਿਗੂਣੇ ਜਿਹੇ ਮੁਆਵਜ਼ੇ ਦੇ ਕੇ ਕਿਸਾਨਾਂ ਕੋਲੋਂ ਲੱਖਾਂ ਏਕੜ ਜਮੀਨ ਖੋਹੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭੂ-ਮਾਫੀਆ ਵੱਲੋਂ ਇਹ ਸਭ ਕੁਝ ਸਿਆਸਤਦਾਨਾਂ ਦੀ ਸ਼ਹਿ 'ਤੇ ਕੀਤਾ ਜਾ ਰਿਹਾ ਹੈ।

# ਹੜ੍ਹਾਂ ਦੀ ਮਾਰ ਝੱਲਣ ਪਿੱਛੋਂ ਮੁੜ ਝੋਨਾ ਲਾਉਣ ਵਿਚ ਜੁਟੇ ਕਿਸਾਨ



**ਸੰਗਰੂਰ:** ਘੱਗਰ ਦੀ ਮਾਰ ਹੇਠ ਆਏ ਮੂਨਕ ਅਤੇ ਖਨੌਰੀ ਦੇ ਰਕਬੇ ਵਿਚ ਪਾਣੀ ਉਤਰਨ ਮਗਰੋਂ ਕਿਸਾਨ ਆਪਣੇ ਖੇਤਾਂ 'ਚ ਮੁੜ ਝੋਨੇ ਦੀ ਲੁਆਈ 'ਚ ਜੁਟ ਗਏ ਹਨ। ਹੁਣ ਤੱਕ ਕਰੀਬ 8 ਹਜ਼ਾਰ ਏਕੜ ਵਿਚ ਮੁੜ ਝੋਨੇ ਦੀ ਲੁਆਈ ਕੀਤੀ ਜਾ ਚੁੱਕੀ ਹੈ। ਹੜ੍ਹਾਂ ਕਾਰਨ ਜ਼ਿਲ੍ਹਾ ਸੰਗਰੂਰ 'ਚ ਪੈਂਦੇ ਮੂਨਕ ਤੇ ਖਨੌਰੀ 'ਚ ਕਰੀਬ 44 ਹਜ਼ਾਰ ਏਕੜ ਝੋਨੇ ਦੀ ਫਸਲ ਪ੍ਰਭਾਵਿਤ ਹੋਈ ਸੀ, ਜਿਸ 'ਚੋਂ ਕਰੀਬ 30 ਹਜ਼ਾਰ ਏਕੜ ਰਕਬੇ ਵਿਚ ਮੁੜ ਝੋਨੇ ਦੀ ਲੁਆਈ ਹੋਣ ਦੀ ਸੰਭਾਵਨਾ ਹੈ।

ਖੇਤੀਬਾੜੀ ਵਿਭਾਗ ਅਨੁਸਾਰ ਹਾਲੇ 15 ਅਗਸਤ ਤੱਕ ਝੋਨੇ ਦੀ ਲੁਆਈ ਹੋ ਸਕਦੀ ਹੈ, ਇਸ ਸਮੇਂ ਦੌਰਾਨ ਝੋਨੇ ਦੀ ਫਸਲ ਦੇ ਝਾੜ ਉਪਰ ਕੋਈ ਅਸਰ ਨਹੀਂ ਪਵੇਗਾ।

ਜ਼ਿਲ੍ਹਾ ਸੰਗਰੂਰ ਦੇ ਘੱਗਰ ਨਾਲ ਲੱਗਦੇ ਮੂਨਕ ਅਤੇ ਖਨੌਰੀ ਦੇ ਕੁੱਲ 34 ਪਿੰਡਾਂ ਵਿਚ ਲਗਭਗ 61 ਹਜ਼ਾਰ ਏਕੜ ਰਕਬੇ ਵਿਚ ਝੋਨੇ ਦੀ ਲੁਆਈ ਹੋਈ ਸੀ। ਇਸ ਰਕਬੇ 'ਚੋਂ ਕਰੀਬ 44 ਹਜ਼ਾਰ ਏਕੜ ਝੋਨੇ ਦੀ ਫਸਲ ਹੜ੍ਹਾਂ ਦੀ ਮਾਰ ਹੇਠ ਆ ਗਈ ਸੀ। ਕੁੱਲ 34 ਪਿੰਡਾਂ 'ਚੋਂ 18 ਪਿੰਡ ਅਜਿਹੇ ਹਨ, ਜਿਥੇ ਝੋਨੇ ਦੀ ਫਸਲ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਕਾਰਨ ਫਸਲ ਦੇ ਹੋਏ ਨੁਕਸਾਨ ਦੀ ਵਿਸ਼ੇਸ਼ ਗਿਰਦਾਵਰੀ ਅਜੇ ਹੋਣੀ ਬਾਕੀ ਹੈ ਪਰ ਖੇਤਾਂ 'ਚੋਂ ਘੱਗਰ ਦਾ ਪਾਣੀ ਉਤਰਨ ਤੋਂ ਬਾਅਦ ਕਿਸਾਨ ਮੁੜ ਝੋਨਾ ਲਗਾ ਰਹੇ ਹਨ। ਜ਼ਿਲ੍ਹਾ ਮੁੱਖ ਖੇਤੀਬਾੜੀ ਅਫਸਰ ਡਾ. ਹਰਬੰਸ ਸਿੰਘ ਚਹਿਲ ਅਨੁਸਾਰ ਝੋਨੇ ਦੀਆਂ ਕਿਸਮਾਂ ਪੀਆਰ-126, 1692 ਅਤੇ 1509 ਨੂੰ ਤਿੰਨ ਮਹੀਨੇ ਦਾ ਸਮਾਂ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ 180 ਏਕੜ ਰਕਬੇ 'ਚ ਝੋਨੇ ਦੀ ਪਨੀਰੀ ਬਿਜਾਈ ਗਈ ਹੈ। ਇਕ ਏਕੜ ਦੀ ਪਨੀਰੀ ਨਾਲ ਕਰੀਬ 100 ਏਕੜ ਰਕਬੇ 'ਚ ਝੋਨੇ ਦੀ ਬਿਜਾਈ ਹੋ ਸਕਦੀ ਹੈ।

## ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਪੂਰਤੀ ਕਰੇਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਹੈ ਕਿ ਫਸਲਾਂ ਦੀ ਵਿਸ਼ੇਸ਼ ਗਿਰਦਾਵਰੀ ਦੇ ਦਿੱਤੇ ਹੁਕਮਾਂ ਦੀ ਪਾਲਣਾ ਕਰਦਿਆਂ ਇਹ ਕੰਮ ਸਮੇਂ ਸਿਰ ਮੁਕੰਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਗਿਰਦਾਵਰੀ ਦਾ ਕੰਮ ਪੂਰੀ ਨਿਰਪੱਖਤਾ ਤੇ ਪਾਰਦਰਸ਼ਤਾ ਨਾਲ ਕੀਤਾ ਜਾਵੇ ਤਾਂ ਜੋ ਕੋਈ ਵੀ ਪੀੜਤ ਵਾਂਝਾ ਨਾ ਰਹੇ। ਇਸ ਦੇ ਨਾਲ ਹੀ ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਮੌਕੇ 'ਤੇ ਜਾ ਕੇ ਖੁਦ ਸਥਿਤੀ ਦਾ ਜਾਇਜ਼ਾ ਲੈਣ ਲਈ ਵੀ ਕਿਹਾ ਗਿਆ ਹੈ। ਮੀਟਿੰਗ ਦੌਰਾਨ ਵਰਮਾ ਨੇ ਜ਼ਿਲ੍ਹਾ ਵਾਰ ਡਿਪਟੀ ਕਮਿਸ਼ਨਰਾਂ ਤੋਂ ਮੁਆਵਜ਼ੇ ਤੇ ਗਿਰਦਾਵਰੀ ਦੇ ਕੰਮ ਦੀ ਰਿਪੋਰਟ ਲੈਂਦਿਆਂ ਪੈਂਡਿੰਗ ਮੁਆਵਜ਼ੇ ਦੇ ਕੇਸ ਤੁਰਤ ਨਿਪਟਾਉਣ ਲਈ ਕਿਹਾ।

## ਮੁੱਖ ਮੰਤਰੀ ਵੱਲੋਂ ਡੇਂਗੂ ਉੱਤੇ ਕਾਬੂ ਪਾਉਣ ਲਈ ਮੁਹਿੰਮ ਸ਼ੁਰੂ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਸ਼ੇਸ਼ ਮੁਹਿੰਮ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਦੀ ਸ਼ੁਰੂਆਤ ਕੀਤੀ। ਇਥੇ ਇਕ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਸਿਹਤ ਵਿਭਾਗ ਨੂੰ ਕਿਹਾ ਕਿ ਬਿਮਾਰੀ ਦੇ ਫੈਲਾਅ ਉਤੇ ਕਾਬੂ ਪਾਉਣ ਲਈ ਤਾਲਮੇਲ ਕਰ ਕੇ ਕੋਸ਼ਿਸ਼ਾਂ ਕੀਤੀਆਂ ਜਾਣ ਅਤੇ ਡੇਂਗੂ ਦੀ ਰੋਕਥਾਮ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਭਾਵੇਂ ਸੂਬੇ ਵਿਚ ਜ਼ਿਆਦਾਤਰ ਥਾਵਾਂ ਤੋਂ ਹੜ੍ਹਾਂ ਦਾ ਪਾਣੀ ਉਤਰ ਗਿਆ ਹੈ ਪਰ ਕਈ ਥਾਵਾਂ ਉਤੇ ਪਾਣੀ ਖੜ੍ਹਾ ਹੈ, ਜਿਹੜਾ ਮੱਛਰ ਦੇ ਪ੍ਰਜਣਨ ਦਾ ਸਥਾਨ ਬਣ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਸ਼ਹਿਰੀ ਦੇ ਨਾਲ-ਨਾਲ ਪੇਂਡੂ ਇਲਾਕਿਆਂ 'ਚ ਦਵਾਈ ਦੇ ਛਿੜਕਾਅ ਲਈ ਵਿਆਪਕ ਪ੍ਰਬੰਧ ਕਰਨ ਅਤੇ ਲਾਰਵਾ ਦੀ ਚੈਕਿੰਗ ਲਈ ਮੁਲਾਜ਼ਮਾਂ ਦੀ ਤਾਇਨਾਤੀ ਵਧਾਈ ਜਾਵੇ।

# ਫਸਲ ਪ੍ਰਬੰਧਨ ਸਬੰਧੀ ਪ੍ਰੋਜੈਕਟਾਂ ਨੂੰ ਪ੍ਰਵਾਨਗੀ 'ਚ ਪੰਜਾਬ ਦੇਸ਼ ਦੇ ਮੋਹਰੀ ਸੂਬਿਆਂ 'ਚ ਸ਼ਾਮਲ

**ਚੰਡੀਗੜ੍ਹ:** ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏ.ਆਈ.ਐੱਫ.) ਸਕੀਮ ਅਧੀਨ ਖੇਤੀ ਉਪਜ ਤੋਂ ਬਾਅਦ ਦੇ ਪ੍ਰਬੰਧਨ ਸਬੰਧੀ ਪ੍ਰੋਜੈਕਟਾਂ ਅਤੇ ਸਾਂਝੀ ਖੇਤੀ ਸੰਪਤੀਆਂ ਲਈ ਅਰਜ਼ੀਆਂ ਪ੍ਰਵਾਨ ਕਰਨ ਦੇ ਮਾਮਲੇ 'ਚ ਪੰਜਾਬ ਦੇਸ਼ ਦੇ ਮੋਹਰੀ ਸੂਬਿਆਂ ਵਿਚ ਸ਼ਾਮਲ ਹੋ ਗਿਆ ਹੈ। ਪੰਜਾਬ ਖੇਤੀ ਉਪਜ ਤੋਂ ਬਾਅਦ ਪ੍ਰਬੰਧਨ ਸਬੰਧੀ ਪ੍ਰੋਜੈਕਟਾਂ ਲਈ ਵਿੱਤੀ ਵਰ੍ਹੇ 2023-24 ਦੇ ਪਹਿਲੇ ਚਾਰ ਮਹੀਨਿਆਂ 'ਚ 4745 ਅਰਜ਼ੀਆਂ ਪ੍ਰਵਾਨ ਕਰ ਕੇ ਦੇਸ਼ ਦਾ ਦੂਜਾ ਸਭ ਤੋਂ ਵੱਧ ਅਰਜ਼ੀਆਂ ਪ੍ਰਵਾਨ ਕਰਨ ਵਾਲਾ ਸੂਬਾ ਬਣ ਗਿਆ ਹੈ। ਮੱਧ ਪ੍ਰਦੇਸ਼ ਸਭ ਤੋਂ ਵੱਧ 6316 ਅਰਜ਼ੀਆਂ ਮਨਜ਼ੂਰ ਕਰ ਕੇ ਪਹਿਲੇ ਨੰਬਰ 'ਤੇ ਰਿਹਾ। ਇਸੇ ਤਰ੍ਹਾਂ ਮਹਾਰਾਸ਼ਟਰ 4178 ਅਰਜ਼ੀਆਂ ਨਾਲ ਤੀਜੇ, ਉੱਤਰ ਪ੍ਰਦੇਸ਼ 2244 ਅਰਜ਼ੀਆਂ ਨਾਲ ਚੌਥੇ ਅਤੇ ਕਰਨਾਟਕ 2029 ਅਰਜ਼ੀਆਂ ਪ੍ਰਵਾਨ ਕਰਕੇ ਪੰਜਵੇਂ ਸਥਾਨ 'ਤੇ ਰਿਹਾ।

ਪੰਜਾਬ ਨੇ ਖੇਤੀ ਉਪਜ ਤੋਂ ਬਾਅਦ ਪ੍ਰਬੰਧਨ ਸਬੰਧੀ ਪ੍ਰੋਜੈਕਟਾਂ ਲਈ 4745 ਅਰਜ਼ੀਆਂ ਪ੍ਰਵਾਨ ਕਰ ਕੇ ਵੱਖ-ਵੱਖ ਪ੍ਰੋਜੈਕਟਾਂ ਲਈ 1,395 ਕਰੋੜ ਰੁਪਏ ਮਨਜ਼ੂਰ ਕਰਵਾਏ ਹਨ। ਇਸ ਨਾਲ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਵੱਡੇ-ਵੱਡੇ ਪ੍ਰੋਜੈਕਟ ਲਗਾਏ ਜਾ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ



(ਏ.ਆਈ.ਐੱਫ.) ਸਕੀਮ ਤਹਿਤ ਮਿਲਣ ਵਾਲੇ ਫੰਡਾਂ ਰਾਹੀ ਸੂਬੇ ਵਿਚ ਕਸਟਮ ਹਾਇਰਿੰਗ ਸੈਂਟਰ, ਪ੍ਰਾਇਮਰੀ ਪ੍ਰੋਸੈਸਿੰਗ ਯੂਨਿਟ, ਸਟੋਰੇਜ ਸਟਰੱਕਚਰ, ਕੋਲਡ ਸਟੋਰ ਆਦਿ ਸਥਾਪਤ ਕੀਤੇ ਜਾ ਰਹੇ ਹਨ। ਪੰਜਾਬ ਦੇ ਬਾਗਬਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਏ.ਆਈ.ਐੱਫ. ਸਕੀਮ ਤਹਿਤ ਯੋਗ ਗਤੀਵਿਧੀਆਂ ਲਈ 2 ਕਰੋੜ ਰੁਪਏ ਤੱਕ ਦੇ ਕਰਜ਼ੇ 'ਤੇ 9 ਫੀਸਦ ਵਿਆਜ ਦਰ ਮਿਥੀ ਗਈ ਹੈ, ਜਿਸ 'ਚ 3 ਫ਼ੀਸਦ ਤੱਕ ਵਿਆਜ 'ਚ ਸਬਸਿਡੀ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਕੀਮ ਦੇ ਲਾਭਾਂ ਨੂੰ ਵੱਖ-ਵੱਖ ਸਬਸਿਡੀਆਂ ਨਾਲ ਜੋੜਿਆ ਜਾ ਸਕਦਾ ਹੈ ਅਤੇ ਹਰ ਲਾਭਪਾਤਰੀ 25 ਪ੍ਰੋਜੈਕਟ ਸਥਾਪਤ ਕਰ ਸਕਦਾ ਹੈ।

## ਸਭ ਤੋਂ ਵੱਧ ਅਰਜ਼ੀਆਂ ਬਠਿੰਡਾ ਜ਼ਿਲ੍ਹੇ ਦੀਆਂ ਪ੍ਰਵਾਨ ਹੋਈਆਂ

**ਚੰਡੀਗੜ੍ਹ:** ਸੂਬਾ ਸਰਕਾਰ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿਚ ਸਭ ਤੋਂ ਵੱਧ 1095 ਅਰਜ਼ੀਆਂ ਬਠਿੰਡਾ ਜ਼ਿਲ੍ਹੇ ਦੀਆਂ ਪ੍ਰਵਾਨ ਕੀਤੀਆਂ ਗਈਆਂ ਹਨ। ਇਸੇ ਤਰ੍ਹਾਂ ਫਾਜ਼ਿਲਕਾ ਦੀਆਂ 1015, ਪਟਿਆਲਾ ਦੀਆਂ 842, ਸ੍ਰੀ ਮੁਕਤਸਰ ਸਾਹਿਬ ਦੀਆਂ 784 ਤੇ ਸੰਗਰੂਰ ਦੀਆਂ 783 ਅਰਜ਼ੀਆਂ ਪ੍ਰਵਾਨ ਕੀਤੀਆਂ ਗਈਆਂ ਹਨ।

# ਫੰਡਾਂ ਬਥੇਰੇ, ਹੜ੍ਹ ਪੀੜਤਾਂ ਨੂੰ ਰਾਹਤ ਲਈ ਕੋਈ ਕਸਰ ਨਹੀਂ ਛੱਡਾਂਗੇ: ਮਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿਚ ਚੱਲ ਰਹੀ ਵਿਸ਼ੇਸ਼ ਗਿਰਦਾਵਰੀ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸੂਬੇ ਭਰ ਵਿਚ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਵਚਨਬੱਧ ਹੈ ਤੇ ਸਰਕਾਰ 15 ਅਗਸਤ ਤੱਕ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਮੁਆਵਜ਼ਾ ਦੇਵੇਗੀ।

ਮੀਟਿੰਗ ਦੌਰਾਨ ਕਿਹਾ ਕਿ ਇਸ ਉਦੇਸ਼ ਲਈ ਸੂਬਾ ਸਰਕਾਰ ਕੋਲ ਫੰਡਾਂ ਦੀ ਕਮੀ ਨਹੀਂ ਹੈ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਖੁਦ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਜ਼ਮੀਨੀ ਪੱਧਰ ਉਤੇ ਹਾਲਾਤ ਦਾ ਜਾਇਜ਼ਾ ਲਿਆ ਸੀ ਅਤੇ



ਹੁਣ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦੇ ਲੋਕਾਂ ਨੂੰ ਬਣਦੀ ਰਾਹਤ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਵਿਸ਼ੇਸ਼ ਗਿਰਦਾਵਰੀ ਕਰਵਾਉਣ ਦੇ ਹੁਕਮ ਪਹਿਲਾਂ ਹੀ ਜਾਰੀ ਕੀਤੇ ਹੋਏ ਹਨ ਤਾਂ ਜੋ ਸੂਬੇ ਵਿਚ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਅਨੁਮਾਨ ਲਾਇਆ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ 15 ਅਗਸਤ ਤੱਕ ਹਰ ਹੀਲੇ ਵਿਸ਼ੇਸ਼ ਗਿਰਦਾਵਰੀ ਮੁਕੰਮਲ ਕਰਨ ਦੇ ਹੁਕਮ ਦਿੱਤੇ। ਭਗਵੰਤ ਮਾਨ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਫਸਲਾਂ, ਪਸ਼ੂ, ਘਰ ਜਾਂ ਹੋਰ ਸਾਜ਼ੋ-ਸਾਮਾਨ ਦੇ ਨੁਕਸਾਨ ਦੀ ਭਰਪਾਈ ਮੁਆਵਜ਼ਾ ਦੇ ਕੇ ਕਰੇਗੀ। ਮੁੱਖ ਮੰਤਰੀ ਨੇ ਦੱਸਿਆ ਕਿ ਸੂਬੇ ਦੇ 19 ਜ਼ਿਲ੍ਹਿਆਂ ਵਿਚ 1495 ਪਿੰਡ ਹੜ੍ਹਾਂ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਸੂਬੇ ਭਰ ਤੋਂ ਪ੍ਰਾਪਤ ਹੋਈਆਂ ਰਿਪੋਰਟਾਂ ਦੇ ਮੁਤਾਬਕ 44 ਵਿਅਕਤੀਆਂ ਦੀ ਜਾਨ ਚਲੀ ਗਈ ਜਦਕਿ 22 ਵਿਅਕਤੀ ਜ਼ਖਮੀ ਹੋਏ ਹਨ, 391 ਘਰ ਪੂਰੀ ਤਰ੍ਹਾਂ ਨੁਕਸਾਨੇ ਗਏ, 878 ਘਰਾਂ ਨੂੰ ਕੁਝ ਹੱਦ ਤੱਕ ਨੁਕਸਾਨ ਪਹੁੰਚਿਆ ਅਤੇ 1277 ਵਿਅਕਤੀਆਂ ਨੂੰ ਹੜ੍ਹਾਂ ਦੌਰਾਨ ਸਥਾਪਤ ਕੀਤੇ 159 ਰਾਹਤ ਕੈਂਪਾਂ 'ਚ ਟਿਕਾਣਾ ਕਰਨਾ ਪਿਆ। ਭਗਵੰਤ ਮਾਨ ਨੇ ਕਿਹਾ ਕਿ 15 ਅਗਸਤ ਤੱਕ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਲੋਕਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇਗਾ।

## 15 ਤੱਕ ਗਿਰਦਾਵਰੀਆਂ ਕਰਵਾ ਕੇ ਦੇਵਾਂਗੇ ਮੁਆਵਜ਼ਾ: ਜੌੜਾਮਾਜਰਾ

**ਫਤਹਿਗੜ੍ਹ ਸਾਹਿਬ:** ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਸਪੈਸ਼ਲ ਗਿਰਦਾਵਰੀਆਂ ਕਰਵਾਉਣ ਦਾ ਫੈਸਲਾ ਕੀਤਾ ਹੈ ਤਾਂ ਜੋ 15 ਅਗਸਤ ਤੱਕ ਮੁਆਵਜ਼ਾ ਦੇਣ ਲਈ ਪ੍ਰਕਿਰਿਆ ਸ਼ੁਰੂ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਆਦੇਸ਼ ਦਿੱਤੇ ਗਏ ਹਨ ਕਿ 15 ਅਗਸਤ ਤੱਕ ਸਪੈਸ਼ਲ ਗਿਰਦਾਵਰੀਆਂ ਕਰਵਾ ਕੇ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ।

## ਸਬਜ਼ੀਆਂ ਦੇ ਭਾਅ ਚੜ੍ਹੇ

**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਵਿਚ ਹਾਲ ਹੀ ਵਿਚ ਭਾਰੀ ਮੀਂਹ ਪੈਣ ਕਾਰਨ ਕਈ ਥਾਵਾਂ 'ਤੇ ਸੜਕੀ ਆਵਾਜਾਈ ਬੰਦ ਹੋ ਗਈ ਹੈ, ਜਿਸ ਕਾਰਨ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਸਬਜ਼ੀਆਂ ਦੇ ਭਾਅ ਵਿਚ ਤੇਜ਼ੀ ਆ ਗਈ ਹੈ। ਟਮਾਟਰ ਦਾ ਭਾਅ ਪਹਿਲੀ ਵਾਰ 250-300 ਰੁਪਏ ਤੱਕ ਪੁੱਜ ਗਿਆ ਹੈ। ਸਬਜ਼ੀ ਮੰਡੀਆਂ ਵਿਚ ਗੋਭੀ 100 ਰੁਪਏ ਕਿੱਲੋ ਵਿਕ ਰਹੀ ਹੈ, ਪਹਿਲਾਂ 40-50 ਰੁਪਏ ਕਿੱਲੋ ਸੀ। ਗਾਜਰ 40 ਤੋਂ ਵਧ ਕੇ 70 ਰੁਪਏ ਕਿੱਲੋ ਹੋ ਗਈ ਹੈ। ਸ਼ਿਮਲਾ ਮਿਰਚ 160 ਤੋਂ 180 ਰੁਪਏ ਕਿੱਲੋ ਤੱਕ ਪੁੱਜ ਗਈ ਹੈ ਜਦਕਿ ਕੁਝ ਸਮਾਂ ਪਹਿਲਾਂ ਤੱਕ ਭਾਅ 10-20 ਰੁਪਏ ਕਿੱਲੋ ਸੀ। ਖੀਰੇ ਦਾ ਭਾਅ 30-40 ਤੋਂ 70 ਰੁਪਏ ਕਿੱਲੋ ਹੋ ਗਿਆ ਹੈ। ਪੰਜਾਬ ਵਿਚ ਐਨਾ ਮਹਿੰਗਾ ਟਮਾਟਰ ਪਹਿਲੀ ਵਾਰ ਹੋਇਆ ਹੈ। ਥੋਕ ਵਿਚ ਟਮਾਟਰ 160-180 ਰੁਪਏ ਕਿੱਲੋ ਵਿਕਿਆ ਹੈ ਅਤੇ ਪ੍ਰਚੂਨ ਵਿਚ 250-300 ਰੁਪਏ ਵਿਕ ਰਿਹਾ ਹੈ।

# ਮਨੀਪੁਰ: ਮੁੜ ਵਿਗੜੇ ਹਾਲਾਤ, ਕੇਂਦਰੀ ਬਲਾਂ ਦੀਆਂ ਵਾਧੂ ਕੰਪਨੀਆਂ ਤਾਇਨਾਤ

**ਇੰਫਾਲ:** ਮਨੀਪੁਰ ਵਿਚ ਜਾਰੀ ਹਿੰਸਾ ਦੌਰਾਨ ਗ੍ਰਿਹਿ ਮੰਤਰਾਲੇ ਨੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਦੀਆਂ 10 ਹੋਰ ਕੰਪਨੀਆਂ ਉੱਤਰ-ਪੂਰਬੀ ਸੂਬੇ 'ਚ ਭੇਜ ਦਿੱਤੀਆਂ ਹਨ। ਇਸ ਦੌਰਾਨ ਇੰਫਾਲ ਪੱਛਮੀ ਜਿਲ੍ਹੇ 'ਚ ਹੋਈ ਹਿੰਸਾ ਦੌਰਾਨ ਭੀੜ ਨੇ 15 ਘਰਾਂ ਨੂੰ ਅੱਗ ਲਗਾ ਦਿੱਤੀ ਅਤੇ ਇਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ।

ਉਧਰ, ਪੁਲਿਸ ਨੇ ਦੋ ਆਦਿਵਾਸੀ ਮਹਿਲਾਵਾਂ ਨੂੰ ਨਿਰਵਸਤਰ ਕਰਕੇ ਘੁਮਾਉਣ ਨਾਲ ਸਬੰਧਤ ਵੀਡੀਓ ਮਾਮਲੇ ਵਿਚ ਥੋਊਬਲ ਜਿਲ੍ਹੇ ਦੇ ਨੋਂਗਪੋਕ ਸੇਕਮਾਈ ਥਾਣੇ ਦੇ ਇੰਚਾਰਜ ਸਣੇ ਪੰਜ ਪੁਲਿਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਹੈ। ਇਸ ਦੇ ਨਾਲ ਹੀ ਬਿਸ਼ਨੂਪੁਰ ਜਿਲ੍ਹੇ ਵਿਚ ਦੂਜੀ ਭਾਰਤੀ ਰਿਜ਼ਰਵ ਬਟਾਲੀਅਨ ਦੇ ਅਸਲਾਖਾਨੇ ਵਿਚੋਂ ਹਥਿਆਰ ਤੇ ਗੋਲੀ-ਸਿੱਕਾ ਲੁੱਟਣ ਨਾਲ ਜੁੜੇ ਮਾਮਲੇ ਦੀ ਆਈ.ਜੀ. ਦੀ ਅਗਵਾਈ ਹੇਠ ਛੇ ਹਫਤਿਆਂ 'ਚ ਜਾਂਚ ਪੂਰੀ ਕਰਨ ਦੇ ਹੁਕਮ ਦਿੱਤੇ ਗਏ ਹਨ।



ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸੀ.ਆਰ.ਪੀ.ਐਫ, ਬੀ.ਐਸ.ਐਫ, ਆਈ.ਟੀ.ਬੀ.ਪੀ. ਅਤੇ ਐਸ.ਐਸ.ਬੀ. ਦੀਆਂ 10 ਕੰਪਨੀਆਂ (ਕਰੀਬ 900 ਜਵਾਨ ਅਤੇ ਕੁਝ ਅਧਿਕਾਰੀ) ਇਥੇ ਪੁੱਜ ਗਈਆਂ ਹਨ ਅਤੇ ਉਨ੍ਹਾਂ ਨੂੰ ਵੱਖ-ਵੱਖ ਜ਼ਿਲ੍ਹਿਆਂ 'ਚ ਤਾਇਨਾਤ ਕੀਤਾ ਜਾਵੇਗਾ। ਮਨੀਪੁਰ 'ਚ 3 ਮਈ ਤੋਂ ਸ਼ੁਰੂ ਹੋਈ ਹਿੰਸਾ ਮਗਰੋਂ ਰੱਖਿਆ ਅਤੇ ਗ੍ਰਿਹਿ ਮੰਤਰਾਲੇ ਨੇ ਫੌਜ, ਅਸਾਮ ਰਾਈਫਲਜ ਅਤੇ ਵੱਖ-ਵੱਖ ਹਥਿਆਰਬੰਦ ਬਲਾਂ ਦੇ 40 ਹਜ਼ਾਰ ਤੋਂ ਜ਼ਿਆਦਾ ਜਵਾਨ ਤਾਇਨਾਤ ਕੀਤੇ ਸਨ। ਮੈਤੇਈ ਅਤੇ ਕੁਕੀ ਭਾਈਚਾਰਿਆਂ ਨਾਲ ਸਬੰਧਤ ਜਥੇਬੰਦੀਆਂ ਵੱਲੋਂ ਪੁਲਿਸ ਅਤੇ ਕੇਂਦਰੀ ਬਲਾਂ ਦੇ ਇਕ ਧੜੇ 'ਤੇ ਪੱਖਪਾਤ ਕੀਤੇ ਜਾਣ ਦੇ ਦੋਸ਼ ਲਾਏ ਗਏ ਸਨ।

ਇੰਫਾਲ ਪੱਛਮੀ ਜਿਲ੍ਹੇ ਦੇ ਲੰਗੋਲ ਖੇਡ ਪਿੰਡ 'ਚ ਭੀੜ ਨੇ 15 ਘਰਾਂ ਨੂੰ ਅੱਗ ਲਗਾ ਦਿੱਤੀ। ਸੁਰੱਖਿਆ ਬਲਾਂ ਨੇ ਭੀੜ ਖਿੰਡਾਉਣ ਲਈ ਅੱਥਰੂ ਗੈਸ ਦੇ ਕਈ ਗੋਲੇ ਦਾਗੇ। ਹਿੰਸਾ ਦੌਰਾਨ 45 ਵਰ੍ਹਿਆਂ ਦਾ ਇਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ। ਇੰਫਾਲ ਪੂਰਬੀ ਜਿਲ੍ਹੇ ਦੇ ਚੈਕਓਨ ਇਲਾਕੇ 'ਚ ਵੀ ਹਿੰਸਾ ਦੀਆਂ ਰਿਪੋਰਟਾਂ ਹਨ ਜਿਥੇ ਇਕ ਵੱਡੇ ਵਪਾਰਕ ਅਦਾਰੇ ਅਤੇ ਤਿੰਨ ਘਰਾਂ ਨੂੰ ਅੱਗ ਲਗਾ ਦਿੱਤੀ ਗਈ। ਕਾਂਗਪੋਕਪੀ ਜਿਲ੍ਹੇ 'ਚ ਸੁਰੱਖਿਆ ਬਲਾਂ ਅਤੇ ਅਤਿਵਾਦੀਆਂ ਵਿਚਕਾਰ ਮੁਕਾਬਲਾ ਹੋਇਆ। ਇਕ ਵਿਅਕਤੀ ਨੂੰ ਐਸ.ਐਲ.ਆਰ. ਅਤੇ 50 ਕਾਰਤੂਸਾਂ ਨਾਲ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੇ ਹੁਣ ਤੱਕ 300 ਵਿਅਕਤੀਆਂ ਨੂੰ ਵੱਖ-ਵੱਖ ਮਾਮਲਿਆਂ ਤਹਿਤ ਗ੍ਰਿਫਤਾਰ ਕੀਤਾ ਹੈ। ਡੀ.ਜੀ.ਪੀ. ਰਾਜੀਵ ਸਿੰਘ ਨੇ ਕਿਹਾ ਕਿ ਸੂਬੇ ਦੇ ਵੱਖ-ਵੱਖ ਹਿੱਸਿਆਂ 'ਚੋਂ ਲੁੱਟੇ ਗਏ 1195 ਹਥਿਆਰ ਬਰਾਮਦ ਕਰ ਲਏ ਗਏ ਹਨ। ਉਨ੍ਹਾਂ ਕਿਹਾ ਕਿ 1057 ਹਥਿਆਰ ਘਾਟੀ ਦੇ ਜਿਲ੍ਹਿਆਂ ਜਦਕਿ 138 ਹਥਿਆਰ ਪਹਾੜੀ ਜਿਲ੍ਹਿਆਂ 'ਚੋਂ ਮਿਲੇ ਹਨ। ਡੀ.ਜੀ.ਪੀ. ਨੇ ਕਿਹਾ ਕਿ ਲੁੱਟੇ ਗਏ ਹਥਿਆਰ ਬਰਾਮਦ ਕਰਨ ਲਈ ਸੁਰੱਖਿਆ ਬਲਾਂ ਵੱਲੋਂ ਲਗਾਤਾਰ ਛਾਪੇ ਮਾਰੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੁਰੱਖਿਆ ਬਲਾਂ ਤੋਂ ਹਥਿਆਰ ਲੁੱਟਣ ਵਾਲਿਆਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ।

## ਕੁਕੀ ਪੀਪਲਜ਼ ਅਲਾਇੰਸ ਦੇ ਨੇ ਬੀਰੇਨ ਸਰਕਾਰ ਤੋਂ ਸਮਰਥਨ ਵਾਪਸ ਲਿਆ

**ਨਵੀਂ ਦਿੱਲੀ:** ਮਨੀਪੁਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇ ਸਹਿਯੋਗੀ ਕੁਕੀ ਪੀਪਲਜ਼ ਅਲਾਇੰਸ ਨੇ ਰਾਜ ਵਿਚ ਚੱਲ ਰਹੀ ਨਸਲੀ ਹਿੰਸਾ ਖ਼ਿਲਾਫ਼ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਸਰਕਾਰ ਤੋਂ ਸਮਰਥਨ ਵਾਪਸ ਲੈ ਲਿਆ। ਰਾਜਪਾਲ ਨੂੰ ਭੇਜੇ ਪੱਤਰ ਵਿਚ ਕੇ.ਪੀ.ਏ ਜਿਸ ਦੇ ਮਨੀਪੁਰ ਵਿਧਾਨ ਸਭਾ ਵਿਚ ਦੋ ਵਿਧਾਇਕ ਹਨ, ਨੇ ਕਿਹਾ, "ਹਿੰਸਾ ਨੂੰ ਧਿਆਨ ਨਾਲ ਵਿਚਾਰਨ ਤੋਂ ਬਾਅਦ ਬੀਰੇਨ ਸਿੰਘ ਦੀ ਅਗਵਾਈ ਵਾਲੀ ਮਨੀਪੁਰ ਦੀ ਮੌਜੂਦਾ ਸਰਕਾਰ ਨੂੰ ਸਮਰਥਨ ਦੇਣਾ ਸੰਭਵ ਨਹੀਂ ਰਿਹਾ। ਕੇ.ਪੀ.ਏ. ਸਮਰਥਨ ਵਾਪਸ ਲੈ ਰਿਹਾ ਹੈ।" ਕੇ.ਪੀ.ਏ. ਨੇ 18 ਜੁਲਾਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਾਲੀ ਐੱਨ.ਡੀ.ਏ. ਮੀਟਿੰਗ ਵਿਚ ਹਿੱਸਾ ਲਿਆ ਸੀ।

## ਅਮਰੀਕਾ ਵਿਚ ਅੰਨ੍ਹੇਵਾਹ ਗੋਲੀਬਾਰੀ, ਤਿੰਨ ਹਲਾਕ

**ਵਾਸ਼ਿੰਗਟਨ:** ਅਮਰੀਕਾ ਦੀ ਰਾਜਧਾਨੀ ਦੀ ਇਕ ਸੜਕ 'ਤੇ ਅੰਨ੍ਹੇਵਾਹ ਚੱਲੀਆਂ ਗੋਲੀਆਂ 'ਚ ਇਕ ਮਹਿਲਾ ਸਣੇ ਤਿੰਨ ਵਿਅਕਤੀ ਮਾਰੇ ਗਏ। ਪੁਲਿਸ ਨੇ ਦੱਸਿਆ ਕਿ ਘਟਨਾ 'ਚ ਦੋ ਹੋਰ ਵਿਅਕਤੀ ਜ਼ਖਮੀ ਹੋਏ ਹਨ। ਗੁੱਡ ਹੋਪ ਰੋਡ ਦੇ 1600 ਬਲਾਕ 'ਚ ਰਾਤ 8 ਵਜੇ ਦੇ ਕਰੀਬ ਗੋਲੀਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਅਧਿਕਾਰੀ ਜਦੋਂ ਮੌਕੇ 'ਤੇ ਪੁੱਜੇ ਤਾਂ ਦੋ ਪੁਰਸ਼ ਅਤੇ ਇਕ ਮਹਿਲਾ ਦੀ ਮੌਤ ਹੋ ਚੁੱਕੀ ਸੀ ਜਦਕਿ ਦੋ ਹੋਰ ਜ਼ਖਮੀਆਂ ਨੂੰ ਤੁਰਤ ਹਸਪਤਾਲ ਪਹੁੰਚਾਇਆ ਗਿਆ। ਵਾਸ਼ਿੰਗਟਨ ਡੀਸੀ ਦੇ ਪੁਲਿਸ ਵਿਭਾਗ ਦੀ ਕਾਰਜਕਾਰੀ ਮੁਖੀ ਪਾਮੇਲਾ ਸਮਿੱਥ ਨੇ ਕਿਹਾ ਕਿ ਕੋਲੰਬੀਆ ਪ੍ਰਾਂਤ 'ਚ ਅਜਿਹੀ ਹਿੰਸਾ ਬਿਲਕੁਲ ਵੀ ਮਨਜ਼ੂਰ ਨਹੀਂ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹਮਲਾਵਰਾਂ ਦੀ ਸੂਹ ਦੇਣ ਲਈ ਅੱਗੇ ਆਉਣ।

# ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਤਿੰਨ ਸਾਲ ਦੀ ਸਜ਼ਾ

**ਇਸਲਾਮਾਬਾਦ:** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਭ੍ਰਿਸ਼ਟਾਚਾਰ ਦੇ ਇਕ ਮਾਮਲੇ 'ਚ ਤਿੰਨ ਸਾਲ ਜੇਲ੍ਹ ਦੀ ਸਜ਼ਾ ਸੁਣਾਏ ਜਾਣ ਮਗਰੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਇਸ ਮਾਮਲੇ 'ਚ ਉਨ੍ਹਾਂ 'ਤੇ ਸੱਤਾ 'ਚ ਰਹਿਣ ਦੌਰਾਨ ਮਹਿੰਗੇ ਸਰਕਾਰੀ ਤੋਹਫ਼ੇ ਵੇਚਣ ਦਾ ਦੋਸ਼ ਹੈ।

ਇਸ ਫੈਸਲੇ ਨਾਲ ਇਮਰਾਨ ਪੰਜ ਸਾਲਾਂ ਲਈ ਚੋਣਾਂ ਨਹੀਂ ਲੜ ਸਕੇਗਾ। ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਤਰਜਮਾਨ ਜ਼ੁਲਫੀ ਬੁਖਾਰੀ ਨੇ ਪੱਤਰਕਾਰਾਂ ਨੂੰ ਵਟਸਐਪ ਰਾਹੀਂ ਦੱਸਿਆ ਕਿ ਸੰਵਿਧਾਨ ਤਹਿਤ ਇਮਰਾਨ ਖਾਨ ਨੂੰ ਪੰਜ ਸਾਲਾਂ ਲਈ ਕੋਈ ਵੀ ਜਨਤਕ ਅਹੁਦਾ ਸਾਂਭਣ ਦੇ ਅਯੋਗ ਠਹਿਰਾ ਦਿੱਤਾ ਗਿਆ ਹੈ। ਤਿੰਨ ਮਹੀਨਿਆਂ 'ਚ ਦੂਜੀ ਵਾਰ ਹੈ ਜਦੋਂ ਇਮਰਾਨ



ਖਾਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸਲਾਮਾਬਾਦ ਆਧਾਰਿਤ ਜਿਲ੍ਹਾ ਅਤੇ ਸੈਸ਼ਨ ਅਦਾਲਤ ਦੇ ਵਧੀਕ ਜੱਜ ਹਮਾਯੂੰ ਦਿਲਾਵਰ ਨੇ ਇਮਰਾਨ 'ਤੇ ਇਕ ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਅਤੇ ਕਿਹਾ ਕਿ ਜੇਕਰ ਉਹ ਜੁਰਮਾਨਾ ਨਹੀਂ ਭਰਦੇ ਹਨ ਤਾਂ ਉਨ੍ਹਾਂ ਨੂੰ ਛੇ ਮਹੀਨੇ ਹੋਰ ਜੇਲ੍ਹ 'ਚ ਰੱਖਿਆ ਜਾਵੇ। ਜੱਜ ਨੇ ਆਪਣੇ ਫੈਸਲੇ 'ਚ ਕਿਹਾ, "ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਚੇਅਰਮੈਨ ਖ਼ਿਲਾਫ਼ ਸੰਪਤੀ ਦੇ ਗਲਤ ਵੇਰਵੇ ਦੇਣ ਦੇ ਦੋਸ਼ ਸਾਬਤ ਹੋਏ ਹਨ। ਇਮਰਾਨ ਖਾਨ ਨੇ ਜਾਣਬੁੱਝ ਕੇ ਪਾਕਿਸਤਾਨ ਦੇ ਚੋਣ ਕਮਿਸ਼ਨ ਨੂੰ ਤੋਸ਼ਾਖਾਨੇ ਦੇ ਤੋਹਫ਼ਿਆਂ ਦਾ ਫਰਜ਼ੀ ਵੇਰਵਾ ਦਿੱਤਾ ਸੀ ਅਤੇ ਉਹ ਭ੍ਰਿਸ਼ਟ ਵਿਵਹਾਰ ਦਾ ਦੋਸ਼ੀ ਪਾਇਆ ਗਿਆ ਹੈ।" ਕ੍ਰਿਕਟਰ ਤੋਂ ਸਿਆਸਤਦਾਨ ਬਣੇ ਇਮਰਾਨ ਨੂੰ ਚੋਣ ਐਕਟ 2017 ਦੀ ਧਾਰਾ 174 ਤਹਿਤ ਤਿੰਨ ਸਾਲ ਦੀ ਸਾਧਾਰਨ ਸਜ਼ਾ ਸੁਣਾਈ ਗਈ ਹੈ।

ਰਿਪੋਰਟਾਂ ਮੁਤਾਬਕ ਇਮਰਾਨ ਨੂੰ ਪ੍ਰਧਾਨ ਮੰਤਰੀ ਰਹਿੰਦਿਆਂ ਆਲਮੀ ਹਸਤੀਆਂ ਤੋਂ 14 ਕਰੋੜ ਰੁਪਏ ਮੁੱਲ ਦੇ 58 ਤੋਹਫ਼ੇ ਮਿਲੇ ਸਨ ਅਤੇ ਉਸ ਨੇ ਕੁਝ ਨੂੰ ਕੌਡੀਆਂ ਦੇ ਭਾਅ ਜਾਂ ਬਿਨਾਂ ਅਦਾਇਗੀ ਦੇ ਆਪਣੇ ਕੋਲ ਰੱਖ ਲਿਆ ਸੀ। ਇਹ ਘਟਨਾਕ੍ਰਮ ਉਸ ਸਮੇਂ ਵਾਪਰਿਆ ਹੈ ਜਦੋਂ ਪਾਕਿਸਤਾਨ 'ਚ ਆਮ ਚੋਣਾਂ ਹੋਣ ਵਾਲੀਆਂ ਹਨ। ਇਮਰਾਨ ਨੂੰ ਉਸ ਦੇ ਲਾਹੌਰ ਸਥਿਤ ਜਮਾਨ ਪਾਰਕ ਰਿਹਾਇਸ਼ ਤੋਂ ਗ੍ਰਿਫਤਾਰ ਕੀਤਾ ਗਿਆ। ਉਸ ਨੂੰ ਫੈਸਲੇ ਖ਼ਿਲਾਫ਼ ਅਪੀਲ ਕਰਨ ਦਾ ਅਧਿਕਾਰ ਹੈ।

# ਸਜ਼ਾ 'ਤੇ ਰੋਕ ਲੱਗਣ ਪਿੱਛੋਂ ਕਾਂਗਰਸ ਆਗੂ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਬਹਾਲ

**ਨਵੀਂ ਦਿੱਲੀ:** 'ਮੋਦੀ ਗੋਤ' ਉਤੇ ਟਿੱਪਣੀ ਸਬੰਧੀ ਰਾਹੁਲ ਗਾਂਧੀ ਨੂੰ ਦੋਸ਼ੀ ਠਹਿਰਾਏ ਜਾਣ ਦੇ ਫੈਸਲੇ 'ਤੇ ਸੁਪਰੀਮ ਕੋਰਟ ਵੱਲੋਂ ਰੋਕ ਲਾਉਣ ਤੋਂ ਬਾਅਦ ਇਸ ਕਾਂਗਰਸੀ ਨੇਤਾ ਕਾਂਗਰਸ ਆਗੂ ਦੀ ਲੋਕ ਸਭਾ ਮੈਂਬਰਸ਼ਿਪ ਬਹਾਲ ਕਰ ਦਿੱਤੀ ਗਈ। ਲੋਕ ਸਭਾ ਸਕੱਤਰੇਤ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਨੋਟੀਫਿਕੇਸ਼ਨ ਵਿਚ ਸਕੱਤਰੇਤ ਨੇ ਕਿਹਾ ਕਿ ਸੁਪਰੀਮ ਕੋਰਟ ਦੇ 4 ਅਗਸਤ ਦੇ ਫੈਸਲੇ ਦੇ ਮੱਦੇਨਜਰ ਸ੍ਰੀ ਗਾਂਧੀ ਦੀ ਅਯੋਗਤਾ ਬਾਰੇ 24 ਮਾਰਚ ਦੇ ਨੋਟੀਫਿਕੇਸ਼ਨ ਨੂੰ ਅਗਲੇ ਨਿਆਇਕ ਫੈਸਲੇ ਤੱਕ ਲਾਗੂ ਕਰਨ ਉਤੇ ਰੋਕ ਲਗਾਈ ਗਈ ਹੈ।



ਇਸ ਦੌਰਾਨ ਲੋਕ ਸਭਾ ਦੀ ਮੈਂਬਰਸ਼ਿਪ ਬਹਾਲ ਹੋਣ ਤੋਂ ਬਾਅਦ ਰਾਹੁਲ ਗਾਂਧੀ ਸੰਸਦ ਪੁੱਜੇ, ਜਿੱਥੇ ਕਾਂਗਰਸ ਅਤੇ ਇਸ ਦੇ ਕੁਝ ਹੋਰ ਸਹਿਯੋਗੀ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦੇ ਸਮਰਥਨ ਵਿਚ ਨਾਅਰੇਬਾਜ਼ੀ ਕੀਤੀ। ਲੋਕ ਸਭਾ ਵਿਚ ਕਾਂਗਰਸ ਨੇਤਾ ਅਧੀਰ ਰੰਜਨ ਚੌਧਰੀ, ਰਾਜ ਸਭਾ ਵਿਚ ਪਾਰਟੀ ਦੇ ਉਪ ਨੇਤਾ ਪ੍ਰਮੋਦ ਤਿਵਾੜੀ, ਸਮਾਜਵਾਦੀ ਪਾਰਟੀ ਦੇ ਰਾਮ ਗੋਪਾਲ ਯਾਦਵ, ਸ਼ਿਵ ਸੈਨਾ (ਯੂ.ਬੀ.ਟੀ.) ਦੇ ਸੰਜੇ ਰਾਉਤ, ਰੈਵੋਲਿਊਸ਼ਨਰੀ ਸੋਸਲਿਸਟ ਪਾਰਟੀ (ਆਰ.ਐਸ.ਪੀ.) ਦੇ ਐੱਨਕੇ ਪ੍ਰੇਮਚੰਦਰਨ ਅਤੇ ਕਈ ਹੋਰ ਵਿਰੋਧੀ ਸੰਸਦ ਮੈਂਬਰਾਂ ਨੇ ਸੰਸਦ ਭਵਨ ਦਾਖਲਾ ਗੇਟ ਉਤੇ ਰਾਹੁਲ ਗਾਂਧੀ ਦਾ ਸਵਾਗਤ ਕੀਤਾ।

# ਸਾਰੇ ਮੁਲਕ ਖੇਤਰੀ ਖੁਦਮੁਖਤਾਰੀ ਅਤੇ ਅਖੰਡਤਾ ਬਹਾਲ ਰੱਖਣ: ਡੋਵਾਲ

**ਨਵੀਂ ਦਿੱਲੀ:** ਯੂਕਰੇਨ ਸੰਘਰਸ਼ ਦੇ ਸ਼ਾਂਤਮਈ ਹੱਲ ਲਈ ਵਾਰਤਾ ਅਤੇ ਕੂਟਨੀਤੀ ਨੂੰ ਇਕੋ ਇਕ ਰਾਹ ਦੱਸਦਿਆਂ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਜੇਦਾਹ 'ਚ ਹੋਈ ਕਾਨਫਰੰਸ ਦੌਰਾਨ ਕਿਹਾ ਕਿ ਸਾਰੇ ਮੁਲਕਾਂ ਨੂੰ ਖੇਤਰੀ ਅਖੰਡਤਾ ਅਤੇ ਖ਼ੁਦਮੁਖ਼ਤਿਆਰੀ ਬਣਾਈ ਰੱਖਣ ਦੀ ਲੋੜ ਹੈ। ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਵੱਲੋਂ ਕਰਵਾਈ ਦੋ ਰੋਜ਼ਾ ਕਾਨਫਰੰਸ 'ਚ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੈਕ ਸੂਲੀਵਾਨ ਅਤੇ ਯੂਰੇਸ਼ੀਅਨ ਮਾਮਲਿਆਂ ਦੇ ਚੀਨ ਦੇ ਵਿਸ਼ੇਸ਼ ਦੂਤ ਲੀ ਹੁਈ ਸਮੇਤ ਕਰੀਬ 40 ਮੁਲਕਾਂ ਦੇ ਸਿਖਰਲੇ ਅਧਿਕਾਰੀਆਂ ਨੇ ਹਿੱਸਾ ਲਿਆ। ਕਾਨਫਰੰਸ ਲਈ ਰੂਸ ਨੂੰ ਸੱਦਾ ਨਹੀਂ ਦਿੱਤਾ ਗਿਆ। ਆਪਣੇ ਸੰਬੋਧਨ 'ਚ ਡੋਵਾਲ ਨੇ ਜੰਗ ਦੇ ਅਸਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੂਰੀ ਦੁਨੀਆਂ ਖਾਸ ਕਰ ਕੇ 'ਗਲੋਬਲ ਸਾਊਥ' ਨੂੰ ਇਸ ਹਾਲਾਤ ਦਾ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਕਿਹਾ,"ਭਾਰਤ ਨੇ ਸੰਘਰਸ਼ ਸ਼ੁਰੂ ਹੋਣ ਮਗਰੋਂ ਰੂਸ ਅਤੇ ਯੂਕਰੇਨ ਨਾਲ ਉੱਚ ਪੱਧਰ 'ਤੇ ਗੱਲਬਾਤ ਕੀਤੀ ਸੀ ਅਤੇ ਨਵੀਂ ਦਿੱਲੀ ਸੰਯੁਕਤ ਰਾਸ਼ਟਰ ਚਾਰਟਰ ਤੇ ਕੌਮਾਂਤਰੀ ਕਾਨੂੰਨ 'ਚ ਤੈਅ ਸਿਧਾਂਤਾਂ ਦੇ ਆਧਾਰ 'ਤੇ ਆਲਮੀ ਪ੍ਰਬੰਧ ਦੀ ਹਮਾਇਤ ਕਰਦੀ ਹੈ।" ਡੋਵਾਲ ਨੇ ਕਿਹਾ ਕਿ ਸੰਘਰਸ਼ ਦਾ ਢੁਕਵਾਂ ਅਤੇ ਪੱਕਾ ਹੱਲ ਲੱਭਣ ਲਈ ਸਾਰੀਆਂ ਧਿਰਾਂ ਨੂੰ ਸ਼ਾਮਲ ਕਰਦਿਆਂ ਸ਼ਾਂਤੀ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ ਅਤੇ ਭਾਰਤ ਇਸੇ ਭਾਵਨਾ ਤਹਿਤ ਮੀਟਿੰਗ 'ਚ ਸ਼ਾਮਲ ਹੋਇਆ ਹੈ।

# ਕਿਸਾਨਾਂ ਤੇ ਮਨੁੱਖੀ ਅਧਿਕਾਰਾਂ ਦੇ ਸਮਰਥਨ ਦੀ ਕੀਮਤ ਚੁਕਾਉਣੀ ਪਈ: ਢੇਸੀ

**ਅੰਮ੍ਰਿਤਸਰ:** ਬਰਤਾਨੀਆ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਰੋਕੇ ਜਾਣ 'ਤੇ ਟਵੀਟ ਕਰਦਿਆਂ ਅਸਿੱਧੇ ਢੰਗ ਨਾਲ ਕੇਂਦਰ 'ਤੇ ਹੱਲਾ ਬੋਲਿਆ ਹੈ। ਢੇਸੀ ਨੇ ਟਵੀਟ ਕਰਦਿਆਂ ਕਿਹਾ, "ਜਦੋਂ ਮੈਂ ਪਿਛਲੇ ਸਾਲ ਭਾਰਤ ਆਇਆ ਸੀ ਤਾਂ ਉਦੋਂ ਮੈਨੂੰ ਬਹੁਤ ਪਿਆਰ ਤੇ ਸਤਿਕਾਰ ਮਿਲਿਆ ਸੀ, ਕਿਉਂਕਿ ਮੈਂ ਕਿਸਾਨ ਅੰਦੋਲਨ ਅਤੇ ਮਨੁੱਖੀ ਅਧਿਕਾਰਾਂ ਦਾ ਸਮਰਥਨ ਕੀਤਾ ਸੀ ਪਰ ਹੁਣ ਜਦੋਂ ਮੈਂ ਵਾਪਸ ਆਇਆ ਤਾਂ ਮੈਨੂੰ ਦੋ ਘੰਟੇ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਰੋਕੀ ਰੱਖਿਆ ਗਿਆ ਕਿਉਂਕਿ ਮੈਨੂੰ ਨਾਪਸੰਦ ਕਰਨ ਵਾਲਿਆਂ ਦਾ ਕਹਿਣਾ ਸੀ ਮੇਰਾ ਓ.ਸੀ.ਆਈ. ਵੀਜ਼ਾ ਰੱਦ ਹੈ। ਮੇਰਾ ਅੰਦਾਜ਼ਾ ਹੈ ਕਿ ਮੈਨੂੰ ਕਿਸਾਨਾਂ, ਹਾਸ਼ੀਏ 'ਤੇ ਧੱਕੇ ਲੋਕਾਂ ਅਤੇ ਸਿੱਖਾਂ ਵਰਗੇ ਘੱਟ ਗਿਣਤੀ ਵਰਗ ਨਾਲ ਇੱਕਜੁਟਤਾ ਨਾਲ ਖੜ੍ਹਨ ਦੀ ਕੀਮਤ ਚੁਕਾਉਣੀ ਪਈ ਹੈ।"

ਇਸ ਤੋਂ ਬਾਅਦ ਅਕਾਲ ਤਖਤ ਦੇ ਜਥੇਦਾਰ ਅਤੇ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਦਾ ਸਮਰਥਨ ਕੀਤਾ। ਇਸੇ ਦੌਰਾਨ ਉਨ੍ਹਾਂ ਜਲੰਧਰ ਵਿਚ ਪ੍ਰੈੱਸ ਕਾਨਫਰੰਸ ਕਰਦਿਆਂ ਕਿਹਾ ਕਿ ਦੋ ਘੰਟੇ ਰੋਕਣ ਤੋਂ ਬਾਅਦ ਉਨ੍ਹਾਂ ਦਾ ਕਾਰਡ ਬਹਾਲ ਕੀਤਾ ਗਿਆ। ਸ੍ਰੀ ਢੇਸੀ ਨੇ ਦੱਸਿਆ ਕਿ ਉਹ ਕਿਸਾਨ ਅੰਦੋਲਨ ਦੀ ਗੱਲ ਬੇਬਾਕੀ ਨਾਲ ਉਠਾਉਂਦੇ ਰਹੇ ਸਨ। ਉਨ੍ਹਾਂ ਇੰਗਲੈਂਡ ਦੀ ਪਾਰਲੀਮੈਂਟ ਵਿਚ ਵੀ ਇਸ ਮਾਮਲੇ ਨੂੰ ਉਠਾਇਆ ਸੀ। ਸ੍ਰੀ ਢੇਸੀ ਨੇ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਕੌਮਾਂਤਰੀ ਮੰਚਾਂ 'ਤੇ ਮਨੁੱਖੀ ਅਧਿਕਾਰਾਂ ਨੂੰ ਬੜੇ ਜ਼ੋਰ-ਸ਼ੋਰ ਢੰਗ ਨਾਲ ਉਠਾਇਆ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਪਹੁੰਚਣ ਤੱਕ ਉਹ ਇਸ ਗੱਲ ਤੋਂ ਅਣਜਾਣ ਸਨ ਕਿ ਉਨ੍ਹਾਂ ਦਾ ਕਾਰਡ ਮੁਅੱਤਲ



ਕੀਤਾ ਹੋਇਆ ਹੈ। ਜਦੋਂ ਉਨ੍ਹਾਂ ਨੂੰ ਰੋਕਿਆ ਗਿਆ ਤਾਂ ਇਹ ਇਕ ਸਦਮੇ ਵਾਂਗ ਸੀ ਕਿਉਂਕਿ ਉਨ੍ਹਾਂ ਨੇ ਹਮੇਸ਼ਾ ਸੈਰ-ਸਪਾਟਾ, ਵਪਾਰ ਅਤੇ ਦੋਵਾਂ ਦੇਸਾਂ ਵਿਚਕਾਰ ਬਿਹਤਰ ਸਬੰਧਾਂ ਲਈ ਕੰਮ ਕੀਤਾ ਹੈ। ਪਿਛਲੀ ਵਾਰ ਉਹ ਅਪਰੈਲ 2022 ਵਿਚ ਭਾਰਤ ਆਏ ਸਨ। ਉਸ ਸਮੇਂ ਵੀ ਕੁਝ ਲੋਕਾਂ ਨੇ ਉਨ੍ਹਾਂ ਦੇ ਦੌਰੇ ਦਾ ਵਿਰੋਧ ਕੀਤਾ ਸੀ।

## ਸੁਖਬੀਰ ਬਾਦਲ ਨੇ ਢੇਸੀ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਿਆ



**ਅੰਮ੍ਰਿਤਸਰ:** ਬਰਤਾਨੀਆ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਰੋਕੇ ਜਾਣ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਟਵੀਟ ਕਰਕੇ ਕਿਹਾ ਕਿ ਬਰਤਾਨਵੀ ਸਿੱਖ ਸੰਸਦ ਮੈਂਬਰ ਨਾਲ ਹਵਾਈ ਅੱਡੇ 'ਤੇ ਇਸ ਤਰ੍ਹਾਂ ਦੀ ਕਾਰਵਾਈ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਵਾਲੀ ਹੈ। ਇਸ ਨਾਲ ਸਿੱਖ ਭਾਈਚਾਰੇ ਵਿਚ ਨਾਰਾਜ਼ਗੀ ਦੀ ਭਾਵਨਾ ਹੈ। ਇਸ ਕਾਰਵਾਈ ਨਾਲ ਦੇਸ ਦੀ ਧਰਮ ਨਿਰਪੱਖ ਦਿੱਖ ਵੀ ਪ੍ਰਭਾਵਿਤ ਹੁੰਦੀ ਹੈ। ਉਨ੍ਹਾਂ ਕੇਂਦਰੀ ਗ੍ਰਿਹਿ ਮੰਤਰੀ ਅਮਿਤ ਸਾਹ ਨੂੰ ਕਿਹਾ ਕਿ ਸਿੱਖ ਭਾਈਚਾਰੇ ਨਾਲ ਅਜਿਹਾ ਘਟੀਆ ਵਤੀਰਾ ਬੰਦ ਹੋਣਾ ਚਾਹੀਦਾ ਹੈ ਅਤੇ ਅਜਿਹੀ ਕਾਰਵਾਈ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਦੇ ਹੜ੍ਹ ਮਾਰੇ ਇਲਾਕਿਆਂ ਦਾ ਜਾਇਜ਼ਾ ਲੈਣ ਪਹੁੰਚੀ ਕੇਂਦਰੀ ਟੀਮ

**ਚੰਡੀਗੜ੍ਹ:** ਭਾਰਤ ਸਰਕਾਰ ਦੀ ਕੇਂਦਰੀ ਅੰਤਰ-ਮੰਤਰਾਲਾ ਟੀਮ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦਾ ਦੌਰਾ ਕੀਤਾ ਹੈ। ਸੱਤ ਮੈਂਬਰੀ ਕੇਂਦਰੀ ਟੀਮ ਵਿਚ ਕੇਂਦਰੀ ਗ੍ਰਹਿ ਮੰਤਰਾਲਾ, ਖੇਤੀ ਮੰਤਰਾਲਾ, ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ, ਪੰਚਾਇਤ ਤੇ ਵਿਕਾਸ ਮੰਤਰਾਲਾ, ਕੇਂਦਰੀ ਜਲ ਕਮਿਸ਼ਨ, ਵਿੱਤ ਵਿਭਾਗ ਤੋਂ ਇਲਾਵਾ ਸੜਕ ਮੰਤਰਾਲੇ ਦੇ ਉੱਚ ਅਧਿਕਾਰੀ ਸ਼ਾਮਲ ਹਨ।

ਚੇਤੇ ਰਹੇ ਕਿ ਪੰਜਾਬ ਵਿਚ ਜੁਲਾਈ ਦੌਰਾਨ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਸੀ। ਸਰਕਾਰੀ ਰਿਪੋਰਟ ਅਨੁਸਾਰ ਸੂਬੇ ਵਿਚ ਕਰੀਬ 1500 ਕਰੋੜ ਰੁਪਏ ਦਾ ਵਿੱਤੀ ਨੁਕਸਾਨ ਹੋਇਆ ਹੈ। ਘੱਗਰ ਅਤੇ ਸਤਲੁਜ ਦੀ ਮਾਰ ਤੋਂ ਸੈਂਕੜੇ ਪਿੰਡ ਹਾਲੇ ਤੱਕ ਉੱਭਰ ਨਹੀਂ ਸਕੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ 15 ਅਗਸਤ ਤੱਕ ਸਪੈਸ਼ਲ ਗਿਰਦਾਵਰੀ ਦਾ ਕੰਮ ਮੁਕੰਮਲ ਕਰਨ ਦੀ ਹਦਾਇਤ ਕੀਤੀ ਹੈ ਅਤੇ ਪ੍ਰਭਾਵਿਤ ਲੋਕਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਦਾ ਐਲਾਨ ਵੀ ਕੀਤਾ ਹੈ।

ਇਸ ਵੇਲੇ ਪੀੜਤ ਸਰਕਾਰੀ ਮਦਦ ਦੀ ਉਡੀਕ ਵਿਚ ਬੈਠੇ ਹਨ। ਪੰਜਾਬ ਸਰਕਾਰ ਨੇ ਵੀ ਹੁਣ ਕੇਂਦਰੀ ਮਦਦ 'ਤੇ ਟੇਕ ਲਾਈ ਹੋਈ ਹੈ। ਪੰਜਾਬ ਸਰਕਾਰ ਨੇ ਹੁਣ ਕੇਂਦਰ ਨੂੰ ਪੱਤਰ ਲਿਖ ਕੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਆਫ਼ਤ ਰਾਹਤ ਫ਼ੰਡਾਂ ਦੀ ਵਰਤੋਂ ਕਰਨ ਦੀ ਪ੍ਰਵਾਨਗੀ ਮੰਗੀ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੀ ਇਸ ਸਬੰਧੀ ਇਕ ਪੱਤਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖਿਆ ਗਿਆ ਹੈ। ਮੁੱਖ ਸਕੱਤਰ ਅਨੁਰਾਗ ਵਰਮਾ ਵੀ ਕੇਂਦਰ ਨੂੰ ਇਸ ਬਾਰੇ ਇਕ ਪੱਤਰ ਭੇਜ ਚੁੱਕੇ ਹਨ।

ਪੰਜਾਬ ਸਰਕਾਰ ਨੂੰ ਹੁਣ ਆਸ ਹੈ ਕਿ ਕੇਂਦਰੀ ਟੀਮ ਸੂਬੇ ਦੇ ਦੌਰੇ ਦੌਰਾਨ ਹੜ੍ਹ ਪੀੜਤਾਂ ਨੂੰ ਮੁਆਵਜ਼ੇ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ ਦੇਵੇਗੀ। ਦੱਸਣਯੋਗ ਹੈ ਕਿ ਕਿਸਾਨਾਂ ਨੇ ਹਾਲੇ ਝੋਨੇ ਦੀ ਲੁਆਈ ਹੀ ਕੀਤੀ ਸੀ ਜੋ ਹੜ੍ਹਾਂ ਕਾਰਨ ਪ੍ਰਭਾਵਿਤ ਹੋ ਗਈ ਹੈ। ਇਸ ਪੜਾਅ 'ਤੇ ਮੁਆਵਜ਼ਾ ਰਾਸ਼ੀ ਦੇਣ ਦੇ ਰਾਹ ਵਿਚ ਕੇਂਦਰੀ ਨਿਯਮ ਅੜਿੱਕਾ ਬਣਦੇ ਹਨ। ਇਸੇ ਕਰਕੇ ਪੰਜਾਬ ਸਰਕਾਰ ਨੇ ਕੇਂਦਰ ਤੋਂ ਆਫ਼ਤ ਰਾਹਤ ਫ਼ੰਡ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਵਰਤਣ ਦੀ ਪ੍ਰਵਾਨਗੀ ਮੰਗੀ ਹੈ। ਆਫ਼ਤ ਰਾਹਤ ਫ਼ੰਡਾਂ ਵਿਚ 75 ਫ਼ੀਸਦੀ ਹਿੱਸੇਦਾਰੀ ਕੇਂਦਰ ਸਰਕਾਰ ਦੀ ਹੁੰਦੀ ਹੈ ਅਤੇ 25 ਫ਼ੀਸਦੀ ਯੋਗਦਾਨ ਸੂਬਾ ਸਰਕਾਰ ਪਾਉਂਦੀ ਹੈ।

ਸੂਬਾ ਸਰਕਾਰ ਦਾ ਕਹਿਣਾ ਹੈ ਕਿ ਹੜ੍ਹਾਂ ਕਾਰਨ ਕਰੀਬ 2.59 ਲੱਖ ਏਕੜ ਰਕਬਾ ਪ੍ਰਭਾਵਿਤ ਹੋਇਆ ਹੈ। ਕੇਂਦਰ ਸਰਕਾਰ ਨੇ ਜੇ ਸੂਬਾ ਸਰਕਾਰ ਨੂੰ ਇਜਾਜ਼ਤ ਨਾ ਦਿੱਤੀ ਤਾਂ ਰਾਜ ਸਰਕਾਰ ਨੂੰ ਕਿਸਾਨਾਂ ਨੂੰ ਝੋਨੇ ਦੀ ਪ੍ਰਭਾਵਿਤ ਫ਼ਸਲ ਦਾ ਮੁਆਵਜ਼ਾ ਪੱਲਿਉਂ ਦੇਣਾ ਪੈ ਸਕਦਾ ਹੈ।

## ਅਦਾਲਤੀ ਹੁਕਮਾਂ ਪਿੱਛੋਂ ਨੂਹ 'ਚ ਨਾਜਾਇਜ਼ ਉਸਾਰੀਆਂ ਢਾਹੁਣ ਦੀ ਮੁਹਿੰਮ ਰੋਕੀ

**ਗੁਰੂਗ੍ਰਾਮ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਹਰਿਆਣਾ ਦੇ ਨੂਹ ਜਿਲ੍ਹੇ ਵਿਚ ਨਾਜਾਇਜ਼ ਉਸਾਰੀਆਂ ਢਾਹੁਣ ਦੀ ਮੁਹਿੰਮ ਰੋਕ ਦਿੱਤੀ ਗਈ ਹੈ ਜਿੱਥੇ ਪਿਛਲੇ ਹਫਤੇ ਹੋਈ ਫਿਰਕੂ ਹਿੰਸਾ ਮਗਰੋਂ ਅਧਿਕਾਰੀਆਂ ਵੱਲੋਂ ਨਾਜਾਇਜ਼ ਉਸਾਰੀਆਂ ਢਾਹੁਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਸੀ। ਜਸਟਿਸ ਜੀ. ਐੱਸ. ਸੰਧਾਵਾਲੀਆ ਦੀ ਅਦਾਲਤ ਨੇ ਨੂਹ ਵਿਚ ਨਾਜਾਇਜ਼ ਉਸਾਰੀਆਂ ਢਾਹੁਣ ਦੀ ਮੁਹਿੰਮ ਦਾ ਖੁਦ ਹੀ ਨੋਟਿਸ ਲੈਂਦਿਆਂ ਸੂਬਾ ਸਰਕਾਰ ਨੂੰ ਇਹ ਮੁਹਿੰਮ ਰੋਕਣ ਦੇ ਹੁਕਮ ਦਿੱਤੇ ਹਨ। ਜ਼ਿਕਰਯੋਗ ਹੈ ਕਿ ਅਧਿਕਾਰੀਆਂ ਨੇ ਕਿਹਾ ਸੀ ਕਿ ਪਿਛਲੇ ਹਫਤੇ ਜਦੋਂ ਵਿਸ਼ਵ ਹਿੰਦੂ ਪਰਿਸ਼ਦ ਵੱਲੋਂ ਯਾਤਰਾ ਕੱਢੀ ਜਾ ਰਹੀ ਸੀ ਤਾਂ ਉਦੋਂ ਦੰਗਾਕਾਰੀਆਂ ਨੇ ਇਨ੍ਹਾਂ 'ਚੋਂ ਕੁਝ ਇਮਾਰਤਾਂ ਦੀ ਵਰਤੋਂ ਕੀਤੀ ਸੀ। ਇਸ ਮਗਰੋਂ ਫਿਰਕੂ ਹਿੰਸਾ ਸ਼ੁਰੂ ਹੋ ਗਈ ਸੀ ਜੋ ਗੁਰੂਗ੍ਰਾਮ ਤੱਕ ਫੈਲ ਗਈ। ਇਸ ਦੌਰਾਨ ਦੋ ਹੋਮਗਾਰਡਾਂ ਤੇ ਇਕ ਪਾਦਰੀ ਸਮੇਤ ਕੁੱਲ ਛੇ ਜਣੇ ਮਾਰੇ ਗਏ ਸਨ।

ਇਸ ਦੌਰਾਨ ਨੂਹ ਦੇ ਡੀਸੀ ਧੀਰੇਂਦਰ ਖੜਗਤਾ ਨੇ ਕਿਹਾ ਕਿ ਜਿਲ੍ਹੇ ਵਿਚ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਨਾਜਾਇਜ਼ ਉਸਾਰੀਆਂ ਢਾਹੁਣ ਦੀ ਮੁਹਿੰਮ ਰੋਕ ਦਿੱਤੀ ਗਈ ਹੈ। ਉਨ੍ਹਾਂ ਕਿਹਾ,'ਮੈਂ ਅਧਿਕਾਰੀਆਂ ਨੂੰ ਨਾਜਾਇਜ਼ ਉਸਾਰੀਆਂ ਢਾਹੁਣ ਸਬੰਧੀ ਮੁਹਿੰਮ ਰੋਕਣ ਲਈ ਕਿਹਾ ਹੈ।' ਪਿਛਲੇ ਤਿੰਨ ਦਿਨਾਂ ਵਿਚ ਜਿਲ੍ਹੇ ਵਿਚ 37 ਥਾਵਾਂ 'ਤੇ 57.5 ਏਕੜ ਜਮੀਨ ਤੋਂ ਗੈਰ-ਕਾਨੂੰਨੀ ਉਸਾਰੀਆਂ ਢਾਹੀਆਂ ਜਾ ਚੁੱਕੀਆਂ ਹਨ।

### ਪੰਜਾਬੀ ਨੌਜਵਾਨ ਦੀ ਮੌਤ

**ਕਾਹਨੂੰਵਾਨ:** ਪਿੰਡ ਬਾਗੜੀਆਂ ਦੇ ਨੌਜਵਾਨ ਦੀ ਮੈਕਸੀਕੋ ਦੇ ਬਾਰਡਰ ਉੱਤੇ ਬੱਸ ਪਲਟਣ ਕਾਰਨ ਮੌਤ ਹੋ ਗਈ। ਮ੍ਰਿਤਕ ਦੇ ਪਿੰਡ ਬਾਗੜੀਆਂ ਦੇ ਸਾਬਕਾ ਚੇਅਰਮੈਨ ਬਲਰਾਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦਾ ਨੌਜਵਾਨ ਗੁਰਪਾਲ ਸਿੰਘ (24) ਪੁੱਤਰ ਬਲਵਿੰਦਰ ਸਿੰਘ ਅਮਰੀਕਾ ਵਿਚ ਰੁਜ਼ਗਾਰ ਲਈ ਮੈਕਸੀਕੋ ਸਰਹੱਦ 'ਤੇ ਬੱਸ ਰਾਹੀਂ ਜਾ ਰਿਹਾ ਸੀ। ਇਸ ਦੌਰਾਨ ਬੱਸ ਹਾਦਸਾਗ੍ਰਸਤ ਹੋ ਗਈ ਤੇ ਬਾਕੀ ਸਵਾਰੀਆਂ ਸਣੇ ਗੁਰਪਾਲ ਦੀ ਵੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਜਦੋਂ ਉਹ ਬੱਸ ਵਿਚ ਜਾ ਰਿਹਾ ਸੀ ਤਾਂ ਆਪਣੀ ਭੈਣ ਨਾਲ ਫੋਨ ਉੱਤੇ ਗੱਲਬਾਤ ਕਰ ਰਿਹਾ ਸੀ। ਇਸ ਦੌਰਾਨ ਉਸ ਦੀਆਂ ਚੀਕਾਂ ਸੁਣਾਈ ਦਿੱਤੀਆਂ ਤੇ ਮਗਰੋਂ ਫੋਨ ਬੰਦ ਹੋ ਗਿਆ।

## ਆਜ਼ਾਦੀ ਦਿਹਾੜਾ ਕਾਲੇ ਦਿਨ ਵਜੋਂ ਮਨਾਉਣ ਦਾ ਐਲਾਨ

**ਮੁਹਾਲੀ:** ਬੰਦੀ ਸਿੰਘਾਂ ਦੀ ਰਿਹਾਈ, ਲਾਪਤਾ 328 ਸਰੂਪ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਗੋਲੀਕਾਂਡ ਲਈ ਜ਼ਿੰਮੇਵਾਰ ਪੁਲਿਸ ਅਤੇ ਸਿਆਸੀ ਆਗੂਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਦੀ ਮੰਗ ਲਈ ਕੌਮੀ ਇਨਸਾਫ਼ ਮੋਰਚਾ ਦਾ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਪੱਕਾ ਮੋਰਚਾ ਜਾਰੀ ਹੈ।

ਸਿੱਖ ਆਗੂ ਅਤੇ ਇਨਸਾਫ਼ਪਸੰਦ ਲੋਕ 7 ਜਨਵਰੀ ਤੋਂ ਲੜੀਵਾਰ ਧਰਨੇ 'ਤੇ ਬੈਠੇ ਹਨ। ਮੁਹਾਲੀ ਪ੍ਰੈਸ ਕਲੱਬ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਬਾਪੂ ਗੁਰਚਰਨ ਸਿੰਘ ਹਵਾਰਾ, ਪਾਲ ਸਿੰਘ ਫਰਾਂਸ, ਐਡਵੋਕੇਟ ਅਮਰ ਸਿੰਘ ਚਾਹਲ, ਦਿਲਸ਼ੇਰ ਸਿੰਘ ਅਤੇ ਗੁਰਸ਼ਰਨ ਸਿੰਘ ਧਾਲੀਵਾਲ ਨੇ ਸਰਕਾਰਾਂ ਦੀ ਅਣਦੇਖੀ ਦਾ ਬੁਰਾ ਮਨਾਉਂਦੇ ਹੋਏ ਐਲਾਨ ਕੀਤਾ ਕਿ 15 ਅਗਸਤ ਨੂੰ ਆਜ਼ਾਦੀ ਦਿਹਾੜਾ ਕਾਲੇ ਦਿਨ ਵਜੋਂ ਮਨਾਇਆ ਜਾਵੇਗਾ।

ਇਸ ਸਬੰਧੀ ਕੌਮੀ ਇਨਸਾਫ਼ ਮੋਰਚੇ ਵੱਲੋਂ



ਸ਼ਹਿਰਾਂ ਅਤੇ ਪਿੰਡਾਂ ਵਿਚ ਪੰਜਾਬ ਵਾਸੀਆਂ, ਕਿਸਾਨ-ਮਜ਼ਦੂਰ ਜਥੇਬੰਦੀਆਂ, ਸਮਾਜ ਸੇਵੀ ਅਤੇ ਇਨਸਾਫ਼ਪਸੰਦ ਲੋਕਾਂ ਦੀ ਲਾਮਬੰਦੀ ਕੀਤੀ ਜਾ ਰਹੀ ਹੈ। ਆਜ਼ਾਦੀ ਦਿਹਾੜੇ 'ਤੇ ਪੱਕੇ ਮੋਰਚੇ ਵਾਲੀ ਥਾਂ ਤੋਂ ਕਾਲੇ ਅਤੇ ਕੇਸਰੀ ਝੰਡੇ ਲੈ ਕੇ ਰੋਸ ਮਾਰਚ ਕੀਤਾ ਜਾਵੇਗਾ। ਸਿੱਖਾਂ ਦੇ ਇਸ ਐਲਾਨ ਤੋਂ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਵੀ ਸੁਚੇਤ ਹੋ ਗਈਆਂ ਹਨ ਅਤੇ ਪੱਕੇ ਮੋਰਚੇ ਦੀਆਂ ਗਤੀਵਿਧੀਆਂ 'ਤੇ ਸੂਬਾ ਤੇ ਕੇਂਦਰ ਸਰਕਾਰ ਦੀਆਂ ਖ਼ੁਫ਼ੀਆ ਵੱਲੋਂ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।

## ਕੂਟਨੀਤਕ ਪ੍ਰਤੀਨਿਧਾਂ ਦੀ ਸੁਰੱਖਿਆ ਲਈ ਕੰਮ ਕੀਤਾ ਜਾ ਰਿਹਾ: ਕੈਨੇਡਾ

**ਟੋਰਾਂਟੋ:** ਕੈਨੇਡਾ ਦੇ ਜਨਤਕ ਸੁਰੱਖਿਆ ਵਿਭਾਗ ਨੇ ਕਿਹਾ ਹੈ ਕਿ ਉਹ ਭਾਰਤੀ ਡਿਪਲੋਮੈਟਾਂ ਖਿਲਾਫ ਧਮਕੀਆਂ ਭਰੇ ਆਨਲਾਈਨ ਵੀਡੀਓ ਨਸ਼ਰ ਹੋਣ ਤੋਂ ਬਾਅਦ ਦੇਸ ਵਿਚ ਸਾਰੇ ਕੂਟਨੀਤਕ ਪ੍ਰਤੀਨਿਧਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕੰਮ ਕਰ ਰਿਹਾ ਹੈ। ਉਨ੍ਹਾਂ ਇਸ ਗੱਲ 'ਤੇ ਜੋਰ ਦਿੱਤਾ ਕਿ ਦੇਸ਼ ਵਿਚ ਹਿੰਸਾ ਲਈ ਕੋਈ ਥਾਂ ਨਹੀਂ ਹੈ। ਪਬਲਿਕ ਸੇਫਟੀ ਕੈਨੇਡਾ ਦਾ ਇਹ ਬਿਆਨ ਖਾਲਿਸਤਾਨੀ ਪੋਸਟਰਾਂ ਦੇ ਆਨਲਾਈਨ ਨਸ਼ਰ ਹੋਣ ਤੋਂ ਲਗਭਗ ਇਕ ਮਹੀਨੇ ਬਾਅਦ ਆਇਆ ਹੈ। ਦੱਸਣਾ ਬਣਦਾ ਹੈ ਕਿ ਇਨ੍ਹਾਂ ਖਾਲਿਸਤਾਨੀ ਪੋਸਟਰਾਂ ਵਿਚ ਭਾਰਤੀ ਅਧਿਕਾਰੀਆਂ ਨੂੰ ਧਮਕੀਆਂ ਦਿੱਤੀਆਂ ਗਈਆਂ ਸਨ। ਇਸ ਤੋਂ ਬਾਅਦ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਸੀ ਕਿ ਭਾਰਤ ਨੇ ਆਪਣੇ ਭਾਈਵਾਲ ਦੇਸਾਂ ਕੈਨੇਡਾ, ਯੂਕੇ ਅਤੇ ਅਮਰੀਕਾ ਨੂੰ ਕਿਹਾ ਹੈ ਕਿ ਉਹ ਕੱਟੜਪੰਥੀ ਖਾਲਿਸਤਾਨੀ ਵਿਚਾਰਧਾਰਾ ਨੂੰ ਥਾਂ ਨਾ ਦੇਣ।

## ਪੰਜਾਬ ਦਾ ਦਿੱਲੀ ਨੂੰ ਫਿਰ ਸਵਾਲ: ਦਾਬੇ ਖਿਲਾਫ ਆਵਾਜ਼ ਉੱਠੀ

*(ਪਹਿਲੇ ਸਫੇ ਦੀ ਬਾਕੀ)*

ਇਸ ਮਸਲੇ ਉਤੇ ਅਕਾਲੀ ਦਲ ਪਹਿਲੀ ਵਾਰ ਖੁੱਲ੍ਹ ਕੇ ਬੋਲਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਕੌਮੀ ਜਾਂਚ ਏਜੰਸੀ ਪੰਜਾਬ ਵਿਚ ਵੱਡੇ ਪੱਧਰ 'ਤੇ ਛਾਪੇ ਮਾਰ ਕੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾ ਰਹੀ ਹੈ। ਮਨੁੱਖਤਾ ਦੀ ਸੇਵਾ ਕਰਨ ਵਾਲੀਆਂ ਖਾਲਸਾ ਏਡ ਵਰਗੀਆਂ ਸੰਸਥਾਵਾਂ ਨੂੰ ਨਾਜਾਇਜ਼ ਢੰਗ ਨਾਲ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ। ਪੰਜਾਬੀ ਮਹਿਸੂਸ ਕਰ ਰਹੇ ਹਨ ਕਿ ਪੰਜਾਬ 'ਚ ਜਾਣਬੁਝ ਕੇ ਐਨ.ਆਈ.ਏ. ਵੱਲੋਂ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਲਈ ਛਾਪੇ ਮਾਰੇ ਜਾ ਰਹੇ ਹਨ।

ਉਧਰ, ਬਰਤਾਨੀਆ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਰੋਕਣ ਉਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਖਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਸਪਸ਼ਟ ਸ਼ਬਦਾਂ ਵਿਚ ਆਖਿਆ ਹੈ ਕਿ ਬਰਤਾਨਵੀ ਸਿੱਖ ਸੰਸਦ ਮੈਂਬਰ ਨਾਲ ਹਵਾਈ ਅੱਡੇ 'ਤੇ ਇਸ ਤਰ੍ਹਾਂ ਦੀ ਕਾਰਵਾਈ ਮਾਨਸਿਕ ਤੌਰ 'ਤੇ ਪਰੇਸ਼ਾਨ ਕਰਨ ਵਾਲੀ ਹੈ। ਇਸ ਨਾਲ ਸਿੱਖ ਭਾਈਚਾਰੇ ਵਿਚ ਨਾਰਾਜ਼ਗੀ ਦੀ ਭਾਵਨਾ ਹੈ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੂੰ ਕਿਹਾ ਕਿ ਸਿੱਖ ਭਾਈਚਾਰੇ ਨਾਲ ਅਜਿਹਾ ਘਟੀਆ ਵਤੀਰਾ ਬੰਦ ਹੋਣਾ ਚਾਹੀਦਾ ਹੈ।

ਯਾਦ ਰਹੇ ਕਿ ਇਨ੍ਹੀਂ ਦਿਨੀਂ ਪੰਜਾਬ ਵਿਚ ਕੇਂਦਰੀ ਏਜੰਸੀਆਂ ਦੇ ਛਾਪੇ, ਤਨਮਨਜੀਤ ਸਿੰਘ ਢੇਸੀ ਨੂੰ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਰੋਕਣ ਅਤੇ ਨਾਂਦੇੜ ਦੇ ਗੈਰ-ਸਿੱਖ ਕੁਲੈਕਟਰ ਨੂੰ ਤਖਤ ਹਜ਼ੂਰ ਸਾਹਿਬ ਦਾ ਪ੍ਰਬੰਧਕ ਲਾਉਣ ਵਰਗੇ ਮਾਮਲੇ ਭਖੇ ਹੋਏ ਹਨ। ਇਸ ਨੂੰ ਲੈ ਕੇ ਸਿੱਖ ਜਥੇਬੰਦੀਆਂ ਤੇ ਸਿਆਸੀ ਧਿਰਾਂ ਵਿਚ ਖਾਸਾ ਰੋਸ ਹੈ। ਢੇਸੀ ਨੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਰੋਕੇ ਜਾਣ 'ਤੇ ਟਵੀਟ ਕਰਦਿਆਂ ਅਸਿੱਧੇ ਢੰਗ ਨਾਲ ਕੇਂਦਰ 'ਤੇ ਹੱਲਾ ਬੋਲਿਆ ਹੈ। ਢੇਸੀ ਨੇ ਟਵੀਟ ਕਰਦਿਆਂ ਕਿਹਾ, "ਮੇਰਾ ਅੰਦਾਜ਼ਾ ਹੈ ਕਿ ਮੈਨੂੰ ਕਿਸਾਨਾਂ, ਹਾਸ਼ੀਏ 'ਤੇ ਧੱਕੇ ਲੋਕਾਂ ਅਤੇ ਸਿੱਖਾਂ ਵਰਗੇ ਘੱਟ ਗਿਣਤੀ ਵਰਗ ਨਾਲ ਇੱਕਜੁਟਤਾ ਨਾਲ ਖੜ੍ਹਨ ਦੀ ਕੀਮਤ ਚੁਕਾਉਣੀ ਪਈ ਹੈ।" ਢੇਸੀ ਨੇ ਕਿਸਾਨ ਅੰਦੋਲਨ ਦੀ ਗੱਲ ਬੇਬਾਕੀ ਨਾਲ ਉਠਾਉਂਦੇ ਰਹੇ ਸਨ। ਉਨ੍ਹਾਂ ਇੰਗਲੈਂਡ ਦੀ ਪਾਰਲੀਮੈਂਟ ਵਿਚ ਵੀ ਇਸ ਮਾਮਲੇ ਨੂੰ ਉਠਾਇਆ ਸੀ।

ਉਧਰ, ਨਾਂਦੇੜ ਦੇ ਗੈਰ-ਸਿੱਖ ਕੁਲੈਕਟਰ ਨੂੰ ਤਖਤ ਹਜ਼ੂਰ ਸਾਹਿਬ ਦਾ ਪ੍ਰਬੰਧਕ ਲਾਉਣ ਨੂੰ ਵੀ ਸਿੱਖ ਵਿਰੋਧੀ ਕਾਰਵਾਈ ਮੰਨਿਆ ਜਾ ਰਿਹਾ ਹੈ। ਸਿੱਖ ਜਥੇਬੰਦੀਆਂ ਸਮੇਤ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਵੀ ਇਸ ਉਤੇ ਸਖਤ ਇਤਰਾਜ਼ ਜਤਾਇਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਨਾਂਦੇੜ ਸਾਹਿਬ ਦੇ ਗੈਰਸਿੱਖ ਕਲੈਕਟਰ ਨੂੰ ਤਖਤ ਹਜ਼ੂਰ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧਕ ਲਾਉਣ ਦਾ ਵਿਰੋਧ ਕੀਤਾ ਹੈ ਤੇ ਮਹਾਰਾਸ਼ਟਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸਿਰਫ ਗੁਰਸਿੱਖ ਹੀ ਗੁਰਧਾਮਾਂ ਦਾ ਪ੍ਰਬੰਧਕ ਲੱਗ ਸਕਦਾ ਹੈ ਤੇ ਇਸ ਮੁਤਾਬਕ ਫੈਸਲੇ ਵਿਚ ਸੋਧ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਬੋਰਡ ਦੇ ਪ੍ਰਬੰਧਕ ਵਜੋਂ ਇਕ ਗੈਰ-ਸਿੱਖ ਦੀ ਨਿਯੁਕਤੀ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਇਸ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਆਪਣਾ ਇਹ ਵਿਰੋਧ ਮਹਾਰਾਸ਼ਟਰ ਸਰਕਾਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਪੱਤਰ ਭੇਜ ਕੇ ਦਰਜ ਕਰਵਾਇਆ ਹੈ। ਜਾਣਕਾਰੀ ਮੁਤਾਬਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਬੋਰਡ ਦੇ ਪ੍ਰਬੰਧਕ ਵਜੋਂ ਹੁਣ ਤੱਕ ਜ਼ਿਆਦਾਤਰ ਸਿੱਖਾਂ ਨੂੰ ਹੀ ਤਾਇਨਾਤ ਕੀਤਾ ਜਾਂਦਾ ਰਿਹਾ ਹੈ। ਇਕ ਗੈਰ-ਸਿੱਖ ਅਧਿਕਾਰੀ ਨੂੰ ਗੁਰਦੁਆਰਾ ਬੋਰਡ ਦਾ ਪ੍ਰਸ਼ਾਸਕ ਨਿਯੁਕਤ ਕਰਨਾ ਸਿੱਖ ਭਾਵਨਾਵਾਂ ਅਤੇ ਮਰਿਆਦਾ ਅਨੁਸਾਰ ਨਹੀਂ ਹੈ। ਮਹਾਰਾਸ਼ਟਰ ਸਰਕਾਰ ਦੇ ਇਸ ਫੈਸਲੇ ਵਿਰੁੱਧ ਸਿੱਖ ਸੰਗਤ ਵਿੱਚ ਭਾਰੀ ਰੋਸ ਹੈ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਚ ਪ੍ਰਸ਼ਾਸਕ ਵਜੋਂ ਕਿਸੇ ਸਿੱਖ ਆਈ.ਏ.ਐਸ. ਅਧਿਕਾਰੀ ਨੂੰ ਨਿਯੁਕਤ ਕੀਤਾ ਜਾਵੇ।

ਮਤਾ ਪਾਸ: ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਬੋਰਡ ਦਾ ਪ੍ਰਬੰਧਕ ਗੈਰ-ਸਿੱਖ ਵਿਅਕਤੀ ਨੂੰ ਲਗਾਉਣ ਵਿਰੁੱਧ ਮਤਾ ਪਾਸ ਕੀਤਾ ਗਿਆ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ 'ਤੇ ਦੋਸ਼ ਲਾਇਆ ਕਿ ਕਮਿਸ਼ਨ ਆਪਣੇ ਦਾਇਰੇ ਤੋਂ ਬਾਹਰ ਜਾ ਕੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਯਤਨ ਕਰ ਰਿਹਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ
ਅੰਮ੍ਰਿਤਪਾਲ ਸਿੰਘ ਸੰਘਾ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਪੰਜਾਬ ਪੁਲਿਸ ਨੇ ਸੂਬੇ ਦੀਆਂ 26 ਜੇਲ੍ਹਾਂ ਦੀ ਵਿਸ਼ੇਸ਼ ਪੜਤਾਲ ਕੀਤੀ




**ਪਟਿਆਲਾ:** ਪੰਜਾਬ ਪੁਲਿਸ ਨੇ ਆਜ਼ਾਦੀ ਦਿਹਾੜੇ ਦੇ ਮੱਦੇਨਜ਼ਰ ਜੇਲ੍ਹ ਵਿਭਾਗ ਨਾਲ ਮਿਲ ਕੇ 'ਅਪਰੇਸ਼ਨ ਸਤਰਕ' ਤਹਿਤ ਵਿਸ਼ੇਸ਼ ਤਲਾਸ਼ੀ ਮੁਹਿੰਮ ਚਲਾਈ। ਪੰਜਾਬ ਦੇ ਸਪੈਸ਼ਲ ਡੀ.ਜੀ.ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਅਤੇ ਏ.ਡੀ.ਜੀ.ਪੀ. ਜੇਲ੍ਹਾਂ ਅਰੁਣਪਾਲ ਸਿੰਘ ਦੀ ਅਗਵਾਈ ਹੇਠ ਪਟਿਆਲਾ ਦੀ ਕੇਂਦਰੀ ਜੇਲ੍ਹ ਤੋਂ ਆਰੰਭੀ ਇਸ ਮੁਹਿੰਮ ਤਹਿਤ ਇਕੋ ਵੇਲੇ ਪੰਜਾਬ ਦੀਆਂ 26 ਜੇਲ੍ਹਾਂ 'ਚ ਅਚਨਚੇਤ ਚੈਕਿੰਗ ਕੀਤੀ ਗਈ।

ਪੜਤਾਲ ਮੁਕੰਮਲ ਹੋਣ ਮਗਰੋਂ ਡੀ.ਜੀ.ਪੀ. ਨੇ ਦੱਸਿਆ ਕਿ ਢਾਈ ਹਜ਼ਾਰ ਤੋਂ ਵੱਧ ਪੁਲਿਸ ਮੁਲਾਜ਼ਮਾਂ ਨੇ ਜੇਲ੍ਹਾਂ ਦੀਆਂ ਬੈਰਕਾਂ, ਰਸੋਈਆਂ ਅਤੇ ਪਖਾਨਿਆਂ ਸਮੇਤ ਹਰ ਕੋਨੇ ਦੀ ਤਲਾਸ਼ੀ ਲਈ। ਇਸ ਦੌਰਾਨ ਸਿਮ ਕਾਰਡਾਂ ਸਮੇਤ 21 ਮੋਬਾਈਲ ਫੋਨ, ਚਾਰਜਰ, ਚਾਕੂ ਅਤੇ 8.7 ਗ੍ਰਾਮ ਅਫੀਮ ਬਰਾਮਦ ਹੋਈ ਹੈ। ਉਨ੍ਹਾਂ ਦੱਸਿਆ ਕਿ ਸੂਬੇ ਦੀਆਂ ਜੇਲ੍ਹਾਂ ਨੂੰ ਨਸ਼ੇ ਅਤੇ ਮੋਬਾਈਲ ਫੋਨਾਂ ਸਮੇਤ ਹੋਰ ਪਾਬੰਦੀਸ਼ੁਦਾ ਵਸਤੂਆਂ ਤੋਂ ਮੁਕਤ ਰੱਖਣ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀ.ਜੀ.ਪੀ. ਗੌਰਵ ਯਾਦਵ ਦੇ ਹੁਕਮਾਂ ਤਹਿਤ ਇਹ ਮੁਹਿੰਮ ਚਲਾਈ ਗਈ ਹੈ। ਪਟਿਆਲਾ ਜੇਲ੍ਹ 'ਚ ਲਈ ਗਈ ਤਲਾਸ਼ੀ ਦੌਰਾਨ ਪਟਿਆਲਾ ਦੇ ਆਈ.ਜੀ. ਮੁਖਵਿੰਦਰ ਸਿੰਘ ਛੀਨਾ, ਐੱਸ.ਐੱਸ.ਪੀ. ਵਰੁਣ ਸ਼ਰਮਾ, ਡੀ.ਐੱਸ.ਪੀ. ਜਸਵਿੰਦਰ ਟਿਵਾਣਾ ਅਤੇ ਜੇਲ੍ਹ ਸੁਪਰਡੈਂਟ ਮਨਜੀਤ ਸਿੰਘ ਸਿੱਧੂ ਵੀ ਮੌਜੂਦ ਸਨ। ਸਪੈਸ਼ਲ ਡੀ.ਜੀ.ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਕਿਹਾ ਕਿ ਜੇ ਜੇਲ੍ਹਾਂ ਵਿਚ ਕੋਈ ਪਾਬੰਦੀਸ਼ੁਦਾ ਵਸਤੂ ਮਿਲਦੀ ਹੈ ਤਾਂ ਸਬੰਧਤ ਬੰਦੀ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਏ.ਡੀ.ਜੀ.ਪੀ. ਜੇਲ੍ਹਾਂ ਅਰੁਣਪਾਲ ਸਿੰਘ ਨੇ ਦੱਸਿਆ ਕਿ ਉਂਝ ਜੇਲ੍ਹ ਵਿਭਾਗ ਵੱਲੋਂ ਜਾਂਚ ਹਮੇਸ਼ਾ ਜਾਰੀ ਰਹਿੰਦੀ ਹੈ ਪਰ ਇਹ ਜਾਂਚ ਆਜ਼ਾਦੀ ਦਿਹਾੜੇ ਦੇ ਮੱਦੇਨਜ਼ਰ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਟਿਆਲਾ ਜੇਲ੍ਹ ਸਮੇਤ ਕਈ ਹੋਰ ਜੇਲ੍ਹਾਂ ਅੱਜ-ਕੱਲ੍ਹ ਰਿਹਾਇਸ਼ੀ ਇਲਾਕਿਆਂ ਨੇੜੇ ਆ ਗਈਆਂ ਹਨ। ਬਹੁਤੀਆਂ ਪਾਬੰਦੀਸ਼ੁਦਾ ਵਸਤਾਂ ਬਾਹਰੋਂ ਜੇਲ੍ਹਾਂ ਵਿਚ ਸੁੱਟੀਆਂ ਜਾਂਦੀਆਂ ਹਨ। ਇਸ ਸਬੰਧੀ ਵਿਭਾਗ ਵੱਲੋਂ ਸਖ਼ਤ ਚੌਕਸੀ ਰੱਖੀ ਜਾ ਰਹੀ। ਉਨ੍ਹਾਂ ਦੱਸਿਆ ਕਿ ਉੱਚ ਸੁਰੱਖਿਆ ਵਾਲੀ ਜੇਲ੍ਹ ਬਠਿੰਡਾ ਵਿਚ ਜੈਮਰ ਲਗਾ ਕੇ ਕਮਿਊਨੀਕੇਸ਼ਨ ਡੈੱਡ ਜ਼ੋਨ ਬਣਾਏ ਗਏ ਹਨ। ਬਾਕੀ ਜੇਲ੍ਹਾਂ ਵਿਚ ਵੀ ਅਜਿਹੇ ਕੀਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਪਟਿਆਲਾ ਜੇਲ੍ਹ 'ਚ ਕਈ ਖ਼ਤਰਨਾਕ ਗੈਂਗਸਟਰ ਅਤੇ ਕੁਝ ਹੋਰ ਕੈਦੀ ਬੰਦ ਹੋਣ ਕਾਰਨ ਇਹ ਜੇਲ੍ਹ ਹਾਈ ਅਲਰਟ 'ਤੇ ਰਹਿੰਦੀ ਹੈ।

# ਕੋਟਕਪੂਰਾ ਕਾਂਡ ਕੇਸ ਵਿਚ ਸੁਖਬੀਰ ਨੇ ਪੇਸ਼ੀ ਭੁਗਤੀ



**ਫਰੀਦਕੋਟ:** ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੋਟਕਪੂਰਾ ਗੋਲੀ ਕਾਂਡ ਵਿਚ ਇਥੇ ਪੇਸ਼ੀ ਭੁਗਤੀ। ਕੇਸ ਦੀ ਅਗਲੀ ਸੁਣਵਾਈ ਹੁਣ 19 ਅਗਸਤ ਨੂੰ ਹੋਵੇਗੀ। ਸੁਣਵਾਈ ਦੌਰਾਨ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਪੇਸ਼ ਨਹੀਂ ਹੋਏ। ਕੇਸ ਵਿਚ ਨਾਮਜ਼ਦ ਪੁਲਿਸ ਅਧਿਕਾਰੀ ਚਰਨਜੀਤ ਸ਼ਰਮਾ ਨੇ ਅਦਾਲਤ ਵਿਚ ਅਰਜ਼ੀ ਦੇ ਕੇ ਮੰਗ ਕੀਤੀ ਸੀ ਕਿ ਗੋਲੀ ਕਾਂਡ ਦੌਰਾਨ ਪੁਲਿਸ 'ਤੇ ਹਮਲਾ ਕਰਨ ਵਾਲੇ ਮੁਲਜ਼ਮਾਂ ਖਿਲਾਫ ਦਰਜ ਕੀਤੇ ਕੇਸ ਦੀ ਸਟੇਟਸ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਜਾਵੇ। ਇਸ ਦੇ ਜਵਾਬ ਵਿਚ ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਨੂੰ ਦੱਸਿਆ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮ ਮੁਤਾਬਕ ਕੇਸ ਦੀ ਪੜਤਾਲ ਹਾਲ ਦੀ ਘੜੀ ਸਾਂਝੀ ਨਹੀਂ ਕੀਤੀ ਜਾ ਸਕਦੀ। ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਨੂੰ ਦੱਸਿਆ ਕਿ 14 ਅਕਤੂਬਰ 2015 ਨੂੰ ਪੁਲਿਸ ਮੁਲਾਜ਼ਮਾਂ ਤੇ ਅਧਿਕਾਰੀਆਂ ਉੱਪਰ ਹੋਏ ਕਥਿਤ ਹਮਲੇ ਦੇ ਮੁਲਜ਼ਮਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ। ਟੀਮ ਨੇ ਪੁਲਿਸ 'ਤੇ ਹਮਲਾ ਕਰਨ ਵਾਲੇ ਦਸ ਵਿਅਕਤੀਆਂ ਦੀਆਂ ਤਸਵੀਰਾਂ ਅਖ਼ਬਾਰਾਂ ਵਿਚ ਨਸ਼ਰ ਕੀਤੀਆਂ ਸਨ ਪਰ ਅਜੇ ਤੱਕ ਕਿਸੇ ਵੀ ਜ਼ਖ਼ਮੀ ਅਧਿਕਾਰੀ ਜਾਂ ਆਮ ਜਨਤਾ ਨੇ ਉਨ੍ਹਾਂ ਦੀ ਪਛਾਣ ਨਹੀਂ ਕੀਤੀ। ਇਸ ਲਈ ਫੋਰੈਂਸਿਕ ਮਾਹਿਰਾਂ ਦੀ ਮਦਦ ਲਈ ਜਾ ਰਹੀ ਹੈ। ਕੋਟਕਪੂਰਾ ਗੋਲੀ ਕਾਂਡ ਤੋਂ ਬਾਅਦ ਪੁਲਿਸ 'ਤੇ ਹਮਲਾ ਕਰਨ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ ਪਰ ਜਾਂਚ ਟੀਮ ਨੇ ਕਿਹਾ ਕਿ ਸਿੱਖ ਪ੍ਰਚਾਰਕਾਂ ਨੇ ਪੁਲਿਸ 'ਤੇ ਹਮਲਾ ਨਹੀਂ ਕੀਤਾ। ਇਸ ਕਰਕੇ ਸਿੱਖ ਪ੍ਰਚਾਰਕਾਂ ਨੂੰ ਕਲੀਨ ਚਿਟ ਮਿਲ ਗਈ ਸੀ।

# ਦਰਸ਼ਨੀ ਡਿਓਢੀ ਦੀ ਕਾਰ ਸੇਵਾ ਸ਼ੁਰੂ



**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨੀ ਡਿਓਢੀ ਦੇ ਉੱਪਰਲੇ ਹਿੱਸੇ ਦੇ ਅੰਦਰੂਨੀ ਭਾਗ ਦੀ ਮੁਰੰਮਤ ਦੀ ਕਾਰ ਸੇਵਾ ਅਰਦਾਸ ਉਪਰੰਤ ਆਰੰਭ ਹੋ ਗਈ ਹੈ। ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨੀ ਡਿਓਢੀ ਦੀ ਮੁਰੰਮਤ ਕਰਨ ਦਾ ਅੰਤ੍ਰਿੰਗ ਕਮੇਟੀ ਨੇ ਫੈਸਲਾ ਕੀਤਾ ਸੀ। ਇਸ ਕਾਰਜ ਦੀ ਸੇਵਾ ਬਾਬਾ ਪ੍ਰਦੀਪ ਸਿੰਘ ਬੋਰੇ ਵਾਲਿਆਂ ਨੂੰ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਦਰਸ਼ਨੀ ਡਿਓਢੀ ਦੇ ਉਪਰਲੇ ਭਾਗ ਦੇ ਅੰਦਰੂਨੀ ਹਿੱਸੇ ਦੀ ਮੁਰੰਮਤ ਪੁਰਾਤਨ ਦਿੱਖ ਅਨੁਸਾਰ ਹੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਦਰਸ਼ਨੀ ਡਿਓਢੀ ਦੇ ਅੰਦਰ ਹੋਈ ਮੀਨਾਕਾਰੀ ਨੂੰ ਹੂਬਹੂ ਉਸੇ ਤਰ੍ਹਾਂ ਹੀ ਸੁਰੱਖਿਅਤ ਰੱਖਿਆ ਜਾਵੇਗਾ। ਸੇਵਾ ਦੀ ਆਰੰਭਤਾ ਮੌਕੇ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

# ਕੁਈਨਜ਼ਲੈਂਡ: ਸਿੱਖ ਵਿਦਿਆਰਥੀਆਂ ਦੇ ਹੱਕ 'ਚ ਵੱਡਾ ਫੈਸਲਾ



**ਮੈਲਬਰਨ:** ਆਸਟਰੇਲੀਆ ਸਥਿਤ ਕੁਈਨਜ਼ਲੈਂਡ ਦੇ ਸੁਪਰੀਮ ਕੋਰਟ ਨੇ ਸਕੂਲਾਂ ਵਿਚ ਸਿੱਖ ਵਿਦਿਆਰਥੀਆਂ ਦੇ ਕਿਰਪਾਨ ਪਹਿਨਣ 'ਤੇ ਪਾਬੰਦੀ ਲਾਉਣ ਵਾਲੇ ਕਾਨੂੰਨ ਨੂੰ ਪਲਟਦਿਆਂ ਇਸ ਨੂੰ ਗੈਰਸੰਵਿਧਾਨਕ ਕਰਾਰ ਦਿੱਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਪਿਛਲੇ ਸਾਲ ਕਮਲਜੀਤ ਕੌਰ ਅਠਵਾਲ ਵੱਲੋਂ ਸੂਬਾ ਸਰਕਾਰ ਨੂੰ ਅਦਾਲਤ 'ਚ ਚੁਣੌਤੀ ਦੇਣ ਸਬੰਧੀ ਦਾਇਰ ਕੀਤੀ ਗਈ ਪਟੀਸ਼ਨ 'ਤੇ ਇਹ ਫੈਸਲਾ ਆਇਆ ਹੈ।

ਉਨ੍ਹਾਂ ਨੇ ਆਪਣੀ ਪਟੀਸ਼ਨ 'ਚ ਦਾਅਵਾ ਕੀਤਾ ਸੀ ਕਿ ਇਹ ਪਾਬੰਦੀ ਪੱਖਪਾਤ ਕਰਦੀ ਹੈ। ਕਿਰਪਾਨ ਸਿੱਖ ਧਰਮ ਦੇ ਪੰਜ ਧਾਰਮਿਕ ਪ੍ਰਤੀਕਾਂ 'ਚੋਂ ਇਕ ਹੈ। ਕਿਰਪਾਨ ਸਿੱਖ ਧਰਮ ਦਾ ਅਟੁੱਟ ਹਿੱਸਾ ਹੈ। ਸਿੱਖਾਂ ਦੀਆਂ ਧਾਰਮਿਕ ਮਾਨਤਾਵਾਂ ਅਨੁਸਾਰ ਇਸ ਧਰਮ ਨੂੰ ਮੰਨਣ ਵਾਲੇ ਲੋਕ ਹਰ ਸਮੇਂ ਕਿਰਪਾਨ ਆਪਣੇ ਕੋਲ ਰੱਖਦੇ ਹਨ। ਜ਼ਿਕਰਯੋਗ ਹੈ ਕਿ ਇਕ ਹੇਠਲੀ ਅਦਾਲਤ ਨੇ ਆਪਣੇ ਫੈਸਲੇ 'ਚ ਇਹ ਦਾਅਵਾ ਖਾਰਜ ਕਰ ਦਿੱਤਾ ਸੀ ਕਿ ਇਹ ਐਕਟ ਪੱਖਪਾਤੀ ਹੈ ਪਰ ਹੁਣ ਇਕ ਅਪੀਲ ਮਗਰੋਂ ਸੁਪਰੀਮ ਕੋਰਟ ਨੇ ਇਹ ਫੈਸਲਾ ਸੁਣਾਇਆ ਹੈ। ਆਸਟਰੇਲੀਅਨ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਦੀ ਰਿਪੋਰਟ ਅਨੁਸਾਰ ਕੁਈਨਜ਼ਲੈਂਡ ਸੁਪਰੀਮ ਕੋਰਟ ਨੇ ਆਪਣੇ ਫੈਸਲੇ 'ਚ ਕਿਹਾ ਕਿ ਨਸਲੀ ਪੱਖਪਾਤ ਕਾਨੂੰਨ (ਆਰ.ਡੀ.ਏ.) ਤਹਿਤ ਵਿਦਿਆਰਥੀਆਂ ਨੂੰ ਸਕੂਲ 'ਚ ਕਿਰਪਾਨ ਲਿਜਾਣ 'ਤੇ ਪਾਬੰਦੀ ਗੈਰ-ਸੰਵਿਧਾਨਕ ਹੈ।

### ਅਦਾਲਤੀ ਫੈਸਲੇ ਦੀ ਸ਼ਲਾਘਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਸਟਰੇਲੀਆ ਦੀ ਕੁਈਨਜ਼ਲੈਂਡ ਉੱਚ ਅਦਾਲਤ ਵੱਲੋਂ ਸਿੱਖ ਕੱਕਾਰ ਸ੍ਰੀ ਸਾਹਿਬ ਸਬੰਧੀ ਚੱਲ ਰਹੇ ਇਕ ਕੇਸ ਵਿਚ ਸਿੱਖਾਂ ਦੇ ਹੱਕ 'ਚ ਫੈਸਲਾ ਦੇਣ ਦਾ ਸਵਾਗਤ ਕੀਤਾ ਹੈ। ਸ੍ਰੀ ਧਾਮੀ ਨੇ ਕਿਹਾ ਕਿ ਆਸਟਰੇਲੀਆ 'ਚ ਸਿੱਖਾਂ ਦੀ ਧਾਰਮਿਕ ਅਜ਼ਾਦੀ ਨਾਲ ਜੁੜੇ ਇਸ ਮਸਲੇ ਦਾ ਹੱਲ ਸਿੱਖ ਭਾਵਨਾਵਾਂ ਅਨੁਸਾਰ ਕਰਕੇ ਅਦਾਲਤ ਨੇ ਇਕ ਮਿਸਾਲ ਕਾਇਮ ਕੀਤੀ ਹੈ।

# ਸਿੱਖਾਂ ਵੱਲੋਂ ਟਾਈਟਲਰ ਦੀ ਗ੍ਰਿਫਤਾਰੀ ਲਈ ਪ੍ਰਦਰਸ਼ਨ

**ਨਵੀਂ ਦਿੱਲੀ:** ਇਥੋਂ ਦੀ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਪੁਲ ਬੰਗਸ਼ ਕਤਲੇਆਮ ਨਾਲ ਜੁੜੇ ਮਾਮਲੇ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵੱਲੋਂ ਪੇਸ਼ ਕੀਤੇ ਜ਼ਮਾਨਤ ਬਾਂਡ ਨੂੰ ਸਵੀਕਾਰ ਕਰ ਲਿਆ। ਵਧੀਕ ਮੁੱਖ ਮੈਟਰੋਪੋਲੀਟਨ ਮੈਜਿਸਟਰੇਟ ਵਿਧੀ ਗੁਪਤਾ ਆਨੰਦ, ਜਿਨ੍ਹਾਂ ਨੇ 26 ਜੁਲਾਈ ਨੂੰ ਇਸ ਮਾਮਲੇ ਸਬੰਧੀ ਟਾਈਟਲਰ ਨੂੰ ਸੰਮਨ ਜਾਰੀ ਕੀਤਾ ਸੀ, ਨੇ ਨੋਟ ਕੀਤਾ ਕਿ ਮੁਲਜ਼ਮ ਨੂੰ ਸੈਸ਼ਨ ਅਦਾਲਤ ਵੱਲੋਂ ਪਹਿਲਾਂ ਹੀ ਅਗਾਊਂ ਜ਼ਮਾਨਤ ਦਿੱਤੀ ਜਾ ਚੁੱਕੀ ਹੈ। ਅਦਾਲਤ ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ) ਨੂੰ ਟਾਈਟਲਰ ਨੂੰ ਚਾਰਜਸ਼ੀਟ ਦੀ ਕਾਪੀ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ।

ਕਾਂਗਰਸੀ ਆਗੂ ਸਖ਼ਤ ਸੁਰੱਖਿਆ ਹੇਠ ਅਦਾਲਤ ਵਿਚ ਪੇਸ਼ ਹੋਇਆ। ਇਸ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਤੇ ਨਵੰਬਰ 1984 ਦੇ ਪੀੜਤਾਂ ਵੱਲੋਂ ਅਦਾਲਤ ਦੇ ਨੇੜੇ ਪ੍ਰਦਰਸ਼ਨ ਕੀਤਾ ਗਿਆ ਤੇ ਟਾਈਟਲਰ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ।

# ਸ਼੍ਰੋਮਣੀ ਕਮੇਟੀ ਵੱਲੋਂ ਜੈਤੋ ਦੇ ਮੋਰਚੇ ਦੀ ਸ਼ਤਾਬਦੀ ਮਨਾਉਣ ਦਾ ਫੈਸਲਾ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਜੈਤੋ ਦੇ ਮੋਰਚੇ ਦੀ ਪਹਿਲੀ ਸ਼ਤਾਬਦੀ ਮਨਾਉਣ ਦਾ ਫੈਸਲਾ ਕੀਤਾ ਹੈ। ਇਸ ਬਾਰੇ ਤਿਆਰੀਆਂ ਆਰੰਭ ਦਿੱਤੀਆਂ ਹਨ। ਸ਼ਤਾਬਦੀ ਸਮਾਗਮਾਂ ਦੀ ਸ਼ੁਰੂਆਤ 14 ਸਤੰਬਰ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਕੀਤੀ ਜਾਵੇਗੀ। ਇਹ ਸ਼ਤਾਬਦੀ 21 ਫਰਵਰੀ 2024 ਨੂੰ ਮਨਾਈ ਜਾਣੀ ਹੈ।

ਜੈਤੋ ਦੇ ਮੋਰਚੇ ਦੇ 100 ਸਾਲਾ ਸਮਾਗਮਾਂ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕਾਇਮ ਕੀਤੀ ਸਬ-ਕਮੇਟੀ ਨੇ ਪ੍ਰੋਗਰਾਮਾਂ ਦੀ ਰੂਪ-ਰੇਖਾ ਤੈਅ ਕਰਨ ਲਈ ਵਿਚਾਰ-ਵਟਾਂਦਰਾ ਕੀਤਾ। ਇਸ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ, ਸਾਬਕਾ ਸੀਨੀਅਰ ਮੀਤ ਪ੍ਰਧਾਨ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਕਮੇਟੀ ਮੈਂਬਰ ਸ਼ੇਰ ਸਿੰਘ ਮੰਡਵਾਲਾ ਨੇ ਦੱਸਿਆ ਕਿ 21 ਫਰਵਰੀ 2024 ਨੂੰ ਮੁੱਖ ਸਮਾਗਮ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਚ ਹੋਵੇਗਾ। 14 ਸਤੰਬਰ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਨਾਲ ਪ੍ਰੋਗਰਾਮ ਆਰੰਭ ਹੋਣਗੇ ਅਤੇ ਸਮਾਗਮ ਸੈਮੀਨਾਰ ਕਰਵਾਏ ਜਾਣਗੇ। ਸਿੰਘ ਸਭਾ ਲਹਿਰ ਦੀ ਆਰੰਭਤਾ ਦੇ 150 ਸਾਲਾ ਸ਼ਤਾਬਦੀ ਸਮਾਗਮਾਂ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਚ ਦੋ ਰੋਜ਼ਾ ਸਮਾਗਮ ਕਰਵਾਏ ਜਾਣਗੇ। ਇਸ ਸਬੰਧੀ ਮੁੱਖ ਸਮਾਗਮ ਪਹਿਲੀ ਅਕਤੂਬਰ ਨੂੰ ਹੋਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਬਣਾਈ ਗਈ ਸਬ-ਕਮੇਟੀ ਦੀ ਹੋਈ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਸ਼ਤਾਬਦੀ ਸਮਾਗਮਾਂ ਮੌਕੇ ਸਿੰਘ ਸਭਾਵਾਂ ਦੀ ਸ਼ਮੂਲੀਅਤ ਦੇ ਨਾਲ-ਨਾਲ ਵੱਖ-ਵੱਖ ਜਥੇਬੰਦੀਆਂ ਦਾ ਸਹਿਯੋਗ ਵੀ ਲਿਆ ਜਾਵੇਗਾ। ਇਹ ਦੋ ਰੋਜ਼ਾ ਸਮਾਗਮ 30 ਸਤੰਬਰ ਤੇ ਇਕ ਅਕਤੂਬਰ ਨੂੰ ਹੋਣਗੇ।

### ਮਾਨ ਦਲ ਤੇ ਦਲ ਖਾਲਸਾ ਵੱਲੋਂ ਲੁਧਿਆਣਾ 'ਚ ਮਾਰਚ 14 ਨੂੰ

**ਲੁਧਿਆਣਾ:** ਅਕਾਲੀ ਦਲ (ਅ) ਅਤੇ ਦਲ ਖਾਲਸਾ ਨੇ ਸਾਂਝਾ ਐਲਾਨ ਕੀਤਾ ਹੈ ਕਿ 14 ਅਗਸਤ ਨੂੰ ਲੁਧਿਆਣਾ ਵਿਚ ਰੋਸ ਮਾਰਚ ਅਤੇ ਮੁਜ਼ਾਹਰਾ ਕੀਤਾ ਜਾਵੇਗਾ। ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਤੇ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇਹ ਮਾਰਚ ਗੁਰਦੁਆਰਾ ਦੁੱਖ ਨਿਵਾਰਨ ਤੋਂ ਸ਼ੁਰੂ ਹੋ ਕੇ ਜੇਲ੍ਹ ਰੋਡ, ਸਿਵਲ ਹਸਪਤਾਲ ਤੋਂ ਹੁੰਦਾ ਹੋਇਆ ਜਗਰਾਉਂ ਪੁਲ ਪਹੁੰਚ ਕੇ ਸਮਾਪਤ ਹੋਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅਤੇ ਕੌਮੀ ਜਾਂਚ ਏਜੰਸੀ ਵੱਲੋਂ ਲਾਏ ਜਾ ਰਹੇ ਦੋਸ਼ ਝੂਠੇ ਅਤੇ ਬੇਬੁਨਿਆਦ ਹਨ।

# ਮਸਤੂਆਣਾ ਕਾਲਜ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸਰਕਾਰ ਅੱਗੇ ਨਵੀਂ ਪੇਸ਼ਕਸ਼



**ਸੰਗਰੂਰ:** ਮਸਤੂਆਣਾ ਸਾਹਿਬ ਵਿਖੇ ਸੰਤ ਬਾਬਾ ਅਤਰ ਸਿੰਘ ਦੀ ਯਾਦ ਵਿਚ ਬਣਨ ਵਾਲੇ ਮੈਡੀਕਲ ਕਾਲਜ ਦੀ ਜ਼ਮੀਨ ਦਾ ਵਿਵਾਦ ਸੁਲਝਾਉਣ ਲਈ ਹੁਣ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਅੱਗੇ ਨਵੀਂ ਪੇਸ਼ਕਸ਼ ਰੱਖੀ ਹੈ।

ਅਕਾਲੀ ਦਲ ਦੇ ਬੁਲਾਰੇ ਤੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਜੇ ਸਰਕਾਰ ਚਾਹੇ ਤਾਂ ਇਕ ਸਾਲ ਤੋਂ ਚੱਲ ਰਿਹਾ ਵਿਵਾਦ ਮੁਕਾ ਸਕਦੀ ਹੈ। ਉਨ੍ਹਾਂ ਮੁੱਖ ਮੰਤਰੀ ਅੱਗੇ ਦੋ ਤਜਵੀਜ਼ਾਂ ਰੱਖੀਆਂ ਕਿ ਮੈਡੀਕਲ ਕਾਲਜ ਦੀ ਜ਼ਮੀਨ ਦੀ ਰਜਿਸਟਰੀ ਰੱਦ ਕਰ ਕੇ 25 ਏਕੜ ਜ਼ਮੀਨ ਐਕੁਆਇਰ ਕੀਤੀ ਜਾਵੇ ਅਤੇ ਮੁੱਖ ਮੰਤਰੀ ਵੱਲੋਂ ਮੈਡੀਕਲ ਕਾਲਜ ਲਈ ਜ਼ਮੀਨ ਲੈਣ ਵਾਸਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਲਿਖਿਆ ਜਾਵੇ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੋ-ਤਿੰਨ ਮਤੇ ਪਾਸ ਕਰ ਕੇ ਪੰਜਾਬ ਸਰਕਾਰ ਨੂੰ ਭੇਜ ਚੁੱਕੀ ਹੈ ਕਿ ਇਹ ਜ਼ਮੀਨ ਦੇਣ ਲਈ ਤਿਆਰ ਹੈ। ਸ਼੍ਰੋਮਣੀ ਕਮੇਟੀ ਨੇ ਮੁੱਖ ਮੰਤਰੀ ਨੂੰ ਪੱਤਰ ਵੀ ਭੇਜਿਆ ਸੀ ਪਰ ਕੋਈ ਜਵਾਬ ਨਹੀਂ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਮੈਡੀਕਲ ਕਾਲਜ ਲਈ ਜ਼ਮੀਨ ਦੇਣ ਅਤੇ ਮਸਲੇ ਨੂੰ ਸੁਲਝਾਉਣ ਲਈ ਤਿਆਰ ਹਨ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ, ਟਰੱਸਟ ਜਾਂ ਹੋਰ ਧਿਰਾਂ ਦੇ ਦੋ-ਦੋ ਮੈਂਬਰ ਲੈ ਕੇ ਮਿਲ ਬੈਠ ਕੇ ਮਸਲਾ ਸੁਲਝਾਇਆ ਜਾ ਸਕਦਾ ਹੈ। ਜੇ ਮੁੱਖ ਮੰਤਰੀ ਚਾਹੁਣ ਅਤੇ ਜਾਂ ਕੋਈ ਵੀ ਧਿਰ ਚਾਹੇ ਤਾਂ ਸਹਿਮਤੀ ਬਣ ਸਕਦੀ ਹੈ ਪਰ ਸਰਕਾਰ ਮਸਲਾ ਸੁਲਝਾਉਣ ਲਈ ਸ਼੍ਰੋਮਣੀ ਕਮੇਟੀ ਨਾਲ ਗੱਲਬਾਤ ਕਰਨ ਲਈ ਤਿਆਰ ਨਹੀਂ ਹੈ।

ਉਨ੍ਹਾਂ ਕਿਹਾ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਉੱਪਰ ਦੋਸ਼ ਲਗਾਉਣੇ ਕਿ ਇਹ ਕਾਲਜ ਦੀ ਉਸਾਰੀ 'ਚ ਅੜਿੱਕਾ ਪਾ ਰਹੇ ਹਨ, ਬਿਲਕੁਲ ਗਲਤ ਹੈ। ਸਰਕਾਰ ਨੇ 16 ਮੈਡੀਕਲ ਕਾਲਜ ਬਣਾਉਣ ਦਾ ਐਲਾਨ ਕੀਤਾ ਸੀ; ਸਰਕਾਰ ਸਪੱਸ਼ਟ ਕਰ ਦੇਵੇ ਕਿ ਬਾਕੀ 15 ਮੈਡੀਕਲ ਕਾਲਜਾਂ ਦਾ ਕੰਮ ਸ਼ੁਰੂ ਹੋ ਚੁੱਕਿਆ ਹੈ?

ਇਸ ਮੌਕੇ ਅਕਾਲੀ ਆਗੂ ਤੇਜਿੰਦਰ ਸਿੰਘ ਸੰਘਰੇੜੀ, ਜੋਗਾ ਸਿੰਘ ਫੱਗੂਵਾਲਾ ਤੇ ਨਰੇਸ਼ ਕੁਮਾਰ ਮੌਜੂਦ ਸਨ। ਯਾਦ ਰਹੇ ਹੈ ਕਿ 5 ਅਗਸਤ 2022 ਨੂੰ ਮੁੱਖ ਮੰਤਰੀ ਨੇ ਮਸਤੂਆਣਾ ਸਾਹਿਬ ਵਿਚ ਮੈਡੀਕਲ ਕਾਲਜ ਦਾ ਨੀਂਹ ਪੱਥਰ ਰੱਖਿਆ ਸੀ ਪਰ ਸਾਲ ਬੀਤਣ 'ਤੇ ਉਸਾਰੀ ਤਾਂ ਕੀ ਸ਼ੁਰੂ ਹੋਣੀ ਸੀ, ਜ਼ਮੀਨ ਬਾਰੇ ਵਿਵਾਦ ਵੀ ਨਜਿੱਠਿਆ ਨਹੀਂ ਗਿਆ।

# ਹੁਣ ਕੇਂਦਰੀ ਸਕੀਮਾਂ ਵਿਚ ਪੰਜਾਬ ਦੇ ਕਿਸਾਨਾਂ ਲਈ ਬੂਹੇ ਬੰਦ ਹੋਣ ਲੱਗੇ

**ਚੰਡੀਗੜ੍ਹ:** 'ਪ੍ਰਧਾਨ ਮੰਤਰੀ ਕਿਸਾਨ ਨਿਧੀ ਯੋਜਨਾ' ਵਿਚੋਂ ਪੰਜਾਬ ਦੇ ਲੱਖਾਂ ਕਿਸਾਨ ਬਾਹਰ ਕਰ ਦਿੱਤੇ ਗਏ ਹਨ, ਜਿਨ੍ਹਾਂ ਨੂੰ ਹੁਣ ਇਸ ਕੇਂਦਰੀ ਸਕੀਮ ਤਹਿਤ ਸਾਲਾਨਾ ਛੇ ਹਜ਼ਾਰ ਰੁਪਏ ਦੀ ਵਿੱਤੀ ਰਾਸ਼ੀ ਨਹੀਂ ਮਿਲੇਗੀ। ਕਿਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਦੀ ਨੀਅਤ ਹੀ ਪੰਜਾਬ ਦੇ ਕਿਸਾਨ ਪ੍ਰਤੀ ਮਾੜੀ ਹੈ ਜਿਸ ਕਰਕੇ ਸਕੀਮ ਦੇ ਲਾਭਪਾਤਰੀ ਕਿਸਾਨਾਂ ਦੀ ਗਿਣਤੀ ਵਿਚ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਨੂੰ ਚਾਹੀਦਾ ਸੀ ਕਿ ਕਿਸਾਨਾਂ ਦੀ ਦਸਤਾਵੇਜ਼ ਵਗੈਰਾ ਅੱਪਲੋਡ ਕਰਨ ਵਿਚ ਮਦਦ ਕੀਤੀ ਜਾਂਦੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਬਹੁਤੇ ਕਿਸਾਨ ਹੁਣ ਕੇਂਦਰੀ ਮਦਦ ਤੋਂ ਵਾਂਝੇ ਰਹਿ ਜਾਣਗੇ।



ਦੱਸ ਦਈਏ ਕਿ ਭਾਰਤ ਸਰਕਾਰ ਦੀ ਇਸ ਕੇਂਦਰੀ ਸਕੀਮ ਤਹਿਤ ਵਿੱਤੀ ਸਹਾਇਤਾ ਲੈਣ ਵਾਲੇ ਕਿਸਾਨਾਂ ਦੀ ਗਿਣਤੀ ਵਿਚ ਲੰਘੇ ਤਿੰਨ ਸਾਲਾਂ ਵਿਚ 63 ਫ਼ੀਸਦੀ ਕਮੀ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਕਿਸਾਨ ਕੇਂਦਰੀ ਸਕੀਮ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਹਨ। ਚੇਤੇ ਰਹੇ ਕਿ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਨੇ 31 ਅਗਸਤ 2022 ਨੂੰ ਪੰਜਾਬ ਸਰਕਾਰ ਨੂੰ ਇਸ ਸਕੀਮ ਦਾ ਲਾਭ ਲੈਣ ਵਾਲੇ ਕਿਸਾਨਾਂ ਦੀ ਨਵੇਂ ਸਿਰਿਓਂ ਸਮੀਖਿਆ ਕਰਨ ਲਈ ਕਿਹਾ ਸੀ।

ਵੇਰਵਿਆਂ ਅਨੁਸਾਰ 'ਪ੍ਰਧਾਨ ਮੰਤਰੀ ਕਿਸਾਨ ਨਿਧੀ ਯੋਜਨਾ' ਦੇ ਪੰਜਾਬ ਵਿਚਲੇ ਲਾਭਪਾਤਰੀਆਂ ਦੀ ਗਿਣਤੀ ਦਸੰਬਰ 2019-ਮਾਰਚ 2020 ਵਿਚ 23,01,313 ਸੀ ਜੋ ਹੁਣ ਅਪਰੈਲ-ਜੁਲਾਈ 2023 ਵਿਚ ਘਟ ਕੇ 8,53,980 ਰਹਿ ਗਈ ਹੈ, ਜਿਸ ਤੋਂ ਸਾਫ ਹੈ ਕਿ ਇਨ੍ਹਾਂ ਤਿੰਨ ਵਰ੍ਹਿਆਂ ਦੌਰਾਨ ਪੰਜਾਬ ਦੇ 14,47,353 ਕਿਸਾਨਾਂ ਦੀ ਗਿਣਤੀ ਘੱਟ ਗਈ ਹੈ। ਸੂਤਰ ਅਨੁਸਾਰ ਜਿਨ੍ਹਾਂ ਕਿਸਾਨਾਂ ਨੂੰ ਆਊਟ ਕੀਤਾ ਗਿਆ ਹੈ, ਉਨ੍ਹਾਂ 'ਚੋਂ ਬਹੁਤੇ ਇਲੈਕਟ੍ਰਾਨਿਕ ਤੌਰ 'ਤੇ ਆਪਣਾ ਕੇ.ਵਾਈ.ਸੀ. ਪੂਰਾ ਕਰਨ ਤੋਂ ਸਮਰੱਥ ਨਹੀਂ ਸਨ। ਕੇਂਦਰੀ ਸਕੀਮ ਤਹਿਤ ਕਿਸਾਨਾਂ ਨੂੰ ਤਿੰਨ ਕਿਸ਼ਤਾਂ ਵਿਚ ਸਾਲਾਨਾ ਛੇ ਹਜ਼ਾਰ ਮਿਲਦੇ ਹਨ। ਜਦੋਂ ਇਹ ਕੇਂਦਰੀ ਸਕੀਮ ਸ਼ੁਰੂ ਕੀਤੀ ਗਈ ਸੀ ਤਾਂ ਉਦੋਂ ਸ਼ੁਰੂਆਤੀ ਪੜਾਅ 'ਤੇ ਹੀ 2022 ਵਿਚ ਪੰਜਾਬ ਦੇ ਕਰੀਬ 5.41 ਲੱਖ ਕਿਸਾਨਾਂ ਨੂੰ ਸਕੀਮ ਚੋਂ ਬਾਹਰ ਕਰ ਦਿੱਤਾ ਗਿਆ ਸੀ। ਕਾਰਨ ਇਹ ਦੱਸਿਆ ਗਿਆ ਕਿ ਇਹ ਕਿਸਾਨ ਸਕੀਮ ਵਿਚ ਨਿਰਧਾਰਿਤ ਮਾਪਦੰਡਾਂ 'ਤੇ ਖਰੇ ਨਹੀਂ ਉੱਤਰੇ ਸਨ। ਜਾਣਕਾਰੀ ਅਨੁਸਾਰ ਇਸ ਸਕੀਮ ਤਹਿਤ 17.59 ਲੱਖ ਕਿਸਾਨਾਂ ਨੂੰ ਦੋ ਹਜ਼ਾਰ ਰੁਪਏ ਦੀਆਂ 12 ਕਿਸ਼ਤਾਂ ਪ੍ਰਾਪਤ ਹੋਈਆਂ ਹਨ। ਸਕੀਮ ਤਹਿਤ 13ਵੀਂ ਅਤੇ 14ਵੀਂ ਕਿਸ਼ਤ ਵੰਡੇ ਜਾਣ ਤੋਂ ਪਹਿਲਾਂ ਇਸ ਸਕੀਮ ਦੇ ਰਜਿਸਟਰਡ ਲਾਭਪਾਤਰੀ ਲੋੜੀਂਦੇ ਦਸਤਾਵੇਜ਼ ਅੱਪਲੋਡ ਨਹੀਂ ਕਰ ਸਕੇ।

ਬੇਸ਼ੱਕ ਅਗਸਤ 2021 ਤੋਂ ਲਾਭਪਾਤਰੀ ਕਿਸਾਨਾਂ ਦਾ ਅੰਕੜਾ ਸ਼ੁਰੂ ਹੋਇਆ ਸੀ ਪਰ ਇਨ੍ਹਾਂ ਵਿਚ ਪਹਿਲੀ ਵੱਡੀ ਕਟੌਤੀ ਦਸੰਬਰ 2021-ਮਾਰਚ 2022 ਦੀ ਕਿਸ਼ਤ ਦੀ ਵੰਡ ਸਮੇਂ ਦੇਖਣ ਨੂੰ ਮਿਲੀ। ਖੇਤੀ ਵਿਭਾਗ ਦੇ ਡਾਇਰੈਕਟਰ ਗੁਰਵਿੰਦਰ ਸਿੰਘ ਦਾ ਕਹਿਣਾ ਸੀ ਕਿ ਅਸਲ ਵਿਚ ਕੁਝ ਵੱਡੇ ਲਾਭਪਾਤਰੀ ਕਿਸਾਨ ਸੂਚੀ 'ਚੋਂ ਹਟਾਏ ਗਏ ਹਨ ਜਦਕਿ ਵਿਭਾਗ ਅਸਲ ਲਾਭਪਾਤਰੀ ਕਿਸਾਨਾਂ ਦਾ ਡਾਟਾ ਅੱਪਲੋਡ ਕਰਨ ਵਿਚ ਉਨ੍ਹਾਂ ਦੀ ਮਦਦ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ 'ਚੋਂ ਕਟੌਤੀ ਦਾ ਇਹ ਵੀ ਕਾਰਨ ਹੈ ਕਿ ਕਿਸਾਨ ਆਪਣੇ ਆਧਾਰ ਨੰਬਰਾਂ ਨੂੰ ਆਪਣੇ ਬੈਂਕ ਖਾਤਿਆਂ ਨਾਲ ਲਿੰਕ ਨਹੀਂ ਕਰ ਸਕੇ ਜਾਂ ਫਿਰ ਆਨਲਾਈਨ ਕੇ.ਵਾਈ.ਸੀ. ਨੂੰ ਪੂਰਾ ਨਹੀਂ ਕਰ ਸਕੇ।


## ਸੜਕ ਹਾਦਸੇ 'ਚ ਭਾਰਤੀ ਮੂਲ ਦੇ ਵਿਦਿਆਰਥੀ ਦੀ ਮੌਤ

**ਮੈਲਬਰਨ:** ਆਸਟਰੇਲੀਆ ਦੇ ਸਿਡਨੀ ਵਿਚ 22 ਸਾਲਾ ਭਾਰਤੀ ਮੂਲ ਦੇ ਵਿਦਿਆਰਥੀ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਆਸਟਰੇਲੀਆ ਬ੍ਰੌਡਕਾਸਟ ਕਾਰਪੋਰੇਸ਼ਨ ਦੀ ਰਿਪੋਰਟ ਅਨੁਸਾਰ ਅਕਸ਼ੈ ਦੌਲਤਾਨੀ ਮੁੰਬਈ ਦਾ ਵਸਨੀਕ ਸੀ ਅਤੇ ਪਿਛਲੇ ਹਫਤੇ ਨਿਊ ਸਾਊਥ ਵੇਲਜ਼ ਵਿਚ ਊਬਰ ਈਟਸ ਦੇ ਚਾਲਕ ਵਜੋਂ ਕੰਮ ਕਰਨ ਦੌਰਾਨ ਉਸ ਦਾ ਮੋਟਰਸਾਈਕਲ ਇਕ ਐੱਸ.ਯੂ.ਵੀ. ਨਾਲ ਟਕਰਾ ਗਿਆ, ਜਿਸ ਦੌਰਾਨ ਉਸ ਦੀ ਮੌਤ ਹੋ ਗਈ। ਮੈਕੁਏਰੀ ਯੂਨੀਵਰਸਿਟੀ ਵਿਚ ਫਾਇਨਾਂਸ ਦੀ ਮਾਸਟਰ ਡਿਗਰੀ ਦੀ ਪੜ੍ਹਾਈ ਲਈ ਅਕਸ਼ੈ ਨੂੰ ਵਜ਼ੀਫ਼ਾ ਮਿਲਿਆ ਸੀ, ਜਿਸ ਕਾਰਨ ਉਹ ਫਰਵਰੀ ਵਿਚ ਆਸਟਰੇਲੀਆ ਆਇਆ ਸੀ। ਆਪਣੇ ਖਰਚੇ ਨੂੰ ਪੂਰਾ ਕਰਨ ਲਈ ਅਕਸ਼ੈ ਹਫਤੇ ਵਿਚ ਘੱਟੋ-ਘੱਟ ਤਿੰਨ ਵਾਰ ਕੰਪਨੀ ਦੇ ਚਾਲਕ ਵਜੋਂ ਕੰਮ ਕਰਦਾ ਸੀ। ਰਿਪੋਰਟ ਅਨੁਸਾਰ ਹਾਦਸੇ ਮਗਰੋਂ ਉਸ ਨੂੰ ਰਾਇਲ ਨਾਰਥ ਸ਼ੋਰ ਹਸਪਤਾਲ ਲਿਆਂਦਾ ਗਿਆ, ਜਿੱਥੇ ਕੁਝ ਘੰਟਿਆਂ ਮਗਰੋਂ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਉਸ ਨੇ ਦਮ ਤੋੜ ਦਿੱਤਾ।

# ਰਾਜਪਾਲ ਨੇ ਹੁਣ ਪੰਜਾਬ ਸਰਕਾਰ ਨਾਲ ਖੁੱਲ੍ਹ ਕੇ ਆਢਾ ਲਾਇਆ

**ਚੰਡੀਗੜ੍ਹ:** ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਹੁਣ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰਾਂ ਦੇ ਕਾਰਜਕਾਲ ਦੇ ਵਾਧੇ 'ਚ ਕਟੌਤੀ ਕਰ ਦਿੱਤੀ ਹੈ। ਪੰਜਾਬ ਸਰਕਾਰ ਨੇ ਇਨ੍ਹਾਂ ਦੋਵਾਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਦੇ ਕਾਰਜਕਾਲ ਵਿਚ ਇਕ-ਇਕ ਸਾਲ ਦਾ ਵਾਧਾ ਕੀਤੇ ਜਾਣ ਦੀ ਤਜਵੀਜ਼ ਰਾਜ ਭਵਨ ਭੇਜੀ ਸੀ, ਪਰ ਰਾਜਪਾਲ ਨੇ ਪੰਜਾਬ ਸਰਕਾਰ ਦੀ ਸਿਫ਼ਾਰਸ਼ ਨੂੰ ਦਰਕਿਨਾਰ ਕਰਦਿਆਂ ਵਾਈਸ ਚਾਂਸਲਰਾਂ ਦੇ ਕਾਰਜਕਾਲ ਵਿਚ ਛੇ-ਛੇ ਮਹੀਨੇ ਦਾ ਵਾਧਾ ਕੀਤਾ ਹੈ।

ਸਿਆਸੀ ਮਾਹਿਰਾਂ ਅਨੁਸਾਰ ਰਾਜਪਾਲ ਨੇ ਅਜਿਹਾ ਕਰਕੇ ਸੰਸਥਾਵਾਂ ਵਿਚ ਦਾਖਲੇ ਲਈ ਦੋ ਕਦਮ ਹੋਰ ਅਗਾਂਹ ਵਧਾ ਲਏ ਹਨ। ਰਾਜਪਾਲ ਜੇਕਰ ਇਸੇ ਰਾਹ 'ਤੇ ਚੱਲਦੇ ਰਹੇ ਤਾਂ ਵਿੱਦਿਅਕ ਅਦਾਰੇ ਵੀ ਸਿਆਸੀ ਸੇਕ ਦੀ ਲਪੇਟ ਵਿਚ ਆ ਜਾਣਗੇ। ਪੰਜਾਬ ਸਰਕਾਰ ਨੇ ਇਸ ਮਾਮਲੇ 'ਤੇ ਉਲਝਣ ਦੀ ਥਾਂ ਰਣਨੀਤਕ ਤਰੀਕੇ ਨਾਲ ਚੱਲਣ ਦਾ ਫੈਸਲਾ ਕੀਤਾ ਹੈ। ਰਾਜਪਾਲ ਦੇ ਇਸ ਫੈਸਲੇ ਤੋਂ ਜਾਪਦਾ ਹੈ ਕਿ ਉਹ ਪੰਜਾਬ ਸਰਕਾਰ ਦੇ





ਫੈਸਲਿਆਂ 'ਚ ਦਖਲ ਤੋਂ ਪਿਛਾਂਹ ਹਟਣ ਲਈ ਤਿਆਰ ਨਹੀਂ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਅਗਸਤ 2017 ਵਿਚ ਜਸਪਾਲ ਸਿੰਘ ਸੰਧੂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦਾ ਵਾਈਸ ਚਾਂਸਲਰ ਨਿਯੁਕਤ ਕੀਤਾ ਸੀ ਅਤੇ ਦੂਸਰੀ ਦਫ਼ਾ ਕੈਪਟਨ ਸਰਕਾਰ ਨੇ ਹੀ ਸੰਧੂ ਦੇ ਕਾਰਜਕਾਲ ਵਿਚ ਜੂਨ 2020 ਵਿਚ ਤਿੰਨ ਸਾਲਾਂ ਦਾ ਵਾਧਾ ਕੀਤਾ ਸੀ।

ਉਚੇਰੀ ਸਿੱਖਿਆ ਵਿਭਾਗ ਨੇ ਜਸਪਾਲ ਸਿੰਘ ਸੰਧੂ ਦੇ ਕਾਰਜਕਾਲ ਵਿਚ ਹੋਰ ਤਿੰਨ ਸਾਲ ਦੇ ਵਾਧੇ ਦੀ ਸਿਫ਼ਾਰਸ਼ ਭੇਜੀ ਸੀ, ਜਿਸ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਧੂ ਦੇ ਕਾਰਜਕਾਲ ਵਿਚ ਇਕ ਸਾਲ ਦੇ ਵਾਧੇ ਦੀ ਸਿਫ਼ਾਰਸ਼ ਰਾਜਪਾਲ ਨੂੰ ਭੇਜ ਦਿੱਤੀ ਸੀ। ਰਾਜਪਾਲ ਨੇ ਕਾਰਜਕਾਲ ਵਿਚ ਇਕ ਸਾਲ ਦੀ ਬਜਾਏ ਛੇ ਮਹੀਨੇ ਦਾ ਵਾਧਾ ਕੀਤਾ ਹੈ ਅਤੇ ਨਾਲ ਹੀ ਸਰਕਾਰ ਨੂੰ ਨਵੇਂ ਵਾਈਸ ਚਾਂਸਲਰ ਦੀ ਭਾਲ ਕਰਨ ਵਾਸਤੇ ਕਿਹਾ ਹੈ। ਇਸੇ ਤਰ੍ਹਾਂ ਅਮਰਿੰਦਰ ਸਰਕਾਰ ਨੇ ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਪਟਿਆਲਾ ਦਾ ਪਹਿਲਾ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੂੰ ਤਿੰਨ ਸਾਲ ਵਾਸਤੇ ਸਤੰਬਰ 2020 ਵਿਚ ਲਾਇਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਡਾ.ਕਰਮਜੀਤ ਸਿੰਘ ਦੇ ਕਾਰਜਕਾਲ ਵਿਚ ਇਕ ਸਾਲ ਦਾ ਵਾਧਾ ਤਜਵੀਜ਼ ਕੀਤਾ ਸੀ ਪਰ ਰਾਜਪਾਲ ਨੇ ਉਨ੍ਹਾਂ ਨੂੰ ਵੀ ਛੇ ਮਹੀਨੇ ਦਾ ਵਾਧਾ ਦਿੱਤਾ ਹੈ।

ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਦਾ ਕਾਰਜਕਾਲ ਵੀ ਨਵੰਬਰ 2023 ਵਿਚ ਹੀ ਖ਼ਤਮ ਹੋ ਰਿਹਾ ਹੈ। ਦੱਸਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਦੇ ਪਿਛਲੇ ਸੈਸ਼ਨ ਵਿਚ 'ਵਰਸਿਟੀਆਂ ਦੇ ਚਾਂਸਲਰ ਦਾ ਅਹੁਦਾ ਮੁੱਖ ਮੰਤਰੀ ਹਵਾਲੇ ਕਰਨ ਬਾਰੇ ਬਿੱਲ ਪਾਸ ਕੀਤਾ ਗਿਆ ਸੀ ਜਿਸ 'ਤੇ ਰਾਜਪਾਲ ਨੇ ਮੋਹਰ ਨਹੀਂ ਲਾਈ ਹੈ।

# ਮੀਤ ਹੇਅਰ ਵੱਲੋਂ ਤੀਰਅੰਦਾਜ਼ ਪ੍ਰਨੀਤ ਕੌਰ ਨੂੰ ਜਿੱਤ ਦੀ ਵਧਾਈ



**ਚੰਡੀਗੜ੍ਹ:** ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਮਾਨਸਾ ਦੀ ਤੀਰਅੰਦਾਜ਼ ਪ੍ਰਨੀਤ ਕੌਰ ਨੂੰ ਵਿਸ਼ਵ ਚੈਂਪੀਅਨ ਬਣਨ 'ਤੇ ਮੁਬਾਰਕਾਂ ਦਿੱਤੀਆਂ। ਬਰਲਿਨ ਵਿਚ ਵਿਸ਼ਵ ਤੀਰਅੰਦਾਜ਼ੀ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਭਾਰਤੀ ਮਹਿਲਾ ਕੰਪਾਊਂਡ ਟੀਮ ਨੇ ਮੈਕਸਿਕੋ ਨੂੰ 235-229 ਨਾਲ ਹਰਾ ਕੇ ਸੋਨ ਤਗਮਾ ਜਿੱਤਿਆ ਹੈ। ਸੋਨ ਤਗਮਾ ਜੇਤੂ ਟੀਮ ਵਿਚ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਮੰਢਾਲੀ ਦੀ ਪ੍ਰਨੀਤ ਕੌਰ ਵੀ ਸ਼ਾਮਲ ਸੀ। ਖੇਡ ਮੰਤਰੀ ਨੇ ਸਮੁੱਚੀ ਟੀਮ ਨੂੰ ਵਧਾਈਆਂ ਦਿੰਦਿਆਂ ਕਿਹਾ ਕਿ ਮਾਣਮੱਤੀਆਂ ਕੁੜੀਆਂ ਨੇ ਤੀਰਅੰਦਾਜ਼ੀ ਖੇਡ ਵਿਚ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਮੀਤ ਹੇਅਰ ਨੇ ਇਸ ਪ੍ਰਾਪਤੀ ਦਾ ਸਿਹਰਾ ਖਿਡਾਰਨਾਂ, ਉਨ੍ਹਾਂ ਦੇ ਕੋਚ ਅਤੇ ਮਾਪਿਆਂ ਸਿਰ ਬੰਨ੍ਹਿਆ। ਉਨ੍ਹਾਂ ਕਿਹਾ ਕਿ ਇਸ ਪ੍ਰਾਪਤੀ ਵਿਚ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਮੰਢਾਲੀ ਦੀ ਪ੍ਰਨੀਤ ਕੌਰ ਦਾ ਵੀ ਯੋਗਦਾਨ ਸੀ, ਜਿਹੜੀ ਸੁਨਹਿਰੀ ਪ੍ਰਾਪਤੀ ਵਾਲੀ ਟੀਮ ਦੀ ਅਹਿਮ ਮੈਂਬਰ ਸੀ।

# ਬ੍ਰਿਟੇਨ 'ਚ ਸਿੱਖ ਨੌਜਵਾਨ ਦਾ ਪਟਕਾ ਉਤਾਰਨ ਦਾ ਦੋਸ਼ੀ ਪੁਲਿਸ ਕਰਮੀ ਬਰੀ

**ਲੰਡਨ:** ਉੱਤਰੀ ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਪੁਲਿਸ ਵਿਚ ਸਾਰਜੈਂਟ ਨੂੰ ਹਿਰਾਸਤ ਦੌਰਾਨ ਸਿੱਖ ਵਿਅਕਤੀ ਦਾ ਪਟਕਾ ਉਤਾਰਨ ਅਤੇ ਮਾੜਾ ਵਿਹਾਰ ਕਰਨ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਹੈ। ਵਿਅਕਤੀ ਨੇ ਸ਼ਿਕਾਇਤ ਕੀਤੀ ਸੀ ਕਿ ਧਾਰਮਿਕ ਮਰਿਆਦਾ ਮੁਤਾਬਕ ਸਿਰ ਢੱਕਣ ਲਈ ਵਰਤੇ ਗਏ ਪਟਕੇ ਨੂੰ ਬਰਮਿੰਘਮ ਦੀ ਪੇਰੀ ਬਰ ਕਸਟਡੀ 'ਚ ਜਬਰੀ ਉਤਾਰਿਆ ਗਿਆ ਸੀ ਜਿਸ ਕਾਰਨ ਉਹ ਸਦਮੇ 'ਚ ਹੈ।



ਉਸ ਨੇ ਦਾਅਵਾ ਕੀਤਾ ਕਿ ਅਕਤੂਬਰ 2021 'ਚ ਵਾਪਰੀ ਘਟਨਾ 'ਚ ਉਸ ਨਾਲ ਅਪਮਾਨਜਨਕ ਵਿਵਹਾਰ ਵੀ ਕੀਤਾ ਗਿਆ ਸੀ ਅਤੇ ਇਹ ਨਸਲੀ ਵਿਤਕਰੇ ਦੀ ਘਟਨਾ ਸੀ। ਵੈਸਟ ਮਿਡਲੈਂਡਸ ਦੇ ਪੁਲਿਸ ਵਿਵਹਾਰ ਬਾਰੇ ਦਫਤਰ ਦੇ ਖੇਤਰੀ ਡਾਇਰੈਕਟਰ ਡੈਰਿਕ ਕੈਂਪਬੈੱਲ ਨੇ ਕਿਹਾ ਕਿ ਉਨ੍ਹਾਂ ਇਸ ਘਟਨਾ ਦੀ ਜਾਂਚ ਕੀਤੀ ਸੀ ਜਿਸ ਦਾ ਫਿਰਕੇ 'ਤੇ ਅਸਰ ਪਿਆ ਸੀ।

ਇਸ ਕਾਰਨ ਸਥਾਨਕ ਪੱਧਰ 'ਤੇ ਨਰਾਜ਼ਗੀ ਦਾ ਮਾਹੌਲ ਵੀ ਬਣ ਗਿਆ ਸੀ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਪਤਾ ਲੱਗਾ ਕਿ ਵਿਅਕਤੀ ਨੇ ਜਿਸ ਕੱਪੜੇ ਨਾਲ ਸਿਰ ਢੱਕਿਆ ਹੋਇਆ ਸੀ, ਉਸ 'ਤੇ ਕੋਈ ਧਾਰਮਿਕ ਚਿੰਨ੍ਹ ਨਹੀਂ ਸੀ ਜਿਸ ਮਗਰੋਂ ਪੁਲਿਸ ਕਰਮੀ ਨੂੰ ਬਰੀ ਕਰ ਦਿੱਤਾ ਗਿਆ ਹੈ।

# ਇਰਾਕ ਵਿਚ ਵੇਚੀਆਂ ਪੰਜਾਬ ਦੀਆਂ ਕੁੜੀਆਂ ਵਤਨ ਪਰਤੀਆਂ

**ਜਲੰਧਰ:** ਇਰਾਕ ਵਿਚ ਵੇਚੀਆਂ ਦੋ ਪੰਜਾਬ ਦੀਆਂ ਧੀਆਂ ਵਾਪਸ ਆ ਗਈਆਂ ਹਨ। ਇਨ੍ਹਾਂ ਨੂੰ ਦੋ ਮਹੀਨੇ ਪਹਿਲਾਂ ਟਰੈਵਲ ਏਜੰਟਾਂ ਨੇ ਇਕ ਕੰਪਨੀ ਕੋਲ 10 ਤੋਂ 12 ਲੱਖ ਰੁਪਏ ਵਿਚ ਵੇਚ ਦਿੱਤਾ ਸੀ। ਇਨ੍ਹਾਂ ਲੜਕੀਆਂ ਨੇ ਕਿਹਾ ਕਿ ਟਰੈਵਲ ਏਜੰਟਾਂ ਨੇ ਉਨ੍ਹਾਂ ਕੋਲੋਂ 70-70 ਹਜ਼ਾਰ ਰੁਪਏ ਲੈ ਕੇ ਵੱਡੇ ਮੁਲਕਾਂ ਨੂੰ ਭੇਜਣ ਅਤੇ ਮੋਟੀਆਂ ਤਨਖਾਹਾਂ ਦਾ ਲਾਲਚ ਦਿੱਤਾ ਸੀ। ਕਪੂਰਥਲਾ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਨਾਲ ਸਬੰਧਤ ਇਨ੍ਹਾਂ ਲੜਕੀਆਂ ਨੂੰ 35 ਤੋਂ 40 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦੇਣ ਦਾ ਭਰੋਸਾ ਦਿੱਤਾ ਗਿਆ ਸੀ। ਇਕ ਲੜਕੀ ਨੂੰ ਗਰੀਸ ਭੇਜਣ ਦੀ ਥਾਂ ਧੋਖੇ ਨਾਲ ਇਰਾਕ ਵਿਚ ਭਿਜਵਾ ਦਿੱਤਾ ਤੇ ਉਸ ਦਾ ਪਾਸਪੋਰਟ ਵੀ ਖੋਹ ਲਿਆ ਗਿਆ। ਦੂਜੀ ਲੜਕੀ ਨੂੰ ਹਾਂਗਕਾਂਗ ਭੇਜਣ



ਦਾ ਲਾਰਾ ਲਾਇਆ ਗਿਆ ਸੀ। ਉਸ ਨੇ ਦਾਅਵਾ ਕੀਤਾ ਕਿ ਇਰਾਕ ਵਿਚ 30 ਤੋਂ 40 ਲੜਕੀਆਂ ਫਸੀਆਂ ਹੋਈਆਂ ਹਨ।

ਇਸੇ ਤਰ੍ਹਾਂ ਆਪਣੀ ਦੋਸਤ ਦੇ ਧੋਖੇ ਦਾ ਸ਼ਿਕਾਰ ਹੋਈ ਫ਼ਿਰੋਜ਼ਪੁਰ ਦੇ ਪਿੰਡ ਲੱਲ੍ਹੇ ਦੀ ਅਰਸ਼ਦੀਪ ਕੌਰ ਲਗਭਗ ਪੰਜ ਮਹੀਨਿਆਂ ਪਿੱਛੋਂ ਕਤਰ ਤੋਂ ਆਪਣੇ ਘਰ ਪਰਤ ਆਈ ਹੈ। ਵੀਹ ਵਰ੍ਹਿਆਂ ਦੀ ਅਰਸ਼ਦੀਪ ਇਸ ਤੋਂ ਪਹਿਲਾਂ ਲੁਧਿਆਣਾ ਦੀ ਇਕ ਧਾਗਾ ਫੈਕਟਰੀ ਵਿਚ ਕੰਮ ਕਰਦੀ ਸੀ, ਜਿੱਥੇ ਉਸ ਦੀ ਦੋਸਤੀ ਅੰਮ੍ਰਿਤਸਰ ਦੀ ਮਮਤਾ ਨਾਲ ਹੋਈ। ਮਮਤਾ ਦੁਬਈ ਚਲੀ ਗਈ ਤੇ ਉਸ ਦੇ ਭਰੋਸੇ ਅਰਸ਼ਦੀਪ ਵੀ ਦੁਬਈ ਜਾਣ ਲਈ ਤਿਆਰ ਹੋ ਗਈ। ਪਰ ਮਮਤਾ ਤੇ ਉਸ ਦੀ ਸਾਥਣ ਟਰੈਵਲ ਏਜੰਟ ਸੋਨੀਆ ਨੇ ਮਿਲ ਕੇ ਉਸ ਨਾਲ ਠੱਗੀ ਕੀਤੀ ਕਰਕੇ ਦੁਬਈ ਦੀ ਥਾਂ ਉਸ ਨੂੰ ਇਰਾਕ ਪਹੁੰਚਾ ਦਿੱਤਾ, ਜਿੱਥੇ ਉਸ ਨੂੰ ਬਿਨਾਂ ਤਨਖਾਹ ਦਿੱਤਿਆਂ ਕੁੱਟਮਾਰ ਕਰਕੇ ਕੰਮ ਕਰਵਾਇਆ ਜਾ ਰਿਹਾ ਸੀ।

ਬੀਤੀ 9 ਮਾਰਚ ਨੂੰ ਫਰਜ਼ੀ ਵਰਕ ਪਰਮਿਟ 'ਤੇ ਅਰਸ਼ਦੀਪ ਨੂੰ ਕਤਰ ਭੇਜਿਆ ਗਿਆ ਸੀ ਤੇ ਇਸ ਕੰਮ ਲਈ ਸੋਨੀਆ ਨੇ 90 ਹਜ਼ਾਰ ਰੁਪਏ ਲਏ ਸਨ। ਉੱਥੇ ਪਹੁੰਚ ਕੇ ਅਰਸ਼ਦੀਪ ਦਾ ਪਾਸਪੋਰਟ ਖੋਹ ਲਿਆ ਤੇ ਇਕ ਹੋਰ ਏਜੰਟ ਰਾਹੀਂ ਉਸ ਨੂੰ ਜਬਰੀ ਇਰਾਕ ਕਿਸੇ ਪਰਿਵਾਰ ਨੂੰ ਵੇਚ ਦਿੱਤਾ। ਇੱਥੇ ਅਰਸ਼ਦੀਪ ਤੋਂ ਜਬਰਦਸਤੀ ਘਰ ਦਾ ਸਾਰਾ ਕੰਮ ਕਰਵਾਇਆ ਜਾਂਦਾ ਤੇ ਖਾਣ ਲਈ ਸਿਰਫ ਰੁੱਖੇ ਚੌਲ ਦਿੱਤੇ ਜਾਂਦੇ ਸਨ। ਅਰਸ਼ਦੀਪ ਲਗਾਤਾਰ ਪੰਜ ਮਹੀਨੇ ਇਹ ਤਸ਼ੱਦਦ ਝੱਲਦੀ ਰਹੀ, ਪਰ ਕੁਝ ਸਮਾਂ ਪਹਿਲਾਂ ਉਸ ਦੇ ਪਰਿਵਾਰ ਨੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਦੀ ਮਦਦ ਨਾਲ ਅਰਸ਼ਦੀਪ ਨੂੰ ਮੁੜ ਪੰਜਾਬ ਲਿਆਉਣ ਲਈ ਯਤਨ ਆਰੰਭੇ।

## ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਮੌਤ

**ਬਲਾਚੌਰ:** ਇੱਥੋਂ ਦੇ ਪਿੰਡ ਮਜਾਰੀ ਦੇ ਨੌਜਵਾਨ ਹਰਪ੍ਰੀਤ ਸਿੰਘ (35) ਦੀ ਅਮਰੀਕਾ ਦੇ ਕੈਲੀਫੋਰਨੀਆ ਦੇ ਸ਼ਹਿਰ ਵੈਲੀਜੋ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਹਰਪ੍ਰੀਤ ਸਿੰਘ ਹਾਲੇ 25 ਜੂਨ ਨੂੰ ਹੀ ਛੁੱਟੀ ਕੱਟ ਕੇ ਪਿੰਡੋਂ ਵਾਪਸ ਗਿਆ ਸੀ। ਉਸ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਹਰਪ੍ਰੀਤ ਪਹਿਲਾਂ ਪੜ੍ਹਾਈ ਲਈ ਆਸਟਰੇਲੀਆ ਗਿਆ ਸੀ ਤੇ ਹੁਣ ਪਿਛਲੇ ਅੱਠ ਸਾਲਾਂ ਤੋਂ ਅਮਰੀਕਾ ਵਿਚ ਰਹਿ ਰਿਹਾ ਸੀ।

# ਵਿਜੀਲੈਂਸ ਵੱਲੋਂ ਮਨਪ੍ਰੀਤ ਬਾਦਲ ਉਤੇ ਸ਼ਿਕੰਜਾ ਕੱਸਣ ਦੀ ਤਿਆਰੀ

**ਚੰਡੀਗੜ੍ਹ:** ਵਿਜੀਲੈਂਸ ਰੇਂਜ ਬਠਿੰਡਾ ਨੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਬੇਨਾਮੀ ਜਾਇਦਾਦ ਤਲਾਸ਼ਣੀ ਸ਼ੁਰੂ ਕਰ ਦਿੱਤੀ ਹੈ। ਅਹਿਮ ਸੂਤਰਾਂ ਅਨੁਸਾਰ ਮਨਪ੍ਰੀਤ ਦੇ ਪੁਰਾਣੇ ਗੰਨਮੈਨ ਖ਼ਿਲਾਫ਼ ਘੇਰਾਬੰਦੀ ਕੀਤੀ ਜਾ ਰਹੀ ਹੈ ਜਿਸ ਦੀ ਸੰਪਤੀ ਦੇ ਵੇਰਵੇ ਵਿਜੀਲੈਂਸ ਨੇ ਇਕੱਠੇ ਕਰਨੇ ਸ਼ੁਰੂ ਕੀਤੇ ਹਨ। ਵਿਜੀਲੈਂਸ ਨੇ ਇਸ 12 ਸਾਲ ਪੁਰਾਣੇ ਗੰਨਮੈਨ ਦੀ ਵਪਾਰਕ, ਰਿਹਾਇਸ਼ੀ ਅਤੇ ਖੇਤੀ ਵਾਲੀ ਜਾਇਦਾਦ ਦਾ ਰਿਕਾਰਡ ਖੰਗਾਲਣਾ ਸ਼ੁਰੂ ਕੀਤਾ ਹੈ। ਬਠਿੰਡਾ ਰੇਂਜ ਨੇ ਦੋ ਪੜਤਾਲਾਂ ਵਿੱਢੀਆਂ ਹੋਈਆਂ ਹਨ ਜਿਨ੍ਹਾਂ ਵਿਚੋਂ ਇਕ ਪੜਤਾਲ ਸਾਬਕਾ ਵਿੱਤ ਮੰਤਰੀ ਬਾਦਲ ਵੱਲੋਂ ਖਰੀਦੇ ਦੋ ਰਿਹਾਇਸ਼ੀ ਪਲਾਟਾਂ ਨਾਲ ਸਬੰਧਤ ਹੈ।



ਜ਼ਿਕਰਯੋਗ ਹੈ ਕਿ ਮਨਪ੍ਰੀਤ ਬਾਦਲ ਨੇ ਕਾਂਗਰਸ ਸਰਕਾਰ ਦੌਰਾਨ ਬਠਿੰਡਾ ਦੇ ਅਰਬਨ ਅਸਟੇਟ ਵਿਚ ਦੋ ਰਿਹਾਇਸ਼ੀ ਪਲਾਟ ਖਰੀਦੇ ਸਨ ਜਿਨ੍ਹਾਂ ਦੀ ਖ਼ਰੀਦੋ ਫ਼ਰੋਖ਼ਤ 'ਤੇ ਵਿਜੀਲੈਂਸ ਨੇ ਸ਼ੱਕ ਖੜ੍ਹੇ ਕੀਤੇ ਹਨ। ਬਠਿੰਡਾ ਵਿਕਾਸ ਅਥਾਰਿਟੀ (ਬੀ.ਡੀ.ਏ.) ਨੇ 2018 ਵਿਚ ਬਿਨਾਂ ਨਕਸ਼ਾ ਅਪਲੋਡ ਕੀਤੇ ਪੰਜ ਪਲਾਟਾਂ ਦੀ ਬੋਲੀ ਕਰਾਈ ਸੀ ਜਿਸ ਵਿਚ ਕੋਈ ਬੋਲੀਕਾਰ ਨਹੀਂ ਆਇਆ ਸੀ। ਮੁੜ 17 ਸਤੰਬਰ 2021 ਨੂੰ ਤਿੰਨ ਪਲਾਟਾਂ ਦੀ ਆਨਲਾਈਨ ਬੋਲੀ ਖੋਲ੍ਹੀ ਗਈ ਜੋ ਕਿ 27 ਸਤੰਬਰ ਤੱਕ ਚੱਲਣੀ ਸੀ। ਦੋ ਰਿਹਾਇਸ਼ੀ ਪਲਾਟਾਂ ਜਿਨ੍ਹਾਂ ਦਾ ਰਕਬਾ ਹਜ਼ਾਰ ਗਜ ਅਤੇ 560 ਗਜ ਸੀ, ਦੀ ਆਨਲਾਈਨ ਬੋਲੀ ਵਿਚ ਤਿੰਨ ਵਿਅਕਤੀਆਂ ਰਾਜੀਵ ਕੁਮਾਰ, ਵਿਕਾਸ ਕੁਮਾਰ ਅਤੇ ਅਮਨਦੀਪ ਨੇ ਹਿੱਸਾ ਲਿਆ। ਵਿਜੀਲੈਂਸ ਅਨੁਸਾਰ ਅਮਨਦੀਪ ਕਿਸੇ ਸ਼ਰਾਬ ਦੇ ਠੇਕੇ 'ਤੇ ਕੰਮ ਕਰਦਾ ਹੈ, ਨੇ ਦੋਵੇਂ ਪਲਾਟਾਂ ਦੀ ਬੋਲੀ ਵਿਚ ਹਿੱਸਾ ਲਿਆ। ਜਦੋਂ ਵਿਜੀਲੈਂਸ ਨੇ ਬੀ.ਡੀ.ਏ. ਦੇ ਸਰਵਰ ਦੇ ਆਈ.ਪੀ. ਐਡਰੈਸਾਂ ਦੀ ਜਾਂਚ ਕੀਤੀ ਤਾਂ ਸਾਹਮਣੇ ਆਇਆ ਕਿ ਤਿੰਨੋਂ ਬੋਲੀਕਾਰਾਂ ਨੇ ਇਕੋ ਕੰਪਿਊਟਰ ਤੋਂ ਬੋਲੀ ਦਿੱਤੀ ਹੋਈ ਸੀ। ਵਿਜੀਲੈਂਸ ਨੇ ਪਾਇਆ ਕਿ ਇਹ ਬੋਲੀ ਪੂਲ ਕਰਕੇ ਦਿੱਤੀ ਗਈ। ਬੋਲੀ 'ਤੇ ਪਲਾਟ ਮਿਲਣ ਮਗਰੋਂ ਰਾਜੀਵ ਕੁਮਾਰ ਤੇ ਵਿਕਾਸ ਕੁਮਾਰ ਨੇ ਸਾਬਕਾ ਵਿੱਤ ਮੰਤਰੀ ਨਾਲ 30 ਸਤੰਬਰ ਨੂੰ ਦੋਵੇਂ ਪਲਾਟ ਵੇਚਣ ਦਾ ਐਗਰੀਮੈਂਟ ਵੀ ਕਰ ਲਿਆ ਅਤੇ ਬਦਲੇ ਵਿਚ ਸਾਬਕਾ ਮੰਤਰੀ ਨੇ ਕਰੀਬ ਇਕ ਕਰੋੜ ਦੀ ਅਦਾਇਗੀ ਵੀ ਦੋਵਾਂ ਦੇ ਖਾਤਿਆਂ ਵਿਚ ਕਰ ਦਿੱਤੀ।

ਵਿਜੀਲੈਂਸ ਅਨੁਸਾਰ ਰਾਜੀਵ ਤੇ ਵਿਕਾਸ ਨੇ 5 ਅਕਤੂਬਰ 2021 ਨੂੰ ਬੀ.ਡੀ.ਏ. ਕੋਲ ਮੁਢਲੀ ਕਿਸ਼ਤ ਵਜੋਂ 25 ਫ਼ੀਸਦੀ ਰਾਸ਼ੀ ਵੀ ਭਰ ਦਿੱਤੀ। ਵਿਜੀਲੈਂਸ ਨੇ ਸੁਆਲ ਖੜ੍ਹਾ ਕੀਤਾ ਹੈ ਕਿ ਰਾਜੀਵ ਅਤੇ ਵਿਕਾਸ ਨੇ ਮੁਢਲੀ ਰਾਸ਼ੀ ਭਰਨ ਤੋਂ ਪਹਿਲਾਂ ਹੀ ਸਾਬਕਾ ਵਿੱਤ ਮੰਤਰੀ ਨਾਲ ਕਿਸ ਆਧਾਰ 'ਤੇ ਐਗਰੀਮੈਂਟ ਕੀਤਾ ਜਦੋਂ ਕਿ ਉਹ ਨਿਯਮਾਂ ਅਨੁਸਾਰ ਅਲਾਟਮੈਂਟ ਪੱਤਰ ਪ੍ਰਾਪਤ ਹੋਣ ਤੋਂ ਪਹਿਲਾਂ ਅਜਿਹਾ ਨਹੀਂ ਕਰ ਸਕਦੇ ਸਨ। ਵਿਜੀਲੈਂਸ ਨੇ ਇਹ ਵੀ ਉਂਗਲ ਉਠਾਈ ਹੈ ਕਿ ਜਦੋਂ ਬੀ.ਡੀ.ਏ. ਨੇ ਰਾਜੀਵ ਤੇ ਵਿਕਾਸ ਨੂੰ ਰਿਹਾਇਸ਼ੀ ਪਲਾਟਾਂ ਦੀ ਹਾਲੇ ਅਲਾਟਮੈਂਟ ਕੀਤੀ ਹੀ ਨਹੀਂ ਸੀ ਤਾਂ ਇਨ੍ਹਾਂ ਦੋਵਾਂ ਨੇ ਸਾਬਕਾ ਮੰਤਰੀ ਨਾਲ ਕਿਸ ਆਧਾਰ 'ਤੇ ਐਗਰੀਮੈਂਟ ਕੀਤਾ।

ਵਿਜੀਲੈਂਸ ਵੱਲੋਂ ਬੀ.ਡੀ.ਏ. ਦੇ ਅਧਿਕਾਰੀਆਂ ਨੂੰ ਵੀ ਘੇਰੇ ਵਿਚ ਲਿਆ ਜਾ ਰਿਹਾ ਹੈ ਅਤੇ ਸ਼ੱਕ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਬੀ.ਡੀ.ਏ. ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹੀ ਅਜਿਹਾ ਸੰਭਵ ਹੋਇਆ ਹੋ ਸਕਦਾ ਹੈ। ਆਉਂਦੇ ਦਿਨਾਂ ਵਿਚ ਮਨਪ੍ਰੀਤ ਖ਼ਿਲਾਫ਼ ਵਿਜੀਲੈਂਸ ਸ਼ਿਕੰਜਾ ਹੋਰ ਕਸ ਸਕਦੀ ਹੈ ਅਤੇ ਇਕ ਵਾਰ ਪੁੱਛਗਿੱਛ ਲਈ ਮਨਪ੍ਰੀਤ ਵਿਜੀਲੈਂਸ ਕੋਲ ਪੇਸ਼ ਵੀ ਹੋ ਚੁੱਕੇ ਹਨ।

### ਸਾਬਕਾ ਵਿਧਾਇਕ ਕਿੱਕੀ ਢਿੱਲੋਂ ਨੂੰ ਮਿਲੀ ਜ਼ਮਾਨਤ

**ਫਰੀਦਕੋਟ:** ਵਿਜੀਲੈਂਸ ਬਿਊਰੋ ਵੱਲੋਂ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਗਏ ਫ਼ਰੀਦਕੋਟ ਦੇ ਸਾਬਕਾ ਵਿਧਾਇਕ ਅਤੇ ਸੀਨੀਅਰ ਕਾਂਗਰਸੀ ਆਗੂ ਕੁਸ਼ਲਦੀਪ ਸਿੰਘ ਢਿੱਲੋਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ ਹੈ। ਢਿੱਲੋਂ ਨੂੰ ਵਿਜੀਲੈਂਸ ਬਿਊਰੋ ਨੇ 16 ਮਈ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਉਹ ਨਾਭਾ ਜੇਲ੍ਹ ਵਿਚ ਬੰਦ ਸੀ। ਇਸ ਕੇਸ ਵਿਚ ਸਾਬਕਾ ਵਿਧਾਇਕ ਖ਼ਿਲਾਫ਼ ਚਲਾਨ ਫਰੀਦਕੋਟ ਦੀ ਅਦਾਲਤ ਵਿਚ ਪੇਸ਼ ਹੋ ਚੁੱਕਿਆ ਹੈ। ਵਿਜੀਲੈਂਸ ਨੇ ਆਪਣੀ ਪੜਤਾਲ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਸਾਬਕਾ ਵਿਧਾਇਕ ਨੇ ਆਪਣੀ ਆਮਦਨ ਨਾਲੋਂ ਸੱਤ ਕਰੋੜ ਰੁਪਏ ਦੀ ਵੱਧ ਦੀ ਜਾਇਦਾਦ ਬਣਾਈ ਹੈ। ਇਸ ਕੇਸ 'ਚ ਮੁਲਜ਼ਮ ਗੁਰਸੇਵਕ ਸਿੰਘ ਤੇ ਰਾਜਵਿੰਦਰ ਸਿੰਘ ਦੀ ਗ੍ਰਿਫਤਾਰੀ ਅਜੇ ਬਾਕੀ ਹੈ।

# ਪੰਜਾਬ 'ਚ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਨਵੰਬਰ 'ਚ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੀਆਂ 39 ਮਿਉਂਸਿਪਲ ਕੌਂਸਲਾਂ ਅਤੇ ਨਗਰ ਪੰਚਾਇਤ ਦੀਆਂ ਚੋਣਾਂ ਨਵੰਬਰ ਮਹੀਨੇ ਕਰਵਾਉਣ ਦੀ ਸਿਫਾਰਸ਼ ਕੀਤੀ ਹੈ। ਸੂਬੇ ਵਿਚ ਤਿੰਨ ਨਗਰ ਨਿਗਮਾਂ ਦੇ ਪੰਜ ਵਾਰਡਾਂ ਤੇ ਮਿਉਂਸਿਪਲ ਕੌਂਸਲ ਤੇ ਨਗਰ ਪੰਚਾਇਤ ਦੇ 27 ਵਾਰਡਾਂ 'ਤੇ ਜ਼ਿਮਨੀ ਚੋਣ ਕਰਵਾਈ ਜਾਵੇਗੀ।

ਸਥਾਨਕ ਸਰਕਾਰਾਂ ਵਿਭਾਗ ਦੇ ਸਕੱਤਰ ਨੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਸਥਾਨਕ ਸਰਕਾਰਾਂ ਵਿਭਾਗ ਨੇ ਚੋਣ ਕਮਿਸ਼ਨਰ ਨੂੰ ਰਾਜਾਸਾਂਸੀ, ਬਾਬਾ ਬਕਾਲਾ ਸਾਹਿਬ, ਡੇਰਾ ਬਾਬਾ ਨਾਨਕ, ਖੇਮਕਰਨ, ਰਾਮਪੁਰਾ ਫੂਲ, ਤਲਵੰਡੀ ਸਾਬੋ, ਭੀਖੀ, ਸਰਦੂਲਗੜ੍ਹ, ਬਰੀਵਾਲਾ, ਮੱਖੂ, ਮੱਲਾਂਵਾਲਾ ਖਾਸ, ਬਾਘਾਪੁਰਾਣਾ, ਧਰਮਕੋਟ, ਫਤਹਿਗੜ੍ਹ ਪੰਜਤੂਰ, ਮਹਿਲਪੁਰ, ਭੋਗਪੁਰ, ਗੁਰਾਇਆ, ਸ਼ਾਹਕੋਟ, ਬੇਗੋਵਾਲ, ਭੁਲੱਥ, ਢਿੱਲਵਾਂ, ਨਡਾਲਾ, ਬਲਾਚੌਰ, ਅਮਲੋਹ, ਮੁੱਲਾਂਪੁਰ ਦਾਖਾ, ਸਾਹਨੇਵਾਲ, ਮਾਛੀਵਾੜਾ, ਮਲੌਦ, ਸਨੌਰ, ਘੱਗਾ, ਘਨੌਰ, ਦੇਵੀਗੜ੍ਹ, ਹੰਡਿਆਇਆ, ਸੰਗਰੂਰ, ਚੀਮਾ ਤੇ ਮੂਨਕ ਵਿਚ ਮਿਉਂਸਿਪਲ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਕਰਵਾਉਣ ਦੀ ਸਿਫਾਰਸ਼ ਕੀਤੀ ਹੈ। ਵਿਭਾਗ ਨੇ ਨਗਰ ਨਿਗਮ ਬਠਿੰਡਾ ਦੇ ਵਾਰਡ ਨੰਬਰ-48, ਬਟਾਲਾ ਦੇ ਵਾਰਡ ਨੰਬਰ 24, ਹੁਸ਼ਿਆਰਪੁਰ ਦੇ ਵਾਰਡ ਨੰਬਰ 6, 7 ਤੇ 27 'ਤੇ ਜ਼ਿਮਨੀ ਚੋਣ ਕਰਵਾਉਣ ਬਾਰੇ ਲਿਖਿਆ ਹੈ। ਇਸੇ ਤਰ੍ਹਾਂ ਮਿਉਂਸਿਪਲ ਕੌਂਸਲ ਤੇ ਨਗਰ ਪੰਚਾਇਤ ਭਾਈ ਰੂਪਾ ਦੇ ਵਾਰਡ ਨੰਬਰ 6, ਮਹਿਰਾਜ ਦੇ ਵਾਰਡ ਨੰਬਰ 8, ਗੋਨਿਆਨਾ ਦੇ ਵਾਰਡ ਨੰਬਰ 9, ਲਹਿਰਾ ਮੁਹੱਬਤ ਦੇ ਵਾਰਡ ਨੰਬਰ 3, 5 ਤੇ 10, ਮਜੀਠਾ ਦੇ ਵਾਰਡ ਨੰਬਰ 4, ਰਈਆ ਦੇ ਵਾਰਡ ਨੰਬਰ 13, ਭਿੱਖੀਵਿੰਡ ਦੇ ਵਾਰਡ ਨੰਬਰ 13, ਗੁਰਦਾਸਪੁਰ ਦੇ ਵਾਰਡ ਨੰਬਰ 16 ਆਦਿ 'ਚ ਜ਼ਿਮਨੀ ਚੋਣ ਕਰਵਾਉਣ ਬਾਰੇ ਚੋਣ ਕਮਿਸ਼ਨ ਨੂੰ ਲਿਖਿਆ ਗਿਆ ਹੈ।

### ਕੌਂਸਲ ਪ੍ਰਧਾਨ ਸਣੇ ਨੌਂ ਕੌਂਸਲਰ 'ਆਪ' ਵਿਚ ਸ਼ਾਮਲ

**ਸ੍ਰੀ ਆਨੰਦਪੁਰ ਸਾਹਿਬ:** ਨਗਰ ਕੌਂਸਲ ਸ੍ਰੀ ਆਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਸਣੇ ਨੌਂ ਕੌਂਸਲਰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਕੈਬਨਿਟ ਮੰਤਰੀ ਹਰਜੋਤ ਬੈਂਸ ਦੀ ਚੰਡੀਗੜ੍ਹ ਸਥਿਤ ਰਿਹਾਇਸ਼ ਵਿਖੇ ਇਨ੍ਹਾਂ ਕੌਂਸਲਰਾਂ ਨੇ 'ਆਪ' ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਸ੍ਰੀ ਬੈਂਸ ਨੇ ਸਿਰੋਪਾਓ ਪਾ ਕੇ ਇਨ੍ਹਾਂ ਦਾ ਸਨਮਾਨ ਕੀਤਾ। ਨਗਰ ਕੌਂਸਲ ਸ੍ਰੀ ਆਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਵਿਚ ਅੱਠ ਹੋਰ ਕੌਂਸਲਰਾਂ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ। ਕੌਂਸਲ ਪ੍ਰਧਾਨ ਸਮੇਤ ਸਾਰੇ ਕੌਂਸਲਰ ਚੰਡੀਗੜ੍ਹ ਸਥਿਤ ਕੈਬਨਿਟ ਮੰਤਰੀ ਹਰਜੋਤ ਬੈਂਸ ਦੀ ਰਿਹਾਇਸ਼ ਵਿਖੇ ਪਹੁੰਚੇ।

# ਸੰਸਦੀ ਹਲਕੇ ਦੀ ਸਾਰ ਲੈਣ ਦੀ ਥਾਂ 'ਗਦਰ 2' ਦੇ ਪ੍ਰਚਾਰ 'ਚ ਜੁਟੇ ਸਨੀ ਦਿਓਲ



**ਅੰਮ੍ਰਿਤਸਰ:** ਆਪਣੀ ਫਿਲਮ 'ਗਦਰ 2' ਦਾ ਪ੍ਰਚਾਰ ਕਰਨ ਲਈ ਅਦਾਕਾਰ ਅਤੇ ਸੰਸਦ ਮੈਂਬਰ ਸਨੀ ਦਿਓਲ ਅੰਮ੍ਰਿਤਸਰ ਜ਼ਰੂਰ ਪੁੱਜੇ ਪਰ ਉਨ੍ਹਾਂ ਆਪਣੇ ਹਲਕੇ ਗੁਰਦਾਸਪੁਰ ਨੂੰ ਬਿਲਕੁਲ ਹੀ ਵਿਸਾਰ ਦਿੱਤਾ। ਉਹ 2019 ਵਿਚ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਚੁਣੇ ਗਏ ਸਨ, ਜੋ ਇੱਥੋਂ ਮਸਾਂ 35 ਕਿਲੋਮੀਟਰ ਦੂਰ ਪੈਂਦਾ ਹੈ। ਉਨ੍ਹਾਂ ਆਖਰੀ ਵਾਰ ਤਿੰਨ ਸਾਲ ਪਹਿਲਾਂ ਆਪਣੇ ਸੰਸਦੀ ਹਲਕੇ ਦਾ ਦੌਰਾ ਕੀਤਾ ਸੀ।

ਅੰਮ੍ਰਿਤਸਰ ਦੌਰੇ ਦੌਰਾਨ ਸਨੀ ਦਿਓਲ ਨੇ ਕਿਸੇ ਵੀ ਸਿਆਸੀ ਸਵਾਲ ਦਾ ਜਵਾਬ ਦੇਣ ਤੋਂ ਪੱਲਾ ਝਾੜ ਲਿਆ। ਉਸ ਦੇ ਸਾਥੀਆਂ ਨੇ ਕਿਹਾ ਕਿ ਸਨੀ ਦਿਓਲ ਇੱਥੇ ਸਿਰਫ ਆਪਣੀ ਨਵੀਂ ਫਿਲਮ ਦੇ ਪ੍ਰਚਾਰ ਲਈ ਆਏ ਹਨ। ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਤੋਂ ਬਾਅਦ ਸਨੀ ਦਿਓਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਪੰਜਾਬੀਆਂ ਦੇ ਸ਼ਾਂਤ ਸੁਭਾਅ ਤੋਂ ਪ੍ਰਭਾਵਿਤ ਹਨ। ਉਨ੍ਹਾਂ ਨੂੰ ਬਾਊਂਸਰਾਂ ਨੇ ਘੇਰਾ ਪਾਇਆ ਹੋਇਆ ਸੀ। ਉਨ੍ਹਾਂ ਨਾਲ ਇਕ ਪ੍ਰਾਈਵੇਟ ਕੈਮਰਾਮੈਨ ਵੀ ਸੀ, ਜਿਸ ਦੀ ਕੌਮਾਂਤਰੀ ਨਿਊਜ਼ ਏਜੰਸੀ ਦੇ ਫੋਟੋਗ੍ਰਾਫਰ ਨਾਲ ਤਕਰਾਰ ਹੋ ਗਈ। ਬਾਅਦ ਵਿਚ ਉਨ੍ਹਾਂ ਅਮੀਸ਼ਾ ਪਟੇਲ ਅਤੇ ਗਾਇਕ ਉਦਿਤ ਨਾਰਾਇਣ ਸਮੇਤ ਫਿਲਮ ਦੇ ਹੋਰ ਕਲਾਕਾਰਾਂ ਨਾਲ ਅਟਾਰੀ-ਵਾਹਗਾ ਸਰਹੱਦ 'ਤੇ ਰੀਟਰੀਟ ਸੈਰੇਮਨੀ ਦੇਖੀ ਅਤੇ ਫਿਲਮ ਦਾ ਪ੍ਰਚਾਰ ਕੀਤਾ। ਜ਼ਿਕਰਯੋਗ ਹੈ ਕਿ ਗੁਰਦਾਸਪੁਰ ਲੋਕ ਸਭਾ ਹਲਕੇ ਦੇ ਵੋਟਰ ਅਤੇ ਭਾਜਪਾ ਹਮਾਇਤੀ ਸਨੀ ਦਿਓਲ ਦੀ ਲੰਮੀ ਗ਼ੈਰਹਾਜ਼ਰੀ ਤੋਂ ਨਿਰਾਸ਼ ਹਨ।

# 'ਆਪ' ਪੰਜਾਬ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰੇ: ਬਾਜਵਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ 'ਆਪ' ਨੂੰ ਚੰਡੀਗੜ੍ਹ ਅਤੇ ਦਰਿਆਈ ਪਾਣੀਆਂ 'ਤੇ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਹਫਤਿਆਂ ਤੋਂ ਚੰਡੀਗੜ੍ਹ 'ਚ ਹਰਿਆਣਾ ਵਿਧਾਨ ਸਭਾ ਦੀ ਨਵੀਂ ਇਮਾਰਤ ਦੀ ਉਸਾਰੀ ਲਈ 10 ਏਕੜ ਜ਼ਮੀਨ ਦੇਣ ਦੀ ਯੋਜਨਾ ਬਣਾਈ ਜਾ ਰਹੀ ਹੈ ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਸਮੁੱਚੀ ਕੈਬਨਿਟ ਸਿਰਫ ਬਿਆਨਾਂ 'ਚ ਇਸ ਦਾ ਵਿਰੋਧ ਕਰਨ ਵਿਚ ਲੱਗੀ ਹੋਈ ਹੈ।



ਸ੍ਰੀ ਬਾਜਵਾ ਨੇ ਕਿਹਾ ਕਿ ਚੰਡੀਗੜ੍ਹ ਨਗਰ ਨਿਗਮ ਨੇ ਟ੍ਰਾਈਸਿਟੀ ਤੋਂ ਬਾਹਰੀ ਚਾਰ ਪਹੀਆ ਵਾਹਨਾਂ 'ਤੇ ਦੁੱਗਣੀ ਪਾਰਕਿੰਗ ਫੀਸ ਵਸੂਲਣ ਦਾ ਮਤਾ ਪਾਸ ਕਰ ਦਿੱਤਾ ਹੈ। ਚੰਡੀਗੜ੍ਹ ਪ੍ਰਸ਼ਾਸਨ ਦੇ ਅਜਿਹੇ ਫੈਸਲੇ ਪੰਜਾਬ ਦੇ ਆਪਣੀ ਹੀ ਰਾਜਧਾਨੀ ਤੋਂ ਅਧਿਕਾਰ ਘਟਾਉਣ ਲੱਗੇ ਹੋਏ ਹਨ।

ਇਸ ਦੇ ਬਾਵਜੂਦ ਪੰਜਾਬ ਸਰਕਾਰ ਨੇ ਚੰਡੀਗੜ੍ਹ ਨਿਗਮ ਦੇ ਫੈਸਲੇ ਦਾ ਵਿਰੋਧ ਨਹੀਂ ਕੀਤਾ। 'ਆਪ' ਸਰਕਾਰ ਪੰਜਾਬ ਚੰਡੀਗੜ੍ਹ ਤੇ ਦਰਿਆਈ ਪਾਣੀਆਂ 'ਤੇ ਪੰਜਾਬ ਦੇ ਦਾਅਵਿਆਂ ਨੂੰ ਕੁਰਬਾਨ ਕਰਨ 'ਤੇ ਤੁਲੀ ਹੋਈ ਹੈ। ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਪਿਛਲੇ ਸਾਲ ਇਕ ਟਵੀਟ ਰਾਹੀਂ ਕੇਂਦਰ ਸਰਕਾਰ ਤੋਂ ਵਿਧਾਨ ਸਭਾ ਲਈ ਚੰਡੀਗੜ੍ਹ 'ਚ ਜ਼ਮੀਨ ਦਾ ਇਕ ਟੁਕੜਾ ਮੰਗਿਆ ਸੀ। ਮੁੱਖ ਮੰਤਰੀ ਨੇ ਹਾਲ ਹੀ ਵਿਚ ਹੋਈਆਂ ਮੀਟਿੰਗਾਂ ਦੌਰਾਨ ਦਰਿਆਈ ਪਾਣੀਆਂ 'ਚ ਪੰਜਾਬ ਦੇ ਅਧਿਕਾਰਾਂ ਦਾ ਦਾਅਵਾ ਕਰਨ ਲਈ ਕਦੇ ਵੀ ਰਿਪੇਰੀਅਨ ਕਾਨੂੰਨ ਦਾ ਹਵਾਲਾ ਨਹੀਂ ਦਿੱਤਾ। ਅਜਿਹੇ ਕਦਮ ਅਸਲ ਵਿਚ ਪੰਜਾਬ ਦੇ ਕੇਸ ਨੂੰ ਕਮਜ਼ੋਰ ਕਰਦੇ ਹਨ।

# ਚਰਨਜੀਤ ਚੰਨੀ ਦੇ ਨਾਂ 'ਤੇ ਸਾਬਕਾ ਫੌਜੀਆਂ ਨਾਲ ਠੱਗੀ



### ਮੈਨੂੰ ਬਦਨਾਮ ਕੀਤਾ ਜਾ ਰਿਹਾ ਹੈ: ਚੰਨੀ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਠੱਗੀ ਦਾ ਸ਼ਿਕਾਰ ਹੋਏ ਵਿਅਕਤੀਆਂ ਦੀ ਸ਼ਿਕਾਇਤ ਜਾਇਜ਼ ਹੋ ਸਕਦੀ ਹੈ ਪਰ ਉਸ ਦਾ ਇਸ ਮਾਮਲੇ ਨਾਲ ਕੋਈ ਸਬੰਧ ਨਹੀਂ। ਉਨ੍ਹਾਂ ਕਿਹਾ ਕਿ ਕੁਝ ਸਮਾਂ ਪਹਿਲਾਂ ਉਸ ਨੂੰ ਇਨ੍ਹਾਂ ਵਿਅਕਤੀਆਂ ਨੇ ਫੋਨ ਕਰਕੇ ਇਸ ਸਬੰਧੀ ਦੱਸਿਆ ਸੀ। ਉਨ੍ਹਾਂ ਇਨ੍ਹਾਂ ਨੂੰ ਪੁਲਿਸ ਕੋਲ ਪਹੁੰਚ ਕਰਨ ਲਈ ਕਿਹਾ ਸੀ। ਸ੍ਰੀ ਚੰਨੀ ਨੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਮਨਘੜਤ ਦੋਸ਼ ਲਾ ਕੇ ਉਨ੍ਹਾਂ ਨੂੰ ਬਦਨਾਮ ਕਰ ਰਹੇ ਹਨ।

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨਾਮ ਉਤੇ ਚਾਰ ਸਾਬਕਾ ਫ਼ੌਜੀਆਂ ਨੇ ਠੱਗੀ ਦਾ ਸ਼ਿਕਾਰ ਹੋਣ ਦੇ ਦੋਸ਼ ਲਾਏ ਹਨ। ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਮੌਜੂਦਗੀ ਵਿਚ ਸਾਬਕਾ ਫੌਜੀ ਗੁਰਦਿਆਲ ਸਿੰਘ ਅਤੇ ਹੋਰਨਾਂ ਨੇ ਪੰਜਾਬ ਪੁਲਿਸ ਵਿਚ ਸਬ ਇੰਸਪੈਕਟਰ ਵਜੋਂ ਭਰਤੀ ਕਰਨ ਦੇ ਨਾਮ 'ਤੇ ਇਕ ਵਿਅਕਤੀ 'ਤੇ ਸਾਬਕਾ ਮੁੱਖ ਮੰਤਰੀ ਚੰਨੀ ਨਾਲ ਮੁਲਾਕਾਤ ਕਰਵਾਉਣ ਅਤੇ 45 ਲੱਖ ਰੁਪਏ ਲੈਣ ਦੇ ਦੋਸ਼ ਲਾਏ।

ਸ੍ਰੀ ਮਜੀਠੀਆ ਅਤੇ ਇਨ੍ਹਾਂ ਵਿਅਕਤੀਆਂ ਨੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਚੰਨੀ ਦੇ ਕਰੀਬੀ ਹੋਣ ਦਾ ਦਾਅਵਾ ਕਰਨ ਵਾਲੇ ਦਲਜੀਤ ਸਿੰਘ ਨੇ ਉਨ੍ਹਾਂ ਨੂੰ ਪੰਜਾਬ ਪੁਲਿਸ ਵਿਚ ਸਬ ਇੰਸਪੈਕਟਰ ਵਜੋਂ ਭਰਤੀ ਕਰਾਉਣ ਦਾ ਵਾਅਦਾ ਕੀਤਾ। ਸਾਬਕਾ ਫੌਜੀ ਗੁਰਦਿਆਲ ਸਿੰਘ ਨੇ ਦਾਅਵਾ ਕੀਤਾ ਕਿ ਉਹ ਦਲਜੀਤ ਸਿੰਘ ਦੇ ਨਾਲ ਸ੍ਰੀ ਚੰਨੀ ਨੂੰ ਮਿਲੇ ਸਨ। ਗੁਰਮੇਲ ਸਿੰਘ ਨੇ ਦੱਸਿਆ ਕਿ ਉਸ ਨੇ 17 ਲੱਖ ਰੁਪਏ, ਸਾਬਕਾ ਫੌਜੀ ਜਗਦੀਸ਼ ਸਿੰਘ ਨੇ 6 ਲੱਖ ਤੇ ਦਰਸ਼ਨ ਸਿੰਘ ਤੇ ਧਰਮਿੰਦਰ ਸਿੰਘ ਨੇ 5-5 ਲੱਖ ਰੁਪਏ ਦਿੱਤੇ। ਉਨ੍ਹਾਂ ਦੱਸਿਆ ਕਿ ਦੋ ਹੋਰਨਾਂ ਨਵਦੀਪ ਸਿੰਘ ਤੇ ਬੱਚਿਤਰ ਸਿੰਘ ਨੇ 5 ਲੱਖ ਤੇ 3.70 ਲੱਖ ਰੁਪਏ ਦਿੱਤੇ। ਇਨ੍ਹਾਂ ਇਸ ਸਬੰਧੀ ਵੀਡੀਓ ਤੇ ਆਡੀਓ ਕਲਿੱਪਾਂ ਵੀ ਜਨਤਕ ਕੀਤੀਆਂ। ਗੁਰਮੇਲ ਸਿੰਘ ਨੇ ਦੱਸਿਆ ਕਿ ਉਹ ਅਪਰੈਲ 2021 ਅਤੇ ਨਵੰਬਰ 2021 ਵਿਚ ਚੰਨੀ ਨੂੰ ਮਿਲੇ ਸਨ ਤੇ ਬਾਅਦ ਵਿਚ ਚੰਨੀ ਨੇ ਡੀ.ਜੀ.ਪੀ. ਦਫਤਰ ਤੋਂ ਪਾਸ ਜਾਰੀ ਕੀਤਾ ਤਾਂ ਜੋ ਉਹ 10 ਨਵੰਬਰ 2023 ਨੂੰ ਡੀ.ਜੀ.ਪੀ. ਨੂੰ ਮਿਲ ਸਕਣ। ਮਗਰੋਂ ਉਨ੍ਹਾਂ ਅੰਮ੍ਰਿਤਸਰ ਦਿਹਾਤੀ ਪੁਲਿਸ ਕੋਲ ਪਹੁੰਚ ਕੀਤੀ ਪਰ ਉਨ੍ਹਾਂ ਕੇਸ ਦਰਜ ਕਰਨ ਤੋਂ ਨਾਂਹ ਕਰ ਦਿੱਤੀ। ਗੁਰਦਿਆਲ ਸਿੰਘ ਨੇ ਦੱਸਿਆ ਕਿ ਅਖੀਰ ਵਿਚ ਦਲਜੀਤ ਸਿੰਘ ਖ਼ਿਲਾਫ਼ ਕੇਸ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਲੋਂ ਸਾਡੇ ਹੱਕ ਵਿਚ ਧਰਨਾ ਦੇਣ ਮਗਰੋਂ ਦਰਜ ਹੋਇਆ, ਪਰ ਹਾਲੇ ਵੀ ਸਾਬਕਾ ਮੁੱਖ ਮੰਤਰੀ ਦਾ ਨਾਂ ਐਫ.ਆਈ.ਆਰ. ਵਿਚ ਸ਼ਾਮਲ ਨਹੀਂ ਕੀਤਾ ਜਾ ਰਿਹਾ। 'ਆਪ' ਸਰਕਾਰ ਵੱਲੋਂ ਸਾਬਕਾ ਫੌਜੀਆਂ ਨੂੰ ਇਸ ਕਰਕੇ ਇਨਸਾਫ ਨਹੀਂ ਦਿੱਤਾ ਜਾ ਰਿਹਾ ਕਿਉਂਕਿ ਸ੍ਰੀ ਚੰਨੀ ਦਾ ਮੁੱਖ ਮੰਤਰੀ ਨਾਲ ਸਮਝੌਤਾ ਹੋ ਗਿਆ ਹੈ।

# ਪਰਲਜ਼ ਘੁਟਾਲਾ: ਕਈ ਸਿਆਸਤਦਾਨ ਤੇ ਪੁਲਿਸ ਅਫਸਰ ਵੀ ਜਾਂਚ ਦੇ ਘੇਰੇ 'ਚ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਪਰਲਜ਼ ਗਰੁੱਪ ਦੀਆਂ ਜਾਇਦਾਦਾਂ ਨਾਲ ਜੁੜੇ ਮਾਮਲਿਆਂ ਵਿਚ ਹੱਥ ਰੰਗਣ ਵਾਲੇ ਸੂਬੇ ਦੇ ਸਿਆਸਤਦਾਨਾਂ ਅਤੇ ਪੁਲਿਸ ਅਫ਼ਸਰਾਂ ਦੀ ਭੂਮਿਕਾ ਦੀ ਜਾਂਚ ਆਰੰਭ ਦਿੱਤੀ ਹੈ। ਵਿਜੀਲੈਂਸ ਅਨੁਸਾਰ ਸਿਆਸੀ ਅਤੇ ਪ੍ਰਸ਼ਾਸਕੀ ਪੁਸ਼ਤਪਨਾਹੀ ਤੋਂ ਬਿਨਾਂ ਜ਼ਮੀਨਾਂ ਖੁਰਦ ਬੁਰਦ ਨਹੀਂ ਹੋ ਸਕਦੀਆਂ। ਇਸ ਕਰਕੇ ਸਿਆਸਤਦਾਨਾਂ ਤੇ ਪੁਲਿਸ ਅਫ਼ਸਰਾਂ ਦੀ ਭੂਮਿਕਾ ਬਾਰੇ ਜਾਂਚ ਕੀਤੀ ਜਾ ਰਹੀ ਹੈ। ਇਕ ਅੰਦਾਜ਼ੇ ਮੁਤਾਬਕ ਪਰਲਜ਼ ਗਰੁੱਪ ਦੀਆਂ 40 ਹਜ਼ਾਰ ਦੇ ਕਰੀਬ ਸੰਪਤੀਆਂ ਹਨ ਜਿਨ੍ਹਾਂ 'ਚੋਂ 2239 ਪੰਜਾਬ 'ਚ ਹਨ। ਇਹ ਤੱਥ ਵੀ ਸਾਹਮਣੇ ਆ ਚੁੱਕੇ ਹਨ ਕਿ ਨਿਵੇਸ਼ਕਾਂ ਦੇ ਅੱਠ ਤੋਂ ਦਸ ਹਜ਼ਾਰ ਕਰੋੜ ਰੁਪਏ ਡੁੱਬੇ ਹੋਏ ਹਨ।



ਵਿਜੀਲੈਂਸ ਬਿਊਰੋ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪਰਲਜ਼ ਘੁਟਾਲੇ ਦੀ ਮੁਢਲੀ ਤਫ਼ਤੀਸ਼ ਦੌਰਾਨ ਕਾਂਗਰਸ ਨਾਲ ਸਬੰਧਤ 4 ਆਗੂਆਂ, ਜਿਨ੍ਹਾਂ ਵਿਚ ਇਕ ਸਾਬਕਾ ਮੰਤਰੀ ਵੀ ਸ਼ਾਮਲ ਹੈ, ਅਤੇ ਪੰਜਾਬ ਪੁਲਿਸ ਦੇ ਇਕ ਸੀਨੀਅਰ ਆਈ.ਪੀ.ਐਸ. ਅਧਿਕਾਰੀ, ਇਕ ਸੇਵਾ ਮੁਕਤ ਆਈ.ਪੀ.ਐੱਸ, ਡੀ.ਐਸ.ਪੀ. ਅਤੇ ਇੰਸਪੈਕਟਰ ਪੱਧਰ ਦੇ 4 ਅਫਸਰਾਂ ਦੀ ਸ਼ੱਕੀ ਭੂਮਿਕਾ ਸਾਹਮਣੇ ਆ ਰਹੀ ਹੈ। ਸੂਤਰਾਂ ਮੁਤਾਬਕ ਪੁਲਿਸ ਅਧਿਕਾਰੀ ਵੱਲੋਂ ਅਮਰੀਕਾ ਦੇ ਸ਼ਹਿਰ ਸਾਂ ਫਰਾਂਸਿਸਕੋ ਦੇ ਇਕ ਹੋਟਲ 'ਚ ਪੂੰਜੀ ਨਿਵੇਸ਼ ਦੀ ਪੜਤਾਲ ਵੀ ਕੀਤੀ ਜਾ ਰਹੀ ਹੈ।

### 'ਵੱਡੀ ਮੱਛੀ' ਖਿਲਾਫ ਮਿਲੇ ਸਬੂਤ ਮਿਲਣ ਦਾ ਦਾਅਵਾ ਕੀਤਾ

**ਚੰਡੀਗੜ੍ਹ:** ਵਿਜੀਲੈਂਸ ਬਿਊਰੋ ਨੂੰ ਇਸ ਮਾਮਲੇ ਵਿਚ ਇਕ 'ਵੱਡੀ ਮੱਛੀ' ਵੱਲੋਂ ਜ਼ਮੀਨ ਹਾਸਲ ਕਰਨ ਦੇ ਸਬੂਤ ਮਿਲੇ ਹਨ ਤੇ ਇਸ ਸਿਆਸਤਦਾਨ ਖਿਲਾਫ਼ ਆਉਂਦੇ ਦਿਨਾਂ ਦੌਰਾਨ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ। ਵਿਜੀਲੈਂਸ ਸੂਤਰਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਕਰੋੜਾਂ ਰੁਪਏ ਦਾ ਲੈਣ-ਦੇਣ ਹੋਇਆ ਹੈ।

ਵਿਜੀਲੈਂਸ ਬਿਊਰੋ ਵੱਲੋਂ ਇਸ ਮਾਮਲੇ ਦੀ ਜਾਂਚ ਵੀ ਕੀਤੀ ਜਾ ਰਹੀ ਹੈ ਕਿ ਪਰਲਜ਼ ਘੁਟਾਲੇ ਸਬੰਧੀ ਐਫ.ਆਈ.ਆਰ. ਵਿਸ਼ੇਸ਼ ਤੌਰ 'ਤੇ ਫਿਰੋਜ਼ਪੁਰ ਜ਼ਿਲ੍ਹੇ ਦੇ ਜ਼ੀਰਾ ਥਾਣੇ ਵਿਚ ਹੀ ਕਿਉਂ ਦਰਜ ਕੀਤੀ ਗਈ।

ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜ਼ੀਰਾ ਵਿਚ ਮਾਮਲਾ ਦਰਜ ਕੀਤੇ ਜਾਣਾ ਆਪਣੇ ਆਪ ਵਿਚ ਸ਼ੱਕੀ ਬਣ ਜਾਂਦਾ ਹੈ। ਇਹ ਮਾਮਲਾ ਕਾਂਗਰਸ ਹਕੂਮਤ ਵੇਲੇ ਸਾਲ 2020 ਵਿਚ ਦਰਜ ਕੀਤਾ ਗਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਰੀ ਝੰਡੀ ਦੇਣ ਤੋਂ ਬਾਅਦ ਵਿਜੀਲੈਂਸ ਨੇ 19 ਮਈ ਤੋਂ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਸੀ। ਇਸ ਮਾਮਲੇ ਵਿਚ ਦੋਸ਼ ਪੱਤਰ ਵੀ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ। ਪਰਲਜ਼ ਘੁਟਾਲਾ ਸਾਹਮਣੇ ਆਉਣ ਤੋਂ ਬਾਅਦ ਗਰੁੱਪ ਦੀ ਜਾਇਦਾਦ ਨੂੰ ਪੰਜਾਬ ਵਿਚ ਵੱਡੇ ਪੱਧਰ 'ਤੇ ਖੁਰਦ ਬੁਰਦ ਕੀਤਾ ਗਿਆ ਸੀ।

## ਪੰਜਾਬ ਦੇ 22 ਰੇਲਵੇ ਸਟੇਸ਼ਨਾਂ ਦੀ ਹੋਵੇਗੀ ਕਾਇਆਕਲਪ

**ਚੰਡੀਗੜ੍ਹ:** ਪੰਜਾਬ ਦੇ 22 ਰੇਲਵੇ ਸਟੇਸ਼ਨਾਂ ਦੀ ਅੰਮ੍ਰਿਤ ਭਾਰਤ ਸਟੇਸ਼ਨ ਸਕੀਮ ਤਹਿਤ ਕਾਇਆਕਲਪ ਕੀਤੀ ਜਾਵੇਗੀ। ਪੰਜਾਬ ਇਸ ਸਕੀਮ ਤਹਿਤ ਗੁਆਂਢੀ ਸੂਬਿਆਂ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨਾਲ ਲਾਭਪਾਤਰੀਆਂ ਦੀ ਸੂਚੀ ਵਿਚ ਸਿਖਰ 'ਤੇ ਹੈ। ਇਸ ਸੂਚੀ ਵਿਚ ਪੰਜਾਬ ਦੇ ਕੋਟਕਪੂਰਾ ਜੰਕਸ਼ਨ, ਸਰਹਿੰਦ, ਅਬੋਹਰ, ਫਾਜ਼ਿਲਕਾ, ਫਿਰੋਜ਼ਪੁਰ ਛਾਉਣੀ, ਗੁਰਦਾਸਪੁਰ, ਪਠਾਨਕੋਟ ਸ਼ਹਿਰ, ਜਲੰਧਰ ਕੈਂਟ ਜੰਕਸ਼ਨ, ਫਿਲੌਰ ਜੰਕਸ਼ਨ, ਕਪੂਰਥਲਾ, ਧਾਂਦਰੀ ਕਲਾਂ, ਲੁਧਿਆਣਾ ਜੰਕਸ਼ਨ, ਮਾਨਸਾ, ਮੁਹਾਲੀ, ਪਟਿਆਲਾ, ਸ੍ਰੀ ਆਨੰਦਪੁਰ ਸਾਹਿਬ, ਨੰਗਲ ਡੈਮ, ਰੋਪੜ, ਧੂਰੀ, ਮਾਲੇਰਕੋਟਲਾ, ਸੰਗਰੂਰ ਤੇ ਮੁਕਤਸਰ ਰੇਲਵੇ ਸਟੇਸ਼ਨ ਸ਼ਾਮਲ ਹਨ। ਇਸ ਪ੍ਰੋਜੈਕਟ ਤਹਿਤ ਸੂਬੇ ਨੂੰ 4762 ਕਰੋੜ ਰੁਪਏ ਦੀ ਰਾਸ਼ੀ ਮਿਲੇਗੀ। ਇਹ ਜਾਣਕਾਰੀ ਉੱਤਰ ਰੇਲਵੇ ਦੇ ਇਕ ਸੀਨੀਅਰ ਅਧਿਕਾਰੀ ਨੇ ਦਿੱਤੀ।

# ਜੁਲਾਈ ਮਹੀਨੇ ਹਰਿਆਣਾ 'ਚ 59 ਤੇ ਪੰਜਾਬ 'ਚ 44% ਵੱਧ ਮੀਂਹ ਪਿਆ

**ਚੰਡੀਗੜ੍ਹ:** ਹੜ੍ਹਾਂ ਦੇ ਝੰਭੇ ਪੰਜਾਬ ਤੇ ਹਰਿਆਣਾ ਵਿਚ ਮੌਨਸੂਨ ਨੇ ਵੀ ਖ਼ੂਬ ਛਹਿਬਰ ਲਾਈ ਹੈ। ਮੌਸਮ ਵਿਭਾਗ ਅਨੁਸਾਰ ਜੁਲਾਈ ਮਹੀਨੇ ਪੰਜਾਬ ਤੇ ਹਰਿਆਣਾ ਵਿਚ ਆਮ ਨਾਲੋਂ 40 ਫੀਸਦੀ ਵੱਧ ਮੀਂਹ ਪਿਆ। ਇਸ ਤਹਿਤ ਐਤਕੀ ਜੁਲਾਈ ਮਹੀਨੇ ਹਰਿਆਣਾ ਵਿਚ 59 ਫੀਸਦੀ ਅਤੇ ਪੰਜਾਬ ਵਿਚ 44 ਫੀਸਦੀ ਵੱਧ ਮੀਂਹ ਪਏ। ਦੋਵੇਂ ਰਾਜਾਂ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿਚ ਜੁਲਾਈ ਮਹੀਨੇ ਆਮ ਨਾਲੋਂ 170 ਫੀਸਦੀ ਵਧ ਮੀਂਹ ਪਿਆ। ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਆਖਿਆ ਕਿ ਆਮ ਤੌਰ 'ਤੇ ਚੰਡੀਗੜ੍ਹ ਵਿਚ 273.2 ਐਮ.ਐਮ. ਮੀਂਹ ਪੈਂਦਾ ਹੈ ਪਰ ਐਤਕੀ ਸ਼ਹਿਰ ਵਿਚ 738.7 ਐਮ.ਐਮ. ਬਰਸਾਤ ਹੋਈ ਹੈ। ਉਨ੍ਹਾਂ ਆਖਿਆ ਕਿ ਜੁਲਾਈ ਮਹੀਨੇ ਚੰਡੀਗੜ੍ਹ ਵਿਚ ਚੌਵੀ ਘੰਟਿਆਂ ਦੇ ਵਕਫ਼ੇ ਦੌਰਾਨ ਹੁਣ ਤੱਕ ਦੀ ਰਿਕਾਰਡ 302.2 ਐਮ.ਐਮ. ਬਾਰਸ਼ ਹੋਈ ਹੈ। ਮੌਸਮ ਵਿਗਿਆਨੀਆਂ ਅਨੁਸਾਰ ਜੁਲਾਈ ਮਹੀਨੇ ਹਰਿਆਣਾ ਵਿਚ 237.1 ਐਮ.ਐਮ. ਮੀਂਹ ਪਿਆ ਜਦਕਿ ਆਮ ਤੌਰ 'ਤੇ 149.1 ਮੀਂਹ ਪੈਂਦਾ ਹੈ, ਜੋ ਆਮ ਨਾਲੋਂ 59 ਫੀਸਦੀ ਵੱਧ ਹੈ। ਇਸੇ ਤਰ੍ਹਾਂ ਪੰਜਾਬ ਵਿਚ ਰਿਕਾਰਡ 231.8 ਐਮ.ਐਮ. ਮੀਂਹ ਪਿਆ ਜਦਕਿ ਆਮ ਤੌਰ 'ਤੇ 161.4 ਐਮ.ਐਮ. ਮੀਂਹ ਪੈਂਦਾ ਹੈ। ਇਸ ਲਿਹਾਜ਼ ਨਾਲ ਪੰਜਾਬ ਵਿਚ ਜੁਲਾਈ ਮਹੀਨੇ 44 ਫੀਸਦੀ ਵੱਧ ਮੀਂਹ ਪਿਆ। ਫਿਰੋਜ਼ਪੁਰ ਜ਼ਿਲ੍ਹੇ ਵਿਚ 165 ਐਮ.ਐਮ. ਦੇ ਮੁਕਾਬਲੇ 258.2 ਐਮ.ਐਮ. ਮੀਂਹ ਪਿਆ। ਫਰੀਦਕੋਟ ਵਿਚ 107 ਐਮ.ਐਮ. ਦੇ ਮੁਕਾਬਲੇ 256.2 ਐਮ.ਐਮ. ਮੀਂਹ ਪਿਆ, ਜੋ ਆਮ ਨਾਲੋਂ 139 ਫੀਸਦੀ ਵੱਧ ਸੀ। ਇਸੇ ਤਰ੍ਹਾਂ ਮੁਹਾਲੀ ਵਿਚ 208.7 ਐਮ.ਐਮ. ਦੇ ਮੁਕਾਬਲੇ 472.6 ਐਮ.ਐਮ. ਮੀਂਹ ਪਿਆ, ਜੋ ਆਮ ਨਾਲੋਂ 126 ਫੀਸਦੀ ਵੱਧ ਸੀ। ਪਟਿਆਲਾ ਤੇ ਰੂਪਨਗਰ ਵਿਚ ਕ੍ਰਮਵਾਰ 71 ਅਤੇ 107 ਫੀਸਦੀ ਵੱਧ ਮੀਂਹ ਪਏ। ਜਲੰਧਰ ਤੇ ਤਰਨ ਤਾਰਨ ਵਿਚ ਜੁਲਾਈ ਮਹੀਨੇ 151 ਐਮ.ਐਮ. ਮੀਂਹ ਪਏ, ਜੋ ਆਮ ਨਾਲੋਂ 34 ਫੀਸਦੀ ਵੱਧ ਸਨ। ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿਚ ਆਮ ਨਾਲੋਂ ਘੱਟ ਮੀਂਹ ਪਏ। ਬਰਨਾਲਾ ਵਿਚ ਐਤਕੀ ਜੁਲਾਈ ਮਹੀਨੇ 86.6 ਐਮ.ਐਮ. ਬਾਰਸ਼ ਹੋਈ ਜਦਕਿ ਆਮ ਤੌਰ 'ਤੇ 122.1 ਐਮ.ਐਮ. ਹੁੰਦੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਤੇ ਹਰਿਆਣਾ ਦੇ ਬਹੁਤ ਸਾਰੇ ਖੇਤਰਾਂ ਵਿਚ ਆਏ ਹੜ੍ਹਾਂ ਕਾਰਨ ਦੋਵੇਂ ਰਾਜਾਂ ਵਿਚ ਹੁਣ ਤੱਕ ਕਰੀਬ 80 ਮੌਤਾਂ ਹੋ ਗਈਆਂ ਹਨ। ਇਸ ਤੋਂ ਇਲਾਵਾ ਕਿਸਾਨਾਂ ਦੀਆਂ ਫਸਲਾਂ ਦਾ ਵੱਡੀ ਪੱਧਰ 'ਤੇ ਨੁਕਸਾਨ ਹੋਇਆ।



## 'ਦਿੱਲੀ ਵਾਲੇ ਸਿਹਤ ਮਾਡਲ ਨੇ ਪੰਜਾਬ 'ਚ ਮਰੀਜ਼ਾਂ ਦੀਆਂ ਪਰੇਸ਼ਾਨੀਆਂ ਵਧਾਈਆਂ'

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਸਰਕਾਰ ਦੇ ਸਿਹਤ ਸੇਵਾਵਾਂ ਪ੍ਰਤੀ ਲਾਪਰਵਾਹੀ ਅਤੇ ਸੁਸਤ ਰਵੱਈਏ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਜ਼ਰੂਰੀ ਅਤੇ ਜੀਵਨ ਰੱਖਿਅਕ ਦਵਾਈਆਂ ਮੁਹੱਈਆ ਕਰਵਾਉਣ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਹੈ।

ਸੀਨੀਅਰ ਕਾਂਗਰਸੀ ਆਗੂ ਨੇ ਇਕ ਖ਼ਬਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੂਬੇ ਦੇ ਸਰਕਾਰੀ ਹਸਪਤਾਲਾਂ ਵਿਚ ਪਿਛਲੇ ਕੁਝ ਹਫਤਿਆਂ ਤੋਂ ਹੈਪੇਟਾਈਟਸ ਸੀ ਦੇ ਇਲਾਜ ਲਈ ਲੋੜੀਂਦੀਆਂ ਦਵਾਈਆਂ ਸਮੇਤ ਜ਼ਰੂਰੀ ਦਵਾਈਆਂ ਖ਼ਤਮ ਹੋ ਗਈਆਂ ਹਨ। ਇਹ ਦਵਾਈਆਂ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਹੁਣ ਇਹ ਦਵਾਈਆਂ ਉਪਲਬਧ ਨਹੀਂ ਹਨ ਕਿਉਂਕਿ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਸਮੇਂ ਸਿਰ ਦਵਾਈ ਖ਼ਰੀਦਣ ਵਿਚ ਅਸਫਲ ਰਹੀ ਹੈ। ਨਿਊਜ਼ ਰਿਪੋਰਟ ਦੇ ਅਨੁਸਾਰ, 2022-23 ਵਿਚ, ਸੂਬੇ ਵਿਚ ਹੈਪੇਟਾਈਟਸ ਸੀ ਦੇ ਲਗਭਗ 18 ਹਜ਼ਾਰ ਮਾਮਲੇ ਸਾਹਮਣੇ ਆਏ, ਜੋ ਦੇਸ ਵਿਚ ਸਭ ਤੋਂ ਵੱਧ ਹਨ। ਪੰਜਾਬ ਦੀ 'ਆਪ' ਸਰਕਾਰ ਦਿੱਲੀ ਦੇ ਸਿਹਤ ਮਾਡਲ ਨੂੰ ਪੰਜਾਬ 'ਚ ਲਾਗੂ ਕਰਨ ਉਤੇ ਤੁਲੀ ਹੋਈ ਹੈ। ਬਾਜਵਾ ਨੇ ਕਿਹਾ ਕਿ ਜਦੋਂ ਤੋਂ ਪੰਜਾਬ ਵਿਚ ਦਿੱਲੀ ਦਾ ਜਾਅਲੀ ਸਿਹਤ ਮਾਡਲ ਲਾਗੂ ਕੀਤਾ ਗਿਆ ਹੈ, ਉਦੋਂ ਤੋਂ ਸਮਾਜ ਦੇ ਕਮਜ਼ੋਰ ਵਰਗ ਨਾਲ ਸਬੰਧਤ ਮਰੀਜ਼ਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਗੂ ਨੇ ਕਿਹਾ ਕਿ ਪੇਂਡੂ ਡਿਸਪੈਂਸਰੀਆਂ ਅਤੇ ਸਿਹਤ ਕੇਂਦਰਾਂ ਦਾ ਨਾਂ ਆਮ ਆਦਮੀ ਪਾਰਟੀ ਉਤੇ ਰੱਖਣ ਦੀ ਬਜਾਏ ਸਰਕਾਰ ਨੂੰ ਨਵੇਂ ਡਾਕਟਰਾਂ ਅਤੇ ਹੋਰ ਮੈਡੀਕਲ ਸਟਾਫ਼ ਦੀ ਭਰਤੀ ਕਰਨੀ ਚਾਹੀਦੀ ਸੀ।

# ਪੰਜਾਬ ਪੁਲਿਸ ਨੇ ਹੈਰੋਇਨ ਦੀ ਵੱਡੀ ਖੇਪ ਫੜੀ

**ਫ਼ਿਰੋਜ਼ਪੁਰ:** ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਦੀ ਟੀਮ ਨੇ ਦੋ ਵੱਖ-ਵੱਖ ਤਸਕਰ ਗਰੋਹਾਂ ਦੇ ਚਾਰ ਮੈਂਬਰਾਂ ਨੂੰ ਕਾਬੂ ਕਰ ਕੇ ਉਨ੍ਹਾਂ ਪਾਸੋਂ 77.8 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਇਸ ਬਰਾਮਦਗੀ ਨਾਲ ਪੰਜਾਬ ਪੁਲਿਸ ਨੇ ਨਵਾਂ ਰਿਕਾਰਡ ਕਾਇਮ ਕਰ ਲਿਆ ਹੈ।

ਇਸ ਦੇ ਨਾਲ ਹੀ ਇਨ੍ਹਾਂ ਮੁਲਜ਼ਮਾਂ ਕੋਲੋਂ 9 ਐਮ.ਐਮ. ਦੀਆਂ ਦੋ ਪਿਸਤੌਲਾਂ, ਚਾਰ ਮੈਗਜ਼ੀਨ ਤੇ ਸੌ ਰੌਂਦ, .30 ਬੋਰ ਦੀ ਇਕ ਪਿਸਤੌਲ ਸਣੇ ਦੋ ਮੈਗਜ਼ੀਨ ਤੇ 15 ਕਾਰਤੂਸ ਵੀ ਬਰਾਮਦ ਕੀਤੇ ਗਏ ਹਨ। ਕੌਮਾਂਤਰੀ ਬਾਜ਼ਾਰ ਵਿਚ ਇਸ ਹੈਰੋਇਨ ਦੀ ਕੀਮਤ 539 ਕਰੋੜ ਰੁਪਏ ਦੱਸੀ ਜਾ ਰਹੀ ਹੈ। ਪਾਕਿਸਤਾਨ ਤੋਂ ਆਈ ਹੈਰੋਇਨ ਦੀ ਇਸ ਖੇਪ ਨੂੰ ਇਸ ਵਰ੍ਹੇ ਦੀ ਸਭ ਤੋਂ ਵੱਡੀ ਬਰਾਮਦਗੀ ਦੱਸਿਆ ਜਾ ਰਿਹਾ ਹੈ। ਨਸ਼ੇ ਦੀ ਇਹ ਖੇਪ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਸਪਲਾਈ ਕੀਤੀ ਜਾਣੀ ਸੀ। ਫੜੇ ਗਏ ਮੁਲਜ਼ਮਾਂ ਕੋਲੋਂ ਕਈ ਅਹਿਮ ਖੁਲਾਸੇ ਹੋਣ ਦੀ ਆਸ ਹੈ। ਪੰਜਾਬ ਪੁਲਿਸ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਕਾਊਂਟਰ ਇੰਟੈਲੀਜੈਂਸ ਵਿੰਗ ਦੀ ਸਥਾਨਕ ਟੀਮ ਨੂੰ ਇਸ ਬਰਾਮਦਗੀ ਲਈ ਉਚੇਚੇ ਤੌਰ 'ਤੇ ਵਧਾਈ ਦਿੱਤੀ ਹੈ। ਫ਼ਿਰੋਜ਼ਪੁਰ ਕਾਊਂਟਰ ਇੰਟੈਲੀਜੈਂਸ ਦੇ ਏ.ਆਈ.ਜੀ. ਲਖਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਪਿਛਲੇ ਕੁਝ ਦਿਨਾਂ ਤੋਂ ਇਸ ਖੇਪ ਦੀ ਬਰਾਮਦਗੀ ਲਈ ਕਾਫ਼ੀ ਮਿਹਨਤ ਕਰ ਰਹੀ ਸੀ। ਉਨ੍ਹਾਂ ਨੂੰ ਪੱਕੀ ਜਾਣਕਾਰੀ ਸੀ ਕਿ ਪਾਕਿਸਤਾਨ ਤੋਂ ਹੈਰੋਇਨ ਦੀ ਕਾਫ਼ੀ ਵੱਡੀ ਖੇਪ ਫ਼ਿਰੋਜ਼ਪੁਰ ਸਰਹੱਦ ਰਾਹੀਂ ਆਉਣ ਵਾਲੀ ਹੈ, ਜਿਸ ਨੂੰ ਅੱਗੇ ਦੇਸ਼ ਦੇ ਕਈ ਸੂਬਿਆਂ ਵਿਚ ਸਪਲਾਈ ਕੀਤਾ ਜਾਣਾ ਹੈ। ਟੀਮ ਨੇ ਪਹਿਲਾਂ ਦੋ ਮੁਲਜ਼ਮਾਂ ਨੂੰ ਕਾਬੂ ਕਰ ਕੇ ਪਿਸਤੌਲ, ਗੋਲੀ ਸਿੱਕਾ ਤੇ 41.8 ਕਿਲੋ ਹੈਰੋਇਨ ਬਰਾਮਦ ਕੀਤੀ ਤੇ ਇਸ ਤੋਂ ਕੁਝ ਸਮੇਂ ਬਾਅਦ ਦੋ ਹੋਰ ਮੁਲਜ਼ਮਾਂ ਨੂੰ ਕਾਬੂ ਕਰ ਕੇ ਉਨ੍ਹਾਂ ਦੀ ਨਿਸ਼ਾਨਦੇਹੀ 'ਤੇ 36 ਕਿਲੋ ਹੈਰੋਇਨ ਹੋਰ ਬਰਾਮਦ ਕਰ ਲਈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਗੰਗਾ ਗਿੱਲ ਉਰਫ਼ ਕਾਲੀ ਵਾਸੀ ਪਿੰਡ ਬਾਰੇ ਕੇ ਜ਼ਿਲ੍ਹਾ ਫ਼ਿਰੋਜ਼ਪੁਰ, ਵੀਰ ਸਿੰਘ ਉਰਫ਼ ਵੀਰੂ ਵਾਸੀ ਪਿੰਡ ਮੁਹਾਰ ਸੋਨਾ ਫਾਜ਼ਿਲਕਾ, ਜਸਪਿੰਦਰ ਸਿੰਘ ਉਰਫ਼ ਭਿੰਦਾ ਤੇ ਜਗਦੀਪ ਸਿੰਘ ਉਰਫ਼ ਭੁੱਚਰ ਵਾਸੀਆਨ ਪਿੰਡ ਦੀਪ ਸਿੰਘ ਵਾਲਾ ਜ਼ਿਲ੍ਹਾ ਫ਼ਰੀਦਕੋਟ ਵਜੋਂ ਹੋਈ ਹੈ।



# ਭਾਰਤੀ ਜਨਤਾ ਪਾਰਟੀ ਦੀਆਂ ਫਿਰਕੂ ਨੀਤੀਆਂ ਖਿਲਾਫ ਲਾਮਬੰਦੀ

**ਮੁਹਾਲੀ:** ਮਨੀਪੁਰ ਵਿਚ ਦੋ ਔਰਤਾਂ ਦੀ ਨਗਨ ਪਰੇਡ ਅਤੇ ਦੇਸ਼ ਭਰ ਵਿਚ ਭਾਜਪਾ ਹਕੂਮਤ ਦੀਆਂ ਨਫ਼ਰਤ ਭਰੀ ਨੀਤੀਆਂ ਵਿਰੁੱਧ ਪੰਜਾਬ ਦੀਆਂ ਔਰਤਾਂ ਨੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ ਅਤੇ ਰਾਜ ਭਵਨ ਵੱਲ ਕੂਚ ਕਰਨ ਦਾ ਯਤਨ ਕੀਤਾ।

ਜਾਣਕਾਰੀ ਅਨੁਸਾਰ ਪੰਜਾਬ ਭਰ 'ਚੋਂ ਵੱਡੀ ਗਿਣਤੀ ਵਿਚ ਕਿਸਾਨ ਅਤੇ ਬੀਬੀਆਂ ਇੱਥੋਂ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਸਾਹਮਣੇ ਪੁੱਡਾ ਗਰਾਊਂਡ ਵਿਚ ਇਕੱਠੇ ਹੋਏ। ਉਨ੍ਹਾਂ ਮਨੀਪੁਰ ਘਟਨਾ ਅਤੇ ਹੋਰ ਭਖਦੇ ਮੁੱਦਿਆਂ 'ਤੇ ਚਰਚਾ ਕਰਨ ਮਗਰੋਂ ਬਾਅਦ ਦੁਪਹਿਰ ਰਾਜਪਾਲ ਨੂੰ ਮੰਗ ਪੱਤਰ ਦੇਣ ਲਈ ਰਾਜ ਭਵਨ ਵੱਲ ਕੂਚ ਕੀਤਾ ਪਰ ਪੰਜਾਬ ਸਕੂਲ ਸਿੱਖਿਆ ਬੋਰਡ ਪਿੱਛੇ ਨੇਚਰ ਪਾਰਕ ਨੇੜੇ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉੱਤੇ ਪੁਲਿਸ ਨੇ ਬੈਰੀਕੇਡਿੰਗ ਕਰਕੇ ਪ੍ਰਦਰਸ਼ਨਕਾਰੀਆਂ ਦਾ ਰਾਹ ਰੋਕ ਲਿਆ। ਇਸ ਮਗਰੋਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਹੇਠ 20 ਮੈਂਬਰੀ ਵਫ਼ਦ ਨੂੰ ਰਾਜਪਾਲ ਨਾਲ ਮੁਲਾਕਾਤ ਕਰਵਾਉਣ ਲਈ ਲਿਜਾਇਆ ਗਿਆ ਜਿੱਥੇ ਉਨ੍ਹਾਂ ਮੰਗ ਪੱਤਰ ਦੇ ਕੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦੇਣ ਦੀ ਮੰਗ ਕੀਤੀ। ਇਸ ਮੌਕੇ ਜੋਗਿੰਦਰ ਸਿੰਘ ਉਗਰਾਹਾਂ, ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਮੰਚ ਸੰਚਾਲਕ ਕਮਲਜੀਤ ਕੌਰ ਬਰਨਾਲਾ, ਜਸਵੀਰ ਕੌਰ ਉਗਰਾਹਾਂ, ਗੁਰਮੇਲ ਕੌਰ ਦੁਲਮਾਂ, ਸਰੋਜ ਰਾਣੀ ਮਾਨਸਾ, ਹਰਿੰਦਰ ਕੌਰ ਮੱਦੂਛਾਂਗਾ ਅਤੇ ਦਵਿੰਦਰ ਕੌਰ ਗੁਰਦਾਸਪੁਰ ਨੇ ਕਿਹਾ ਕਿ ਮਨੀਪੁਰ ਸਰਕਾਰ ਨੂੰ ਤੁਰਤ ਬਰਖ਼ਾਸਤ ਕੀਤਾ ਜਾਵੇ ਅਤੇ ਕੇਂਦਰ ਸਰਕਾਰ ਨੂੰ ਜਵਾਬਦੇਹ ਬਣਾਇਆ ਜਾਵੇ।



ਉਨ੍ਹਾਂ ਮੰਗ ਕੀਤੀ ਕਿ ਔਰਤਾਂ ਨੂੰ ਨਿਰਵਸਤਰ ਕਰਕੇ ਬੇਪੱਤ ਕਰਨ ਵਾਲੀ ਭੀੜ ਜੁਟਾਉਣ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਕਤਲੋ ਗਾਰਤ ਸਾੜ ਫੂਕ, ਲੁੱਟਮਾਰ, ਪਿੰਡਾਂ ਦਾ ਉਜਾੜਾ ਅਤੇ ਧਾਰਮਿਕ ਸਥਾਨਾਂ ਦੀ ਬੇਹੁਰਮਤੀ ਬੰਦ ਕੀਤੀ ਜਾਵੇ, ਮਨੀਪੁਰ ਦੇ ਕਬਾਇਲੀ ਭਾਈਚਾਰਿਆਂ ਦੇ ਜਲ, ਜੰਗਲ ਤੇ ਜ਼ਮੀਨਾਂ ਹਥਿਆਉਣ ਅਤੇ ਹਿੰਸਕ ਫੈਸਲੇ ਵਾਪਸ ਲਏ ਜਾਣ, ਫਿਰਕੂ ਤੇ ਭਾਈਚਾਰਕ ਅਮਨ ਦੀ ਬਹਾਲੀ ਯਕੀਨੀ ਬਣਾਈ ਜਾਵੇ, ਜੰਗਲ ਸੰਭਾਲ (ਸੋਧ) ਕਾਨੂੰਨ 2023 ਵਾਪਸ ਲਿਆ ਜਾਵੇ। ਕਿਸਾਨ ਆਗੂ ਹਰਿੰਦਰ ਕੌਰ ਬਿੰਦੂ ਨੇ ਦੋਸ਼ ਲਾਇਆ ਕਿ ਭਾਜਪਾ ਹਕੂਮਤ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਹਿੰਦੂ ਬਹੁਗਿਣਤੀ ਦਾ ਵੋਟ ਲਾਹਾ ਲੈਣ ਲਈ ਅਜਿਹੇ ਹਾਲਾਤ ਪੈਦਾ ਕਰ ਰਹੀ ਹੈ।

ਕੁਲਦੀਪ ਕੌਰ ਕੁੱਸਾ ਨੇ ਕਿਹਾ ਕਿ ਫਿਰਕਾਪ੍ਰਸਤੀ ਤਹਿਤ ਘੱਟ ਗਿਣਤੀ ਕੁਕੀ ਆਦਿਵਾਸੀ ਕਬੀਲੇ ਨੂੰ ਨਿਸ਼ਾਨਾ ਬਣਾ ਕੇ ਸੈਂਕੜੇ ਪਿੰਡਾਂ ਅਤੇ ਚਰਚ ਘਰਾਂ ਨੂੰ ਸਾੜਨਾ, 150 ਤੋਂ ਵੱਧ ਕਤਲ ਅਤੇ ਪਿੰਡਾਂ ਦਾ ਉਜਾੜਾ ਕਰਨ ਸਮੇਤ ਔਰਤਾਂ 'ਤੇ ਅੱਤਿਆਚਾਰ ਇਸੇ ਨੀਤੀ ਦਾ ਹਿੱਸਾ ਹੈ। ਮਨਦੀਪ ਕੌਰ ਬਾਰਨ ਨੇ ਦੋਸ਼ ਲਾਇਆ ਕਿ ਅਜਿਹੇ ਹਿੰਸਕ ਅਨਸਰਾਂ ਵੱਲੋਂ ਸੈਂਕੜੇ ਥਾਣਿਆਂ ਦੇ 4500 ਤੋਂ ਵੱਧ ਆਧੁਨਿਕ ਹਥਿਆਰ, 5 ਲੱਖ ਤੋਂ ਵੱਧ ਗੋਲੀ ਸਿੱਕਾ ਅਤੇ ਪੁਲਿਸ ਵਰਦੀਆਂ ਲੁੱਟਣ ਮੌਕੇ ਪੁਲਿਸ ਵੱਲੋਂ ਅੱਖਾਂ ਮੀਚਣਾ ਬਿਰੇਨ ਸਰਕਾਰ ਦੀ ਫਾਸ਼ੀਵਾਦ ਨੀਤੀ ਦਾ ਮੂੰਹੋਂ ਬੋਲਦਾ ਸਬੂਤ ਹੈ।

# ਗੈਰ-ਸਿੱਖ ਨੂੰ ਤਖਤ ਹਜ਼ੂਰ ਸਾਹਿਬ ਦਾ ਪ੍ਰਬੰਧਕ ਲਾਉਣ ਦਾ ਮਾਮਲਾ ਭਖਿਆ

**ਨਵੀਂ ਦਿੱਲੀ:** ਨਾਂਦੇੜ ਦੇ ਗੈਰ-ਸਿੱਖ ਕੁਲੈਕਟਰ ਨੂੰ ਤਖਤ ਹਜ਼ੂਰ ਸਾਹਿਬ ਦਾ ਪ੍ਰਬੰਧਕ ਲਾਉਣ ਦਾ ਮਾਮਲਾ ਭਖ ਗਿਆ ਹੈ। ਸਿੱਖ ਜਥੇਬੰਦੀਆਂ ਸਮੇਤ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਵੀ ਇਸ ਉਤੇ ਸਖਤ ਇਤਰਾਜ਼ ਜਤਾਇਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਨਾਂਦੇੜ ਸਾਹਿਬ ਦੇ ਗੈਰਸਿੱਖ ਕਲੈਕਟਰ ਨੂੰ ਤਖਤ ਹਜ਼ੂਰ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧਕ ਲਾਉਣ ਦਾ ਵਿਰੋਧ ਕੀਤਾ ਹੈ ਤੇ ਮਹਾਰਾਸ਼ਟਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸਿਰਫ ਗੁਰਸਿੱਖ ਹੀ ਗੁਰਧਾਮਾਂ ਦਾ ਪ੍ਰਬੰਧਕ ਲੱਗ ਸਕਦਾ ਹੈ ਤੇ ਇਸ ਮੁਤਾਬਕ ਫੈਸਲੇ ਵਿਚ ਸੋਧ ਕੀਤੀ ਜਾਵੇ।

ਬਿਆਨ ਵਿਚ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਉਹ ਹੈਰਾਨ ਹਨ ਕਿ ਕਿਵੇਂ ਮਹਾਰਾਸ਼ਟਰ ਸਰਕਾਰ ਨੇ ਗੈਰਸਿੱਖ ਨੂੰ ਤਖਤ ਹਜ਼ੂਰ ਸਾਹਿਬ ਦਾ ਪ੍ਰਬੰਧਕ ਨਿਯੁਕਤ ਕਰ ਦਿੱਤਾ ਹੈ। ਗੁਰਧਾਮਾਂ ਤੇ ਗੁਰੂ ਘਰਾਂ ਦੀ ਸੇਵਾ ਸੰਭਾਲ ਦੀ ਮਰਿਆਦਾ ਬਾਰੇ ਸਿਰਫ ਗੁਰਸਿੱਖ ਹੀ ਜਾਣਕਾਰੀ ਰੱਖਦਾ ਹੈ। ਪਹਿਲੇ ਪ੍ਰਬੰਧਕ ਡਾ. ਪੀ.ਐਸ. ਪਸਰੀਚਾ ਨੇ ਪਿਛਲੇ ਸਮੇਂ ਦੌਰਾਨ ਬਤੌਰ ਪ੍ਰਬੰਧਕ ਬਹੁਤ ਵਧੀਆ ਸੇਵਾਵਾਂ ਨਿਭਾਈਆਂ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਬੋਰਡ ਦੇ ਪ੍ਰਬੰਧਕ ਵਜੋਂ ਇਕ



ਗੈਰ-ਸਿੱਖ ਦੀ ਨਿਯੁਕਤੀ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਇਸ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਆਪਣਾ ਇਹ ਵਿਰੋਧ ਮਹਾਰਾਸ਼ਟਰ ਸਰਕਾਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਪੱਤਰ ਭੇਜ ਕੇ ਦਰਜ ਕਰਵਾਇਆ ਹੈ।

ਜਾਣਕਾਰੀ ਮੁਤਾਬਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਬੋਰਡ ਦੇ ਪ੍ਰਬੰਧਕ ਵਜੋਂ ਹੁਣ ਤੱਕ ਜ਼ਿਆਦਾਤਰ ਸਿੱਖਾਂ ਨੂੰ ਹੀ ਤਾਇਨਾਤ ਕੀਤਾ ਜਾਂਦਾ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਕ ਗੈਰ-ਸਿੱਖ ਅਧਿਕਾਰੀ ਨੂੰ ਗੁਰਦੁਆਰਾ ਬੋਰਡ ਦਾ ਪ੍ਰਸ਼ਾਸਕ ਨਿਯੁਕਤ ਕਰਨਾ ਸਿੱਖ ਭਾਵਨਾਵਾਂ ਅਤੇ ਮਰਿਆਦਾ ਅਨੁਸਾਰ ਨਹੀਂ ਹੈ। ਮਹਾਰਾਸ਼ਟਰ ਸਰਕਾਰ ਦੇ ਇਸ ਫੈਸਲੇ ਵਿਰੁੱਧ ਸਿੱਖ ਸੰਗਤ ਵਿਚ ਭਾਰੀ ਰੋਸ ਹੈ। ਉਨ੍ਹਾਂ ਆਖਿਆ ਕਿ ਸਿੱਖ ਕੌਮ ਅੰਦਰ ਤਖ਼ਤ ਸਾਹਿਬਾਨ ਦੀ ਭੂਮਿਕਾ ਸਿੱਖ ਮਰਿਆਦਾ ਲਾਗੂ ਕਰਨ ਲਈ ਅਗਵਾਈ ਕਰਨਾ ਅਤੇ ਸਮੇਂ ਸਮੇਂ ਨਿਰਦੇਸ਼ ਦੇਣਾ ਹੈ, ਇਸ ਲਈ ਕਿਸੇ ਗੈਰ-ਸਿੱਖ ਵਿਅਕਤੀ ਨੂੰ ਤਖ਼ਤ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਪ੍ਰਬੰਧਕ ਵਜੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੋਈ ਗੈਰ ਸਿੱਖ ਵਿਅਕਤੀ ਸਿੱਖ ਭਾਵਨਾਵਾਂ ਅਨੁਸਾਰ ਗੁਰਦੁਆਰਿਆਂ ਦਾ ਪ੍ਰਬੰਧ ਵੀ ਨਹੀਂ ਚਲਾ ਸਕਦਾ। ਉਨ੍ਹਾਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਇਹ ਸਿੱਖ ਵਿਰੋਧੀ ਫੈਸਲਾ ਤੁਰੰਤ ਵਾਪਸ ਲੈਣ ਲਈ ਕਿਹਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਸ ਦੇ ਨਾਲ ਹੀ ਗੁਰਦੁਆਰਾ ਬੋਰਡ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਨਾਂਦੇੜ ਦੀ ਚੋਣ ਕਰਵਾਉਣ ਦੀ ਵੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ ਦਾ ਕਾਰਜਕਾਲ ਮਾਰਚ 2022 ਵਿਚ ਪੂਰਾ ਹੋ ਚੁੱਕਾ ਹੈ।

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਚ ਪ੍ਰਸ਼ਾਸਕ ਵਜੋਂ ਕਿਸੇ ਸਿੱਖ ਆਈ.ਏ.ਐਸ. ਅਧਿਕਾਰੀ ਨੂੰ ਨਿਯੁਕਤ ਕੀਤਾ ਜਾਵੇ। ਇਸ ਪੱਤਰ ਵਿਚ ਉਨ੍ਹਾਂ ਦੱਸਿਆ ਕਿ ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਨਾਂਦੇੜ ਦੇ ਕੁਲੈਕਟਰ ਨੂੰ ਗੁਰਦੁਆਰਾ ਪ੍ਰਬੰਧ ਦਾ ਪ੍ਰਸ਼ਾਸਕ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਮਹਾਰਾਸ਼ਟਰ ਪੁਲਿਸ ਦੇ ਡਾਇਰੈਕਟਰ ਜਨਰਲ ਡਾ. ਪੀ.ਐਸ. ਪਸਰੀਚਾ ਇਸ ਅਹੁਦੇ ਦੀਆਂ ਸੇਵਾਵਾਂ ਨਿਭਾ ਚੁੱਕੇ ਹਨ। ਦੱਸਣਯੋਗ ਹੈ ਕਿ ਇਸ ਨਿਯੁਕਤੀ ਤੋਂ ਪਹਿਲਾਂ ਸਾਬਕਾ ਪੁਲਿਸ ਮੁਖੀ ਪੀ.ਐਸ ਪਸਰੀਚਾ ਨੂੰ ਨਿਯੁਕਤ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਨਿਯੁਕਤੀ ਸਮੇਂ ਗੁਰਦੁਆਰੇ ਦੀ ਆਮਦਨ ਵੀ ਵਧੀ ਸੀ।

## ਸਿੱਖਾਂ ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਸ ਤਰੀਕੇ ਸਿੱਖਾਂ ਦੇ ਅਕਸ ਤੇ ਸਮਰੱਥਾ ਨੂੰ ਪ੍ਰਭਾਵਿਤ ਕਰਨ ਦੇ ਯਤਨ ਠੀਕ ਨਹੀਂ ਹਨ। ਉਨ੍ਹਾਂ ਕਿਹਾ ਕਿ ਭਾਰਤ ਦੀ ਆਜ਼ਾਦੀ ਵਿਚ ਸਿੱਖਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ ਅਤੇ ਦੇਸ਼ ਦੇ ਮਾਣ ਸਨਮਾਨ ਨੂੰ ਕਾਇਮ ਰੱਖਣ ਵਿਚ ਸਿੱਖਾਂ ਦੀ ਮਹੱਤਵਪੂਰਨ ਭੂਮਿਕਾ ਵੀ ਅਣਗੌਲੀ ਨਹੀਂ ਜਾ ਸਕਦੀ। ਉਨ੍ਹਾਂ ਕਿਹਾ ਕਿ ਸਿੱਖਾਂ ਅਤੇ ਪੰਜਾਬ ਨਾਲ ਪਿਛਲੇ 72 ਸਾਲਾਂ ਦੌਰਾਨ ਹੋਏ ਸਿਆਸੀ ਵਿਤਕਰਿਆਂ ਅਤੇ ਵਧੀਕੀਆਂ ਨੂੰ ਵੀ ਇਤਿਹਾਸ ਵਿਚੋਂ ਮਨਫੀ ਕਰਕੇ ਨਹੀਂ ਵੇਖਿਆ ਜਾ ਸਕਦਾ।

# ਐਨ.ਆਈ.ਏ. ਦੇ ਛਾਪਿਆਂ ਰਾਹੀਂ ਸਿੱਖਾਂ ਦੀ ਸਾਖ ਨੂੰ ਢਾਹ ਲਾਉਣ ਦੇ ਦੋਸ਼




**ਅੰਮ੍ਰਿਤਸਰ:** ਜਥੇਬੰਦੀ ਪੰਥ ਸੇਵਕ ਸ਼ਖ਼ਸੀਅਤਾਂ ਨੇ ਦੋਸ਼ ਲਾਇਆ ਕਿ ਕੌਮੀ ਜਾਂਚ ਏਜੰਸੀ ਐਨ.ਆਈ.ਏ. ਵੱਲੋਂ ਸਿੱਖ ਸੰਸਥਾਵਾਂ (ਖਾਲਸਾ ਏਡ ਵੀ ਸ਼ਾਮਲ) ਅਤੇ ਵਿਦੇਸ਼ਾਂ ਵਿਚਲੀਆਂ ਸਿੱਖ ਜਥੇਬੰਦੀਆਂ ਦੇ ਆਗੂਆਂ ਦੇ ਘਰਾਂ ਉਤੇ ਮਾਰੇ ਗਏ ਛਾਪੇ ਸਿੱਖਾਂ ਦੀ ਸਾਖ ਨੂੰ ਢਾਹ ਲਾਉਣ ਦਾ ਯਤਨ ਹੈ। ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਰਾਜਿੰਦਰ ਸਿੰਘ ਮੁਗਲਵਾਲ ਅਤੇ ਭਾਈ ਸਤਨਾਮ ਸਿੰਘ ਝੰਜੀਆਂ ਨੇ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਸਿੱਖਾਂ ਨੂੰ ਨਿਖੇੜ ਕੇ ਸਿੱਧਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇਹ ਹਮਲਾ ਕਿਸੇ ਇਕ ਸੰਸਥਾ, ਜਥੇਬੰਦੀ ਜਾਂ ਚੋਣਵੀਆਂ ਸ਼ਖ਼ਸੀਅਤਾਂ ਉੱਤੇ ਨਹੀਂ ਹੈ ਸਗੋਂ ਇਹ ਸਿੱਖਾਂ ਦੀ ਸਮੂਹਿਕ ਸਾਖ ਅਤੇ ਸਮਰੱਥਾ ਉੱਤੇ ਹਮਲਾ ਹੈ ਜਿਸ ਵਿਰੁੱਧ ਦੇਸ਼-ਵਿਦੇਸ਼ ਦੀਆਂ ਸੰਸਥਾਵਾਂ ਤੇ ਸਿੱਖ ਜਥੇਬੰਦੀਆਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਵਿਚ ਆਪਸੀ ਧੜੇਬੰਦੀ ਕਿਸੇ ਵੀ ਤਰ੍ਹਾਂ ਕੌਮ ਦੇ ਹਿੱਤ ਵਿਚ ਨਹੀਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਇਸ ਵੇਲੇ ਤੇਜੀ ਨਾਲ ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਦੇ ਅਮਲ ਨੂੰ ਲਾਗੂ ਕਰ ਰਹੀ ਹੈ ਜਿਸ ਦੇ ਨਤੀਜੇ ਵੱਜੋਂ ਹਰ ਪੱਧਰ ਉੱਤੇ ਸੱਤਾ ਤੇ ਤਾਕਤਾਂ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਇਸ ਤਹਿਤ ਹੀ ਧਾਰਮਿਕ, ਸੱਭਿਆਚਾਰਕ ਤੇ ਭਾਸ਼ਾਈ ਪਛਾਣ, ਐਸ.ਸੀ. ਭਾਈਚਾਰੇ, ਆਦਿਵਾਸੀਆਂ ਤੇ ਹੋਰਨਾਂ ਸੰਘਰਸ਼ਸ਼ੀਲ ਫਿਰਕਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਜਿਹੀ ਸਥਿਤੀ ਵਿਚ ਲੋਕਤੰਤਰ ਤੇ ਕਾਨੂੰਨ ਦਾ ਰਾਜ ਸਿਰਫ ਨਾਮ ਦਾ ਹੀ ਰਹਿ ਗਿਆ ਹੈ ਤੇ ਸਰਕਾਰ ਦਾ ਸਮੁੱਚਾ ਵਿਹਾਰ ਫਾਸ਼ੀਵਾਦੀ ਤੇ ਤਾਨਾਸ਼ਾਹ ਵਰਗਾ ਹੈ।

## ਸਿੱਖਾਂ ਨੂੰ ਨਿਸ਼ਾਨਾ ਬਣਾ ਰਿਹੈ ਕੇਂਦਰ: ਮਜੀਠੀਆ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਕੌਮੀ ਜਾਂਚ ਏਜੰਸੀ ਪੰਜਾਬ ਵਿਚ ਵੱਡੇ ਪੱਧਰ 'ਤੇ ਛਾਪੇ ਮਾਰ ਕੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾ ਰਹੀ ਹੈ। ਮਜੀਠੀਆ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਕਰਨ ਵਾਲੀਆਂ ਖਾਲਸਾ ਏਡ ਵਰਗੀਆਂ ਸੰਸਥਾਵਾਂ ਨੂੰ ਨਾਜਾਇਜ਼ ਢੰਗ ਨਾਲ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਪੰਜਾਬੀ ਮਹਿਸੂਸ ਕਰ ਰਹੇ ਹਨ ਕਿ ਪੰਜਾਬ 'ਚ ਜਾਣਬੁਝ ਕੇ ਐਨ.ਆਈ.ਏ. ਵੱਲੋਂ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਲਈ ਛਾਪੇ ਮਾਰੇ ਜਾ ਰਹੇ ਹਨ। ਕੇਂਦਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਿੱਖ ਭਾਈਚਾਰੇ 'ਚ ਇਹ ਪ੍ਰਭਾਵ ਨਾ ਜਾਵੇ ਕਿ ਉਸ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

## ਸਕੂਲਾਂ 'ਚ ਕਿਰਪਾਨ ਪਾਉਣ ਦੀ ਪਾਬੰਦੀ ਖਿਲਾਫ ਕੇਸ ਜਿੱਤਣ ਦਾ ਸਵਾਗਤ

**ਅੰਮ੍ਰਿਤਸਰ:** ਕੁਈਨਜ਼ਲੈਂਡ ਦੇ ਸਕੂਲਾਂ 'ਚ ਕਿਰਪਾਨ ਪਾਉਣ ਦੀ ਪਾਬੰਦੀ ਖਿਲਾਫ਼ ਅਦਾਲਤੀ ਕੇਸ ਜਿੱਤਣ 'ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਸਟਰੇਲੀਆ ਦੇ ਸਿੱਖਾਂ ਨੂੰ ਵਧਾਈ ਦਿੱਤੀ ਹੈ। ਜਥੇਦਾਰ ਨੇ ਕਿਹਾ ਕਿ ਕੁਈਨਜ਼ਲੈਂਡ ਦੀ ਅਦਾਲਤ ਵੱਲੋਂ ਸਿੱਖਾਂ ਨੂੰ ਕਕਾਰ ਵਜੋਂ ਕਿਰਪਾਨ ਧਾਰਨ ਕਰਨ ਦੀ ਖੁੱਲ੍ਹ ਦੇਣ ਨਾਲ ਮਿਲਵਰਤਣ ਦੀ ਭਾਵਨਾ ਵੀ ਵਧੇਗੀ। ਉਨ੍ਹਾਂ ਨੇ ਕਿਹਾ ਕਿ ਕਿਰਪਾਨ ਸਿੱਖਾਂ ਨੂੰ ਗੁਰੂ ਸਾਹਿਬਾਨ ਵੱਲੋਂ ਕਕਾਰ ਵਜੋਂ ਬਖਸ਼ਿਸ਼ ਕੀਤੀ ਗਈ ਹੈ ਜੋ ਸਿੱਖੀ ਜੀਵਨ ਦਾ ਅਨਿੱਖੜਵਾਂ ਅੰਗ ਹੈ। ਉਨ੍ਹਾਂ ਦੱਸਿਆ ਕਿ ਕੁਈਨਜ਼ਲੈਂਡ ਦੇ ਸਕੂਲਾਂ ਅੰਦਰ ਮਾਪਿਆਂ ਤੇ ਅਧਿਆਪਕਾਂ ਨੂੰ ਵੀ ਕਿਰਪਾਨ ਪਹਿਨ ਕੇ ਆਉਣ ਤੋਂ ਰੋਕਿਆ ਗਿਆ ਸੀ ਪਰ ਬੀਬੀ ਕਮਲਜੀਤ ਕੌਰ ਨੇ ਇਸ ਪਾਬੰਦੀ ਨੂੰ ਕੁਈਨਜ਼ਲੈਂਡ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ। ਅਦਾਲਤ ਵੱਲੋਂ ਕਿਰਪਾਨ ਧਾਰਨ ਕਰਨ ਨੂੰ ਸੰਵਿਧਾਨਿਕ ਹੱਕ ਵਿਚ ਸ਼ਾਮਲ ਕਰ ਦਿੱਤਾ ਗਿਆ ਹੈ।

# ਸਿੱਖ ਕਤਲੇਆਮ: ਜਗਦੀਸ਼ ਟਾਈਟਲਰ ਨੂੰ ਜ਼ਮਾਨਤ ਦੇਣ ਖਿਲਾਫ ਰੋਸ ਵਧਿਆ

**ਲੁਧਿਆਣਾ:** '84 ਸਿੱਖ ਕਤਲੇਆਮ ਪੀੜਤ ਵੈਲਫੇਅਰ ਸੁਸਾਇਟੀ ਵੱਲੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਅਦਾਲਤ ਵੱਲੋਂ ਜ਼ਮਾਨਤ ਮਿਲਣ ਦੇ ਰੋਸ ਵਜੋਂ ਪੁਤਲਾ ਫੂਕ ਮੁਜ਼ਾਹਰਾ ਕਰਕੇ ਸੋਨੀਆ ਗਾਂਧੀ ਤੋਂ ਟਾਈਟਲਰ ਨੂੰ ਪਾਰਟੀ ਵਿਚੋਂ ਬਾਹਰ ਕੱਢਣ ਦੀ ਮੰਗ ਕੀਤੀ ਗਈ। ਜਥੇਬੰਦੀ ਦੇ ਪ੍ਰਧਾਨ ਸੁਰਜੀਤ ਸਿੰਘ ਅਤੇ ਮਹਿਲਾ ਵਿੰਗ ਪ੍ਰਧਾਨ ਗੁਰਦੀਪ ਕੌਰ ਦੀ ਅਗਵਾਈ ਵਿਚ ਸੈਂਕੜੇ ਪੀੜਤ ਪਰਿਵਾਰਾਂ ਵੱਲੋਂ ਦੁੱਗਰੀ ਨਹਿਰ ਦੇ ਪੁਲ 'ਤੇ ਪੁਤਲਾ ਫੂਕ ਕੇ ਨਾਅਰੇਬਾਜ਼ੀ ਕੀਤੀ ਗਈ।

ਇਸ ਤੋਂ ਪਹਿਲਾਂ ਮੁਜ਼ਾਹਰਾਕਾਰੀ ਸੀ.ਆਰ.ਪੀ.ਐਫ. ਕਲੋਨੀ ਤੋਂ ਰੋਸ ਮਾਰਚ ਕਰਦੇ ਹੋਏ ਨਹਿਰ ਦੇ ਪੁਲ 'ਤੇ ਪੁੱਜੇ ਜਿੱਥੇ ਕੁਝ ਸਮੇਂ ਲਈ ਆਵਾਜਾਈ ਵੀ ਪ੍ਰਭਾਵਿਤ ਹੋਈ। ਇਸ ਮੌਕੇ ਵੱਡੀ ਗਿਣਤੀ ਵਿਚ ਪੁਲਿਸ ਫੋਰਸ ਵੀ ਮੌਜੂਦ ਸੀ।

ਪ੍ਰਧਾਨ ਦੁੱਗਰੀ ਨੇ ਕਿਹਾ ਕਿ ਇਸ ਕਤਲੇਆਮ ਦੇ 39 ਸਾਲ ਬਾਅਦ ਸੀ.ਬੀ.ਆਈ. ਵੱਲੋਂ ਜਗਦੀਸ਼ ਟਾਈਟਲਰ ਖਿਲਾਫ ਪੜਤਾਲ ਕਰਕੇ ਕੇਸ ਦਰਜ ਕਰ ਕੇ ਚਾਰਜਸ਼ੀਟ ਦਾਖਲ ਕੀਤੀ ਗਈ ਹੈ ਕਿਉਂਕਿ ਇਸ ਕਤਲੇਆਮ ਸਬੰਧੀ ਪੀੜਤ ਪਰਿਵਾਰਾਂ ਵੱਲੋਂ ਅਦਾਲਤ ਵਿਚ ਗਵਾਹੀ ਵੀ ਦਿੱਤੀ ਗਈ ਸੀ ਪਰ ਦਿੱਲੀ ਦੀ ਅਦਾਲਤ ਵੱਲੋਂ ਉਸ ਨੂੰ ਜ਼ਮਾਨਤ ਦਿੱਤੀ ਗਈ ਹੈ ਜਿਸ ਨਾਲ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਜ਼ਖ਼ਮ ਹਰੇ ਹੋ ਗਏ ਹਨ। ਇਸ ਕਾਰਨ ਸਿੱਖ ਭਾਈਚਾਰੇ ਵਿਚ ਸਖਤ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਸੀ.ਬੀ.ਆਈ. ਵੱਲੋਂ ਜਗਦੀਸ਼ ਟਾਈਟਲਰ ਨੂੰ ਤੁਰਤ ਗ੍ਰਿਫਤਾਰ ਕੀਤਾ ਜਾਵੇ ਅਤੇ ਫਾਸਟ ਟਰੈਕ ਕੋਰਟ ਵਿੱਚ ਕੇਸ ਚਲਾ ਕੇ ਉਸ ਨੂੰ ਫਾਂਸੀ ਦਿੱਤੀ ਜਾਵੇ। ਬੀਬੀ ਗੁਰਦੀਪ ਕੌਰ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਕਿਹਾ ਕਿ ਉਹ ਜਗਦੀਸ਼ ਟਾਈਟਲਰ ਨੂੰ ਤੁਰਤ ਪਾਰਟੀ ਵਿਚੋਂ ਕੱਢ ਕੇ ਉਸ ਨੂੰ ਸਜਾ ਦਿਵਾਉਣ ਲਈ ਪੀੜਤ ਪਰਿਵਾਰਾਂ ਦੀ ਮਦਦ ਕਰਨ।

# ਸਿੱਖ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਲਈ 'ਸਿੱਖਿਆ ਲੰਗਰ' ਲਹਿਰ ਸ਼ੁਰੂ

**ਅੰਮ੍ਰਿਤਸਰ:** ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ 'ਸਿੱਖਿਆ ਲੰਗਰ' ਲਹਿਰ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਸਬੰਧ ਵਿਚ ਇੱਥੇ ਕਾਨਫਰੰਸ ਕੀਤੀ ਗਈ ਜਿਸ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼ਮੂਲੀਅਤ ਕੀਤੀ।

ਸ੍ਰੀ ਸਾਹਨੀ ਨੇ ਦੱਸਿਆ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਸਰਪ੍ਰਸਤੀ ਹੇਠ ਹੋਈ ਕਾਨਫਰੰਸ ਵਿਚ ਸਰਬਸੰਮਤੀ ਨਾਲ ਫੈਸਲਾ ਕਰਕੇ ਸਿੱਖਿਆ ਲੰਗਰ ਲਹਿਰ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਲਹਿਰ ਦਾ ਮੁੱਖ ਏਜੰਡਾ ਸਿੱਖ ਨੌਜਵਾਨਾਂ ਵਿਚ ਹੁਨਰ ਪੈਦਾ ਕਰਨਾ ਹੈ ਤਾਂ ਕਿ ਉਹ ਵਧੇਰੇ ਨੌਕਰੀਆਂ ਪ੍ਰਾਪਤ ਕਰ ਸਕਣ। ਇਸ ਸਬੰਧੀ ਦੇਸ਼ ਭਰ ਦੇ ਗੁਰਦੁਆਰਿਆਂ ਵਿਚ ਹੁਨਰ ਵਿਕਾਸ ਕੇਂਦਰਾਂ ਦੀ ਸਥਾਪਨਾ ਕੀਤੀ ਜਾਵੇਗੀ। ਸਿੱਖ ਨੌਜਵਾਨਾਂ ਨੂੰ ਨੌਕਰੀਆਂ ਦਿਵਾਉਣ ਲਈ ਸਨਅਤੀ ਸੰਪਰਕ ਨਾਲ ਜੋੜਿਆ ਜਾਵੇਗਾ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਗੁਰਦੁਆਰਾ ਕਮੇਟੀਆਂ ਨੂੰ ਅਪੀਲ ਕੀਤੀ ਕਿ ਉਹ ਸਿੱਖਿਆ ਲੰਗਰ ਲਹਿਰ ਨੂੰ ਅਪਣਾਉਣ ਤਾਂ ਕਿ ਵੱਧ ਤੋਂ ਵੱਧ ਸਿੱਖ ਨੌਜਵਾਨਾਂ ਨੂੰ ਹੁਨਰਮੰਦ ਬਣਨ ਦਾ ਮੌਕਾ ਮਿਲ ਸਕੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਕਾਨਫਰੰਸ ਵਿਚ ਸਰਬਸੰਮਤੀ ਨਾਲ ਪੰਜ ਮਤੇ ਪਾਸ ਕੀਤੇ ਹਨ ਜਿਸ ਰਾਹੀਂ ਗੁਰਦੁਆਰਾ ਕਮੇਟੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਆਪਣੇ ਗੁਰਦੁਆਰੇ ਦੇ ਬਜਟ ਦਾ 15 ਤੋਂ 25 ਫੀਸਦ ਹਿੱਸਾ ਸਿੱਖਿਆ ਲਈ ਖਰਚ ਕਰਨ।




ਮਤੇ ਵਿਚ ਕਿਹਾ ਗਿਆ ਹੈ ਕਿ ਹਰ ਗੁਰਦੁਆਰੇ ਦੀ ਇਕ ਸਿੱਖਿਆ ਕਮੇਟੀ ਹੋਣੀ ਚਾਹੀਦੀ ਹੈ, ਗੁਰਦੁਆਰਿਆਂ ਨੂੰ ਇਸ ਸਿੱਖਿਆ ਫੰਡ ਨੂੰ ਖਰਚ ਕਰਨ ਲਈ ਇਕ ਰੂਪ ਰੇਖਾ ਤਿਆਰ ਕਰਨੀ ਚਾਹੀਦੀ ਹੈ ਜਿਸ ਤਹਿਤ ਉੱਚ ਸਿੱਖਿਆ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ।

ਇਕ ਮਤੇ ਰਾਹੀਂ ਗੁਰਦੁਆਰਾ ਕਮੇਟੀਆਂ ਨੂੰ ਅਪੀਲ ਕੀਤੀ ਹੈ ਕਿ ਹਰ ਗੁਰਦੁਆਰੇ ਨੂੰ ਇਕ ਹੁਨਰ ਕੇਂਦਰ ਸਥਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਹੁਨਰ ਕੇਂਦਰਾਂ ਦੇ ਖਰਚੇ ਦਾ 20 ਫੀਸਦ ਹਿੱਸਾ ਸ੍ਰੀ ਸਾਹਨੀ ਵੱਲੋਂ ਅਦਾ ਕੀਤਾ ਜਾਵੇਗਾ। ਸ੍ਰੀ ਸਾਹਨੀ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਸਨ ਫਾਊਂਡੇਸ਼ਨ ਇਸ ਲਹਿਰ ਵਿਚ ਇਕ ਵਿਸ਼ਾ ਮਾਹਿਰ ਵਜੋਂ ਭਾਈਵਾਲੀ ਕਰੇਗੀ। ਉਨ੍ਹਾਂ ਨੇ 30 ਤੋਂ ਵੱਧ ਹੁਨਰ ਕੋਰਸ ਤਿਆਰ ਕੀਤੇ ਹਨ ਅਤੇ ਇਹ ਗੁਰਦੁਆਰਿਆਂ ਵਿਚ ਨੌਜਵਾਨਾਂ ਨੂੰ ਪੜ੍ਹਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਨੈਸ਼ਨਲ ਸਕਿਲਡ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਇਨ੍ਹਾਂ ਕੋਰਸਾਂ ਦਾ ਪਾਠਕ੍ਰਮ ਤਿਆਰ ਕੀਤਾ ਜਾਵੇਗਾ।

ਪੰਜਾਬ ਟਾਈਮਜ਼

ਸ਼ਨਿਚਰਵਾਰ, 12 ਅਗਸਤ, 2023

# ਕੱਟੜਪੰਥੀਆਂ ਦੀ ਚੋਣ ਸਿਆਸਤ

ਪਿਛਲੇ ਤਿੰਨ ਮਹੀਨਿਆਂ ਤੋਂ ਨਸਲੀ ਹਿੰਸਾ ਵਿਚ ਸੜ ਰਹੇ ਮਨੀਪੁਰ ਤੋਂ ਬਾਅਦ ਹਰਿਆਣਾ ਵਿਚ ਹੋਈਆਂ ਫਿਰਕੂ ਵਾਰਦਾਤਾਂ ਅਤੇ ਇਨ੍ਹਾਂ ਦੋਹਾਂ ਮਸਲਿਆਂ 'ਤੇ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਨੇ ਦਰਸਾ ਦਿੱਤਾ ਹੈ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਇਹ ਧਿਰ ਕੀ ਕੁਝ ਕਰ ਸਕਦੀ ਹੈ। ਮਨੀਪੁਰ ਵਿਚ ਪਹਿਲੀ ਘਟਨਾ 3 ਮਈ ਨੂੰ ਰਿਪੋਰਟ ਹੋਈ ਸੀ ਅਤੇ ਉਥੇ ਮੈਤੇਈ ਤੇ ਕੂਕੀ ਭਾਈਚਾਰਿਆਂ ਵਿਚਕਾਰ ਜਿਸ ਤਰ੍ਹਾਂ ਟਕਰਾਅ ਚੱਲਿਆ, ਉਸ ਨੂੰ ਰੋਕਣ ਜਾਂ ਠੱਲ੍ਹਣ ਲਈ ਉਥੋਂ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕੁਝ ਵੀ ਨਹੀਂ ਕੀਤਾ ਸਗੋਂ ਕਬਾਇਲੀ ਕੂਕੀ ਭਾਈਚਾਰੇ ਜੋ ਈਸਾਈ ਹੈ, ਦੀ ਆਵਾਜ਼ ਅਣਸੁਣੀ ਕਰ ਕੇ ਮੈਤੇਈ ਭਾਈਚਾਰੇ ਜੋ ਹਿੰਦੂ ਹੈ, ਨੂੰ ਇਕ ਤਰ੍ਹਾਂ ਨਾਲ ਹੱਲਾਸ਼ੇਰੀ ਹੀ ਦਿੱਤੀ ਗਈ। ਹੁਣ ਤੱਕ ਅਜਿਹੀਆਂ ਕਈ ਰਿਪੋਰਟਾਂ ਵੀ ਸਾਹਮਣੇ ਆ ਚੁੱਕੀਆਂ ਹਨ ਕਿ ਉਥੇ ਪੁਲਿਸ ਤੇ ਪ੍ਰਸ਼ਾਸਨ ਮੈਤੇਈ ਭਾਈਚਾਰੇ ਨਾਲ ਰਲ ਗਏ ਅਤੇ ਕੂਕੀ ਭਾਈਚਾਰੇ ਉਤੇ ਜਬਰ ਢਾਹੁਣ ਦੀ ਪੂਰੀ ਖੁੱਲ੍ਹ ਦਿੱਤੀ। ਬੁਰਛਾਗਰਦਾਂ ਖਿਲਾਫ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਇਹ ਮਾਮਲਾ ਉਸ ਵਕਤ ਹੀ ਵਧੇਰੇ ਉਭਰ ਸਕਿਆ ਜਦੋਂ ਕੂਕੀ ਔਰਤਾਂ ਨੂੰ ਨਿਰਵਸਤਰ ਕਰ ਕੇ ਘੁਮਾਉਣ ਦੀ ਵੀਡੀਓ ਵਾਇਰਲ ਹੋਈ। ਇਸ ਵੀਡੀਓ ਤੋਂ ਬਾਅਦ ਮੁਲਕ ਦੀ ਸੁਪਰੀਮ ਕੋਰਟ ਨੇ ਇਸ ਮਸਲੇ 'ਤੇ ਆਪੇ ਕਾਰਵਾਈ ਕਰਦਿਆਂ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਦੀ ਖਿਚਾਈ ਕੀਤੀ ਅਤੇ ਚਿਤਾਵਨੀਦਿੱਤੀ ਕਿ ਜੇ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਅਦਾਲਤ ਆਪੇ ਕੁਝ ਨਾ ਕੁਝ ਜ਼ਰੂਰ ਕਰੇਗੀ। ਇਸ ਅਦਾਲਤੀ ਗੁੱਸੇ ਤੋਂ ਬਾਅਦ ਪ੍ਰਧਾਨ ਮੰਤਰੀ ਨੇ 80 ਦਿਨਾਂ ਬਾਅਦ ਆਪਣੀ ਖਾਮੋਸ਼ੀ ਤੋੜੀ। ਅਦਾਲਤ ਨੂੰ ਦਿਖਾਉਣ ਲਈ ਵੀਡੀਓ ਵਾਲੇ ਮਸਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪ ਕੇ ਹੀ ਸਾਰਨ ਦਾ ਯਤਨ ਕੀਤਾ ਪਰ ਹੁਣ ਸੁਪਰੀਮ ਕੋਰਟ ਨੇ ਸਮੁੱਚੇ ਮਸਲੇ ਦੀ ਜਾਂਚ ਲਈ ਹਾਈ ਕੋਰਟਾਂ ਦੇ ਤਿੰਨ ਜੱਜਾਂ ਦੀ ਕਮੇਟੀ ਬਣਾ ਦਿੱਤੀ ਹੈ। ਉਂਝ, ਇਸ ਮਸਲੇ ਬਾਰੇ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਵੱਈਏ ਤੋਂ ਸਪਸ਼ਟ ਹੋ ਗਿਆ ਕਿ ਇਹ ਲੋਕ ਇਹ ਸਾਰਾ ਕੁਝ ਲੋਕ ਸਭਾ ਦੀ ਚੋਣਾਂ ਲਈ ਤਿਆਰੀ ਲਈ ਹੀ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.)ਨੇ ਆਪਣੇ ਪਰਚੇ 'ਦਿ ਆਰਗੇਨਾਈਜ਼ਰ' ਵਿਚ ਕਿਹਾ ਸੀ ਕਿ ਅਗਲੀਆਂ ਚੋਣਾਂ ਜਿੱਤਣ ਲਈ ਭਾਰਤੀ ਜਨਤਾ ਪਾਰਟੀ ਨੂੰ ਸਿਰਫ ਫਿਰਕੂ ਧਰੁਵੀਕਰਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ, ਇਸ ਨੂੰ ਕੁਝ ਹੋਰ ਵੀ ਕਰਨਾ ਪਵੇਗਾ। ਇਸ ਲਈ ਚੋਣਾਂ ਦੀ ਇਸ ਲਾਮਬੰਦੀ ਲਈ ਪਹਿਲਾਂ ਮਨੀਪੁਰ ਨੂੰ ਚੁਣਿਆ ਗਿਆ ਅਤੇ ਹੁਣ ਭਾਰਤੀ ਜਨਤਾ ਪਾਰਟੀ ਦੀ ਸੱਤਾ ਵਾਲੇ ਇਕ ਹੋਰ ਸੂਬੇ ਹਰਿਆਣਾ ਵਿਚ ਫਿਰਕੂ ਟਕਰਾਅ ਪੈਦਾ ਕੀਤਾ ਗਿਆ। ਹੋਰ ਤਾਂ ਹੋਰ, ਹਰਿਆਣਾ ਵਿਚ ਕਾਰਵਾਈ ਵੀ ਘੱਟਗਿਣਤੀਆਂ ਦੇ ਖਿਲਾਫ ਹੀ ਕੀਤੀ ਗਈ ਜਿਸ ਤਰ੍ਹਾਂ 2020 ਵਾਲੇ ਦਿੱਲੀ ਦੰਗਿਆਂ ਦੌਰਾਨ ਕੀਤਾ ਗਿਆ ਸੀ। ਹਰਿਆਣਾ ਦੇ ਮੇਵਾਤ ਇਲਾਕੇ ਵਿਚ ਘੱਟਗਿਣਤੀਆਂ ਨਾਲ ਸਬੰਧਿਤ ਘਰਾਂ ਉਤੇ ਬੁਲਡੋਜ਼ਰ ਚਲਾ ਦਿੱਤਾ ਗਿਆ। ਬਹਾਨਾ ਨਾਜਾਇਜ਼ ਉਸਾਰੀਆਂ ਦਾ ਬਣਾਇਆ ਗਿਆ। ਇਹ ਉਸੇ ਤਰ੍ਹਾਂ ਦੀ ਯੋਜਨਾਬੰਦੀ ਸੀ ਜਿਸ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੀ ਸੱਤਾ ਵਾਲੇ ਇਕ ਹੋਰ ਸੂਬੇ ਉਤਰ ਪ੍ਰਦੇਸ਼ ਵਿਚ ਕੀਤਾ ਗਿਆ ਸੀ। ਉਥੇ ਮੁੱਖ ਮੰਤਰੀ ਆਦਿੱਤਿਆ ਨਾਥ ਨੇ ਘੱਟਗਿਣਤੀਆਂ ਦੇ ਘਰਾਂ ਉਤੇ ਮਿਥ ਕੇ ਬੁਲਡੋਜ਼ਰ ਚਲਾਏ। ਹੁਣ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਦਖਲ ਤੋਂ ਬਾਅਦ ਹੀ ਹਰਿਆਣਾ ਸਰਕਾਰ ਨੇ ਘਰ ਢਾਹੁਣ ਦੀ ਮਹਿੰਮ ਰੋਕੀ ਹੈ। ਆਪਣੀ ਸੱਤਾ ਵਾਲੇ ਸੂਬਿਆਂ ਅੰਦਰ ਅਜਿਹੀਆਂ ਘਟਨਾਵਾਂ ਤੋਂ ਜ਼ਾਹਿਰ ਹੈ ਕਿ ਭਾਰਤੀ ਜਨਤਾ ਪਾਰਟੀ ਦਾਮਨਸ਼ਾ ਕੀ ਹੈ ਅਤੇ ਇਹ ਕਿਸ ਤਰ੍ਹਾਂ ਹਿੰਦੂ ਵੋਟਾਂ ਦੇ ਧਰੁਵੀਕਰਨ ਲਈ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾ ਰਹੀ ਹੈ।

ਘੱਟਗਿਣਤੀਆਂ ਖਿਲਾਫ ਨਫਰਤ ਦੀ ਇਹ ਮੁਹਿੰਮ ਕਿੰਨੀ ਖਤਰਨਾਕ ਅਤੇ ਘਾਤਕ ਹੈ, ਇਸ ਦਾ ਅੰਦਾਜ਼ਾ ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ ਤੋਂ ਹੋ ਜਾਂਦਾ ਹੈ। ਇਹ ਪਟੀਸ਼ਨ ਗੁਰੂਗ੍ਰਾਮ ਵਿਚ ਮੁਸਲਮਾਨਾਂ ਦੇ ਬਾਈਕਾਟ ਅਤੇ ਮਸਜਿਦਾਂ ਬੰਦ ਕਰਵਾਉਣ ਸਬੰਧੀ ਦਿੱਤੇ ਸੱਦਿਆਂ ਬਾਰੇ ਦਾਖ਼ਲ ਕੀਤੀ ਗਈ ਹੈ, ਨਾਲ ਹੀ ਮੰਗ ਕੀਤੀ ਗਈ ਹੈ ਕਿ ਅਜਿਹਾ ਫਿਰਕੂ ਤਣਾਅ ਪੈਦਾ ਕਰਨ ਵਾਲਿਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਪੱਤਰਕਾਰ ਸ਼ਾਹੀਨ ਅਬਦੁੱਲਾ ਵੱਲੋਂ ਦਾਖ਼ਲ ਇਸ ਪਟੀਸ਼ਨ ਵਿਚ ਗੁਰੂਗ੍ਰਾਮ ਵਿਚ ਵਾਪਰੀਆਂ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਦੌਰਾਨ ਇਹ ਕਿਹਾ ਗਿਆ ਕਿ ਘੱਟਗਿਣਤੀਆਂ ਨਾਲ ਸਬੰਧਿਤ ਵਿਅਕਤੀਆਂ ਨੂੰ ਆਪਣੀਆਂ ਦੁਕਾਨਾਂ ਵਿਚ ਕੰਮ 'ਤੇ ਰੱਖਣ ਵਾਲਿਆਂ ਨੂੰ 'ਗੱਦਾਰ' ਗਰਦਾਨਿਆ ਜਾਵੇਗਾ। ਹਰਿਆਣਾ ਵਿਚ ਨੂਹ ਹਿੰਸਾ ਮਗਰੋਂ ਪਹਿਲੀ ਤੋਂ ਲੈ ਕੇ 7 ਅਗਸਤ ਤੱਕ 27 ਰੈਲੀਆਂ ਕੀਤੀਆਂ ਗਈਆਂ ਜਿਨ੍ਹਾਂ 'ਚ ਮੁਸਲਮਾਨਾਂ ਦੇ ਕਤਲ ਅਤੇ ਉਨ੍ਹਾਂ ਦੇ ਸਮਾਜਿਕ-ਆਰਥਿਕ ਬਾਈਕਾਟ ਦਾ ਸ਼ਰੇਆਮ ਸੱਦਾ ਦਿੱਤਾ ਗਿਆ। ਪਟੀਸ਼ਨ 'ਚ ਰੈਲੀਆਂ ਸਬੰਧੀ ਕਈ ਰਿਪੋਰਟਾਂ ਅਤੇ ਵੀਡੀਓ ਹਵਾਲੇ ਵੀ ਦਿੱਤੇ ਗਏ ਹਨ। ਪਟੀਸ਼ਨ 'ਚ ਇਹ ਦਾਅਵਾ ਕੀਤਾ ਗਿਆ ਹੈ ਕਿ ਸਥਾਨਕ ਵਸਨੀਕਾਂ ਅਤੇ ਸਟੋਰ ਮਾਲਕਾਂ ਨੂੰ ਇਹ ਚਿਤਾਵਨੀ ਵੀ ਦਿੱਤੀ ਗਈ ਕਿ ਜੇ ਉਹ ਕਿਸੇ ਮੁਸਲਮਾਨ ਨੂੰ ਕੰਮ 'ਤੇ ਰੱਖਦੇ ਜਾਂ ਨਵਾਂ ਕੰਮ ਦਿੰਦੇ ਹਨ ਤਾਂ ਉਨ੍ਹਾਂ ਦਾ ਬਾਈਕਾਟ ਕੀਤਾ ਜਾਵੇਗਾ। ਇਨ੍ਹਾਂ ਸਮੁੱਚੇ ਹਾਲਾਤ ਤੋਂ ਜ਼ਾਹਿਰ ਹੈ ਕਿ ਮੁਲਕ ਅੰਦਰ ਘੱਟਗਿਣਤੀ ਭਾਈਚਾਰਿਆਂ ਨੂੰ ਕਿਸ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਬਣਦੀ ਕਾਰਵਾਈ ਨਾ ਕਰਨ 'ਤੇ ਲੋਕਾਂ ਨੂੰ ਅਦਾਲਤਾਂ ਦੇ ਦਰਵਾਜ਼ੇ ਖੜਕਾਉਣੇ ਪੈ ਰਹੇ ਹਨ, ਜਾਂ ਅਦਾਲਤਾਂ ਨੂੰ ਆਪਣੇ ਆਪ ਕਾਰਵਾਈ ਕਰਨੀ ਪੈ ਰਹੀ ਹੈ। ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਸੋਚ ਹੈ ਕਿ ਚੋਣ ਸਿਆਸਤ ਵਿਚ ਹਿੰਦੂ ਵੋਟਾਂ ਦਾ ਜਿੰਨਾ ਜ਼ਿਆਦਾ ਧਰੁਵੀਕਰਨ ਕੀਤਾ ਜਾਵੇਗਾ, ਓਨੀਆਂ ਹੀ ਵਧੇਰੇ ਵੋਟਾਂ ਇਸ ਨੂੰ ਪੈ ਸਕਦੀਆਂ ਹਨ। ਹੁਣ ਲੋੜ ਇਸ ਗੱਲ ਦੀ ਹੈ ਕਿ ਸਾਰੀਆਂ ਘੱਟਗਿਣਤੀਆਂ ਅਤੇ ਮਨੁੱਖ ਹਿਤੈਸ਼ੀ ਇਕੱਠੇ ਹੋ ਕੇ ਸੱਤਾਧਾਰੀਆਂ ਦੀ ਇਸ ਫਿਰਕੂ ਅਤੇ ਨਫਰਤੀ ਸਿਆਸਤ ਦਾ ਸਾਹਮਣਾ ਕਰਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਰਕਾਰ ਕਿ ਕੋਰਟ ਸੁਪਰੀਮ?

ਖੂੰਜੇ ਲਾਉਣ ਦੇ ਲਈ ਵਿਰੋਧੀਆਂ ਨੂੰ ਧੱਕੇ ਰਹਿਣ ਕਰਦੇ ਹੁਕਮਰਾਨ ਭਾਈ।
ਨਸ਼ਾ ਕੁਰਸੀ ਦਾ ਰੋਜ਼ ਫੁਰਮਾਨ ਕਰਦਾ ਲੋਕੀ ਸੁਣਦਿਆਂ ਹੋਣ ਹੈਰਾਨ ਭਾਈ।
ਤਾਨਾਸ਼ਾਹ ਬਣ ਬਹਿੰਦੇ ਨੇ ਚਾਰ ਦਿਨ ਦੇ 'ਵੋਟ-ਤੰਤਰ' ਨੂੰ ਕਰਨ ਵੀਰਾਨ ਭਾਈ।
ਚੋਰ-ਮੋਰੀਆਂ ਕਰਦੇ ਸੰਵਿਧਾਨ ਅੰਦਰ ਹੈ ਨੀ ਸਮਝਦੇ ਕੋਈ ਨਿਗਰਾਨ ਭਾਈ।
'ਬੈਂਚ' ਜੱਜਾਂ ਦਾ ਹੁਕਮ ਦੇਹ ਰੱਦ ਕਰਦਾ ਮਨਮਰਜ਼ੀ ਦੀ ਜਿਹੜੀ 'ਤਰਮੀਮ' ਹੁੰਦੀ।
ਪੰਜਾਂ ਸਾਲਾਂ ਲਈ ਬਣਦਿਓ ਹਾਕਮੋਂ ਜੀ, 'ਸੁਪਰ' ਤੁਸੀਂ ਨਹੀਂ ਕੋਰਟ ਸੁਪਰੀਮ ਹੁੰਦੀ!

# ਕੱਚੇ ਅਧਿਆਪਕਾਂ ਦਾ ਮਸਲਾ ਅਤੇ ਪੰਜਾਬ ਸਰਕਾਰ

ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਵੱਡਾ ਸਮਾਗਮ ਕਰ ਕੇ 12500 ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦਾ ਦਾਅਵਾ ਕੀਤਾ ਹੈ। ਇਸ ਸਮਾਗਮ ਨੂੰ ਵਿਸ਼ੇਸ਼ ਦਿੱਖ ਦਿੰਦਿਆਂ ਸਰਕਾਰ ਨੇ ਜਜ਼ਬਾਤੀ ਮਾਹੌਲ ਸਿਰਜ ਕੇ ਪੂਰਾ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ। ਸਰਕਾਰ ਨੇ ਖੁਦ ਦੀ ਪਿੱਠ ਥਾਪੜਨ ਲਈ 'ਕੱਚੇ ਅਧਿਆਪਕਾਂ ਅੱਗਿਓਂ ਕੱਚਾ ਸ਼ਬਦ ਹਟਾਉਣ ਜਾ ਰਹੇ ਹਾਂ' ਜਾਂ 'ਜੋ ਕਹਿੰਦੇ ਹਾਂ, ਉਹ ਕਰਦੇ ਹਾਂ' ਜਿਹੇ ਫੋਕੇ ਦਾਅਵੇ ਕੀਤੇ; ਹਕੀਕਤ ਇਹ ਹੈ ਕਿ ਨਾ ਹੀ ਤਾਂ ਕੱਚੇ ਅਧਿਆਪਕ ਪੱਕੇ ਕੀਤੇ ਗਏ ਅਤੇ ਨਾ ਹੀ ਸਰਕਾਰ ਜੋ ਕਹਿੰਦੀ ਹੈ, ਉਹ ਕਰਦੀ ਹੈ।

ਦਰਅਸਲ ਇਹ ਕੱਚੇ ਅਧਿਆਪਕ ਉਹਨਾਂ 32 ਹਜ਼ਾਰ ਕੱਚੇ ਮੁਲਾਜ਼ਮਾਂ ਦਾ ਹਿੱਸਾ ਹਨ ਜਿਨ੍ਹਾਂ ਨੂੰ ਪਹਿਲਾਂ ਅਕਾਲੀ-ਭਾਜਪਾ ਸਰਕਾਰ ਨੇ ਪੱਕੇ ਕਰਨ ਦਾ ਦਾਅਵਾ ਕਰ ਕੇ ਕਰੋੜਾਂ ਰੁਪਏ ਇਸ਼ਤਿਹਾਰਾਂ 'ਤੇ ਖਰਚੇ ਸਨ ਤੇ ਬਾਅਦ ਵਿਚ ਕਾਂਗਰਸ ਸਰਕਾਰ ਨੇ ਇਹੋ ਕੱਚੇ ਮੁਲਾਜ਼ਮ ਪੱਕੇ



ਕਰਨ ਦਾ ਦਾਅਵਾ ਕਰ ਕੇ ਇਸ਼ਤਿਹਾਰ ਜਾਰੀ ਕੀਤੇ ਸਨ ਅਤੇ ਹੁਣ ਪਿਛਲੇ ਡੇਢ ਸਾਲ ਵਿਚ 'ਆਪ' ਸਰਕਾਰ ਇਹਨਾਂ ਕੱਚੇ ਮੁਲਾਜ਼ਮਾਂ ਨੂੰ ਪੱਕੇ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਕਰਨ ਦੇ ਨਾਮ ਹੇਠ ਦੋ-ਤਿੰਨ ਵਾਰ ਕਰੋੜਾਂ ਰੁਪਏ ਇਸ਼ਤਿਹਾਰਾਂ 'ਤੇ ਖਰਚ ਕਰ ਚੁੱਕੀ ਹੈ। ਹਕੀਕਤ ਇਹ ਹੈ ਕਿ ਇਹ ਮੁਲਾਜ਼ਮ ਸਰਕਾਰ ਵੱਲੋਂ ਪੱਕੇ ਕਰਨ ਦੇ ਬਾਵਜੂਦ ਅਜੇ ਕੱਚੇ ਹੀ ਹਨ।

ਸਭ ਤੋਂ ਪਹਿਲਾਂ ਇਹ ਸਮਝਣਾ ਪਵੇਗਾ ਕਿ ਕੱਚੇ ਮੁਲਾਜ਼ਮ ਅਜੇ ਵੀ ਪੱਕੇ ਕਿਉਂ ਨਹੀਂ ਕੀਤੇ ਗਏ। ਮਸਲੇ ਦੀ ਜੜ੍ਹ ਇਹ ਹੈ ਕਿ ਰੂਸੀ ਇਨਕਲਾਬ ਤੋਂ ਬਾਅਦ ਜਦ ਦੁਨੀਆ ਭਰ ਵਿਚ ਸਮਾਜਵਾਦੀ ਇਨਕਲਾਬ ਦੀ ਗੂੰਜ ਪੈ ਰਹੀ ਸੀ ਤਾਂ ਚੀਨ ਸਮੇਤ ਦਰਜਨਾਂ ਮੁਲਕਾਂ ਵਿਚ ਇਨਕਲਾਬ ਅੰਗੜਾਈਆਂ ਲੈ ਰਿਹਾ ਸੀ, ਤਦ ਭਾਰਤੀ ਹਾਕਮ ਜਮਾਤ ਨੇ ਵੀ 1947 ਦੀ ਸੱਤਾ ਤਬਦੀਲੀ ਨੂੰ ਲੋਕ ਪੱਖੀ ਮੁਲੰਮਾ ਚਾੜ੍ਹਨ ਲਈ ਦੇਸ਼ ਵਿਚ ਸਰਕਾਰੀ ਸੰਸਥਾਵਾਂ ਅਤੇ ਸਰਕਾਰੀ ਨੌਕਰੀਆਂ ਦੇਣ ਦੀ ਨੀਤੀ ਅਪਣਾਈ ਪਰ ਜਿਉਂ ਹੀ ਦੁਨੀਆ ਭਰ ਵਿਚ ਅਮਰੀਕੀ ਸਾਮਰਾਜ ਦਾ ਬੋਲਬਾਲਾ ਹੋਇਆ ਤਾਂ 1990ਵਿਆਂ ਵਿਚ ਭਾਰਤੀ ਹਾਕਮ ਜਮਾਤ ਨੇ ਵੀ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀਆਂ ਨੀਤੀਆਂ ਲਾਗੂ ਕਰਦਿਆਂ ਸਰਕਾਰੀ ਸੰਸਥਾਵਾਂ ਤੇ ਸਰਕਾਰੀ ਨੌਕਰੀਆਂ ਤੋਂ ਹੱਥ ਖਿੱਚ ਲਿਆ। ਨਿੱਜੀਕਰਨ ਦੀ ਨੀਤੀ ਲਾਗੂ ਕਰਦਿਆਂ ਸਰਕਾਰ ਨੇ 2004 ਤੋਂ ਪੁਰਾਣੀ ਪੈਨਸ਼ਨ ਬੰਦ ਕਰ ਦਿੱਤੀ ਅਤੇ ਸਰਕਾਰੀ ਨੌਕਰੀਆਂ ਦਾ ਭੋਗ ਪਾਉਂਦਿਆਂ ਠੇਕਾ ਆਧਾਰਿਤ ਭਰਤੀਆਂ ਨੂੰ ਉਤਸ਼ਾਹਿਤ ਕੀਤਾ। ਹੁਣ ਤਾਂ ਇਹਨਾਂ ਫੌਜ ਵੀ ਨਹੀਂ ਬਖਸ਼ੀ, ਉਸ ਵਿਚ ਵੀ ਅਗਨੀਵੀਰ ਯੋਜਨਾ ਤਹਿਤ ਚਾਰ ਸਾਲ ਲਈ ਉੱਕਾ-ਪੁੱਕਾ ਤਨਖਾਹ 'ਤੇ ਨੌਜਵਾਨ ਭਰਤੀ ਕੀਤੇ ਜਾਂਦੇ ਹਨ।

ਆਮ ਆਦਮੀ ਪਾਰਟੀ ਵੀ ਭਾਰਤੀ ਹਾਕਮ ਜਮਾਤ ਦੀਆਂ ਰਵਾਇਤੀ ਪਾਰਟੀਆਂ ਦੀ ਪੈੜ ਵਿਚ ਪੈੜ ਧਰਨ ਵਾਲੀ ਪਾਰਟੀ ਹੈ; ਫਰਕ ਸਿਰਫ ਇਹ ਹੈ ਕਿ ਕੁਨੀਨ ਦੀ ਇਹ ਗੋਲੀ ਗੁੜ ਵਿਚ ਲਪੇਟ ਕੇ ਦਿੰਦੀ ਹੈ। ਇਹਨਾਂ ਵੱਲੋਂ ਵੀ ਨਿੱਜੀਕਰਨ ਦੀ ਨੀਤੀ ਵਧ ਚੜ੍ਹ ਕੇ ਲਾਗੂ ਕਰਦਿਆਂ ਠੇਕਾ ਆਧਾਰਿਤ ਭਰਤੀਆਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਇਹ ਦਾਅਵਾ ਤਾਂ ਕਰਦੇ ਹਨ ਕਿ ਉਹਨਾਂ 29 ਹਜ਼ਾਰ ਤੋਂ ਵੱਧ ਮੁਲਾਜ਼ਮ ਭਰਤੀ ਕੀਤੇ ਹਨ ਪਰ ਕੀ ਇਹ ਦਾਅਵਾ ਕਰ ਸਕਦੇ ਹਨ ਕਿ ਸਾਰੀਆਂ ਨਿਯੁਕਤੀ ਬਣਦੀ ਪੂਰੀ ਤਨਖਾਹ ਤਹਿਤ ਕੀਤੀਆਂ ਹਨ। ਮੁੱਖ ਮੰਤਰੀ ਪਿਛਲੀਆਂ ਸਰਕਾਰਾਂ ਵਾਂਗ ਤਿੰਨ ਸਾਲ ਲਈ ਸਿਰਫ ਮੁੱਢਲੀ ਤਨਖਾਹ (ਨਿਗੂਣੀ ਤਣਖਾਹ) ਵਾਲੇ ਨਿਯੁਕਤੀ ਪੱਤਰ ਵੰਡ ਰਹੇ ਹਨ ਤੇ ਉਹਨਾਂ ਨਿਯੁਕਤੀ ਪੱਤਰਾਂ 'ਤੇ ਸਾਫ ਲਿਖਿਆ ਹੋਇਆ ਹੈ ਕਿ ਨਵੀਂ ਪੈਨਸ਼ਨ ਸਕੀਮ ਲਾਗੂ ਹੋਵੇਗੀ।

ਮੁੱਖ ਮੰਤਰੀ ਦਾ ਇਹ ਐਲਾਨ ਕਿ 'ਕੱਚੇ ਕਾਮੇ ਪੱਕੇ ਕੀਤੇ, 58 ਸਾਲ ਤੱਕ ਤੁਹਾਨੂੰ ਕੋਈ ਹਿਲਾਊ ਨਹੀਂ' ਨੇ ਤਾਂ ਪੱਕੀ ਭਰਤੀ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ। ਸਿੱਧਾ ਇਹ ਕਹਿਣ ਦੀ ਬਜਾਇ ਕਿ ਕੁਝ ਤਨਖਾਹ ਵਾਧੇ ਨਾਲ ਤੁਹਾਡਾ ਠੇਕਾ 58 ਸਾਲ ਦੀ ਉਮਰ ਤੱਕ ਵਧਾਇਆ ਜਾਂਦਾ ਹੈ, ਇਹ ਕਿਹਾ ਗਿਆ ਹੈ ਕਿ ਤੁਹਾਨੂੰ ਪੱਕੇ ਕੀਤਾ ਜਾਂਦਾ ਹੈ।

ਪੱਕੇ ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹ ਬਕਾਇਦਾ ਪੇਅ ਗਰੇਡ ਵਾਲੀ ਤਨਖਾਹ ਪ੍ਰਣਾਲੀ ਰਾਹੀਂ ਤੈਅ ਹੁੰਦੀ ਹੈ। ਕਈ ਕਿਸਮ ਦੇ ਭੱਤੇ ਮਿਲਦੇ ਹਨ, ਪਦ-ਉੱਨਤੀ ਦੇ ਮੌਕੇ ਮਿਲਦੇ ਹਨ



ਪਰ ਇਹਨਾਂ ਅਧਿਆਪਕਾਂ ਨੂੰ ਰੈਗੂਲਰ ਅਧਿਆਪਕਾਂ ਵਾਲਾ ਕੋਈ ਪੇਅ ਗਰੇਡ ਨਹੀਂ ਦਿੱਤਾ ਗਿਆ। ਇਹਨਾਂ ਦੀ ਤਨਖਾਹ ਦੀ ਅਦਾਇਗੀ ਸਿੱਧੀ ਖਜ਼ਾਨੇ ਵਿਚੋਂ ਜਾਰੀ ਹੋਣ ਦੀ ਬਜਾਇ ਸਰਕਾਰ ਵੱਲੋਂ ਜਾਰੀ ਵਿਸ਼ੇਸ਼ ਗਰਾਂਟ ਰਾਹੀਂ ਹੋਵੇਗੀ। ਇਹਨਾਂ ਨੂੰ ਕੋਈ ਮੈਡੀਕਲ ਭੱਤਾ ਨਹੀਂ ਦਿੱਤਾ ਜਾਵੇਗਾ, ਕਿਸੇ ਕਿਸਮ ਦੀ ਸਾਲਾਨਾ ਤਰੱਕੀ ਨਹੀਂ ਦਿੱਤੀ ਜਾਵੇਗੀ। ਕੋਈ ਮਹਿੰਗਾਈ, ਮਕਾਨ, ਮੋਬਾਈਲ ਭੱਤਾ ਨਹੀਂ ਦਿੱਤਾ ਜਾਵੇਗਾ। ਕਿਸੇ ਵੀ ਤਰ੍ਹਾਂ ਦੀ ਮੈਡੀਕਲ ਸਹੂਲਤ ਨਹੀਂ ਹੈ। ਯਾਤਰਾ ਰਿਆਇਤੀ ਛੋਟ ਨਹੀਂ ਹੈ, ਐਕਸਗਰੇਸ਼ੀਆ ਲਾਭ ਨਹੀਂ ਹੈ, ਕੋਈ ਗਰੈਚੁਇਟੀ ਵੀ ਨਹੀਂ ਹੈ, ਪੁਰਾਣੀ ਪੈਨਸ਼ਨ ਨਹੀਂ ਹੈ। ਸਭ ਤੋਂ ਅਹਿਮ, ਨੌਕਰੀ ਦੌਰਾਨ ਅਧਿਆਪਕ ਦੀ ਮੌਤ 'ਤੇ ਉਸ ਦੇ ਵਾਰਿਸ ਨੂੰ ਨੌਕਰੀ ਦਾ ਕੋਈ ਪ੍ਰਬੰਧ ਨਹੀਂ।

ਫਿਰ ਇਹ ਮੁਲਾਜ਼ਮ ਪੱਕੇ ਕਿਵੇਂ ਹੋਏ? ਵੈਸੇ ਮੁੱਖ ਮੰਤਰੀ ਨੂੰ ਇਹ ਭੁਲੇਖਾ ਕੱਢ ਦੇਣਾ ਚਾਹੀਦਾ ਹੈ ਕਿ 58 ਸਾਲ ਉਮਰ ਤੱਕ ਇਹਨਾਂ ਨੂੰ ਕੋਈ ਸਰਕਾਰ ਹਟਾਉਣ ਦੀ ਜੁਅਰਤ ਕਰ ਸਕਦੀ ਸੀ ਕਿਉਂਕਿ ਇਹ ਸੰਘਰਸ਼ਾਂ ਦੀ ਧਰਤੀ ਪੰਜਾਬ ਹੈ ਜਿੱਥੇ ਸਰਕਾਰ ਨੂੰ ਲੋਕ ਰੋਹ ਅੱਗੇ ਪਿਛਾਂਹ ਮੁੜਨਾ ਹੀ ਪਿਆ ਹੈ। ਦੂਜੀ ਚਲਾਕੀ ਸਰਕਾਰ ਨੇ ਇਹ ਕੀਤੀ ਹੈ ਕਿ 12500 ਦਾ ਇਹ ਕਾਡਰ, ਵਿਸ਼ੇਸ਼ ਕਾਡਰ ਬਣਾ ਕੇ ਇਹਨਾਂ ਦੀ ਸੇਵਾ ਮੁਕਤੀ ਉਪਰੰਤ ਆਸਾਮੀਆਂ ਦੇ ਖਾਤਮੇ ਦਾ ਰਾਹ ਖੋਲ੍ਹ ਦਿੱਤਾ ਹੈ।

ਸੁਪਰੀਮ ਕੋਰਟ ਦਾ ਫੈਸਲਾ ਹੈ: 'ਬਰਾਬਰ ਕੰਮ, ਬਰਾਬਰ ਤਨਖਾਹ' ਪਰ ਕਿਸੇ ਵੀ ਸੂਬਾ ਸਰਕਾਰ ਨੇ ਇਹ ਫੈਸਲਾ ਅਜੇ ਤੱਕ ਲਾਗੂ ਨਹੀਂ ਕੀਤਾ। 'ਆਪ' ਸਰਕਾਰ ਇਹ ਫੈਸਲਾ ਲਾਗੂ ਕਰਨ ਦੀ ਥਾਂ ਇਸ ਦੇ ਬਦਲ ਵਜੋਂ ਕਾਨੂੰਨੀ ਚਾਰਾਜੋਈ ਦੇ ਰਾਹ ਪਈ ਹੋਈ ਹੈ।

'ਆਪ' ਸਰਕਾਰ ਦੇ ਬਹੁਤ ਸਾਰੇ ਹਮਾਇਤੀ ਅਤੇ ਕਈ ਆਪੂੰ ਬਣੇ ਬੁੱਧੀਜੀਵੀ ਸਰਕਾਰ ਦੇ ਫੈਸਲੇ ਦੇ ਪੱਖ ਵਿਚ ਦਲੀਲ ਦੇ ਰਹੇ ਹਨ ਕਿ ਇਹ ਅਧਿਆਪਕ ਯੋਗਤਾ ਪੂਰੀ ਨਹੀਂ ਕਰਦੇ ਸਨ, ਇਸ ਕਰ ਕੇ ਕਾਨੂੰਨੀ ਅੜਿੱਕੇ ਦੇ ਡਰੋਂ ਵਕਤੀ ਤੌਰ 'ਤੇ ਇਸ ਤਰ੍ਹਾਂ ਦਾ ਫੈਸਲਾ ਕੀਤਾ ਹੈ। ਜੇ ਉਹਨਾਂ ਦੀ ਮੰਨ ਲਈਏ ਤਾਂ ਫਿਰ ਮੰਤਰੀਆਂ/ਅਫਸਰਾਂ ਖਿਲਾਫ ਕਾਨੂੰਨੀ ਕਾਰਵਾਈ ਕਿਉਂ ਨਹੀਂ ਕੀਤੀ ਗਈ ਜਿਨ੍ਹਾਂ 'ਅਯੋਗ' ਅਧਿਆਪਕ ਭਰਤੀ ਕੀਤੇ; ਦੂਜਾ ਇਹ ਕਿ ਸਿੱਖਿਆ ਤੇ ਸਿਹਤ ਦੋਵੇਂ ਅਹਿਮ ਵਿਭਾਗ ਹਨ ਤੇ ਜੇ ਕੋਈ ਅਧਿਆਪਕ ਜਾਂ ਡਾਕਟਰ ਸਰਕਾਰ ਅਨੁਸਾਰ ਅਯੋਗ ਹੈ ਤਾਂ ਉਸ ਨੂੰ ਤੁਰੰਤ ਟਰੇਨਿੰਗ 'ਤੇ ਭੇਜ ਕੇ ਉਸ ਦੀ ਯੋਗਤਾ ਪੂਰੀ ਕਰਨੀ ਚਾਹੀਦੀ ਹੈ ਜਾਂ ਫਿਰ ਉਸ ਦੀ ਤਨਖਾਹ ਘਟਾ ਕੇ ਉਸ ਨੂੰ ਲੋਕਾਂ ਦੀ 'ਸੇਵਾ' ਵਿਚ ਲਗਾ ਦੇਣਾ ਚਾਹੀਦਾ ਹੈ। ਕੀ ਰੈਗੂਲਰ ਅਧਿਆਪਕਾਂ ਨੂੰ ਮਿਲਣ ਵਾਲੇ ਲਾਭਾਂ ਤੋਂ ਪਾਸੇ ਰੱਖ ਕੇ ਯੋਗਤਾ ਪੂਰੀ ਹੋਵੇਗੀ ਜਾਂ ਫਿਰ ਟਰੇਨਿੰਗ ਨਾਲ, ਖੈਰ! ਇਹ ਸਰਕਾਰ ਅਤੇ ਉਸ ਦੇ ਹਮਾਇਤੀਆਂ ਦੀ ਸਿਰੇ ਦੀ ਆਪਾ-ਵਿਰੋਧੀ ਦਲੀਲ ਹੈ।

ਸਾਮਰਾਜੀ ਮੁਲਕਾਂ ਦਾ ਸਿਧਾਂਤ ਹੈ 'ਵਰਤੋ ਤੇ ਸੁੱਟੋ'; ਉਹੀ ਨੀਤੀ ਸਾਡੀਆਂ ਸਰਕਾਰਾਂ ਆਪਣੇ ਮੁਲਾਜ਼ਮਾਂ ਪ੍ਰਤੀ ਅਪਣਾ ਰਹੀਆਂ ਹਨ ਅਤੇ ਨਿਗੂਣੀਆਂ ਤਨਖਾਹਾਂ ਤਹਿਤ ਆਰਥਿਕ, ਮਾਨਸਿਕ ਸ਼ੋਸ਼ਣ ਕਰ ਕੇ ਸੇਵਾ ਮੁਕਤੀ ਉਪਰੰਤ ਪੈਨਸ਼ਨ ਦੇ ਲਾਭ ਤੋਂ ਵਾਂਝਾ ਕਰ ਰਹੀਆਂ ਹਨ। ਵੈਸੇ ਤਨਖਾਹਾਂ ਵਿਚ ਹੋਇਆ ਵਾਧਾ ਵੀ ਇਹਨਾਂ ਕੱਚੇ ਅਧਿਆਪਕਾਂ ਦੇ ਸੰਘਰਸ਼ ਦਾ ਨਤੀਜਾ ਹੈ; ਨਹੀਂ ਤਾਂ ਸਰਕਾਰ ਨੇ ਇਸ ਤੋਂ ਵੀ ਕਿਨਾਰਾ ਕਰ ਲੈਣਾ ਸੀ। ਸਿਹਤ ਵਿਭਾਗ ਦੇ ਕੱਚੇ ਮੁਲਾਜ਼ਮਾਂ ਸਮੇਤ ਬਾਕੀ ਵਿਭਾਗਾਂ ਦੇ ਕੱਚੇ ਮੁਲਾਜ਼ਮਾਂ ਦੀ ਤਨਖਾਹ ਵਿਚ ਅਜੇ ਤੱਕ ਧੇਲੇ ਦਾ ਵਾਧਾ ਨਹੀਂ ਕੀਤਾ ਗਿਆ। ਇਹਨਾਂ ਕੱਚੇ ਅਧਿਆਪਕਾਂ ਦਾ ਇੱਕ ਹਿੱਸਾ ਅਜੇ ਵੀ ਸੰਗਰੂਰ ਜ਼ਿਲ੍ਹੇ ਦੇ ਪਿੰਡ ਖੁਰਾਣਾ ਦੀ ਪਾਣੀ ਵਾਲੀ ਟੈਂਕੀ 'ਤੇ ਸੰਘਰਸ਼ ਮਘਾ ਰਿਹਾ ਹੈ। ਉਹਨਾਂ ਦੀ ਗਿਣਤੀ ਸੀਮਤ ਹੋ ਸਕਦੀ ਹੈ ਪਰ ਉਹਨਾਂ ਦੇ ਸੰਘਰਸ਼ ਦੀ ਲੋਅ ਮੱਧਮ ਨਹੀਂ ਪਈ ਬਲਕਿ ਉਹਨਾਂ ਸੰਘਰਸ਼ ਆਸ ਦੀ ਉਹ ਕਿਰਨ ਹੈ ਜੋ ਬਾਕੀ ਵਿਭਾਗਾਂ ਦੇ ਕੱਚੇ ਮੁਲਾਜ਼ਮਾਂ ਲਈ ਵੀ ਰਾਹ ਦਸੇਰਾ ਬਣੇਗੀ।

ਪੰਜਾਬ ਵਿਚ 1970-80 ਦੇ ਦਹਾਕੇ ਵਿਚ ਅਧਿਆਪਕ ਲਹਿਰ ਦੀ ਚੜ੍ਹਤ ਸੀ। ਉਸ ਸਮੇਂ ਅਧਿਆਪਕਾਂ ਨੇ ਇਤਿਹਾਸਕ ਸੰਘਰਸ਼ ਲੜਦਿਆਂ ਹਕੂਮਤ ਨੂੰ ਤ੍ਰੇਲੀਆਂ ਲਿਆ ਦਿੱਤੀਆਂ ਸਨ ਲੇਕਿਨ ਹੁਣ ਸਾਨੂੰ ਇਹ ਮੰਨਣਾ ਪਵੇਗਾ ਕਿ ਟੁੱਟਾਂ-ਭੱਜਾਂ ਅਤੇ ਕਈ ਜਥੇਬੰਦੀਆਂ ਵਿਚ ਵੰਡੀ ਅਧਿਆਪਕ ਲਹਿਰ ਸਰਕਾਰ ਨੂੰ ਫਸਵੀਂ ਟੱਕਰ ਨਹੀਂ ਦੇ ਸਕੀ। ਜੇ ਦਹਾਕਾ ਭਰ ਨਿਗੂਣੀਆਂ ਤਨਖਾਹਾਂ 'ਤੇ ਨੌਕਰੀ ਕਰ ਕੇ ਦਰਜਨਾਂ ਵਾਰ ਟੈਂਕੀਆਂ 'ਤੇ ਚੜ੍ਹ ਕੇ ਅਤੇ ਪੁਲਿਸ ਦੀਆਂ ਡਾਂਗਾਂ, ਜੇਲ੍ਹਾਂ ਦਾ ਸੇਕ ਝੱਲ ਕੇ ਮਹਿਜ਼ ਤਨਖਾਹ ਵਾਧੇ ਉਪਰੰਤ ਕੱਚੇ ਅਧਿਆਪਕਾਂ ਦੇ ਕੁਝ ਆਗੂ ਜਨਤਕ ਤੌਰ 'ਤੇ ਮੁੱਖ ਮੰਤਰੀ ਦਾ ਗੁਣਗਾਣ ਕਰਨ ਤਾਂ ਇਹ ਸਮੁੱਚੀ ਅਧਿਆਪਕ ਲਹਿਰ ਲਈ ਚਿੰਤਨ ਦਾ ਸਵਾਲ ਹੈ।

ਯੋਗਤਾ ਅਨੁਸਾਰ ਰੁਜ਼ਗਾਰ ਤੇ ਰੁਜ਼ਗਾਰ ਅਨੁਸਾਰ ਮਿਹਨਤਾਨਾ ਹਰ ਨੌਜਵਾਨ ਦਾ ਅਧਿਕਾਰ ਹੈ ਤੇ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਨੌਜਵਾਨਾਂ ਨੂੰ ਸਥਾਈ ਰੁਜ਼ਗਾਰ ਤੇ ਸੇਵਾ ਮੁਕਤੀ ਉਪਰੰਤ ਬਣਦੇ ਪੈਨਸ਼ਨ ਲਾਭ ਮੁਹੱਈਆ ਕਰੇ। ਜੇ ਕੋਈ ਸਰਕਾਰ ਇਸ ਤਰ੍ਹਾਂ ਨਹੀਂ ਕਰਦੀ ਤਾਂ ਉਸ ਸਰਕਾਰ ਤੋਂ ਆਪਣੇ ਹੱਕ ਹਾਸਲ ਕਰਨ ਲਈ ਸੰਘਰਸ਼ ਕਰਨਾ ਵੀ ਨੌਜਵਾਨਾਂ ਦਾ ਹੱਕ ਹੈ ਪਰ 'ਆਪ' ਸਰਕਾਰ ਨੇ ਕੱਚੇ ਮੁਲਾਜ਼ਮਾਂ ਨੂੰ ਉਹਨਾਂ ਦੇ ਬਣਦੇ ਹੱਕ ਦੇਣ ਸਮੇਂ ਇਸ ਤਰ੍ਹਾਂ ਦੀ ਪੇਸ਼ਕਾਰੀ/ਕਲਾਕਾਰੀ ਕੀਤੀ ਹੈ, ਜਿਵੇਂ ਕੋਈ ਅਹਿਸਾਨ ਕੀਤਾ ਹੋਵੇ। ਮੁੱਖ ਮੰਤਰੀ ਦਾਅਵੇ ਤਾਂ ਇਹ ਕਰਦੇ ਸਨ ਕਿ ਇੱਥੇ ਅੰਗਰੇਜ਼ ਨੌਕਰੀ ਕਰਨ ਆਇਆ ਕਰਨਗੇ ਪਰ ਅੰਗਰੇਜ਼ ਤਾਂ ਛੱਡੋ, ਜਿੰਨੀ ਵੱਡੀ ਪੱਧਰ 'ਤੇ ਸੂਬੇ ਵਿਚੋਂ ਪਰਵਾਸ ਹੋ ਰਿਹਾ ਹੈ, ਜੇ ਸਰਕਾਰ ਇਸੇ ਤਰ੍ਹਾਂ 'ਪੱਕੀਆਂ ਨੌਕਰੀਆਂ' ਦਿੰਦੀ ਰਹੀ ਤਾਂ ਉਹ ਵੀ ਨਹੀਂ ਰੁਕਣਾ।

ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਸੂਬੇ ਦੇ ਸਾਰੇ ਕੱਚੇ/ਠੇਕਾ ਆਧਾਰਿਤ/ ਆਊਟਸੋਰਸ ਮੁਲਾਜ਼ਮ ਪੂਰੇ ਸਕੇਲਾਂ ਤਹਿਤ ਰੈਗੂਲਰ ਕਰੇ ਤੇ ਸਾਰੇ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਨਵੇਂ ਨਿਯੁਕਤੀ ਪੱਤਰ ਦੇਣ ਸਮੇਂ ਤਿੰਨ ਸਾਲ ਪ੍ਰੋਵੇਸ਼ਨ ਪੀਰੀਅਡ ਤਹਿਤ ਸਿਰਫ ਮੁੱਢਲੀ ਤਨਖਾਹ ਦੇਣ ਦੀ ਬੇਲੋੜੀ ਸ਼ਰਤ ਹਟਾਈ ਜਾਵੇ।

# ਮੇਵਾਤ ਵਿਚ ਫਿਰਕੂ ਹਿੰਸਾ ਅਤੇ ਸੰਘ ਬ੍ਰਿਗੇਡ ਦੇ ਮਨਸੂਬੇ

'ਭਾਰਤ ਜਲਾਓ ਹਕੂਮਤ' ਨੇ ਮਨੀਪੁਰ ਤੋਂ ਬਾਅਦ ਹਰਿਆਣਾ-ਰਾਜਸਥਾਨ-ਯੂ.ਪੀ. ਦੇ ਸਰਹੱਦੀ ਖੇਤਰ ਮੇਵਾਤ 'ਚ ਫਿਰਕੂ ਅੱਗ ਲਾ ਦਿੱਤੀ ਹੈ। ਸੰਘ ਬ੍ਰਿਗੇਡ ਦੀ ਖ਼ਸਲਤ ਦੇ ਭੇਤੀ ਜਾਗਰੂਕ ਹਿੱਸਿਆਂ ਦਾ ਖ਼ਦਸ਼ਾ ਸੱਚ ਸਾਬਤ ਹੋਇਆ ਹੈ ਕਿ 2024 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਅਤੇ ਕੁਝ ਰਾਜਾਂ ਦੀਆਂ ਚੋਣਾਂ ਤੋਂ ਪਹਿਲਾਂ ਪਤਾ ਨਹੀਂ ਕਿਸ-ਕਿਸ ਰਾਜ ਨੂੰ ਮਨੀਪੁਰ ਵਰਗੇ ਹਾਲਾਤ ਦੇਖਣੇ ਪੈਣ। ਨੂਹ ਤੇ ਗੁੜਗਾਓਂ ਜ਼ਿਲ੍ਹਿਆਂ 'ਚ ਫਿਰਕੂ ਝੜਪਾਂ 'ਚ 6 ਵਿਅਕਤੀ ਮਾਰੇ ਗਏ ਅਤੇ ਵੱਡੇ ਪੈਮਾਨੇ 'ਤੇ ਸਾੜ-ਫੂਕ ਹੋਈ ਹੈ। ਗੁੜਗਾਓਂ 'ਚ ਮੁਸਲਮਾਨਾਂ ਦੀਆਂ 60 ਦੁਕਾਨਾਂ ਸਾੜ ਦਿੱਤੀਆਂ ਗਈਆਂ। ਹਿੰਦੂ ਜਨੂੰਨੀਆਂ ਨੇ ਦੋ ਮਸਜਿਦਾਂ ਸਾੜ ਦਿੱਤੀਆਂ ਅਤੇ ਇਕ ਮਸਜਿਦ ਉੱਪਰ ਹਮਲਾ ਕਰ ਕੇ ਨੌਜਵਾਨ ਇਮਾਮ ਨੂੰ ਕਤਲ ਕਰ ਦਿੱਤਾ ਜੋ ਭਾਈਚਾਰਕ ਏਕਤਾ ਦਾ ਪੈਗ਼ਾਮ ਦੇ ਰਿਹਾ ਸੀ। ਫਿਰਕੂ ਅੱਗ ਅਜੇ ਵੀ ਜਲ ਰਹੀ ਹੈ। ਗੁੜਗਾਓਂ, ਪਲਵਲ ਆਦਿ 'ਚ ਵੀ ਭਿਆਨਕ ਹਿੰਸਾ ਭੜਕਣ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਦੀਆਂ ਖ਼ਬਰਾਂ ਹਨ। ਪੁਲਿਸ ਨੇ ਨਾਬਾਲਗ ਬੱਚਿਆਂ ਸਮੇਤ ਸੈਂਕੜੇ ਮੁਸਲਮਾਨ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪਿੰਡਾਂ ਦੇ ਪਿੰਡ ਖ਼ਾਲੀ ਹੋ ਗਏ ਤੇ ਮੁਸਲਮਾਨ ਪੁਲਿਸ ਤੋਂ ਬਚਣ ਲਈ ਇੱਧਰ ਉੱਧਰ ਚਲੇ ਗਏ ਹਨ। ਗੁੜਗਾਓਂ 'ਚ ਭਗਵੇ ਦਹਿਸ਼ਤੀ ਗੈਂਗ ਮਕਾਨ ਮਾਲਕਾਂ ਨੂੰ ਡਰਾ-ਧਮਕਾ ਰਹੇ ਹਨ ਕਿ ਮੁਸਲਮਾਨ ਕਿਰਾਏਦਾਰਾਂ ਤੋਂ ਮਕਾਨ ਖ਼ਾਲੀ ਕਰਾ ਲਓ। ਪਰਵਾਸੀ ਕਿਰਤੀਆਂ ਦੀ ਸ਼ਨਾਖ਼ਤ ਕਰ ਕੇ ਮੁਸਲਮਾਨਾਂ ਨੂੰ ਕੁੱਟ-ਕੁੱਟ ਕੇ ਉੱਥੋਂ ਭਜਾਇਆ ਜਾ ਰਿਹਾ ਹੈ। ਇਸ ਦਹਿਸ਼ਤ ਨਾਲ ਸਹਿਮੇ 200 ਤੋਂ ਵਧੇਰੇ ਮੁਸਲਮਾਨ ਪਰਿਵਾਰ 2 ਅਗਸਤ ਤੱਕ ਘਰ-ਬਾਰ ਛੱਡ ਕੇ ਚਲੇ ਗਏ ਅਤੇ ਬਾਕੀ ਮੁਸਲਮਾਨ ਵੀ ਦਹਿਸ਼ਤ ਦੇ ਪ੍ਰਛਾਵੇਂ ਹੇਠ ਹਨ।

31 ਜੁਲਾਈ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਆਦਿ ਨੇ ਗੁੜਗਾਓਂ (ਸੰਘੀਆਂ ਦਾ 'ਗੁਰੂਗ੍ਰਾਮ') ਅਤੇ ਨੂਹ ਜ਼ਿਲ੍ਹਿਆਂ ਵਿਚ 'ਬ੍ਰਜਮੰਡਲ ਜਲ ਅਭਿਸ਼ੇਕ ਯਾਤਰਾ' ਕੱਢਣ ਦੀ ਯੋਜਨਾ ਬਣਾਈ ਤਾਂ ਜੋ ਇਸ ਬਹਾਨੇ ਮੁਸਲਮਾਨਾਂ ਨੂੰ ਭੜਕਾ ਕੇ ਉਨ੍ਹਾਂ ਉੱਪਰ ਹਮਲੇ ਕੀਤੇ ਜਾ ਸਕਣ। ਗੁੜਗਾਓਂ ਖੇਤਰ ਪਿਛਲੇ ਸਮੇਂ 'ਚ ਮੁਸਲਮਾਨਾਂ ਦੇ ਜਨਤਕ ਤੌਰ 'ਤੇ ਨਮਾਜ਼ ਪੜ੍ਹਨ ਉੱਪਰ ਪਾਬੰਦੀ ਲਾਉਣ ਅਤੇ ਹਿੰਦੂਤਵੀ ਦਹਿਸ਼ਤੀ ਗਰੁੱਪਾਂ ਵੱਲੋਂ ਨਮਾਜ਼ ਪੜ੍ਹ ਰਹੇ ਮੁਸਲਮਾਨਾਂ ਨੂੰ ਭੜਕਾਉਣ ਲਈ ਉੱਥੇ ਉੱਚੀ ਆਵਾਜ਼ 'ਚ ਹਨੂਮਾਨ ਚਾਲੀਸਾ ਪੜ੍ਹਨ ਦੀਆਂ ਲਗਾਤਾਰ ਘਟਨਾਵਾਂ ਕਾਰਨ ਵੀ ਸੁਰਖ਼ੀਆਂ 'ਚ ਰਿਹਾ ਹੈ। ਪ੍ਰਸ਼ਾਸਨ ਅਤੇ ਪੁਲਿਸ ਹਿੰਦੂਤਵੀ ਫਾਸ਼ੀ ਗਰੋਹਾਂ ਵਿਰੁੱਧ ਕਾਰਵਾਈ ਕਰਨ ਦੀ ਬਜਾਇ ਖੱਟਰ ਹਕੂਮਤ ਦੇ ਇਸ਼ਾਰੇ 'ਤੇ ਮੁਸਲਮਾਨਾਂ ਉੱਪਰ ਬੰਦਸ਼ਾਂ ਲਾਉਂਦੇ ਦੇਖੇ ਗਏ। ਲਿਹਾਜ਼ਾ, ਹਿੰਦੂਤਵ ਜਥੇਬੰਦੀਆਂ ਮੁਸਲਮਾਨ ਭਾਈਚਾਰੇ ਦੇ ਨਮਾਜ਼ ਪੜ੍ਹਨ ਦਾ ਹੱਕ ਖੋਹਣਾ ਅਤੇ ਮੁਸਲਿਮ ਇਲਾਕਿਆਂ 'ਚ ਧੌਂਸ ਨਾਲ ਹਿੰਦੂ ਸੋਭਾ ਯਾਤਰਾਵਾਂ ਕੱਢਣਾ ਆਪਣਾ ਵਿਸ਼ੇਸ਼ ਅਧਿਕਾਰ ਸਮਝਦੀਆਂ ਹਨ। ਜੇ ਆਰ.ਐੱਸ.ਐੱਸ.-ਭਾਜਪਾ ਦੇ ਰਾਜ ਵਿਚ ਉਹ ਅਜਿਹੀ ਨਹੀਂ ਕਰਨਗੀਆਂ ਤਾਂ ਕਦੋਂ ਕਰਨਗੀਆਂ!

ਸੰਘ ਬ੍ਰਿਗੇਡ ਨੇ ਹਿੰਦੂ ਤਿਓਹਾਰਾਂ ਮੌਕੇ ਕੱਢੀ ਜਾਂਦੀ 'ਸੋਭਾ ਯਾਤਰਾ' ਨੂੰ ਅਗਵਾ ਕਰ ਕੇ ਆਪਣੇ ਦੰਗਾ ਪ੍ਰੋਜੈਕਟ ਦਾ ਸੰਦ ਬਣਾ ਲਿਆ ਹੈ। ਪੂਰੇ ਮੁਲਕ ਵਿਚ ਜਿੱਥੇ ਕਿਤੇ ਵੀ ਮੁਸਲਮਾਨ ਫਿਰਕੇ ਉੱਪਰ ਹਮਲਾ ਕਰਨਾ ਹੋਵੇ, ਉਸ ਇਲਾਕੇ ਵਿਚੋਂ ਜਾਣ-ਬੁੱਝ ਕੇ 'ਸੋਭਾ ਯਾਤਰਾ' ਕੱਢੀ ਜਾਂਦੀ ਹੈ। ਪੁਲਿਸ ਦੀ ਛਤਰ-ਛਾਇਆ ਹੇਠ ਤ੍ਰਿਸ਼ੂਲਾਂ, ਤਲਵਾਰਾਂ, ਬੰਦੂਕਾਂ ਤੇ ਹੋਰ ਹਥਿਆਰਾਂ ਦੀ ਨੁਮਾਇਸ਼, ਮੁਸਲਮਾਨਾਂ ਵਿਰੁੱਧ ਭੜਕਾਊ ਨਾਅਰੇ, ਡੀ.ਜੀ. ਲਗਾ ਕੇ ਮੁਸਲਮਾਨ ਮੁਹੱਲਿਆਂ 'ਚ ਕੰਨ-ਪਾੜਵੀਂ ਆਵਾਜ਼ 'ਚ ਮੁਸਲਮਾਨਾਂ ਵਿਰੁੱਧ ਉਚੇਚੇ ਤੌਰ 'ਤੇ ਤਿਆਰ ਕੀਤੇ ਭੜਕਾਊ ਗੀਤਾਂ ਦਾ ਸ਼ੋਰ, ਮਸਜਿਦਾਂ ਅੱਗੇ ਗੁੰਡਾਗਰਦੀ ਅਤੇ ਮਸਜਿਦਾਂ ਵਿਚ ਧੱਕੇ ਨਾਲ ਵੜ ਕੇ ਭਗਵੇ ਝੰਡੇ ਲਹਿਰਾਉਣੇ ਇਨ੍ਹਾਂ ਕਥਿਤ ਸੋਭਾ ਯਾਤਰਾਵਾਂ ਦਾ ਸਾਂਝਾ ਪੈਟਰਨ ਹੈ। ਪਿਛਲੇ ਸਾਲ ਦਿੱਲੀ, ਯੂ.ਪੀ. ਅਤੇ ਹੋਰ ਰਾਜਾਂ ਵਿਚ ਰਾਮ ਨੌਮੀ ਮੌਕੇ ਮੁਸਲਮਾਨ ਮੁਹੱਲਿਆਂ 'ਚ ਹਿੰਸਕ ਜਲੂਸ ਕੱਢ ਕੇ ਯੋਜਨਾਬੱਧ ਹਮਲੇ ਕੀਤੇ ਗਏ। ਯੂ.ਪੀ. ਵਿਚ ਕਾਂਵੜ ਯਾਤਰਾ ਨੂੰ ਵੀ ਇਹੀ ਰੂਪ ਦੇ ਦਿੱਤਾ ਗਿਆ ਹੈ, ਜਿਵੇਂ ਪਿਛਲੇ ਦਿਨੀਂ ਬਰੇਲੀ 'ਚ ਵਾਪਰਿਆ।

ਫਿਰ ਤੈਅਸ਼ੁਦਾ ਸਕ੍ਰਿਪਟ ਅਨੁਸਾਰ ਅਤਿ-ਵਿਆਪਕ ਪਹੁੰਚ ਵਾਲਾ ਭਗਵਾ ਪ੍ਰਚਾਰ-ਤੰਤਰ ਅਤੇ ਦਰਬਾਰੀ ਮੀਡੀਆ ਇਨ੍ਹਾਂ ਦਹਿਸ਼ਤੀ ਹਮਲਿਆਂ ਨੂੰ 'ਦੰਗੇ' ਬਣਾ ਕੇ ਪੇਸ਼ ਕਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਜੋ ਮੁਸਲਮਾਨਾਂ ਨੂੰ ਦੰਗਿਆਂ ਦੇ ਦੋਸ਼ੀ ਕਰਾਰ ਦੇ ਕੇ ਉਨ੍ਹਾਂ ਦੇ ਘਰਾਂ, ਦੁਕਾਨਾਂ ਤੇ ਹੋਰ ਕਾਰੋਬਾਰਾਂ ਉੱਪਰ ਬੁਲਡੋਜ਼ਰ ਚਲਾਇਆ ਜਾ ਸਕੇ ਅਤੇ ਉਨ੍ਹਾਂ ਨੂੰ ਭਵਿੱਖੀ ਹਿੰਦੂ ਰਾਸ਼ਟਰ ਦੀ ਬੇਵੱਸ ਪਰਜਾ ਦਾ ਅਹਿਸਾਸ ਕਰਾਇਆ ਜਾ ਸਕੇ। ਹਿੰਸਕ ਘਟਨਾਵਾਂ ਤੋਂ ਬਾਅਦ ਹਰਿਆਣੇ 'ਚ ਖੱਟਰ ਸਰਕਾਰ ਮੁਸਲਮਾਨਾਂ ਉੱਪਰ ਬੁਲਡੋਜ਼ਰ ਚਲਾਉਣ ਲਈ ਤੁਰੰਤ ਹਰਕਤ 'ਚ ਆ ਗਈ। ਹਰਿਆਣੇ 'ਚ ਯੂ.ਪੀ. ਦੀ ਤਰਜ਼ 'ਤੇ ਬੁਲਡੋਜ਼ਰ ਚਲਾਉਣ ਦੀ ਮੰਗ ਕਰਨ ਵਾਲਾ ਬਿੱਟੂ ਬਜਰੰਗੀ ਖ਼ੁਦ ਹਿੰਸਾ ਭੜਕਾਉਣ 'ਚ ਸ਼ਾਮਿਲ ਰਿਹਾ ਹੈ ਅਤੇ ਰਾਜ ਦੇ ਗ੍ਰਹਿ ਮੰਤਰੀ ਅਨੁਸਾਰ ਮੁਸਲਮਾਨਾਂ ਦਾ 'ਇਲਾਜ' ਬੁਲਡੋਜ਼ਰ ਹੈ। ਤਾਓਰੂ ਕਸਬੇ 'ਚ 250 ਝੁੱਗੀਆਂ ਇਸ ਬਹਾਨੇ ਢਾਹ ਦਿੱਤੀਆਂ ਗਈਆਂ ਕਿ ਇਹ ਅਸਾਮ ਤੋਂ ਹਿਜਰਤ ਕਰ ਕੇ ਇੱਥੇ ਆਏ ਬੰਗਲਾਦੇਸ਼ੀ ਰੋਹਿੰਗਿਆ ਸ਼ਰਨਾਰਥੀਆਂ ਦੇ ਨਾਜਾਇਜ਼ ਕਬਜ਼ੇ ਸਨ। ਹੁਣ ਤੱਕ 753 ਤੋਂ ਵੱਧ ਘਰ-ਦੁਕਾਨਾਂ, ਸ਼ੋਅਰੂਮ, ਹੋਟਲ ਅਤੇ ਝੁੱਗੀਆਂ ਢਾਹੇ ਜਾਣ ਦੀਆਂ ਰਿਪੋਰਟਾਂ ਹਨ। ਇਨ੍ਹਾਂ ਵਿਚ ਤਿੰਨ ਮੰਜ਼ਲਾ ਸਹਾਰਾ ਹੋਟਲ ਵੀ ਸ਼ਾਮਿਲ ਹੈ ਜਿੱਥੋਂ ਕਥਿਤ ਤੌਰ 'ਤੇ ਮੁਸਲਮਾਨਾਂ ਨੇ ਪਥਰਾਓ ਕੀਤਾ। ਪ੍ਰਸ਼ਾਸਨ ਅਨੁਸਾਰ ਇਹ ਨਾਜਾਇਜ਼ ਕਬਜ਼ਾਧਾਰੀ 31 ਜੁਲਾਈ ਦੀ ਹਿੰਸਾ ਵਿਚ ਸ਼ਾਮਿਲ ਸਨ। ਹਿੰਸਾ ਵਿਚ ਤਾਂ ਵਿਸ਼ਵ ਹਿੰਦੂ ਪ੍ਰੀਸ਼ਦ-ਬਜਰੰਗ ਦਲ ਦੇ ਆਗੂ ਅਤੇ ਉਨ੍ਹਾਂ ਦੀ ਅਗਵਾਈ ਵਾਲੇ ਹਜੂਮ ਵੀ ਸ਼ਾਮਿਲ ਸਨ। ਫਿਰ ਬੁਲਡੋਜ਼ਰ ਸਿਰਫ਼ ਤੇ ਸਿਰਫ਼ ਮੁਸਲਮਾਨਾਂ ਵਿਰੁੱਧ ਹੀ ਕਿਉਂ?

ਨੂਹ ਦੀ ਹਿੰਸਕ ਸਕ੍ਰਿਪਟ ਦੇ ਮੁੱਖ ਪਾਤਰ ਬਜਰੰਗ ਦਲ ਦੇ ਆਗੂ ਮੋਨੂ ਮਾਨੇਸਰ ਤੇ ਬਿੱਟੂ ਬਜਰੰਗੀ ਹਨ ਜੋ ਪਿਛਲੇ ਸਾਲਾਂ ਤੋਂ ਹਰਿਆਣੇ ਵਿਚ ਮੁਸਲਮਾਨਾਂ ਵਿਰੁੱਧ ਲਗਾਤਾਰ ਜ਼ਹਿਰੀਲੀ ਮੁਹਿੰਮ ਚਲਾ ਰਹੇ ਹਨ। ਕੁਝ ਮਹੀਨੇ ਪਹਿਲਾਂ ਮੋਨੂ ਗੈਂਗ ਨੇ ਭਰਤਪੁਰ (ਰਾਜਸਥਾਨ) ਦੇ ਦੋ ਮੁਸਲਮਾਨਾਂ ਨਾਸਿਰ ਅਤੇ ਜੁਨੈਦ ਨੂੰ ਅਗਵਾ ਕਰ ਕੇ ਜ਼ਿੰਦਾ ਸਾੜ ਦਿੱਤਾ ਸੀ। ਉਸ ਕਤਲ ਕੇਸ 'ਚ ਪੁਲਿਸ ਨੂੰ ਮੋਨੂ ਦੀ 'ਤਲਾਸ਼' ਹੈ। ਰਾਜਸਥਾਨ ਪੁਲਿਸ ਦਾ ਕਹਿਣਾ ਹੈ ਕਿ ਹਰਿਆਣਾ ਪੁਲਿਸ ਮੋਨੂ ਨੂੰ ਗ੍ਰਿਫ਼ਤਾਰ ਕਰਨ 'ਚ ਸਹਿਯੋਗ ਨਹੀਂ ਦੇ ਰਹੀ। ਖੱਟਰ ਕਹਿੰਦਾ ਹੈ ਕਿ ਰਾਜਸਥਾਨ ਪੁਲਿਸ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਆਜ਼ਾਦ ਹੈ ਪਰ ਜਦੋਂ ਰਾਜਸਥਾਨ ਪੁਲਿਸ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਹਰਿਆਣੇ 'ਚ ਆਈ ਤਾਂ ਮੁਕਾਮੀ ਪੁਲਿਸ ਨੇ ਰਾਜਸਥਾਨ ਦੀ ਪੁਲਿਸ ਟੀਮ ਵਿਰੁੱਧ ਹੀ ਪਰਚਾ ਦਰਜ ਕਰ ਲਿਆ। ਦਰਅਸਲ, ਇਹ ਸ਼ਖ਼ਸ ਹਰਿਆਣਾ ਦੀ ਖੱਟਰ ਸਰਕਾਰ ਦੀ 'ਗਊ ਰਕਸ਼ਾ ਟਾਸਕ ਫੋਰਸ' ਦਾ ਪ੍ਰਮੁੱਖ ਚਿਹਰਾ ਹੈ ਅਤੇ ਪੁਲਿਸ ਤੇ ਗੁੰਡਿਆਂ ਦੀ ਇਹ ਕਥਿਤ ਟਾਸਕ ਫੋਰਸ ਪਸ਼ੂ ਵਪਾਰੀਆਂ ਨੂੰ ਗਊ ਤਸਕਰੀ ਦੇ ਨਾਂ ਹੇਠ ਬਲੈਕਮੇਲ ਕਰ ਕੇ ਪੈਸੇ ਬਟੋਰਨ ਅਤੇ ਮੁਸਲਮਾਨਾਂ ਨੂੰ ਦਹਿਸ਼ਤਜ਼ਦਾ ਕਰਨ ਤੇ ਹਜੂਮੀ ਕਤਲ ਕਰਨ ਲਈ ਭਾਜਪਾ ਹਕੂਮਤ ਦੀ ਰਾਜਸੀ ਪੁਸ਼ਤ-ਪਨਾਹੀ ਹੇਠ ਬਣਾਇਆ ਗਿਆ ਗੁੰਡਾ ਗਰੋਹ ਹੈ ਜਿਸ ਨੂੰ 2015 'ਚ ਖੱਟਰ ਸਰਕਾਰ ਵੱਲੋਂ ਬਣਾਏ ਗਊ ਹੱਤਿਆ ਵਿਰੋਧੀ ਕਾਲੇ ਕਾਨੂੰਨ ਦਾ ਸੰਵਿਧਾਨਕ ਥਾਪੜਾ ਹੈ। ਕੇਂਦਰ ਸਰਕਾਰ ਅਤੇ ਖੱਟਰ ਸਰਕਾਰ ਮੋਨੂ ਦੀ ਪਿੱਠ 'ਤੇ ਹੋਣ ਕਾਰਨ ਕੋਈ ਵੀ ਪੁਲਿਸ ਅਧਿਕਾਰੀ ਉਸ ਨੂੰ ਹੱਥ ਨਹੀਂ ਪਾ ਰਿਹਾ, ਉਦੋਂ ਵੀ ਨਹੀਂ ਜਦੋਂ ਮਾਰੇ ਜਾਂਦੇ ਮੁਸਲਮਾਨਾਂ ਨੂੰ ਉਸ ਵੱਲੋਂ ਅਗਵਾ ਕਰਨ ਅਤੇ ਤਸੀਹੇ ਦੇਣ ਦੇ ਵੀਡੀਓ ਸਬੂਤ ਹਨ, ਤੇ ਉਦੋਂ ਵੀ ਨਹੀਂ ਜਦੋਂ ਉਹ ਵੀਡੀਓ ਜਾਰੀ ਕਰ ਕੇ ਮੁਸਲਮਾਨਾਂ ਨੂੰ ਸ਼ਰੇਆਮ ਲਲਕਾਰੇ ਮਾਰ ਕੇ ਭੜਕਾਉਂਦਾ ਤੇ ਉਕਸਾਉਂਦਾ ਹੈ। ਇਸ ਦੇ ਉਲਟ, ਉਹ ਆਹਲਾ ਪੁਲਿਸ ਅਧਿਕਾਰੀਆਂ ਹੱਥੋਂ ਸਨਮਾਨ ਚਿੰਨ੍ਹ ਅਤੇ ਸੈਲਫ਼ੀਆਂ ਲੈਂਦਾ ਦੇਖਿਆ ਜਾ ਸਕਦਾ ਹੈ। ਇਹੀ ਪੈਟਰਨ ਦਿੱਲੀ 'ਚ ਸ਼ਾਹੀਨ ਬਾਗ਼ ਮੋਰਚੇ ਨੂੰ ਕੁਚਲਣ ਲਈ 'ਗੋਲੀ ਮਾਰੋ ਸਾਲੋਂ ਕੋ' ਮੁਹਿੰਮ ਦੇ ਮੋਹਰੀ ਤੇ ਦੰਗਈ ਹਜੂਮ ਦੀ ਅਗਵਾਈ ਕਰਨ ਵਾਲੇ ਕਪਿਲ ਮਿਸ਼ਰਾ ਜਿਸ ਨੂੰ ਹੁਣ ਤਰੱਕੀ ਦੇ ਕੇ ਦਿੱਲੀ ਭਾਜਪਾ ਦਾ ਉੱਪ ਪ੍ਰਧਾਨ ਬਣਾਇਆ ਗਿਆ ਹੈ, ਤੇ ਦਿੱਲੀ 'ਚ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਪ੍ਰਦਰਸ਼ਨ ਉੱਪਰ ਗੋਲੀ ਚਲਾਉਣ ਵਾਲੇ ਕਪਿਲ ਗੁੱਜਰ ਦੇ ਮਾਮਲੇ 'ਚ ਦੇਖਿਆ ਗਿਆ ਹੈ ਜਿਸ ਨੇ ਹੁਣੇ ਜਿਹੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਕੈਲਾਸ਼ ਵਿਜੇਵਰਗੀਆ ਨੂੰ ਵਧਾਈ ਦੇਣ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇਹ ਮੋਦੀ ਹਕੂਮਤ ਦੀ ਰਾਜਕੀ ਪੁਸ਼ਤਪਨਾਹੀ ਹੇਠ ਨੌਂ ਸਾਲਾਂ 'ਚ ਹਿੰਦੂਤਵ ਦੀ ਨਰਸਰੀ 'ਚ ਤਿਆਰ ਕੀਤੇ ਹਿੰਦੂਤਵੀ ਫਾਸ਼ੀ ਗਰੋਹਾਂ ਦਾ ਨਮੂਨਾ ਹੈ। ਭਾਜਪਾ ਦੀਆਂ ਸਰਕਾਰਾਂ ਵਾਲੇ ਰਾਜਾਂ ਵਿਚ ਹਿੰਦੂਤਵੀ ਗਰੁੱਪਾਂ ਦੇ ਹਿੰਸਕ ਢਾਂਚੇ ਦੇ ਵਧਾਰੇ-ਪਸਾਰੇ ਨੂੰ ਰਾਜਨੀਤਕ ਵਿਗਿਆਨੀ ਕ੍ਰਿਸਟੋਫ ਜੈਫਰਲੋ ਨੇ 'ਡੀਪਰ ਸਟੇਟ' ਦਾ ਨਾਂ ਦਿੱਤਾ ਹੈ।



ਬਜਰੰਗ ਦਲ ਦੇ ਲੀਡਰ ਮੋਨੂ ਮਾਨੇਸਰ ਦੀਆਂ ਦੋ ਤਸਵੀਰਾਂ।

ਮੋਨੂ ਸੰਘ ਬ੍ਰਿਗੇਡ ਦੀ ਨਫ਼ਰਤ ਦੀ ਸਿਆਸਤ ਦਾ ਸਟਾਰ ਪ੍ਰਚਾਰਕ ਹੈ। ਫੇਸਬੁੱਕ ਉੱਪਰ ਉਸ ਦੇ 83 ਹਜ਼ਾਰ ਫਾਲੋਅਰ ਅਤੇ ਯੂਟਿਊਬ ਉੱਪਰ ਦੋ ਲੱਖ ਤੋਂ ਉੱਪਰ ਸਬਸਕ੍ਰਾਈਬਰ ਹਨ। ਉਸ ਦਾ ਮੁੱਖ ਨਿਸ਼ਾਨਾ ਨੂਹ ਜ਼ਿਲ੍ਹੇ ਦਾ ਦੇਹਾਤੀ ਖੇਤਰ ਹੈ। ਉਹ ਅਕਸਰ ਹੀ ਯੂਟਿਊਬ ਉੱਪਰ ਗਊ ਰੱਖਿਆ ਦੇ ਬਹਾਨੇ ਮੁਸਲਮਾਨਾਂ ਨੂੰ ਅਗਵਾ ਕਰਨ ਅਤੇ ਉਨ੍ਹਾਂ ਦੀ ਕੁੱਟਮਾਰ ਕਰਨ ਦੀਆਂ ਵੀਡੀਓ ਸ਼ੇਅਰ ਕਰਦਾ ਰਹਿੰਦਾ ਹੈ ਅਤੇ ਖੁੱਲ੍ਹੇਆਮ ਨਫ਼ਰਤ ਭੜਕਾਉਂਦਾ ਹੈ। ਜਨਵਰੀ ਮਹੀਨੇ 'ਚ ਮੋਨੂ ਗੈਂਗ ਨੇ ਨੂਹ ਤੋਂ ਤਿੰਨ ਮੁਸਲਮਾਨਾਂ ਨੂੰ ਅਗਵਾ ਕਰਨ ਅਤੇ ਉਨ੍ਹਾਂ ਦੀ ਕੁੱਟਮਾਰ ਦੀ ਵੀਡੀਓ ਪਾਈ ਸੀ। ਬਾਅਦ ਵਿਚ ਉਨ੍ਹਾਂ ਵਿਚੋਂ ਇਕ ਵਾਰਿਸ ਖ਼ਾਨ ਦੀ ਲਾਸ਼ ਮਿਲੀ। ਵੀਡੀਓ ਸਬੂਤ ਦੇ ਬਾਵਜੂਦ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਅਤੇ ਕਤਲ ਨੂੰ ਐਕਸੀਡੈਂਟ ਕੇਸ ਬਣਾ ਕੇ ਦਬਾ ਦਿੱਤਾ। ਇਕ ਮਹੀਨੇ ਬਾਅਦ ਇਸ ਗੈਂਗ ਨੇ ਰਾਜਸਥਾਨ ਤੋਂ ਜੁਨੈਦ ਤੇ ਨਾਸਿਰ ਨੂੰ ਅਗਵਾ ਕੀਤਾ ਅਤੇ ਉਨ੍ਹਾਂ ਦੀਆਂ ਅੱਗ ਨਾਲ ਸੜੀਆਂ ਲਾਸ਼ਾਂ ਕਾਰ ਵਿਚੋਂ ਮਿਲੀਆਂ। ਸ਼ਰੇਆਮ ਕਤਲਾਂ ਲਈ ਜ਼ਿੰਮੇਵਾਰ ਦਹਿਸ਼ਤਵਾਦੀ ਗੈਂਗਸਟਰ ਨੂੰ ਬਚਾਉਣ ਲਈ ਹਿੰਦੂਤਵ ਜਥੇਬੰਦੀਆਂ ਨੇ ਮਹਾਪੰਚਾਇਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਕ ਮਹਾਪੰਚਾਇਤ ਦੇ ਪ੍ਰਬੰਧਕਾਂ ਨੇ ਤਾਂ ਇੱਥੋਂ ਤੱਕ ਐਲਾਨ ਕਰ ਦਿੱਤਾ ਕਿ ਜੇ ਰਾਜਸਥਾਨ ਪੁਲਿਸ ਨੇ ਮੋਨੂ ਨੂੰ ਗ੍ਰਿਫ਼ਤਾਰ ਕਰਨ ਲਈ ਮਾਨੇਸਰ 'ਚ ਪੈਰ ਰੱਖਿਆ ਤਾਂ ਸਮਝ ਲਓ, ਸੁੱਕੇ ਵਾਪਸ ਨਹੀਂ ਜਾਓਗੇ। ਇਸ ਪੈਮਾਨੇ 'ਤੇ ਸਰਕਾਰੀ ਪੁਸ਼ਤਪਨਾਹੀ ਅਤੇ ਸੁਰੱਖਿਆ ਮਾਣ ਰਿਹਾ ਮੋਨੂ ਜੇ ਨੂਹ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਕੱਢੀ ਜਾ ਰਹੀ 'ਜਲ ਅਭਿਸ਼ੇਕ ਯਾਤਰਾ' ਵਿਚ ਸ਼ਾਮਲ ਹੋਣ ਦਾ ਐਲਾਨ ਬਕਾਇਦਾ ਵੀਡੀਓ ਜਾਰੀ ਕਰ ਕੇ ਕਰਦਾ ਹੈ ਤਾਂ ਇਹ ਹੈਰਾਨੀਜਨਕ ਨਹੀਂ ਹੈ।

ਹੁਣ ਦਰਬਾਰੀ ਮੀਡੀਆ ਵੱਲੋਂ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਮੁਸਲਮਾਨਾਂ ਨੇ ਹਿੰਦੂ ਜਲੂਸ ਨੂੰ ਰੋਕਿਆ ਅਤੇ ਇਸ ਉੱਪਰ ਪਥਰਾਓ ਕੀਤਾ ਤੇ ਸੈਂਕੜੇ ਵਾਹਨ ਅੱਗ ਲਾ ਕੇ ਸਾੜ ਦਿੱਤੇ; ਇਹ ਵੀ ਕਿ ਮੋਨੂ ਤਾਂ ਉੱਥੇ ਗਿਆ ਨਹੀਂ ਜਦਕਿ ਉਹ ਉੱਥੇ ਮੌਜੂਦ ਸੀ ਅਤੇ ਲਾਈਵ ਹੋ ਕੇ ਹਿੰਦੂਆਂ ਨੂੰ ਮੁਸਲਮਾਨਾਂ ਨੂੰ ਸਬਕ ਸਿਖਾਉਣ ਲਈ ਘਰਾਂ 'ਚੋਂ ਨਿਕਲ ਆਉਣ ਦੇ ਸੱਦੇ ਦੇ ਰਿਹਾ ਸੀ। ਬਹੁਤ ਸਾਰੇ ਨਿਊਜ਼ ਚੈਨਲਾਂ ਅਤੇ ਭਗਵੇਂ ਪ੍ਰਚਾਰ-ਤੰਤਰ ਨੇ ਅਫ਼ਵਾਹਾਂ ਫੈਲਾਈਆਂ ਕਿ ਹਿੰਦੂ ਮੰਦਰਾਂ 'ਚੋਂ ਔਰਤਾਂ ਨੂੰ ਧੂਹ ਕੇ ਉਨ੍ਹਾਂ ਦੇ ਬਲਾਤਕਾਰ ਕੀਤੇ ਗਏ ਹਨ ਅਤੇ ਮੰਦਰ ਵਿਚ ਹਜ਼ਾਰਾਂ ਹਿੰਦੂ ਸ਼ਰਧਾਲੂਆਂ ਨੂੰ ਬੰਦੀ ਬਣਾਇਆ ਗਿਆ ਹੈ ਜਦਕਿ ਇਹ ਝੂਠ ਸੀ ਅਤੇ ਇਸ ਦੀ ਪੁਸ਼ਟੀ ਨਲਹਾਰ ਮਹਾਦੇਵ ਮੰਦਰ ਦੇ ਪੁਜਾਰੀ ਨੇ ਕੀਤੀ ਹੈ। ਦਰਬਾਰੀ ਮੀਡੀਆ ਇਨ੍ਹਾਂ ਅਫ਼ਵਾਹਾਂ ਫੈਲਾਉਣ ਵਾਲਿਆਂ ਬਾਰੇ ਖ਼ਾਮੋਸ਼ ਹੈ। ਉਹ ਇਸ ਬਾਰੇ ਵੀ ਖ਼ਾਮੋਸ਼ ਹੈ ਕਿ ਮੋਨੂ ਤੇ ਬਜਰੰਗੀ ਵਿਰੁੱਧ ਪੁਲਿਸ ਨੇ ਕਾਰਵਾਈ ਕਿਉਂ ਨਹੀਂ ਕੀਤੀ ਜਦਕਿ ਉਹ ਖੁੱਲ੍ਹੇਆਮ ਨਫ਼ਰਤ ਫੈਲਾ ਕੇ ਅਤੇ ਗੋਲੀਆਂ ਚਲਾਉਣ ਦੀਆਂ ਧਮਕੀਆਂ ਦੇ ਕੇ ਦੂਜੇ ਫਿਰਕੇ ਦੇ ਲੋਕਾਂ ਨੂੰ ਉਕਸਾ ਰਹੇ ਸਨ ਅਤੇ ਬੱਸ ਨੂੰ ਅੱਗ ਵੀ ਮੋਨੂ ਗੈਂਗ ਨੇ ਲਾਈ? ਹਿੰਦੂ ਸੋਭਾ ਯਾਤਰਾਵਾਂ ਤਾਂ ਪਹਿਲਾਂ ਵੀ ਨਿਕਲਦੀਆਂ ਰਹੀਆਂ ਹਨ ਪਰ ਮੁਸਲਮਾਨ ਫਿਰਕੇ ਨੇ ਕਦੇ ਖ਼ਲਲ ਨਹੀਂ ਸੀ ਪਾਇਆ। ਮੁਸਲਮਾਨਾਂ ਦੇ ਇਸ ਪ੍ਰਤੀਕਰਮ ਦੀ ਮੂਲ ਵਜ੍ਹਾ ਬਾਰੇ ਦਰਬਾਰੀ ਮੀਡੀਆ ਖ਼ਾਮੋਸ਼ ਹੈ ਕਿ ਇਸ ਵਾਰ ਮੋਨੂ ਤੇ ਬਿੱਟੂ ਵੱਲੋਂ ਵਾਰ-ਵਾਰ ਭੜਕਾਊ ਵੀਡੀਓ ਪਾਉਣ ਨਾਲ ਤਣਾਓ ਪੈਦਾ ਹੋਇਆ। ਮੋਨੂ ਨੇ ਨੂਹ ਦੇ ਮੁਸਲਮਾਨਾਂ ਨੂੰ ਲਲਕਾਰਿਆ ਕਿ 'ਫੇਰ ਨਾ ਕਹਿਣਾ ਪਤਾ ਨਹੀਂ ਲੱਗਿਆ, ਤੁਹਾਡੇ ਜੀਜੇ ਤੁਹਾਡੇ ਘਰ ਆ ਰਹੇ ਹਨ, ਉਨ੍ਹਾਂ ਦਾ ਸਵਾਗਤ ਕਰਨ ਲਈ ਹਾਰ ਤਿਆਰ ਰੱਖਿਓ।' ਮੁਸਲਮਾਨ ਭਾਈਚਾਰੇ ਦੇ ਸੂਝਵਾਨ ਲੋਕ ਜਾਣਦੇ ਸਨ ਕਿ ਇਹ ਉਨ੍ਹਾਂ ਦੇ ਨੌਜਵਾਨਾਂ ਨੂੰ ਭੜਕਾ ਕੇ ਪੂਰੇ ਮੁਸਲਮਾਨ ਸਮਾਜ ਉੱਪਰ ਫਾਸ਼ੀਵਾਦੀ ਹਮਲਾ ਕਰਨ ਲਈ ਵਿਛਾਇਆ ਸੰਘੀ ਜਾਲ ਹੈ ਪਰ ਇਸ ਵਾਰ ਉਨ੍ਹਾਂ ਦੀਆਂ ਨੌਜਵਾਨਾਂ ਨੂੰ ਸ਼ਾਂਤ ਰਹਿਣ ਅਤੇ ਸੰਜਮ ਤੋਂ ਕੰਮ ਲੈਣ ਦੀਆਂ ਨਸੀਹਤਾਂ ਬੇਅਸਰ ਹੋ ਗਈਆਂ ਕਿਉਂਕਿ ਕੋਈ ਵੀ ਗ਼ੈਰਤਮੰਦ ਸ਼ਖ਼ਸ ਅਜਿਹੇ ਪ੍ਰਚਾਰ ਨੂੰ ਕਿੰਨਾ ਕੁ ਸਮਾਂ ਸਹਿਣ ਕਰਦਾ ਰਹੇਗਾ। ਆਖ਼ਿਰ ਸਬਰ ਜਵਾਬ ਦੇ ਹੀ ਜਾਂਦਾ ਹੈ। ਭੜਕੇ ਹੋਏ ਨੌਜਵਾਨਾਂ ਨੇ ਵੀ ਵੀਡੀਓ ਪਾ ਕੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਮੋਨੂ ਨੂੰ ਉੱਥੇ ਆਉਣ ਤੋਂ ਰੋਕਿਆ ਜਾਵੇ। ਫਿਰ ਉਨ੍ਹਾਂ ਨੇ ਜਲੂਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਸੋਭਾ ਯਾਤਰਾ ਦੇ ਨਾਂ ਹੇਠ ਜੁੜੇ ਦਹਿਸ਼ਤੀ ਹਜੂਮ ਤਾਂ ਪਹਿਲਾਂ ਹੀ ਹਮਲਾ ਕਰਨ ਲਈ ਬਹਾਨਾ ਭਾਲ ਰਹੇ ਸਨ। ਇੰਝ ਹਿੰਸਾ ਭੜਕ ਉੱਠੀ ਅਤੇ ਖੱਟਰ ਸਰਕਾਰ ਨੂੰ ਮੁਸਲਮਾਨਾਂ ਵਿਰੁੱਧ ਕੇਸ ਦਰਜ ਕਰਨ ਤੇ ਬੁਲਡੋਜ਼ਰ ਚਲਾਉਣ ਦਾ ਬਹਾਨਾ ਮਿਲ ਗਿਆ। ਹਰਿਆਣਾ ਪੁਲਿਸ ਵੱਲੋਂ ਹੁਣ ਸਾਜ਼ਿਸ਼ ਤੋਂ ਧਿਆਨ ਹਟਾਉਣ ਲਈ ਹਿੰਸਾ ਨਾਲ 'ਪਾਕਿਸਤਾਨ ਕੁਨੈਕਸ਼ਨ' ਵੀ ਜੋੜਨਾ ਸ਼ੁਰੂ ਕਰ ਦਿੱਤਾ ਗਿਆ ਹੈ ਜਦਕਿ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੀ ਭੂਮਿਕਾ ਐਨੀ ਪ੍ਰਤੱਖ ਹੈ ਕਿ ਡਿਪਟੀ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਅਤੇ ਗੁੜਗਾਓਂ-ਨੂਹ ਜ਼ਿਲ੍ਹਿਆਂ ਤੋਂ ਭਾਜਪਾ ਸੰਸਦ ਮੈਂਬਰ ਤੇ ਕੇਂਦਰੀ ਮੰਤਰੀ ਰਾਓ ਇੰਦਰਜੀਤ ਸਿੰਘ ਨੇ ਹਿੰਦੂਤਵੀ ਗਰੁੱਪਾਂ ਨੂੰ ਵੀ ਹਿੰਸਾ ਦੇ ਦੋਸ਼ੀ ਕਿਹਾ ਹੈ।

ਆਰ.ਐੱਸ.ਐੱਸ. ਦੀ ਨਫ਼ਰਤ ਦੀ ਫੈਕਟਰੀ ਮੋਨੂ ਵਰਗੇ ਬੇਸ਼ੁਮਾਰ ਸੰਦ ਥੋਕ ਗਿਣਤੀ 'ਚ ਤਿਆਰ ਕਰ ਰਹੀ ਹੈ। ਇਸੇ ਦਾ ਇਕ ਰੂਪ ਰੇਲਵੇ ਪ੍ਰੋਟੈਕਸ਼ਨ ਫੋਰਸ ਦਾ ਸਿਪਾਹੀ ਚੇਤਨ ਕੁਮਾਰ ਸਿੰਘ ਹੈ ਜਿਸ ਦੀ ਡਿਊਟੀ ਜੈਪੁਰ-ਮੁੰਬਈ ਸੁਪਰਫਾਸਟ ਐਕਸਪ੍ਰੈੱਸ ਟਰੇਨ ਦੀ ਸੁਰੱਖਿਆ ਗਾਰਦ ਵਿਚ ਸੀ ਅਤੇ ਜਿਸ ਨੇ ਪਿਛਲੇ ਦਿਨੀਂ ਟਰੇਨ ਦੇ ਵੱਖ-ਵੱਖ ਡੱਬਿਆਂ 'ਚ ਸਵਾਰ ਤਿੰਨ ਮੁਸਲਮਾਨਾਂ ਨੂੰ ਬੇਕਿਰਕ ਹੋ ਕੇ ਗੋਲੀਆਂ ਨਾਲ ਭੁੰਨ ਦਿੱਤਾ ਅਤੇ ਫਿਰ ਲਾਸ਼ ਕੋਲ ਖੜ੍ਹ ਕੇ ਮੋਦੀ-ਯੋਗੀ ਦੀਆਂ ਤਾਰੀਫ਼ਾਂ ਕਰਦਾ ਭਾਸ਼ਣ ਦਿੰਦਿਆਂ ਲੋਕਾਂ ਨੂੰ ਮੁਸਲਮਾਨਾਂ ਬਾਰੇ ਕਿਹਾ ਸੀ: "ਪਾਕਿਸਤਾਨ ਸੇ ਅਪਰੇਟ ਹੁਏ ਯੇ, ਔਰ ਹਮਾਰਾ ਮੀਡੀਆ ਯੇਹੀ ਕਵਰੇਜ ਦਿਖਾ ਰਹਾ ਹੈ।... ਅਗਰ ਵੋਟ ਦੇਨਾ ਹੈ, ਅਗਰ ਹਿੰਦੁਸਤਾਨ ਮੇਂ ਰਹਨਾ ਹੈ ਤੋ ਮੈਂ ਕਹਤਾ ਹੂ ਮੋਦੀ ਔਰ ਯੋਗੀ, ਯੇ ਦੋ ਹੈਂ, ਔਰ ਆਪਕੇ ਠਾਕਰੇ।" ਉਸ ਨੇ ਸਭ ਤੋਂ ਪਹਿਲਾਂ ਆਪਣੀ ਟੁਕੜੀ ਦੇ ਇੰਚਾਰਜ ਏ.ਐੱਸ.ਆਈ. ਟੀਕਾਰਾਮ ਮੀਣਾ ਨੂੰ ਮਾਰਿਆ ਜਿਸ ਨੇ ਬਹਿਸ ਦੌਰਾਨ ਉਸ ਨੂੰ ਮੁਸਲਮਾਨਾਂ ਬਾਰੇ ਇਤਰਾਜ਼ਯੋਗ ਟਿੱਪਣੀਆਂ ਕਰਨ ਤੋਂ ਵਰਜਿਆ ਸੀ। ਉਹ ਮਾਨਸਿਕ ਰੋਗੀ ਨਹੀਂ ਸੀ ਜਿਵੇਂ ਹੁਕਮਰਾਨ ਧਿਰ ਤੇ ਦਰਬਾਰੀ ਮੀਡੀਆ ਪੇਸ਼ ਕਰ ਰਹੇ ਸਨ, ਉਹ ਹਿੰਦੂਤਵ ਨਾਂ ਦੇ ਵਾਇਰਸ ਦਾ ਡੰਗਿਆ ਸ਼ਖ਼ਸ ਸੀ ਜੋ ਮਨੁੱਖ ਅੰਦਰੋਂ ਇਨਸਾਨੀਅਤ ਖ਼ਤਮ ਕਰ ਕੇ ਉਸ ਨੂੰ ਹਿੰਸਕ, ਹਜੂਮੀ-ਹਤਿਆਰੇ ਬਣਾ ਦਿੰਦਾ ਹੈ। ਅਖੌਤੀ 'ਹਿੰਦੂ ਧਰਮ ਸੰਸਦਾਂ' ਦੇ ਕਰਤਾ-ਧਰਤਾ ਸਾਧ-ਸੰਤ, ਸੰਘ ਪਰਿਵਾਰ ਦੇ ਆਗੂ, ਭਾਜਪਾ ਦੇ ਯੂਟਿਊਬਰ ਤੇ ਹੋਰ ਸੋਸ਼ਲ ਮੀਡੀਆ ਤਾਣਾ-ਬਾਣਾ ਅਤੇ ਖ਼ੁਦ ਮੋਦੀ-ਅਮਿਤ ਸ਼ਾਹ ਵਰਗੇ ਛੋਟੇ-ਵੱਡੇ ਆਗੂ ਆਪਣੇ ਭਾਸ਼ਣਾਂ ਰਾਹੀਂ ਇਹ ਵਾਇਰਸ ਫੈਲਾ ਰਹੇ ਹਨ। ਆਰ.ਐੱਸ.ਐੱਸ.-ਭਾਜਪਾ ਇਸ ਤਰੀਕੇ ਨਾਲ ਹਿੰਦੂ ਰਾਸ਼ਟਰ ਦੀ ਜ਼ਮੀਨ ਤਿਆਰ ਕਰ ਰਹੀ ਹੈ ਤੇ ਚੋਣਾਂ ਲਈ ਲਾਹਾ ਲੈ ਰਹੀ ਹੈ।

ਸਪਸ਼ਟ ਹੈ ਕਿ ਸਾਜ਼ਿਸ਼ ਰਚ ਕੇ ਸ਼ਾਂਤ ਇਲਾਕੇ 'ਚ ਫਿਰਕੂ ਟਕਰਾਅ ਪੈਦਾ ਕੀਤਾ ਗਿਆ ਤਾਂ ਜੋ ਹਿੰਦੂ ਮੁਸਲਮਾਨ ਫਿਰਕਿਆਂ 'ਚ ਪਾੜਾ ਪਾ ਕੇ ਭਾਈਚਾਰਕ ਸਾਂਝ ਨੂੰ ਤੋੜਿਆ ਜਾ ਸਕੇ, ਬੇਭਰੋਸਗੀ ਪੈਦਾ ਕਰ ਕੇ ਫਿਰਕੂ ਪਾਲਾਬੰਦੀ ਕੀਤੀ ਜਾ ਸਕੇ ਅਤੇ ਇਸ ਮਾਹੌਲ ਨੂੰ ਭਗਵਾ ਆਧਾਰ ਮਜ਼ਬੂਤ ਕਰਨ ਤੇ ਵੋਟ ਬੈਂਕ ਪੱਕਾ ਕਰਨ ਲਈ ਵਰਤਿਆ ਜਾ ਸਕੇ। ਮੇਵਾਤ ਨੂੰ ਫਿਰਕੂ ਪਾਲਾਬੰਦੀ ਲਈ ਖ਼ਾਸ ਤੌਰ 'ਤੇ ਚੁਣਿਆ ਗਿਆ ਹੈ ਕਿਉਂਕਿ ਇੱਥੇ ਵੱਡੀ ਗਿਣਤੀ 'ਚ ਮੁਸਲਿਮ ਵਸੋਂ ਹੈ ਅਤੇ ਫਿਰਕੂ ਪਾਲਾਬੰਦੀ ਰਾਜਸਥਾਨ ਤੇ ਹਰਿਆਣਾ 'ਚ ਵਿਰੋਧੀ ਧਿਰ ਦੇ ਵੋਟ ਆਧਾਰ ਨੂੰ ਖੋਰਨ 'ਚ ਸਹਾਈ ਹੋਵੇਗੀ ਅਤੇ ਵੋਟਰਾਂ ਦਾ ਭਾਜਪਾ ਦੇ ਰਾਜ 'ਚ ਅਵਾਮ ਦੀ ਆਰਥਕ ਬਰਬਾਦੀ ਤੇ ਵਾਅਦਾ ਖ਼ਿਲਾਫ਼ੀ ਵੱਲ ਧਿਆਨ ਵੀ ਨਹੀਂ ਜਾਵੇਗਾ। ਇਸ ਵਕਤ ਅਜਿਹਾ ਕੋਈ ਕਾਂਡ ਆਰ.ਐੱਸ.ਐੱਸ.-ਭਾਜਪਾ ਲਈ ਉੱਝ ਵੀ ਵਰਦਾਨ ਹੈ ਜੋ ਬਲਾਤਕਾਰੀ ਬ੍ਰਿਜਭੂਸ਼ਨ ਸਿੰਘ ਅਤੇ ਮਨੀਪੁਰ ਦੀ ਜਿਨਸੀ ਹਿੰਸਾ 'ਚ ਮੋਦੀ ਹਕੂਮਤ ਨੂੰ ਜਵਾਬਦੇਹ ਬਣਾਉਂਦੇ ਸਵਾਲਾਂ 'ਚ ਘਿਰੀ ਹੋਈ ਹੈ ਜਿਸ ਤੋਂ ਧਿਆਨ ਹਟਾਉਣ ਲਈ ਇਸ ਨੂੰ ਕਿਸੇ ਧਿਆਨ ਭਟਕਾਊ ਮੁੱਦੇ ਦੀ ਤਲਾਸ਼ ਸੀ।

ਸੰਘ ਬ੍ਰਿਗੇਡ ਮੇਵਾਤ ਨੂੰ ਦੂਜਾ ਗੁਜਰਾਤ ਬਣਾਉਣਾ ਚਾਹੁੰਦਾ ਸੀ, ਜਿਵੇਂ ਗੋਧਰਾ ਕਾਂਡ ਦੇ ਬਹਾਨੇ ਉੱਥੇ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ ਸੀ ਪਰ ਮੇਵਾਤ ਹਮਲੇ 'ਚ ਸੰਘ ਬ੍ਰਿਗੇਡ ਨੂੰ ਆਸ ਮੁਤਾਬਿਕ ਕਾਮਯਾਬੀ ਨਹੀਂ ਮਿਲੀ। ਬੀਤੇ ਸਮਿਆਂ 'ਚ ਜਦੋਂ ਵੀ ਕਦੇ ਮੁਲਕ ਦੇ ਹੋਰ ਹਿੱਸਿਆਂ 'ਚ ਫਿਰਕੂ ਹਿੰਸਾ ਭੜਕੀ ਤਾਂ ਇਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਅਕਸਰ ਹੀ ਹਰਿਆਣਾ ਫਿਰਕੂ ਹਿੰਸਾ ਪੱਖੋਂ ਸ਼ਾਂਤ ਰਿਹਾ ਹੈ। ਮੇਵਾਤ ਜੰਗੇ-ਆਜ਼ਾਦੀ 'ਚ ਇਕਜੁੱਟ ਹੋ ਕੇ ਬਰਤਾਨਵੀ ਰਾਜ ਨਾਲ ਟੱਕਰ ਲੈਣ ਅਤੇ 10000 ਸ਼ਹਾਦਤਾਂ ਦਾ ਸ਼ਾਨਾਮੱਤਾ ਇਤਿਹਾਸ ਸਿਰਜਣ ਵਾਲਾ ਇਲਾਕਾ ਹੈ। ਬਰਤਾਨਵੀ ਫ਼ੌਜ ਨੇ 19 ਨਵੰਬਰ 1857 ਨੂੰ ਰੂਪਰਾਕਾ ਪਿੰਡ 'ਚ ਇਕ ਦਿਨ 'ਚ ਹੀ 425 ਮੇਵਾਤੀ ਮਾਰ ਦਿੱਤੇ ਸਨ, 36 ਪਿੰਡ ਫੂਕ ਦਿੱਤੇ ਗਏ ਸਨ ਅਤੇ ਉਨ੍ਹਾਂ ਦੇ ਜ਼ਮੀਨੀ ਮਾਲਕੀ ਦੇ ਹੱਕ ਖੋਹ ਲਏ ਗਏ ਸਨ। ਇਤਿਹਾਸਕ ਕਿਸਾਨ ਅੰਦੋਲਨ ਸਮੇਂ ਵੀ ਇੱਥੋਂ ਦੇ ਲੋਕਾਂ ਨੇ ਧਰਮਾਂ ਤੋਂ ਉੱਪਰ ਉੱਠ ਕੇ ਵੱਡਾ ਯੋਗਦਾਨ ਪਾਇਆ ਸੀ। ਸੰਘ ਇਸ ਇਤਿਹਾਸ ਨੂੰ ਮਿਟਾ ਦੇਣਾ ਚਾਹੁੰਦਾ ਹੈ।

ਹਰਿਆਣੇ 'ਚੋਂ ਭਾਈਚਾਰਕ ਸਾਂਝ ਉੱਪਰ ਜ਼ੋਰ ਦੇਣ ਦੀਆਂ ਸਾਰਥਕ ਰਿਪੋਰਟਾਂ ਆ ਰਹੀਆਂ ਹਨ। ਖਾਪ ਪੰਚਾਇਤਾਂ ਅਤੇ ਕਿਸਾਨ ਜਥੇਬੰਦੀਆਂ ਫਿਰਕੂ ਦਰਾੜ ਨੂੰ ਮਿਟਾਉਣ ਲਈ ਯਤਨ ਕਰ ਰਹੀਆਂ ਹਨ। ਜੀਂਦ ਵਿਚ ਸਰਵ-ਧਰਮ ਸੰਮੇਲਨ ਨੇ 'ਹਿੰਦੂ-ਮੁਸਲਿਮ-ਸਿੱਖ-ਈਸਾਈ' ਏਕਤਾ ਲਈ ਕੰਮ ਕਰਨ ਦਾ ਮਤਾ ਪਾਸ ਕੀਤਾ ਹੈ ਅਤੇ ਕਿਸਾਨ ਅੰਦੋਲਨ 'ਚ ਮੇਵਾਤ ਦੇ ਅਵਾਮ ਦੀ ਯਾਦਗਾਰੀ ਭੂਮਿਕਾ ਉੱਪਰ ਮਾਣ ਮਹਿਸੂਸ ਕੀਤਾ ਹੈ। ਹੁਣ ਖ਼ਦਸ਼ਾ ਇਹ ਹੈ ਕਿ ਇਸ ਨਾਕਾਮੀ ਤੋਂ ਬਾਅਦ ਸੰਘ ਬ੍ਰਿਗੇਡ ਫਿਰਕੂ ਪਾਟਕ ਪਾਉਣ ਲਈ ਹੋਰ ਵੱਡੀ ਚਾਲ ਖੇਡ ਸਕਦਾ ਹੈ। ਇਸ ਲਈ ਸਭ ਨੂੰ ਖ਼ਬਰਦਾਰ ਹੋਣਾ ਚਾਹੀਦਾ ਹੈ।

# ਸੁਪਰੀਮ ਕੋਰਟ ਨੇ ਲਾਈ ਕੇਂਦਰ ਅਤੇ ਮਨੀਪੁਰ ਸਰਕਾਰਾਂ ਦੀ ਕਲਾਸ

ਕਲਾਸ ਲਾਉਣਾ ਕੁੱਤੇ ਖਾਣੀ ਕਰਨ ਦਾ ਕੋਮਲ-ਬਚਨੀ ਬਦਲ ਹੈ। ਤੁਸੀਂ ਇਸ ਨੂੰ ਫਿਟਕਾਰ ਪਾਉਣਾ, ਝਾੜ-ਝੰਬ ਕਰਨਾ ਜਾਂ ਖਿਚਾਈ ਕਰਨਾ ਵੀ ਕਹਿ ਸਕਦੇ ਹੋ।

ਜਿਸ ਸਖਤ ਲਹਿਜ਼ੇ ਵਿਚ ਦੇਸ਼ ਦੀ ਸਰਬਉੱਚ ਅਦਾਲਤ ਦੇ ਇਕ 3-ਮੈਂਬਰੀ ਬੈਂਚ, ਜਿਸ ਦੀ ਅਗਵਾਈ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਕਰ ਰਹੇ ਹਨ, ਨੇ ਮਨੀਪੁਰ ਸਰਕਾਰ ਦੀ ਅਸਫਲਤਾ, ਪ੍ਰਾਂਤ ਵਿਚ ਅਮਨ-ਕਾਨੂੰਨ ਅਤੇ ਸੰਵਿਧਾਨਕ ਮਸ਼ੀਨਰੀ ਦੇ ਫੇਲ ਹੋਣ ਦੀ ਗੱਲ ਕਹੀ ਹੈ, ਉਸ ਤੋਂ ਬਾਅਦ ਉਥੋਂ ਦੇ ਮੁੱਖ ਮੰਤਰੀ ਐਨ. ਬਿਰੇਨ ਸਿੰਘ ਦਾ ਕੁਰਸੀ ਉਪਰ ਚੰਬੜੇ ਰਹਿਣਾ ਅੰਤ ਦਰਜੇ ਦੀ ਬੇਸ਼ਰਮੀ ਹੀ ਕਹੀ ਜਾ ਸਕਦੀ ਹੈ-"ਘਿਰੀ ਹੁਈ ਹੈ ਤਵਾਇਫ ਤਮਾਸ਼ਬੀਨੋਂ ਮੇਂ,



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਸਿਆਸਤ ਕਾ ਹਾਲ ਮਤ ਪੂਛੋ"!

ਮਨੀਪੁਰ ਦੀ 4 ਮਈ ਦੀ ਦੋ ਮਹਿਲਾਵਾਂ ਦੇ ਨਿਰਵਸਤਰ ਕਰਨ ਅਤੇ ਨਗਨ ਪਰੇਡ ਦੀ ਵੀਡੀਓ ਦਾ ਆਪੂੰ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਦਾ ਇਹ ਬੈਂਚ, ਜਿਸ ਵਿਚ ਜਸਟਿਸ ਜੇ.ਬੀ. ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਸ਼ਾਮਿਲ ਹਨ, ਨੇ ਮਨੀਪੁਰ ਦੇ ਡੀ.ਜੀ.ਪੀ. ਨੂੰ 7 ਅਗਸਤ ਨੂੰ ਤਲਬ ਕਰ ਲਿਆ ਹੈ, ਸੀ.ਬੀ.ਆਈ. ਨੂੰ ਹਾਲ ਦੀ ਘੜੀ ਬਿਆਨ ਦਰਜ ਕਰਨ ਤੋਂ ਰੋਕ ਦਿੱਤਾ ਹੈ, ਸੇਵਾ-ਮੁਕਤ ਜੱਜਾਂ ਦਾ ਜਾਂਚ ਪੈਨਲ ਬਣਾਏ ਜਾਣ ਦਾ ਸੰਕੇਤ ਦਿੱਤਾ ਹੈ ਅਤੇ ਇਸ ਘਟਨਾ ਨੂੰ ਵਿਕਰਾਲ/ਭਿਅੰਕਰ/ਭਿਆਨਕ/ਖੌਫਨਾਕ ਗਰਦਾਨਿਆ ਹੈ ਜਿਸ ਦੀ ਮਿਸਾਲ ਸ਼ਾਇਦ ਹੀ ਕਿਸੇ ਹੋਰ ਕੇਸ ਵਿਚ ਮਿਲਦੀ ਹੋਵੇ।

ਬੈਂਚ ਨੇ ਕਿਹਾ, 'ਇਹ ਇਕ ਐਸਾ ਵੱਡ-ਆਕਾਰੀ ਵਿਕਰਾਲ ਜੁਰਮ ਹੈ ਜਿਸ ਦੀ ਮਿਸਾਲ ਕਿਧਰੇ ਨਹੀਂ ਮਿਲਦੀ... ਔਰਤਾਂ ਨੂੰ ਪੁਲਿਸ ਨੇ ਖੁਦ ਭੀੜ ਦੇ ਹਵਾਲੇ ਕੀਤਾ। ਪੁਲਿਸ ਨੇ ਐਫ.ਆਈ.ਆਰ. ਦਰਜ ਕਰਨ ਵਿਚ 14 ਦਿਨ ਕਿਉਂ ਲਗਾਏ? ਅਸੀਂ ਵੀ ਚਾਹੁੰਦੇ ਕਿ ਪੁਲਿਸ ਇਸ ਕੇਸ ਨੂੰ ਹੱਥ ਵਿਚ ਨਾ ਲਵੇ"।

ਅਗਲੇ ਦਿਨ ਸਰਕਾਰ ਵੱਲੋਂ ਇਹ ਦੱਸੇ ਜਾਣ 'ਤੇ ਕਿ ਉਸ ਨੇ 6,532 ਕੇਸ ਦਰਜ ਕੀਤੇ ਹਨ, ਤਾਂ ਬੈਂਚ ਨੇ ਸਖਤ ਪ੍ਰਸ਼ਨ ਪੁੱਛਦਿਆਂ ਕਿਹਾ ਕਿ ਗ੍ਰਿਫਤਾਰੀਆ ਕਿੰਨੀਆਂ ਕੀਤੀਆਂ ਹਨ? ਜਵਾਬ 7 ਮਿਲਣ 'ਤੇ ਬੈਂਚ ਨੇ ਕਿਹਾ ਕਿ '6000 ਤੋਂ ਵੱਧ ਕੇਸ ਤੇ ਗ੍ਰਿਫਤਾਰੀਆਂ ਕੇਵਲ 7'!

ਬੈਂਚ ਨੇ ਸੌਲਿਸਟਰ ਜਨਰਲ ਤੁਸ਼ਾਰ ਮਹਿਤਾ, ਜੋ ਮਨੀਪੁਰ ਸਰਕਾਰ ਵਲੋਂ ਪੇਸ਼ ਹੋਏ ਸਨ, ਨੂੰ ਪੁੱਛਿਆ, 'ਘਟਨਾ 4 ਮਈ ਨੂੰ ਵਾਪਰੀ ਤੇ ਜ਼ੀਰੋ ਐਫ.ਆਈ.ਆਰ. ਕਿਤੇ 18 ਮਈ ਨੂੰ ਜਾ ਕੇ ਦਰਜ ਹੋਈ। ਪੁਲਿਸ ਨੇ 14 ਦਿਨ ਕੇਸ ਦਰਜ ਕਰਨ ਨੂੰ ਕਿਉਂ ਲਾਏ? ਪੁਲਿਸ 4 ਮਈ ਤੋਂ 18 ਮਈ ਦਰਮਿਆਨ ਕੀ ਕਰ ਰਹੀ ਸੀ? ਤੁਰੰਤ ਕੇਸ ਦਰਜ ਕੀਤੇ ਜਾਣ ਵਿਚ ਪੁਲਿਸ ਦੇ ਰਾਹ ਵਿਚ ਕੀ ਰੋੜਾ ਅਟਕਿਆ ਸੀ? ਇਹ ਖੌਫਨਾਕ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਨ੍ਹਾਂ ਮਹਿਲਾਵਾਂ ਨੂੰ ਪੁਲਿਸ ਨੇ ਖੁਦ ਭੀੜ ਦੇ ਹਵਾਲੇ ਕੀਤਾ ਸੀ। ਅਸੀਂ ਵੀ ਨਹੀਂ ਚਾਹੁੰਦੇ ਕਿ ਇਸ ਮਾਮਲੇ ਨੂੰ ਪੁਲਿਸ ਹੱਥ ਦਿੱਤਾ ਜਾਵੇ। ਵੀਡੀਓ ਕੇਸ ਨਾਲ ਸਬੰਧਤ ਐਫ.ਆਈ.ਆਰ. ਇਕ ਮਹੀਨੇ ਤੇ ਤਿੰਨ ਦਿਨ ਬਾਅਦ 24 ਜੂਨ ਨੂੰ ਮੈਜਿਸਟਰੇਟੀ ਕੋਰਟ ਨੂੰ ਕਿਉਂ ਤਬਦੀਲ ਕੀਤੀ ਗਈ"?

ਬੈਂਚ ਨੇ ਸੰਕੇਤ ਦਿੱਤਾ ਕਿ ਉਹ ਨਸਲੀ ਹਿੰਸਾ ਨਾਲ ਝੰਬੇ ਪ੍ਰਾਂਤ ਵਿਚ ਮਹਿਲਾਵਾਂ ਵਿਰੁੱਧ ਹਿੰਸਾ ਨਾਲ ਸਿੱਝਣ ਲਈ ਜਾਂਚ ਦਾ ਘੇਰਾ ਵਿਸ਼ਾਲ ਕਰਨ ਬਾਰੇ ਸੋਚ ਰਹੇ ਹਨ ਅਤੇ ਇਕ ਅਜਿਹੀ 'ਸਿੱਟ' ਗਠਿਤ ਕਰਨ ਬਾਰੇ ਵਿਚਾਰ ਕਰ ਰਹੇ ਹਨ ਜਿਸ ਵਿਚ ਸੇਵਾ-ਮੁਕਤ ਜੱਜ ਸ਼ਾਮਿਲ ਹੋਣ।


ਅਟਾਰਨੀ ਜਨਰਲ ਆਰ. ਵੈਂਕਟਰਮਾਨੀ ਨੇ ਜਦ ਕੁਝ ਸਵਾਲਾਂ ਦੇ ਜਵਾਬ ਦੇਣ ਲਈ ਹੋਰ ਸਮਾਂ ਮੰਗਿਆ ਤਾਂ ਬੈਂਚ ਨੇ ਕਿਹਾ, 'ਉਸ ਕੋਲ ਸਮਾਂ ਮੁਕਦਾ ਜਾ ਰਿਹਾ ਹੈ। ਸੂਬੇ ਦੇ ਲੋਕਾਂ, ਜਿਨ੍ਹਾਂ ਆਪਣਾ ਘਰ ਬਾਹਰ ਤੇ ਨੇੜਲਿਆਂ ਨੂੰ ਗੁਆ ਲਿਆ ਹੈ, ਦੇ ਜ਼ਖਮਾਂ ਉਪਰ ਮੱਲ੍ਹਮ ਲਾਉਣ ਦੀ ਵੱਡੀ ਲੋੜ ਹੈ'।

ਬੈਂਚ ਨੇ ਸਰਕਾਰ ਨੂੰ ਬੜੇ ਸਖਤ ਸਵਾਲ ਕੀਤੇ। ਸਰਬ-ਉੱਚ ਅਦਾਲਤ ਦੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਨੇ ਕਿਹਾ ਕਿ ਮਨੀਪੁਰ ਵਿਚ ਜੋ ਕੁਝ ਵਾਪਰਿਆ 'ਉਸ ਨੂੰ ਇਹ ਕਹਿ ਕੇ ਨਿਆਂਸੰਗਤ ਨਹੀਂ ਠਹਿਰਾਇਆ ਜਾ ਸਕਦਾ ਕਿ ਦੇਸ਼ ਦੇ ਹੋਰਨਾਂ ਰਾਜਾਂ ਵਿਚ ਵੀ ਅਜਿਹੀਆਂ ਘਟਨਾਵਾਂ ਹੋ ਰਹੀਆਂ ਹਨ'। ਭਾਜਪਾ ਨੇਤਾ ਅਤੇ ਵਕੀਲ ਬਾਂਸੁਰੀ ਸਵਰਾਜ ਨੇ ਇਕ ਪਟੀਸ਼ਨ ਰਾਹੀਂ ਦਾਅਵਾ ਕੀਤਾ ਸੀ ਕਿ ਮਹਿਲਾਵਾਂ ਵਿਰੁੱਧ ਹਿੰਸਾ ਦੇ ਕੇਸ ਸਿਰਫ ਮਨੀਪੁਰ ਵਿਚ ਹੀ ਨਹੀਂ, ਸਗੋਂ ਹੋਰਨਾਂ ਰਾਜਾਂ ਛੱਤੀਸਗੜ੍ਹ, ਪੱਛਮੀ ਬੰਗਾਲ, ਰਾਜਸਥਾਨ ਅਤੇ ਕੇਰਲਾ ਵਿਚ ਵੀ ਹੋ ਰਹੇ ਹਨ। ਦੱਸ ਦਈਏ ਕਿ ਇਨ੍ਹਾਂ ਸਾਰੇ ਰਾਜਾਂ ਵਿਚ ਵਿਰੋਧੀ ਪਾਰਟੀਆਂ ਦੀ ਸਰਕਾਰ ਹੈ। ਪੂਰੀ ਆਰ.ਐਸ.ਐਸ.-ਭਾਜਪਾ ਜੁੰਡਲੀ ਦਾ ਇਹ ਜ਼ੋਰ ਲੱਗਾ ਹੋਇਆ ਹੈ ਕਿ ਸਿਰਫ ਭਾਜਪਾ-ਸ਼ਾਸਤ ਪ੍ਰਾਂਤ ਮਨੀਪੁਰ ਵਿਚ ਹੀ ਨਹੀਂ ਸਗੋਂ ਵਿਰੋਧੀ ਪਾਰਟੀਆਂ ਵਲੋਂ ਸ਼ਾਸਤ ਪਰਦੇਸ਼ਾਂ ਵਿਚ ਵੀ ਇਹ ਘਟਨਾਵਾਂ ਹੋ ਰਹੀਆਂ ਹਨ। ਸੋਸ਼ਲ ਮੀਡੀਆ ਉਪਰ ਭਾਜਪਾ ਦਾ ਆਈ.ਟੀ. ਸੈਲ ਅਤੇ ਹੋਰ ਭਾਜਪਾਈ ਧੜਾ-ਧੜ ਪੋਸਟਾਂ ਪਾ ਰਹੇ ਹਨ ਜਿਨ੍ਹਾਂ ਵਿਚ ਵਿਰੋਧੀ ਪਾਰਟੀਆਂ, ਖਾਸ ਕਰਕੇ ਕਾਂਗਰਸ-ਸ਼ਾਸਤ ਪ੍ਰਦੇਸ਼ਾਂ ਵਿਚ ਔਰਤਾਂ ਵਿਰੁੱਧ ਹਿੰਸਾ ਦੀਆਂ ਵੀਡੀਓਜ਼ ਪੋਸਟ ਕੀਤੀਆਂ ਜਾ ਰਹੀਆਂ ਹਨ। ਭਲਾ ਇਨ੍ਹਾਂ ਨੂੰ ਕੋਈ ਪੁੱਛੇ ਕਿ ਕੀ ਦੋ ਗਲਤ ਗੱਲਾਂ ਨਾਲ ਇਕ ਸਹੀ ਗੱਲ ਬਣ ਸਕਦੀ ਹੈ?

ਤੇ ਜਸਟਿਸ ਚੰਦਰਚੂੜ ਨੇ ਪੁੱਛਿਆ ਅਤੇ ਚੰਗੀ ਤਰ੍ਹਾਂ ਪੁੱਛਿਆ। ਉਨ੍ਹਾਂ ਕਿਹਾ, "ਇਥੇ ਸਵਾਲ ਹੈ ਕਿ ਅਸੀਂ ਮਨੀਪੁਰ ਦੇ ਹਾਲਾਤ ਨਾਲ ਕਿਵੇਂ ਸਿੱਝਣਾ ਹੈ? ਕੀ ਤੁਸੀਂ ਕਹਿਣਾ ਚਾਹੁੰਦੇ ਹੋ ਕਿ ਜਾਂ ਤਾਂ ਭਾਰਤ ਦੀਆਂ ਸਾਰੀਆਂ ਧੀਆਂ ਨੂੰ ਬਚਾਓ ਜਾਂ ਫਿਰ ਕਿਸੇ ਨੂੰ ਵੀ ਨਹੀਂ?"

ਉਨ੍ਹਾਂ ਨੇ ਮਨੀਪੁਰ ਸਰਕਾਰ ਨੂੰ ਛੇ ਸਵਾਲ ਪੁੱਛੇ-ਕੇਸਾਂ ਦੀ ਤਫਸੀਲ, ਸਿਫਰ ਐਫ.ਆਈ.ਆਰਜ਼ ਦੀ ਗਿਣਤੀ, ਕਿੰਨੇ ਕੇਸ ਸਬੰਧਤ ਪੁਲਿਸ ਥਾਣੇ ਨੂੰ ਤਬਦੀਲ ਕੀਤੇ ਗਏ, ਹੁਣ ਤਕ ਕਿੰਨਿਆਂ ਦੀ ਗ੍ਰਿਫਤਾਰੀ ਹੋਈ, ਗ੍ਰਿਫਤਾਰ ਕੀਤੇ ਮੁਲਜ਼ਮਾਂ ਨੂੰ ਕਾਨੂੰਨੀ ਸਹਾਇਤਾ ਦੀ ਸਥਿਤੀ ਅਤੇ ਹੁਣ ਤਕ ਧਾਰਾ 164 ਤਹਿਤ ਮੈਜਿਸਟਰੇਟ ਸਾਹਮਣੇ ਕਿੰਨੇ ਬਿਆਨ ਕਲਮਬੰਦ ਹੋਏ।

ਦੋ ਮਹਿਲਾਵਾਂ ਦੇ ਵਕੀਲ ਕਪਿਲ ਸਿੱਬਲ ਨੇ ਕੇਸ ਸੀ.ਬੀ.ਆਈ. ਨੂੰ ਸੌਂਪੇ ਜਾਣ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਪੀੜਤ ਮਹਿਲਾਵਾਂ ਚਾਹੁੰਦੀਆਂ ਹਨ ਕਿ ਕੇਸ ਦੀ ਨਿਰਪੱਖ ਏਜੰਸੀ ਤੋਂ ਜਾਂਚ ਕਰਵਾਈ ਜਾਵੇ, ਜਿਸ ਉਪਰ ਉਨ੍ਹਾਂ ਨੂੰ ਭਰੋਸਾ ਹੋਵੇ। ਵਕੀਲ ਕੌਲਿਨ ਗੋਂਜ਼ਾਲਵੇਸ ਨੇ ਕਿਹਾ ਕਿ ਕੇਂਦਰ ਨੇ ਮਨੀਪੁਰ ਹਿੰਸਾ ਬਾਰੇ ਅੱਖਾਂ ਮੀਟੀ ਰੱਖੀਆਂ, ਜਿਸ ਕਰਕੇ ਉਨ੍ਹਾਂ ਨੂੰ ਸੀ.ਬੀ.ਆਈ. ਜਾਂਚ 'ਤੇ ਯਕੀਨ ਨਹੀਂ ਤੇ ਇਹ ਕੇਸ ਲਈ 'ਸਿੱਟ' ਗਠਿਤ ਕੀਤੀ ਜਾਵੇ। ਵਕੀਲ ਇੰਦਰਾ ਜੈ ਸਿੰਘ ਨੇ ਵੀ ਜਾਂਚ ਸੀ.ਬੀ.ਆਈ. ਦੇ ਹਵਾਲੇ ਕੀਤੇ ਜਾਣ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ, 'ਨਸਲੀ ਹਿੰਸਾ ਦੀ ਮਾਰ ਝੱਲਣ ਵਾਲੇ ਸਦਮੇ ਵਿਚ ਹਨ ਅਤੇ ਡਰੇ ਹੋਏ ਹਨ। ਅਸੀਂ ਯਕੀਨੀ ਤੌਰ 'ਤੇ ਕਹਿ ਨਹੀਂ ਸਕਦੇ ਕਿ ਪੀੜਤ ਸੀ.ਬੀ.ਆਈ. ਅਗੇ ਸੱਚ ਬੋਲ ਸਕਣਗੇ। ਉਨ੍ਹਾਂ ਵਿਚ ਭਰੋਸਾ ਹੋਣਾ ਚਾਹੀਦਾ ਹੈ ਤਾਂ ਹੀ ਉਹ ਸੱਚ ਦੱਸ ਸਕਦੇ ਹਨ"। ਇਸ ਬਾਰੇ ਬੈਂਚ ਨੇ ਕਿਹਾ, 'ਕੇਵਲ ਜਾਂਚ ਸੀਬੀਆਈ ਜਾਂ ਸਿੱਟ ਨੂੰ ਦੇਣਾ ਕਾਫੀ ਨਹੀਂ। ਸਾਨੂੰ ਜ਼ਿਹਨ ਵਿਚ ਹਾਲਾਤ ਦੀ ਤਸਵੀਰ ਖਿੱਚਣੀ ਹੋਵੇਗੀ। ਜਿਥੇ ਇਕ 19 ਸਾਲਾ ਮਹਿਲਾ, ਜੋ ਆਪਣਾ ਪਰਿਵਾਰ ਗੁਆ ਚੁੱਕੀ ਹੈ, ਇਕ ਰਾਹਤ ਕੈਂਪ ਵਿਚ ਰਹਿ ਰਹੀ ਹੈ, ਕੀ ਅਸੀਂ ਉਸ ਨੂੰ ਮੈਜਿਸਟਰੇਟ ਅੱਗੇ ਪੇਸ਼ ਹੋਣ ਲਈ ਕਹਿ ਸਕਦੇ ਹਾਂ। ਸਾਨੂੰ ਯਕੀਨੀ ਬਣਾਉਣਾ ਹੋਵੇਗਾ ਕਿ ਨਿਆਂ ਦਾ ਅਮਲ ਉਸ ਦੇ ਦਰਾਂ ਤਕ ਪਹੁੰਚੇ। ਅਸੀਂ ਮਹਿਲਾ ਜੱਜਾਂ ਅਤੇ ਸਿਵਲ ਸੁਸਾਇਟੀ ਮੈਂਬਰਾਂ ਦੀ ਕਮੇਟੀ ਬਣਾਵਾਂਗੇ, ਜੋ ਸਿਵਲ ਸੁਸਾਇਟੀ ਮੈਂਬਰਾਂ ਤੋਂ ਮਦਦ ਲੈਣਗੇ"।




ਇੱਥੇ ਦੱਸ ਦਈਏ ਕਿ ਸੁਪਰੀਮ ਕੋਰਟ ਨੇ 20 ਜੁਲਾਈ ਨੂੰ ਸਬੰਧਤ ਵੀਡੀਓ ਦਾ ਆਪੂੰ ਨੋਟਿਸ ਲੈਂਦਿਆਂ ਇਸ ਨੂੰ 'ਧੁਰ ਅੰਦਰ ਤਕ ਪ੍ਰੇਸ਼ਾਨ ਕਰਨ' ਵਾਲੀ ਅਤੇ ਹਜੂਮ ਹਿੰਸਾ ਭੜਕਾਉਣ ਦੇ 'ਸੰਦ' ਵਜੋਂ ਮਹਿਲਾਵਾਂ ਦੀ ਵਰਤੋਂ ਨੂੰ 'ਸੰਵਿਧਾਨਕ ਜਮਹੂਰੀਅਤ ਵਿਚ ਅਸਵੀਕਾਰ ਕੀਤੇ ਜਾਣ ਵਾਲਾ ਵਰਤਾਰਾ' ਕਿਹਾ ਸੀ।

31 ਜੁਲਾਈ ਅਤੇ 1 ਅਗਸਤ ਨੂੰ ਕੇਸ ਦੀ ਸੁਣਵਾਈ ਸਮੇਂ ਬੈਂਚ ਨੇ ਮਨੀਪੁਰ ਵਿਚ ਨਸਲੀ ਹਿੰਸਾ, ਜਿਸ ਤਹਿਤ ਮਹਿਲਾਵਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹੈ, ਨਾਲ ਨਜਿੱਠਣ ਲਈ ਸੰਵਿਧਾਨਕ ਮਸ਼ੀਨਰੀ ਦੇ ਬਰੇਕਡਾਊਨ ਹੋ ਜਾਣ ਦੀ ਟਿੱਪਣੀ ਕੀਤੀ। ਇਹ ਵੀ ਕਿਹਾ ਕਿ ਜਾਂਚ ਬੜੀ ਸੁਸਤ ਚਾਲੇ ਹੋ ਰਹੀ ਹੈ। ਐਫਆਈਆਰਜ਼ 2 ਮਹੀਨੇ ਮਗਰੋਂ ਦਰਜ ਕੀਤੀਆਂ ਗਈਆਂ ਹਨ...ਗ੍ਰਿਫਤਾਰੀਆਂ ਨਹੀਂ ਹੋਈਆਂ...ਪੁਲਿਸ ਜਾਂਚ ਦੇ ਯੋਗ ਹੀ ਨਹੀਂ...ਉਹ ਸਥਿਤੀ ਉਪਰ ਨਿਯੰਤਰਣ ਗੁਆ ਚੁੱਕੀ ਹੈ...ਅਮਨ ਕਾਨੂੰਨ ਦੀ ਵਿਵਸਥਾ ਪੂਰਨ ਰੂਪ ਵਿਚ ਚਰਮਰਾ ਚੁੱਕੀ ਹੈ।

ਜਸਟਿਸ ਚੰਦਰਚੂੜ ਨੇ ਤਾਂ ਇਹ ਵੀ ਮੰਨਿਆ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਰੇ ਦੇਸ਼ ਵਿਚ ਮਹਿਲਾਵਾਂ ਵਿਰੁੱਧ ਅਪਰਾਧ ਹੋ ਰਹੇ ਹਨ ਪਰ ਉਹ ਸਾਡੇ ਸਮਾਜਿਕ ਯਥਾਰਥ ਦਾ ਹਿੱਸਾ ਹਨ। ਪਰ ਮਨੀਪੁਰ ਦੀ ਘਟਨਾ ਦੀ ਵਿਕਰਾਲਤਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ, "ਅਸੀਂ ਫਿਰਕੂ ਅਤੇ ਸੰਕੀਰਨ ਬਖੇੜਿਆਂ ਤੋਂ ਪੈਦਾ ਹੋਈ ਅਜਿਹੀ ਹਿੰਸਾ ਨਾਲ ਨਜਿੱਠ ਰਹੇ ਹਾਂ ਜਿਸ ਦੀ ਪਹਿਲਾਂ ਕੋਈ ਮਿਸਾਲ ਨਹੀਂ ਮਿਲਦੀ"।

ਭਾਜਪਾ ਅਤੇ ਗੋਦੀ ਮੀਡੀਆ ਦਾ ਟਿੱਲ ਲੱਗਾ ਹੋਇਆ ਮਨੀਪੁਰ ਦੀ ਘਟਨਾ ਨੂੰ ਗੈਰ-ਭਾਜਪਾਈ ਸੂਬਿਆਂ ਵਿਚਲੀਆਂ ਘਟਨਾਵਾਂ ਨਾਲ ਜੋੜਨ ਦਾ। ਜੇ ਕਿਧਰੇ ਅਜਿਹੀਆਂ ਸਖਤ ਟਿੱਪਣੀਆਂ ਸੁਪਰੀਮ ਕੋਰਟ ਨੇ ਕਿਸੇ ਗੈਰ-ਭਾਜਪਾਈ ਸੂਬੇ ਬਾਰੇ ਕੀਤੀਆਂ ਹੁੰਦੀਆਂ ਤਾਂ ਕੇਂਦਰ ਨੇ ਹੁਣ ਤਕ ਉਹ ਸਰਕਾਰ ਭੰਗ ਕਰ ਦੇਣੀ ਸੀ। ਪਰ ਮਨੀਪੁਰ ਦੀ ਭਾਜਪਾ ਦੀ ਸਰਕਾਰ ਨੂੰ ਕੇਂਦਰ ਦੀ ਭਾਜਪਾ ਦੀ ਸਰਕਾਰ ਹਰ ਹੀਲੇ ਬਚਾਉਣ ਦਾ ਯਤਨ ਕਰ ਰਹੀ ਹੈ। 3 ਮਹੀਨਿਆਂ ਤੋਂ ਮਨੀਪੁਰ ਫਿਰਕੂ ਹਿੰਸਾ ਨਾਲ ਜਲ ਰਿਹਾ ਹੈ ਪਰ ਸਾਡਾ ਪ੍ਰਧਾਨ ਸੇਵਕ ਦੇਸ਼-ਦੇਸ਼ਾਂਤਰਾਂ ਦੇ ਦੌਰੇ ਕਰ ਰਿਹਾ ਹੈ, ਸਨਮਾਨ ਹਾਸਲ ਕਰ ਰਿਹਾ ਹੈ, ਮੱਥੇ ਟੇਕ ਰਿਹਾ ਹੈ, ਸ਼ਰਦ ਪਵਾਰ ਨਾਲ ਸਟੇਜ ਸਾਂਝਾ ਕਰ ਰਿਹਾ ਹੈ ਪਰ ਮਨੀਪੁਰ ਬਾਰੇ ਮੋਨੀ ਬਾਬਾ ਬਣੀ ਬੈਠਾ ਹੈ। ਵੀਡੀਓ ਵਾਇਰਲ ਹੋਣ ਉਪਰੰਤ ਅਤੇ ਸੁਪਰੀਮ ਕੋਰਟ ਦੁਆਰਾ ਉਸ ਦਾ ਨੋਟਿਸ ਲਏ ਜਾਣ ਕਰਕੇ ਮੀਡੀਆ ਨਾਲ ਇਕ ਗਲਬਾਤ ਵਿਚ ਉਸ ਨੇ ਇਸ ਘਟਨਾ ਦੀ ਨਿੰਦਾ ਕੀਤੀ ਪਰ ਨਾਲ ਹੀ ਛੱਤੀਸਗੜ੍ਹ, ਰਾਜਸਥਾਨ, ਜੋ ਕਾਂਗਰਸ-ਸ਼ਾਸਤ ਪ੍ਰਾਂਤ ਹਨ, ਦਾ ਜ਼ਿਕਰ ਕਰਨਾ ਨਹੀਂ ਭੁੱਲਿਆ।

ਵਿਰੋਧੀ ਪਾਰਟੀਆਂ ਦਾ ਗਲਾ ਬੈਠ ਗਿਆ ਰੌਲਾ ਪਾ ਪਾ ਕੇ ਕਿ ਪ੍ਰਧਾਨ ਮੰਤਰੀ ਸੰਸਦ ਵਿਚ ਮਨੀਪੁਰ ਦੀ ਘਟਨਾ ਬਾਰੇ ਬਿਆਨ ਦੇਣ। ਸੰਸਦ ਵਿਚ ਰੋਜ਼ ਸ਼ੋਰ ਸ਼ਰਾਬਾ ਹੋ ਰਿਹੈ। ਹੁਣ ਤਕ ਤਾਂ ਮੋਦੀ ਜੀ ਸੰਸਦ ਵਿਚ ਬੋਲੇ ਨਹੀਂ, ਪਤਾ ਨਹੀਂ ਵੜੇ ਵੀ ਹਨ ਕਿ ਨਹੀਂ। ਡੇਢ ਹਫਤਾ ਹੀ ਹੋ ਚਲਿਆ ਹੋ-ਹੱਲਾ ਹੁੰਦੇ ਨੂੰ। ਪ੍ਰਧਾਨ ਮੰਤਰੀ ਜਾਂ ਤਾਂ ਵਿਰੋਧੀ ਧਿਰ ਨੂੰ ਟਿੱਚ ਸਮਝਦੈ ਤੇ ਜਾਂ ਫਿਰ ਮਨੀਪੁਰ ਬਾਰੇ ਕੁਝ ਕਹਿਣ ਦੀ ਹਿੰਮਤ ਨਹੀਂ ਹੈ।

ਦਰਅਸਲ ਸੁਪਰੀਮ ਕੋਰਟ ਦੇ ਬੈਂਚ ਦੇ ਪ੍ਰਸ਼ਨਾਂ ਵਿਚ ਹੀ ਉੱਤਰ ਹਨ। 'ਮੀਲਾਰਡਜ਼'! ਮਨੀਪੁਰ ਵਿਚ 'ਕੁੱਤੀ ਚੋਰਾਂ ਨਾਲ ਰਲੀ' ਹੋਈ ਹੈ। ਮੁੱਖ ਮੰਤਰੀ ਉਥੋਂ ਦੇ ਬਹੁ-ਗਿਣਤੀ 'ਮੈਤੇਈ' ਭਾਈਚਾਰੇ ਦਾ ਹੈ ਅਤੇ ਇਹੀ ਲੋਕ ਘੱਟ-ਗਿਣਤੀ ਆਦਿਵਾਸੀਆਂ 'ਕੂਕੀ-ਜ਼ੋਮ' ਨੂੰ ਨਸਲੀ ਹਿੰਸਾ ਦਾ ਸ਼ਿਕਾਰ ਬਣਾ ਰਹੇ ਹਨ ਅਤੇ ਉਨ੍ਹਾਂ ਦੀਆਂ ਔਰਤਾਂ ਦੀ ਬੇਪਤੀ ਕਰ ਰਹੇ ਹਨ।

ਪ੍ਰਧਾਨ ਸੇਵਕ ਦੀ ਚੁੱਪ ਉਸ ਦੀ ਸਹਿਮਤੀ ਹੈ। ਦੇਸ਼ ਵਿਚ ਧਰੁਵੀਕਰਨ ਹੋ ਚੁੱਕਾ ਹੈ, ਭਾਜਪਾ ਸਾਹਮਣੇ 2024 ਦੀਆਂ ਚੋਣਾਂ ਹਨ। ਕਿਧਰੇ ਘੱਟ-ਗਿਣਤੀਆਂ ਵਿਰੋਧੀ ਬਿਰਤਾਂਤ ਰਚਿਆ ਜਾ ਰਿਹੈ, ਮੁਸਲਮਾਨਾਂ ਵਿਰੁੱਧ ਨਫਰਤ ਫੈਲਾਈ ਜਾ ਰਹੀ ਹੈ, ਸਿੱਖਾਂ ਨੂੰ ਜਾਂ ਤਾਂ ਭਾਜਪਾ ਆਪਣੇ ਵੱਲ ਖਿੱਚ ਰਹੀ ਹੈ ਅਤੇ ਜੋ ਨਹੀਂ ਖਿੱਚੇ ਜਾ ਰਹੇ ਉਨ੍ਹਾਂ ਖ਼ਿਲਾਫ ਐਨ.ਆਈ.ਏ. ਦੇ ਰੇਡ ਹੋ ਰਹੇ ਹਨ-ਪਟਿਆਲੇ ਖਾਲਸਾ ਏਡ ਵਰਗੀ ਸਮਾਜ ਸੇਵੀ ਜਥੇਬੰਦੀ ਦੇ ਐਮ.ਡੀ. ਅਮਰਪ੍ਰੀਤ ਸਿੰਘ ਦੇ ਘਰ ਅਤੇ ਦਫਤਰ 'ਚ 5 ਵਜੇ ਸਵੇਰ ਸਾਰ ਰੇਡ ਇਸ ਦੀ ਤਾਜ਼ਾ ਮਿਸਾਲ ਹੈ।

ਹਰਿਆਣੇ ਵੀ ਅਗਲੇ ਸਾਲ ਚੋਣਾਂ ਹਨ। ਉਥੇ ਵੀ ਫਿਰਕੂ ਹਿੰਸਾ ਭੜਕ ਪਈ ਹੈ। ਇਕ ਗੱਡੀ ਵਿਚ ਇਕ ਸਕਿਉਰਿਟੀ ਗਾਰਡ ਨੇ ਆਪਣੇ ਹੀ ਸਾਥੀਆਂ ਦੀ ਹੱਤਿਆ ਕਰ ਦਿੱਤੀ ਅਤੇ ਸਵਾਰੀਆਂ ਨੂੰ ਪਾਕਿਸਤਾਨ ਵਿਰੋਧੀ ਅਤੇ ਮੋਦੀ-ਯੋਗੀ ਪੱਖੀ ਬੋਲ ਬੋਲਣ ਨੂੰ ਕਹਿੰਦਾ ਰਿਹਾ। ਰੱਬ ਜਾਣੇ ਅਜੇ ਹੋਰ ਕੀ ਕੀ ਹੋਣੈ?

ਰਾਹਤ ਇੰਦੌਰੀ ਦਾ ਇਕ ਸ਼ੇਅਰ ਹੈ-

"ਸਰਹਦੋਂ ਪਰ ਬਹੁਤ ਤਨਾਵ ਹੈ ਕਯਾ,
ਕੁਛ ਪਤਾ ਕਰੋ ਕਹੀਂ ਚੁਨਾਵ ਹੈ ਕਯਾ"?

ਇਹ ਸਭ 'ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥' (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 134) ਦਾ ਸੱਚ ਵਾਪਰ ਰਿਹੈ। ਇਹ ਤਾਂ ਹੋ ਨਹੀਂ ਸਕਦਾ ਕਿ 'ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥' (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1379)। ਫਿਰਕੂ ਜ਼ਹਿਰ ਦੇ ਬੀਜ ਪਿਛਲੇ ਨੌਂ ਸਾਲਾਂ ਤੋਂ ਬੀਜੇ ਜਾ ਰਹੇ ਸਨ, ਹੁਣ ਜ਼ਹਿਰੀਲੀ ਫਸਲ ਪੱਕਣ ਲੱਗ ਪਈ ਹੈ।

ਭਲਾ ਮੁੱਖ ਸੇਵਕ ਨੂੰ ਕੋਈ ਪੁੱਛੇ ਕਿ ਉਹ ਸੰਸਦ ਵਿਚ ਬਿਆਨ ਦੇਣ ਤੋਂ ਭੱਜਦਾ ਕਿਉਂ ਹੈ?

"ਗਰ ਕੋਈ ਖੋਟ ਨਹੀਂ ਹੈ ਤੁਝ ਮੇਂ,
ਆਈਨਾ ਦੇਖ ਕੇ ਡਰਤਾ ਕਿਉਂ ਹੈ?"

## ਚਾਚੀ ਚਰਨੋਂ

ਚਾਚੀ ਚਰਨੋਂ ਪਿਛਲੇ ਜਨਮ ਵਿਚ ਕਿਸੇ ਇਨਾਮੀ ਠਗ ਚੈਨਲ ਜਾਂ ਅਖ਼ਬਾਰ ਦੀ ਮੰਨੀ ਪ੍ਰਮੰਨੀ ਰਿਪੋਟਰ ਸੀ ਜਾਂ ਕਿਸੇ ਸੂਹੀਆ ਏਜੰਸੀ ਦੀ ਜਸੂਸ!

ਸਾਡੀ ਚਾਚੀ ਕੋਲ ਸਾਰੇ ਪਿੰਡ ਦੀਆਂ ਪੁਖਤਾ ਸੂਚਨਾਵਾਂ ਹੁੰਦੀਆਂ!

ਚਾਚੀ ਦੇ ਭਰੋਸੇਯੋਗ ਸੂਤਰ ਵਾਕਿਆ ਹੀ ਭਰੋਸੇ ਯੋਗ ਸਨ... ਚਾਚੀ ਦੇ ਕਹੇ ਬੋਲ ਕਦੀ ਬਿਰਥਾ ਨਾ ਜਾਂਦੇ !

ਕੀਹਦੇ ਪੁੱਤ ਨੂੰ ਰਿਸ਼ਤਾ ਹੋ ਗਿਆ ਤੇ ਕੀਹਦੀ ਧੀ ਦਾ ਤਲਾਕ ਹੋ ਗਿਆ.....ਚਾਚੀ ਦੇ ਟਿਪਸ ਉਤੇ ਹੁੰਦਾ!

ਕੇਹੜੀ ਸਾਧ ਦੇ ਡੇਰੇ ਜਾਂਦੀ ਤੇ ਕਿੰਨੇ ਸੰਤਾਂ ਦੀਆਂ ਚੌਂਕੀਆਂ ਸੁੱਖੀਆਂ ਚਾਚੀ ਦੀ ਰਿਪੋਟਿੰਗ ਪੱਥਰ 'ਤੇ ਲੀਕ ਹੁੰਦੀ!

ਕੀਹਦਾ ਕਨੇਡਾ ਦਾ ਵੀਜ਼ਾ ਰੱਦ ਹੋ ਗਿਆ ਅਤੇ ਕੌਣ ਕਨੇਡਾ ਜਾਣ ਲਈ ਸੁੱਖਣਾ ਸੁੱਖ ਜਹਾਜ਼ ਚੜ੍ਹਾਉਂਦਾ ਫਿਰਦਾ ਚਾਚੀ ਹਿੱਕ 'ਤੇ ਹੱਥ ਮਾਰ ਦਾਅਵਾ ਕਰਦੀ!

ਕੌਣ ਕੌਣ ਪਿੰਡ ਵਿਚ ਚਿੱਟਾ ਪੀਂਦਾ ਤੇ ਕੌਣ ਚੈਨੀਆਂ-ਵਾਲੀਆਂ ਖੋਹੰਦਾ.....ਚਾਚੀ ਸਭ ਜਾਣਦੀ!


ਪਿੰਡ ਵਿਚ ਆਟਾ ਦਾਲ ਤੇ ਬੁਢਾਪਾ ਪੈਨਸ਼ਨ ਲੈਣ ਲਈ ਸਰਦਿਆਂ -ਪੁੱਜਦਿਆਂ ਕਿੰਨੇ ਜਾਅਲੀ ਕਾਰਡ ਬਣਾਏ ਚਾਚੀ ਕੰਨਾਂ ਵਿਚ ਹੌਲੀ ਹੌਲੀ ਦੱਸਦੀ!

ਜੱਟਾਂ ਦੇ ਤਾਰੀ ਤੇ ਬਾਹਮਣਾਂ ਦੇ ਰਾਜੂ ਨੇ ਡਾਕਟਰ ਬਣਨ ਲਈ ਕਿਵੇਂ ਬਣਾਉਟੀ ਛ ਸਰਟੀਫਿਕੇਟ ਬਣਾ ਦਾਖਲੇ ਲਏ ਚਾਚੀ ਚਰਨੋ ਅੰਦਰ ਖਾਤੇ ਗੱਲ ਕਰਨੋਂ ਨਾ ਝੱਕਦੀ!

ਪਿੰਡੋ ਕੌਣ ਕੌਣ ਡੌਂਕੀਆਂ ਲਾ ਅਮਰੀਕਾ -ਕਨੇਡਾ ਪੁੱਜਾ ਤੇ ਕਿਵੇਂ ਵਿਦੇਸ਼ੀ ਜਨਾਨੀਆਂ ਨਾਲ ਅਨੰਦ ਕਾਰਜ ਰਚਾ ਪੱਕਾ ਹੋਇਆ ਚਾਚੀ ਤੋਂ ਭੁਲਿਆ ਹੋਇਆ ਨਹੀਂ!

ਕਿੰਨੇ ਵਿਜਟਰ ਵੀਜੇ ਤੋਂ ਵਰਕ ਵੀਜਾ ਲੈਣ ਲਈ ਜੁਗਾੜਬਾਜੀਆਂ ਲਾਈਆਂ ਤੇ ਮੋਟੀਆਂ ਰਕਮਾਂ ਭਰੀਆਂ....ਕੋਈ ਚਾਚੀ ਤੋਂ ਪੁੱਛੇ!

ਪੁੱਤ ਉਰੇ ਹੋ... ਚਾਚੀ ਕਹਿੰਦੀ, "ਮੈਨੂੰ ਤੇ ਇਹ ਵੀ ਪਤਾ ਕਿੰਨੇ ਕਿਹੜੀ ਪਾਰਟੀ ਕੋਲੋਂ ਪੈਸੇ ਲਏ ਤੇ ਸ਼ਰਾਬ ਪੀਤੀ ਅਤੇ ਵੋਟਾਂ ਕਿਨੂੰ ਪਾਈਆਂ.......ਪਰ ਪੁੱਤ ਆਪਾਂ ਕੀ ਲੈਣਾ .... ਚੁੱਪ ਭਲੀ!



ਪਿੰਡ ਵਿਚ ਜਿਹੜੇ ਵੱਡੀਆਂ ਵੱਡੀਆਂ ਕੋਠੀਆਂ ਤੇ ਵੱਡੀਆਂ ਕਾਰਾਂ ਲਈ ਫਿਰਦੇ ਅਤੇ ਜਿਨ੍ਹਾਂ ਦੇ ਫਰਜੰਦ ਧੌਣਾਂ -ਡੋਲੀਆਂ ਉੱਤੇ ਟੈਟੂ ਪਵਾ ਮੋਟਰਸਾਈਕਲਾਂ ਉੱਤੇ ਪਟਾਕੇ ਪਵਾਉਂਦੇ ਨਹੀਂ ਰੱਜਦੇ.......ਇਨ੍ਹਾਂ ਜਮੀਨਾਂ ਬੈਂਕਾਂ ਕੋਲ ਗਹਿਣੇ ਰੱਖ ਲਿਮਟਾਂ ਬਣਾ ਕਰਜੇ ਦੇ ਬੋਝੇ ਚੁੱਕੇ ਹੋਏ ਨੇ!

ਪੁੱਤ ਹੁਣ ਤਾਂ ਆਵਾ ਹੀ ਊਤ ਗਿਆ ਆਪਣੇ ਪਿੰਡੋਂ ਜਣੀ ਖਣੀ ਅਧਾਰ ਕਾਰਡ ਖੀਸੇ ਪਾ ਮੁਫ਼ਤ ਦਾ ਹੂਟਾ ਲੈਣ ਤੇ ਡਲੈਵਰਾਂ -ਕਲਿੰਡਰਾਂ ਨਾਲ ਅੱਖ ਮਟਕਾ ਕਰਨ ਬੱਸਾਂ ਉਤੇ ਟਪੂਸੀਆਂ ਮਾਰ ਜਾ ਚੜ੍ਹਦੀਆਂ! ਸਾਡੇ ਵੱਲੋਂ ਢੱਠੇ ਖੂਹ 'ਚ ਪੈਣ!

ਪਿੰਡੋਂ ਬਾਹਰ ਪਿੰਡ ਵਾਸੀ ਭਾਂਵੇ ਜਿਨ੍ਹੇ ਮਰਜ਼ੀ ਗਪੌੜ ਛੱਡਣ ਪਰ ਚਾਚੀ ਸਾਮਣੇ ਸਾਰੇ ਭੱਗ ਵਾਂਗ ਬੈਠ ਜਾਂਦੇ ਤੇ ਸੀਸ ਝੁਕਾਉਂਦੇ ਵੇਖੇ!

ਚਾਚੀ ਪੱਕੀਆਂ ਕਰਦੀ ਸੀ,,, ਮੇਰੀ ਪੋਸਟ ਓਦੋਂ ਪਾਵੀਂ ਜਦੋਂ ਪਰੌਠੀ ਠੰਡੀ ਹੋ ਜਾਏ ਅਤੇ ਬੂਟੇ ਦੀ ਰੀਲ ਲੱਥ ਜਾਵੇ!

*-ਗੁਰਨਾਮ ਨਿੱਜਰ, ਐਡਮਿੰਟਨ*

## ਸ਼ੱਕੀ ਵਿਅਕਤੀ ਨੇ ਦੋ ਪੁਲਿਸ ਅਫਸਰਾਂ ਨੂੰ ਗੋਲੀਆਂ ਮਾਰ ਕੇ ਕੀਤਾ ਜ਼ਖਮੀ

**ਓਰਲੈਂਡੋ:** ਫਲੋਰਿਡਾ ਵਿਚ ਇਕ ਸ਼ੱਕੀ ਵਿਅਕਤੀ ਵੱਲੋਂ ਚਲਾਈਆਂ ਗੋਲੀਆਂ ਨਾਲ ਦੋ ਪੁਲਿਸ ਅਫਸਰ ਗੰਭੀਰ ਜ਼ਖਮੀ ਹੋ ਗਏ। ਓਰਲੈਂਡੋ ਪੁਲਿਸ ਮੁਖੀ ਏਰਿਕ ਸਮਿੱਥ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਤ 11 ਵਜੇ ਦੇ ਕਰੀਬ ਪੁਲਿਸ ਅਫਸਰ ਮਿਆਮੀ ਹੱਤਿਆ ਕਾਂਡ ਦੀ ਜਾਂਚ ਤਹਿਤ ਟਰੈਫਿਕ ਸਟਾਪ 'ਤੇ ਇਕ ਵਾਹਨ ਦੀ ਜਾਂਚ ਕਰ ਰਹੇ ਸਨ ਤਾਂ ਇਕ ਸ਼ੱਕੀ ਵਿਅਕਤੀ ਨੇ ਗੋਲੀਆਂ ਚਲਾ ਦਿੱਤੀਆਂ। ਸ਼ੱਕੀ ਦੋ ਪੁਲਿਸ ਅਫਸਰਾਂ ਨੂੰ ਜ਼ਖਮੀ ਕਰ ਕੇ ਕਾਰ ਵਿਚ ਫਰਾਰ ਹੋ ਗਿਆ। ਪੁਲਿਸ ਨੇ ਉਸਦਾ ਪਿੱਛਾ ਕੀਤਾ ਪਰੰਤੂ ਉਹ ਬਚ ਕੇ ਨਿਕਲ ਗਿਆ। ਇਸ ਤੋਂ ਕੋਈ 7 ਘੰਟੇ ਬਾਅਦ ਪੁਲਿਸ ਨੇ ਯੂਨੀਵਰਸਲ ਓਰਲੈਂਡੋ ਰਿਜ਼ਾਰਟ ਨੇੜੇ ਹਾਲੀਡੇਅ ਇਨ ਹੋਟਲ ਵਿਚ ਸ਼ੱਕੀ ਨੂੰ ਲੱਭ ਲਿਆ। ਪੁਲਿਸ ਨੇ ਹੋਟਲ ਨੂੰ ਖਾਲੀ ਕਰਵਾਉਣ ਉਪਰੰਤ ਸ਼ੱਕੀ ਵਿਅਕਤੀ ਜਿਸ ਨੇ ਆਪਣੇ ਆਪ ਨੂੰ ਇਕ ਕਮਰੇ ਵਿਚ ਬੰਦ ਕਰ ਲਿਆ ਸੀ, ਨੂੰ ਬਾਹਰ ਆਉਣ ਲਈ ਕਿਹਾ ਪਰੰਤੂ ਉਸ ਨੇ ਬਾਹਰ ਆਉਣ ਦੀ ਬਜਾਏ ਪੁਲਿਸ ਅਫਸਰਾਂ ਉਪਰ ਗੋਲੀਆਂ ਚਲਾ ਦਿੱਤੀਆਂ। ਜਵਾਬੀ ਕਾਰਵਾਈ ਵਿਚ ਸ਼ੱਕੀ ਵਿਅਕਤੀ ਜ਼ਖਮੀ ਹੋ ਗਿਆ ਜੋ ਬਾਅਦ ਵਿਚ ਦਮ ਤੋੜ ਗਿਆ। ਸ਼ੱਕੀ ਦੀ ਪਛਾਣ ਡੇਟਨ ਵੀਲ (28) ਵਜੋਂ ਹੋਈ ਹੈ। ਸਮਿੱਥ ਨੇ ਕਿਹਾ ਕਿ ਵੀਲ ਦਾ ਅਪਰਾਧਕ ਪਿਛੋਕੜ ਹੈ। ਜ਼ਖਮੀ ਪੁਲਿਸ ਅਫਸਰਾਂ ਨੂੰ ਓਰਲੈਂਡੋ ਰੀਜਨਲ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ ਜਿੱਥੇ ਡਾਕਟਰਾਂ ਨੇ ਉਨ੍ਹਾਂ ਦੇ ਛੇਤੀ ਸਿਹਤਯਾਬ ਹੋਣ ਦੀ ਆਸ ਪ੍ਰਗਟਾਈ ਹੈ।





Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com

www.thebainsfirm.com

ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377


Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।

Homeopathicvibes

Harminder Singh Gill

Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com

*We sell and ship homeopathic remedies through out North America.*

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# 16ਵੇਂ ਵਰਲਡ ਕਬੱਡੀ ਕੱਪ ਦੇ ਉਦਘਾਟਨ ਮੌਕੇ ਭਾਈ ਜਸਵਿੰਦਰ ਸਿੰਘ ਖਾਲਸਾ ਤੇ ਭਾਈ ਇੰਦਰਜੀਤ ਸਿੰਘ ਖਾਲਸਾ ਕਰਨਗੇ ਅਰਦਾਸ

*ਯੂਨਾਈਟਡ ਸਪੋਰਟਸ ਕਲੱਬ ਤੇ ਗਾਖਲ ਗਰੁੱਪ ਵਲੋਂ ਖੇਡ ਮੇਲਾ 17 ਸਤੰਬਰ ਨੂੰ*





**ਯੂਨੀਅਨ ਸਿਟੀ:** ਯੂਨਾਈਟਡ ਸਪੋਰਟਸ ਕਲੱਬ ਤੇ ਗਾਖਲ ਗਰੁੱਪ ਵਲੋਂ 17 ਸਤੰਬਰ, ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ 16ਵਾਂ ਵਰਲਡ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ। ਯੂਨਾਈਟਡ ਸਪੋਰਟਸ ਕਲੱਬ ਦੇ ਸਰਪ੍ਰਸਤ ਅਤੇ ਗਾਖਲ ਗਰੁੱਪ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਇਸ ਵਰਲਡ ਕਬੱਡੀ ਕੱਪ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ ਵਿਚ ਕਰਵਾਏ ਜਾਣ ਵਾਲੇ ਕਬੱਡੀ ਵਰਲਡ ਕੱਪ ਦੇ ਉਦਘਾਟਨ ਮੌਕੇ ਸਵੇਰੇ 10 ਵਜੇ ਭਾਈ ਜਸਵਿੰਦਰ ਸਿੰਘ ਖਾਲਸਾ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਭਾਈ ਇੰਦਰਜੀਤ ਸਿੰਘ ਖਾਲਸਾ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਸਰਬੱਤ ਦੇ ਭਲੇ ਦੀ ਅਰਦਾਸ ਕਰਨਗੇ। ਇਸ ਮੌਕੇ ਉਨ੍ਹਾਂ ਦੇ ਨਾਲ ਹਾਜ਼ਰ ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਤੀਰਥ ਗਾਖਲ, ਜੁਗਰਾਜ ਸਿੰਘ ਸਹੋਤਾ ਤੇ ਮੱਖਣ ਧਾਲੀਵਾਲ ਨੇ ਦੱਸਿਆ ਕਿ ਸਵੇਰੇ 11 ਵਜੇ ਕਬੱਡੀ ਮੁਕਾਬਲੇ ਅਰੰਭ ਹੋ ਜਾਣਗੇ। ਸਾਰਾ ਦਿਨ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਰਾਜਾ ਸਵੀਟਸ ਦੇ ਨਾਲ ਫਰੀਮਾਂਟ, ਸੈਨ ਹੋਜ਼ੇ ਅਤੇ ਸਟਾਕਟਨ ਗੁਰੂਘਰਾਂ ਵਲੋਂ ਕੀਤਾ ਜਾਵੇਗਾ।

# ਪਹਿਲੇ ਸੱਭਿਆਚਾਰਿਕ ਮੇਲੇ ਰਾਹੀਂ ਪੰਜਾਬੀਅਤ ਨੂੰ ਸਜਦਾ ਕਰੇਗੀ ਗੁਰਲੀਨ ਕੌਰ

**ਸ਼ਿਕਾਗੋ:** ਐਚ ਐਸ ਕਲਚਰਲ ਆਰਗੇਨਾਈਜ਼ੇਸ਼ਨ ਅਤੇ ਅੰਤਰਰਾਸ਼ਟਰੀ ਮੰਚ ਸੰਚਾਲਕ ਤੇ ਪੰਜਾਬੀ ਕਲਚਰ ਪਰਮੋਟਰ ਗੁਰਲੀਨ ਕੌਰ ਵੱਲੋਂ 20 ਅਗਸਤ 2023 ਨੂੰ ਸ਼ਿਕਾਗੋ ਵਿਚ ਪਹਿਲਾ ਸੱਭਿਆਚਾਰਿਕ ਮੇਲਾ ਕਰਵਾਇਆ ਜਾ ਰਿਹਾ ਹੈ। ਅਮਰੀਕਾ ਦੇ ਉਘੇ ਕਾਰੋਬਾਰੀ ਸ. ਦਰਸ਼ਨ ਸਿੰਘ ਧਾਲੀਵਾਲ ਇਸ ਮੇਲੇ ਦੇ ਮੁੱਖ ਮਹਿਮਾਨ ਹੋਣਗੇ। ਮੇਲੇ ਵਿਚ ਪੰਜਾਬੀ ਭਾਈਚਾਰੇ ਨਾਲ ਸਬੰਧਤ ਸਾਹਿਤਕ, ਸੱਭਿਆਚਾਰਕ, ਸਮਾਜਿਕ ਅਤੇ ਧਾਰਮਿਕ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾ ਰਿਹਾ ਹੈ।

ਪ੍ਰਬੰਧਕਾਂ ਅਨੁਸਾਰ ਮਾਂ ਬੋਲੀ ਪੰਜਾਬੀ ਅਤੇ ਪੰਜਾਬੀਅਤ ਨੂੰ ਅਮਰੀਕਾ ਵਿਚ ਸਜਦਾ ਕਰਦੇ ਹੋਏ ਉਨ੍ਹਾਂ ਵਲੋਂ ਇਹ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪੰਜਾਬ ਦਾ ਲੋਕ ਨਾਚ ਗਿੱਧਾ, ਮਲਵਈ ਗਿੱਧਾ, ਰੂਹ ਪੰਜਾਬਣਾਂ ਅਤੇ ਹੋਰ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ਜਾਣਗੀਆਂ। ਪ੍ਰਸਿੱਧ ਪੰਜਾਬੀ ਗਾਇਕ ਬਲਵੀਰ ਬੋਪਾਰਾਏ ਆਪਣੇ ਗੀਤਾਂ ਨਾਲ ਲੋਕਾਂ ਦਾ ਮਨੋਰੰਜਨ ਕਰਨਗੇ। ਇਸ ਮੌਕੇ ਉਂਕਾਰ ਸਿੰਘ ਸੰਘਾ, ਨਵਜੋਧ ਸਿੰਘ ਬਾਜਵਾ, ਅਮਰੀਕ ਪਾਲ ਸਿੰਘ, ਸ. ਜਸਕਰਨ ਧਾਲੀਵਾਲ, ਸੁਖਪਾਲ ਗਿੱਲ, ਬਲਜੀਤ ਅਟਵਾਲ, ਜਗਮੀਤ ਸਿੰਘ ਅਤੇ ਜਿਗਰਦੀਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਣਗੇ।

ਕੁੱਕ ਅਤੇ ਵੇਟਰ ਦੀ ਫੌਰੀ ਲੋੜ ਹੈ
ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ
ਕੁੱਕ ਅਤੇ ਵੇਟਰ ਦੀ ਫੌਰੀ ਲੋੜ ਹੈ
ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼
Restaurant Help
Immediately hiring Kitchen Helper & Dishwasher for Indian restaurant in Indiana.
*Good Salary and free accommodation.*
ਸੰਪਰਕ ਕਰੋ; ਟੋਨੀ: 317-340-1470

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ
(ਬੇਅ ਏਰੀਆ-ਕੈਲੀਫ਼ੋਰਨੀਆ)
22ਵੀਂ ਅੰਤਰ ਰਾਸ਼ਟਰੀ ਦੋ ਰੋਜ਼ਾ ਕਾਨਫ਼ਰੰਸ
ਮਿਤੀ: 28-29 ਅਕਤੂਬਰ, 2023
ਸਮਾਂ ਤੇ ਸਥਾਨ ਜਲਦੀ ਨਿਸ਼ਚਤ ਕੀਤਾ ਜਾਵੇਗਾ
ਇਸ ਕਾਨਫ਼ਰੰਸ ਵਿਚ ਇੰਡੀਆ, ਕੈਨੇਡਾ, ਆਸਟਰੇਲੀਆ ਤੋਂ ਇਲਾਵਾ ਅਮਰੀਕਾ ਤੋਂ ਵਿਦਵਾਨ ਅਤੇ ਲੇਖਕ ਸ਼ਾਮਲ ਹੋਣਗੇ।
ਜਾਰੀ ਕਰਤਾ:
ਕੁਲਵਿੰਦਰ (ਪ੍ਰਧਾਨ) 510-367-2090
ਜਗਜੀਤ (ਜਨਰਲ ਸਕੱਤਰ)-510-676-1565

One stop shop for all your taxi needs
The Friendly Group Ltd.
Chelsea Taxi Brokers
*All types of insurance*
** Medallion transfers*
** Accident claims*
** Taxi Stand Facility available*
Ph: 212-947-9833, 212-695-0601
We are here at your service to sell and buy or insure medallions and we are in business to help our Punjabi Community since last 40 years.
*Ask us about Purchase or new buyer and financing.


ਟ40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ
ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੁਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।


UNITED SPORTS CLUB CALIFORNIA, AMERICA
GAKHAL GROUP
DEDICATED TO
Late. Nashib Singh Gakhal
Late. Major Singh Bains
Late. Puran Singh
16th WORLD KABADDI CUP
17 SEPTEMBER 2023, SUNDAY
(Timing 09:00am - 06pm)
(James Logan High School 1800 H Street, Union City, California 94587)
ਸੰਗਤਾਂ ਨੂੰ ਹੁੰਮ-ਹੁਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ
Amolak Singh Gakhal
Chief Patron, United Sports Club
Sponsor of 1st Prize
Sponsor of 2nd Prize
Sponsor of 3rd Prize
Diamond Sponsor
Inder Dosanjh
Dosanjh Family Auto Group Inc.
Diamond Sponsor
In the loving Memory of Late S. Mehnga Singh Sarai
By: Sarai Family
Diamond Sponsor
Diamond Sponsor
Asian Food Center, Canada
Diamond Sponsor
Diamond Sponsor
OPENING
ਟੂਰਨਾਮੈਂਟ ਅਰੰਭਤਾ ਦੀ ਅਰਦਾਸ ਕਰਨਗੇ
Inder Dosanjh
Dr. Navjot Dahiya
Many Grewal
Garry Singh
Surjit Singh Tutt
Sewa Singh Randhawa
Jaspreet Singh Attorney
Dulla Surkhpur
Dr. Harcharn Gill
* DIAMOND SPONSORS
* KINGS SPORTS CLUB
* SHAEED BABA DEEP SINGH SPORTS CLUB
* CENTER VALLEY SPORTS CLUB
* SANDEEP NANGAL AMBIAN BAY AREA SPORTS CLUB
ਵਿਸ਼ੇਸ਼ ਸਨਮਾਨ
Surinder Singh Atwal
Tarlochan Singh Lachhar
Johan Singh Gill
Mike Boparai
Paul Shota
Lakha Gazipur
Bant Nijjar
Surinder Nijjar
ਗੋਲਡ ਮੈਡਲ ਨਾਲ ਸਨਮਾਨ
Sarwan Singh Bal
Surinder Singh Atwal
Dulla Surkhpur
ਵਿਸ਼ੇਸ਼ ਸਨਮਾਨ
Club Management
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Advisor
S. Ashok Bhaura Gen. Sec & Media Incharge
Narinder Singh Sahota Treasurer
Sadhu Singh Khlaur Advisor
Sanam Bains Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Advisor
ਵਿਸ਼ੇਸ਼ ਸਨਮਾਨ
ਸਵ. ਹਾਕਮ ਚਾਵੇਜ
GUEST OF HONOUR
All Kabaddi Lovers are openly Invited
Raja Sweets & Catering
PTC PUNJABI
LIVE KABADDI
jus punjabi
Media in charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
16ਵੇਂ ਵਿਸ਼ਵ ਕਬੱਡੀ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Sandeep Nangal Ambian Bay Area
2. North America Charda Punjab Sports Club,
3. Baba Sang Ji Kabaddi Club
4. Shaheed Baba Deep Singh/Fateh Sports Club
ਸਾਰਾ ਦਿਨ ਰਾਜਾ ਸਵੀਟਸ ਵਲੋਂ ਗੁਰੂ ਕਾ ਲੰਗਰ ਲਗਾਇਆ ਜਾਵੇਗਾ
Spectator Have to reach at James Logan High School, International Law of Kabaddi will apply, United Sports Club has reserve the right for last decisions.

# ਇਕਬਾਲ ਦੀ ਸ਼ਾਇਰੀ

**ਲਾਹੌਰ ਵਿਚ ਉਰਦੂ ਦੇ ਮੁਸ਼ਾਇਰਿਆਂ 'ਚ ਸ਼ਿਰਕਤ ਕਰਨ ਕਰ ਕੇ ਡਾ. ਇਕਬਾਲ ਦਾ ਨਾਂ ਚਮਕ ਉੱਠਿਆ। ਆਪ ਦੀਆਂ ਦੋ ਨਜ਼ਮਾਂ 'ਕੋਹ ਹਿਮਾਲਾ' ਅਤੇ 'ਹਿੰਦੁਸਤਾਨ ਹਮਾਰਾ' ਬਹੁਤ ਲੋਕ-ਚਰਚਿਤ ਹੋਈਆਂ ਤੇ ਆਪ ਦਾ ਨਾਂ ਚੋਟੀ ਦੇ ਸ਼ਾਇਰਾਂ ਵਿਚ ਗਿਣਿਆ ਜਾਣ ਲੱਗਾ। ਬਾਈ ਸਾਲ ਦੀ ਉਮਰੇ ਸ਼ਿਅਰ ਪੜ੍ਹਦਿਆਂ ਉਸ ਸਮੇਂ ਦੇ ਪ੍ਰਸਿੱਧ ਸ਼ਾਇਰ ਮਿਰਜ਼ਾ ਅਰਸ਼ਦ ਗੋਰਮਾਨੀ ਨੇ ਆਪ ਨੂੰ ਕਾਬਲਿ-ਤਾਰੀਫ਼ ਸਮਝਿਆ। ਇਹ ਦੌਰ ਲਾਹੌਰ 'ਚ ਉਰਦੂ ਦੀ ਸ਼ਾਇਰੀ ਦਾ ਸਿਖਰ ਸੀ।**

**ਕਲਾ ਪਰਿਕਰਮਾ**

ਡਾਕਟਰ ਮੁਹੰਮਦ ਇਕਬਾਲ ਦੇ ਪੁਰਖੇ ਕਸ਼ਮੀਰ ਤੋਂ ਚੱਲ ਕੇ ਸਿਆਲਕੋਟ ਵੱਸ ਗਏ ਸਨ। ਸਪਰੂ ਗੋਤ ਦੇ ਕਸ਼ਮੀਰੀ ਬ੍ਰਾਹਮਣਾਂ ਦੇ ਪਿਛੋਕੜ ਤੋਂ ਇਸਲਾਮ ਮਤ ਧਾਰਨ ਕੀਤਿਆਂ, ਚਾਰ ਸੌ ਸਾਲ ਤੋਂ ਵੱਧ ਸਮਾਂ ਹੋ ਚੁੱਕਿਆ ਹੈ। ਸ਼ੇਖ ਨੂਰ ਮੁਹੰਮਦ ਦਾ ਛੋਟਾ ਪੁੱਤਰ ਮੁਹੰਮਦ ਇਕਬਾਲ ਸੀ ਜਿਸ ਦਾ ਜਨਮ 1873 'ਚ ਸਿਆਲਕੋਟ ਵਿਚ ਹੋਇਆ। ਆਪ ਦੇ ਪਿਤਾ ਨੇ ਆਪ ਨੂੰ ਉਰਦੂ, ਫ਼ਾਰਸੀ ਅਤੇ ਅੰਗਰੇਜ਼ੀ ਦੀ ਸਿੱਖਿਆ ਗ੍ਰਹਿਣ ਕਰਵਾਈ। ਮੌਲਵੀ ਸੱਯਦ ਮੀਰ ਹਸਨ ਆਪਣੇ ਸਮੇਂ ਦੇ ਵਿਦਵਾਨ ਅਧਿਆਪਕ ਸਨ ਜਿਨ੍ਹਾਂ ਨੇ ਮੁਹੰਮਦ ਇਕਬਾਲ

**ਮਨਮੋਹਨ ਸਿੰਘ ਦਾਊਂ**
**ਫੋਨ: +91-98151-23900**


ਨੂੰ ਫ਼ਾਰਸੀ ਤੇ ਅਰਬੀ ਦੀ ਤਾਲੀਮ ਵਿਚ ਪਰਪੱਕ ਕੀਤਾ। ਇਸ ਦਾ ਅਹਿਸਾਨ ਮੁਹੰਮਦ ਇਕਬਾਲ ਤਾ-ਜ਼ਿੰਦਗੀ ਮੰਨਦੇ ਰਹੇ। ਗੌਰਮਿੰਟ ਕਾਲਜ ਲਾਹੌਰ 'ਚ ਅੰਗਰੇਜ਼ ਪ੍ਰੋਫੈਸਰ ਆਰਨਲਡ ਤੋਂ ਫਿਲਾਸਫ਼ੀ ਵਿਸ਼ੇ 'ਚ ਬੀ.ਏ. ਕੀਤੀ। ਅਰਬੀ ਤੇ ਅੰਗਰੇਜ਼ੀ 'ਚ ਅੱਵਲ ਰਹਿਣ ਕਰ ਕੇ ਸੋਨੇ ਦੇ ਦੋ ਤਗਮੇ ਹਾਸਲ ਕੀਤੇ। ਐਮ.ਏ. ਦੀ ਪ੍ਰੀਖਿਆ 'ਚ ਵੀ ਚੰਗੇ ਨੰਬਰ ਹਾਸਲ ਕਰ ਕੇ ਸੋਨੇ ਦਾ ਤਗਮਾ ਪ੍ਰਾਪਤ ਕੀਤਾ। ਤੀਖਣ ਬੁੱਧੀ ਤੇ ਮਿਹਨਤੀ ਹੋਣ ਕਾਰਨ ਮੁਹੰਮਦ ਇਕਬਾਲ ਦੀ ਪੈਂਠ ਬਣੀ ਰਹੀ।

ਲਾਹੌਰ ਵਿਚ ਉਰਦੂ ਦੇ ਮੁਸ਼ਾਇਰਿਆਂ 'ਚ ਸ਼ਿਰਕਤ ਕਰਨ ਕਰ ਕੇ ਡਾ. ਇਕਬਾਲ ਦਾ ਨਾਂ ਚਮਕ ਉੱਠਿਆ। ਆਪ ਦੀਆਂ ਦੋ ਨਜ਼ਮਾਂ 'ਕੋਹ ਹਿਮਾਲਾ' ਅਤੇ 'ਹਿੰਦੁਸਤਾਨ ਹਮਾਰਾ' ਬਹੁਤ ਲੋਕ-ਚਰਚਿਤ ਹੋਈਆਂ ਤੇ ਆਪ ਦਾ ਨਾਂ ਚੋਟੀ ਦੇ ਸ਼ਾਇਰਾਂ ਵਿਚ ਗਿਣਿਆ ਜਾਣ ਲੱਗਾ। ਬਾਈ ਸਾਲ ਦੀ ਉਮਰੇ ਸ਼ਿਅਰ ਪੜ੍ਹਦਿਆਂ ਉਸ ਸਮੇਂ ਦੇ ਪ੍ਰਸਿੱਧ ਸ਼ਾਇਰ ਮਿਰਜ਼ਾ ਅਰਸ਼ਦ ਗੋਰਮਾਨੀ ਨੇ ਆਪ ਨੂੰ ਕਾਬਲਿ-ਤਾਰੀਫ਼ ਸਮਝਿਆ। ਇਹ ਦੌਰ ਲਾਹੌਰ 'ਚ ਉਰਦੂ ਦੀ ਸ਼ਾਇਰੀ ਦਾ ਸਿਖਰ ਸੀ ਤੇ ਮੁਹੰਮਦ ਇਕਬਾਲ ਨੂੰ ਸੁਣਨ ਲਈ ਸਰੋਤੇ ਬਿਹਬਲ ਹੁੰਦੇ ਸਨ। ਉਨ੍ਹਾਂ ਦੀ ਸੰਜੀਦਗੀ ਹੀ ਉਨ੍ਹਾਂ ਦੀ ਸ਼ੈਲੀ ਸੀ।


ਸ਼ੁਰੂ ਤੋਂ ਹੀ ਇਕਬਾਲ ਸਾਧਾਰਨ ਤੇ ਧਾਰਮਿਕ ਜੀਵਨ ਨੂੰ ਤਰਜੀਹ ਦੇਣ ਵਾਲੇ ਸਨ। ਸਲਵਾਰ, ਕੁੜਤਾ ਤੇ ਸਾਫ਼ਾ ਆਪ ਦੀ ਪੁਸ਼ਾਕ ਹੁੰਦੀ ਸੀ। ਵਿਦਿਆਰਥੀ ਜੀਵਨ ਵਿਚ ਵੀ ਸਵੇਰੇ ਉੱਠ ਕੇ ਨਮਾਜ਼ ਪੜ੍ਹਦੇ ਤੇ ਫਿਰ ਕੁਰਾਨ ਸ਼ਰੀਫ਼ ਦੀ ਉੱਚੀ ਆਵਾਜ਼ ਵਿਚ ਤਲਾਵਤ ਕਰਦੇ ਸਨ। ਵਲਾਇਤ ਜਾ ਕੇ ਅੰਗਰੇਜ਼ੀ ਪੁਸ਼ਾਕ ਵੀ ਪਹਿਨੀ ਪਰ ਵਤਨ ਪਰਤ ਕੇ ਸਲਵਾਰ, ਕਮੀਜ਼, ਫਰਾਕ ਕੋਟ ਨਾਲ ਤੁਰਕੀ ਟੋਪੀ ਪਹਿਨਦੇ ਰਹੇ।

1905 'ਚ ਇੰਗਲੈਂਡ ਦੀ ਕੈਂਬ੍ਰਿਜ ਯੂਨੀਵਰਸਿਟੀ ਤੋਂ ਫਿਲਾਸਫ਼ੀ ਦੀ ਪ੍ਰੀਖਿਆ ਪਾਸ ਕੀਤੀ। ਉੱਥੇ ਉਨ੍ਹਾਂ ਨੇ ਇਰਾਨ ਦੇ ਫਲਸਫ਼ੇ ਬਾਰੇ ਪੁਸਤਕ ਲਿਖੀ ਜਿਸ 'ਤੇ ਜਰਮਨੀ ਦੀ ਮਿਊਨਿਖ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਪੀਐੱਚ.ਡੀ. ਦੀ ਡਿਗਰੀ ਦਿੱਤੀ। ਇੰਗਲੈਂਡ ਵਿਚ ਪ੍ਰੋਫੈਸਰ ਆਰਨਲਡ ਦੀ ਥਾਂ ਲੰਡਨ ਯੂਨੀਵਰਸਿਟੀ 'ਚ ਛੇ ਮਹੀਨੇ ਅਰਬੀ ਪੜ੍ਹਾਈ। ਇੰਗਲੈਂਡ ਤੋਂ ਪਰਤਣ 'ਤੇ ਲਾਹੌਰ ਗੌਰਮਿੰਟ ਕਾਲਜ 'ਚ ਪੰਜ ਸੌ ਰੁਪਏ ਤਨਖ਼ਾਹ 'ਤੇ ਪੜ੍ਹਾਇਆ। ਇੱਥੇ ਮੁਹੰਮਦ ਇਕਬਾਲ ਨੇ ਫ਼ਾਰਸੀ ਵਿਚ ਨਜ਼ਮਾਂ ਲਿਖਣ ਵੱਲ ਵਧੇਰੇ ਧਿਆਨ ਲਾਇਆ। ਉਰਦੂ ਨਾਲੋਂ ਫ਼ਾਰਸੀ ਦਾ ਘੇਰਾ ਵਿਸ਼ਾਲ ਹੋਣ ਕਰ ਕੇ ਆਪ ਨੇ ਫ਼ਾਰਸੀ 'ਚ ਆਪਣੇ ਕਲਾਮ ਨੂੰ ਪਹਿਲ ਦਿੱਤੀ। 'ਬਾਲਿ ਜਬਿਰੀਲ' ਇਕਬਾਲ ਦੀ ਉੱਤਮ ਸ਼ਾਇਰੀ ਦਾ ਸਿਖਰ ਮੰਨੀ ਜਾਂਦੀ ਹੈ। ਕਾਲਜ ਦੀ ਪ੍ਰੋਫੈਸਰੀ ਤੋਂ ਅਸਤੀਫ਼ਾ ਦੇ ਕੇ ਆਪ ਨੇ ਵਕਾਲਤ ਕਰਨ ਵੱਲ ਧਿਆਨ ਦਿੱਤਾ ਪਰ ਇਹ ਕਿੱਤਾ ਸਿਰਫ਼





*ਵਿਦਵਾਨ ਸ਼ਾਇਰ ਡਾ. ਮੁਹੰਮਦ ਇਕਬਾਲ ਦੀਆਂ ਦੋ ਤਸਵੀਰਾਂ।*




*ਡਾ. ਮੁਹੰਮਦ ਇਕਬਾਲ ਦੀ ਕਿਤਾਬ 'ਬਾਲਿ ਜਿਬਰੀਲ' ਦਾ ਮੁਖੜਾ।*

ਰੋਟੀ-ਰੋਜ਼ੀ ਲਈ ਹੀ ਕੀਤਾ। ਪਹਿਲੀ ਆਲਮੀ ਜੰਗ ਨੇ ਡਾ. ਇਕਬਾਲ ਨੂੰ ਬੜਾ ਬੇਚੈਨ ਕੀਤਾ।

ਇਸ ਦੌਰ ਦੀਆਂ ਦੋ ਨਜ਼ਮਾਂ 'ਅਸਰਾਰੇ ਖ਼ੁਦੀ' ਅਤੇ 'ਰੁਮੂਜ਼ੇ ਬੇਖ਼ੁਦੀ' ਮਨੁੱਖਤਾ ਦੀ ਵਡਿਆਈ ਦੇ ਪ੍ਰਸੰਗ ਵਿਚ ਲਿਖੀਆਂ। ਇਕਬਾਲ ਦਾ ਇਹ ਹੋਕਾ ਸੀ ਕਿ ਲੋਕੋ ਆਪਣੇ ਆਪ ਨੂੰ ਪਛਾਣੋ, ਘਾਲਣਾ ਘਾਲ ਕੇ ਅੱਗੇ ਵਧੋ। ਜੀਵਨ ਨੂੰ ਮਾਣੋ, ਜੀਵਨ ਸੰਘਰਸ਼ ਦਾ ਅਖਾੜਾ ਹੈ। ਹਿੰਦੁਸਤਾਨ ਦੀ ਹਕੂਮਤ ਨੇ ਆਪ ਦੀ ਵਿਦਵਤਾ ਤੇ ਸ਼ਾਇਰੀ ਨੂੰ ਮੁੱਖ ਰੱਖਦਿਆਂ (1922 'ਚ) 'ਸਰ' ਦਾ ਖ਼ਿਤਾਬ ਦਿੱਤਾ। ਸਾਰੀ ਕੌਮ ਆਪ ਨੂੰ 'ਅੱਲਾਮਾ ਇਕਬਾਲ' ਕਹਿਣ 'ਚ ਮਾਣ ਸਮਝਦੀ ਸੀ। ਅੰਤਲੇ ਸਾਲਾਂ ਵਿਚ ਡਾ. ਇਕਬਾਲ ਨੂੰ ਕਈ ਬਿਮਾਰੀਆਂ ਨੇ ਆ ਘੇਰਿਆ। ਇਲਾਜ ਕਰਵਾਇਆ। ਆਖ਼ਰ 65 ਸਾਲ ਦੀ ਉਮਰ ਭੋਗਦਿਆਂ 21 ਅਪਰੈਲ 1938 ਨੂੰ ਅਲਵਿਦਾ ਕਹਿ ਗਏ। ਲਾਹੌਰ ਦੀ ਸ਼ਾਹੀ ਮਸਜਿਦ ਪਾਸ ਆਪ ਨੂੰ ਦਫ਼ਨਾਇਆ ਗਿਆ। ਦੱਸਿਆ ਜਾਂਦਾ ਹੈ ਕਿ ਆਪ ਦੇ ਜਨਾਜ਼ੇ ਨਾਲ ਲਗਪਗ ਸੱਠ ਹਜ਼ਾਰ ਵਿਅਕਤੀ ਸ਼ਾਮਲ ਸਨ। ਉਨ੍ਹਾਂ ਦਾ ਮਸ਼ਹੂਰ ਸ਼ਿਅਰ ਹੈ:

ਨ: ਤਖ਼ਤੁ ਤਾਜ ਮੇਂ, ਨੈ ਲਸ਼ਕੋਰ ਸਿਪਾਹ ਮੇਂ ਹੈ,
ਜੋ ਬਾਤ ਮਰਦਿ ਕਲੰਦਰ ਕੀ ਬਾਰ-ਗਾਹ ਮੇਂ ਹੈ।

ਇਕ ਹੋਰ ਥਾਂ ਡਾ. ਇਕਬਾਲ ਲਿਖਦੇ ਹਨ:

ਇਸ ਖ਼ਾਕ ਕੋ ਅੱਲਾਹ ਨੇ ਬਖਸ਼ੇ ਹੈਂ ਵੁਹ ਆਂਸੂ,
ਕਰਤੀ ਹੈ ਚਮਕ ਜਿਨ ਕੀ ਸਿਤਾਰੋਂ ਕੀ ਅਰਕ-ਨਾਕ।

ਮੁਹੱਬਤ ਦੀ ਪਾਕ-ਪਵਿੱਤਰ ਅਵਸਥਾ ਬਾਰੇ ਲਿਖਦੇ ਹਨ:

ਇਸ਼ਕ ਕੇ ਮਿਜ਼ਰਾਬ ਸੇ, ਨਗਮਇ ਤਾਰੇ ਹਯਾਤ,
ਇਸ਼ਕ ਸੇ ਨੂਰੇ ਹਯਾਤ, ਇਸ਼ਕੇ ਸੇ ਨਾਰੇ ਹਯਾਤ।

ਪੁਸਤਕ ਦੇ ਰੁਬਾਇਯਾਤ 'ਚੋਂ ਉਨ੍ਹਾਂ ਦਾ ਕਲਾਮ ਬੰਦੇ ਦੀ ਖ਼ੁਦੀ ਨੂੰ ਸੰਬੋਧਨ ਹੁੰਦਾ:

ਖ਼ੁਦੀ ਕੇ ਜ਼ੋਰ ਸੇ ਦੁਨਯਾ ਖਿ: ਛਾ ਜਾ,
ਮੁਕਾਮੇ ਰੰਗੁ ਬੂ ਕਾ ਰਾਜ਼ ਪਾ ਜਾ,
ਬਰੰਗੇ ਬਹਰ ਸਾਹਿਲ-ਆਸ਼ਨਾ ਰਹ
ਕਫ਼ੇ ਸਾਹਿਲ ਸੇ ਦਾਮਨ ਖੈਂਚਤਾ ਜਾ।

ਆਪਣੇ ਆਪ ਦੀ ਦਰਵੇਸ਼ੀ ਅਤੇ ਬੇਮੁਥਾਜੀ ਬਾਰੇ ਬਹੁਤ ਸਪਸ਼ਟ ਕਰਦੇ ਹੋਏ ਡਾ. ਇਕਬਾਲ ਆਪਣੇ ਨਾਂ ਦੇ ਡੂੰਘੇ ਅਰਥ ਵੀ ਸਮਝਾ ਜਾਂਦੇ ਹਨ:

ਕਹਾਂ ਸੇ ਤੂ ਨੇ ਐ 'ਇਕਬਾਲ' ਸੀਖੀ ਹੈ ਯਿ: ਦਰਵੇਸ਼ੀ,
ਕਿ: ਚਰਚਾ ਪਾਦਸ਼ਾਹੋਂ ਮੇਂ ਹੈ ਤੇਰੀ ਬੇ-ਨਿਆਜ਼ੀ ਕਾ।

ਡਾ. ਇਕਬਾਲ ਦੀ ਫ਼ਾਰਸੀ ਸ਼ਾਇਰੀ ਦਾ ਕੋਈ ਮੁਕਾਬਲਾ ਨਹੀਂ। ਉਸ ਕੋਲ ਡੂੰਘਾ ਅਨੁਭਵ ਅਤੇ ਚਿੰਤਨ ਸੀ। ਕਿਤੇ-ਕਿਤੇ ਉਸ ਦੀ ਸ਼ਾਇਰੀ ਬਹੁਤ ਸਰਲ ਸ਼ਬਦਾਂ ਵਿਚ ਪੜ੍ਹੀ ਤੇ ਮਾਣੀ ਜਾ ਸਕਦੀ ਹੈ। ਕੁਝ ਰੰਗ ਇਸ ਤਰ੍ਹਾਂ ਦਾ ਵੀ ਹੈ:

ਮਨ ਕੀ ਦੌਲਤ ਹਾਥ ਆਤੀ ਹੈ
ਤੋ ਫਿਰ ਜਾਤੀ ਨਹੀਂ
ਤਨ ਕੀ ਦੌਲਤ ਛਾਉਂ ਹੈ
ਆਤਾ ਹੈ ਧਨ, ਜਾਤਾ ਹੈ ਧਨ।

ਡਾ. ਇਕਬਾਲ ਖ਼ੁਦਾ ਨੂੰ ਅਰਜੋਈ ਕਰਦਾ ਸਵੈ-ਰੌਸ਼ਨ ਹੋਣ ਲਈ ਕਹਿੰਦਾ ਹੈ:

ਖ਼ੁਦਾਯਾ ਆਰਜ਼ੂ ਮੇਰੀ ਯਹੀ ਹੈ
ਮਿਰਾ ਨੂਰੇ ਬਸੀਰਤ (ਅੰਦਰ ਦੀ ਅੱਖ ਦਾ ਪ੍ਰਕਾਸ਼) ਆਮ ਕਰਦੇ।

'ਬਾਲਿ ਜਿਬਰੀਲ' ਨੂੰ ਭਾਸ਼ਾ ਵਿਭਾਗ, ਪੰਜਾਬ ਨੇ 1962 'ਚ ਬੜੀ ਜ਼ਿੰਮੇਵਾਰੀ ਨਾਲ ਪੰਜਾਬੀ ਵਿਚ ਲਿਪੀਅੰਤਰ ਕਰਵਾਇਆ ਸੀ। ਅਜਿਹੀ ਸ਼ਾਇਰੀ ਨੂੰ ਪੰਜਾਬੀ ਪਾਠਕਾਂ ਦੇ ਰੂ-ਬ-ਰੂ ਕਰਨਾ ਚੰਗਾ ਉੱਦਮ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਅਗਸਤ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-599



**ਛੱਡ ਗਏ ਸੰਗ ਮੀਤ ਪਿਆਰੇ, ਸਕੇ ਸੰਬੰਧੀ ਧੀ ਪੁੱਤ ਸਾਰੇ।**
**ਕਰ ਮੁਸ਼ੱਕਤ ਅੱਜ ਰੋਵੇ ਅੱਖ, ਸਰਕਾਰਾਂ ਪੱਲੇ ਨਹੀਂ ਹੈ ਕੱਖ।**
**ਜਾਨ ਤੋੜ ਤੋੜ ਮਹਿਲ ਉਸਾਰੇ, ਪਰ ਆਪਣੇ ਰਹੇ ਕੱਚੇ ਢਾਰੇ।**
**ਰੁਲ਼ੇ ਬੇਵੱਸ ਲਾਚਾਰ ਬੁਢਾਪਾ, ਪੇਟ ਖਾਤਿਰ ਪਿਆ ਸਿਆਪਾ।**

## ਕੈਪਸ਼ਨ ਮੁਕਾਬਲਾ-597



ਉੱਠਣ ਪਾਣੀ ਦੀਆਂ ਉੱਚੀਆਂ ਛੱਲਾਂ,
ਅਸਮਾਨ ਨਾਲ ਜੋ ਕਰਦੀਆਂ ਗੱਲਾਂ
ਗਲ਼-ਗਲ਼ ਤੱਕ ਹੈ ਪਾਣੀ ਚੜ੍ਹਿਆ,
ਤੋੜ ਕੇ ਬੰਨ ਘਰਾਂ ਵਿਚ ਵੜਿਆ।
ਮੋਢਿਆਂ ਉੱਤੇ ਮਾਂ ਬਿਠਾ ਕੇ,
ਤੁਰਿਆ ਸੇਧ ਪੱਤਣ ਵੱਲ ਲਾ ਕੇ
ਮਾਂ ਪਾਣੀ ਤੋਂ ਸਹਿਮੀ ਡਰਦੀ,
ਪੁੱਤ ਜਾਵੇ ਜਿਵੇਂ ਕਿਸ਼ਤੀ ਤਰਦੀ।
ਇਕ ਸਰਵਣ ਪਾਣੀ ਲਈ ਮਰਿਆ,
ਇਹ ਸਰਵਣ ਪਾਣੀ 'ਤੇ ਤਰਿਆ
ਦੋਹਾਂ ਦਾ ਹੈ ਇਕ ਨਿਸ਼ਾਨਾਂ,
ਮਾਂ ਪਿਓ ਦੀਆਂ ਬਚਾਉਣੀਆਂ ਜਾਨਾਂ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਚਾਰੇ ਪਾਸੇ ਜਲ-ਥਲ ਹੋਇਆ
ਕੁਦਰਤ ਨੇ ਹੈ ਕਹਿਰ ਕਮਾਇਆ।
ਕਰੀ ਕਮਾਈ ਰੁੜ੍ਹ ਗਈ ਸਾਰੀ
ਮੋਢੇ ਮੋਢੇ ਪਾਣੀ ਆਇਆ।
ਜਾਨ ਬਚਾਵਣ ਖਾਤਰ ਤੁਰ ਪਏ
ਬਿਰਧ ਮਾਂ ਨੂੰ ਕੰਧੇੜੇ ਚਾਇਆ।
**-ਜਗਮੀਤ ਸਿੰਘ ਪੰਧੇਰ**
**ਕਲਾਹੜ (ਲੁਧਿਆਣਾ)**
**ਫੋਨ: 98783-37222**

ਤਿਲ ਤਿਲ ਕਰ ਕੇ ਜੋੜਿਆ
ਅੱਜ ਸਭ ਹੜ੍ਹਾ ਲਿਆ ਮੈਂ
ਫਿਰ ਵੀ ਅੰਦਰੋਂ ਖੁਸ਼ ਹਾਂ
ਬੁੱਢੀ ਮਾਂ ਨੂੰ ਬਚਾ ਲਿਆ ਮੈਂ।
ਆਬਾਦ ਹੋ ਜਾਵਾਂਗੇ ਮੁੜ ਤੋਂ
ਮਾਂ ਦੇਵੇ ਅਸੀਆਂ ਮੈਨੂੰ
ਬਰਬਾਦ ਹੋਏ ਪਲਾਂ 'ਚ
ਰੱਬਾ ਤਰਸ ਨਾ ਆਇਆ ਤੈਨੂੰ।
***-ਹਰਜੋਤ ਕੌਰ ਮਹੇਸ਼ਪੁਰ***
***ਫੋਨ 734-883-6704***

---

ਪਰਖਿਆ ਜਾਂਦਾ ਸਿਰਫ਼ ਅਤੇ ਸਿਰਫ਼
ਜਦੋਂ ਆਫ਼ਤ ਨੇ ਘੇਰ ਲਿਆ ਹੁੰਦਾ
ਸੌ ਬਟਾ ਸੌ ਛੱਲਾਂ ਨਾਲ ਕਰ ਟਾਕਰਾ
ਬੁੱਢੀ ਮਾਂ ਨੂੰ ਚੱਕ ਘਨੇੜੀ।
ਭੈਅ ਸਾਗਰ ਪਾਰ ਕਰ ਜਾਂਦਾ
ਕਹਿੰਦੇ ਹਨ ਜਿਵੇਂ ਸਰਵਣ ਪੁੱਤ ਚੁੱਕ ਵੈਂਗੀ
ਅੰਨ੍ਹੇ ਮਾਂ ਬਾਪ ਨੂੰ ਸੀ ਲਈ ਫਿਰਦਾ।
**-ਦਰਸ਼ਨ ਪਾਲ ਦੋਸਾਂਝ**

# ਵਰਿਆਮ ਸੰਧੂ, ਰਵਿੰਦਰ ਰਵੀ ਤੇ ਗੁਰਦਾਸ ਮਾਨ ਨੂੰ ਲਹਿੰਦੇ ਪੰਜਾਬ ਦਾ ਵਾਰਿਸ ਸ਼ਾਹ ਕੌਮਾਂਤਰੀ ਪੁਰਸਕਾਰ

**ਲਾਹੌਰ:** ਵਾਰਿਸ ਸ਼ਾਹ ਇੰਟਰਨੈਸ਼ਨਲ ਐਵਾਰਡ ਕਮੇਟੀ ਨੇ ਸਾਲ 2022-23 ਲਈ ਪਾਕਿਸਤਾਨ ਦੇ ਚੋਟੀ ਦੇ 'ਵਾਰਿਸ ਸ਼ਾਹ ਕੌਮਾਂਤਰੀ ਪੁਰਸਕਾਰ' ਨਾਲ ਚੜ੍ਹਦੇ ਪੰਜਾਬ ਦੇ ਦੋ ਲੇਖਕਾਂ ਅਤੇ ਇਕ ਪੰਜਾਬੀ ਗਾਇਕ ਦਾ ਸਨਮਾਨ ਕਰਨ ਦਾ ਐਲਾਨ ਕੀਤਾ ਹੈ।ਸਨਮਾਨ ਸਮਾਗਮ 26 ਅਗਸਤ ਨੂੰ ਲਾਹੌਰ ਦੇ ਪੀ.ਆਈ.ਐੱਲ.ਏ.ਸੀ. ਆਡੀਟੋਰੀਅਮ ਵਿਚ ਹੋਵੇਗਾ।

ਵਾਰਿਸ ਸ਼ਾਹ ਇੰਟਰਨੈਸ਼ਨਲ ਐਵਾਰਡ ਕਮੇਟੀਦੇਚੇਅਰਮੈਨ ਇਲਿਆਸ ਘੁੰਮਣ ਨੇ ਦੱਸਿਆ ਕਿ ਇਹ ਪੁਰਸਕਾਰ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ, ਕਵੀ ਰਵਿੰਦਰ ਰਵੀ (ਕੈਨੇਡਾ) ਅਤੇ ਗਾਇਕ ਗੁਰਦਾਸ ਮਾਨ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਲਹਿੰਦੇ ਪੰਜਾਬ ਦੇ ਮੁੱਖ ਪੰਜਾਬੀ ਲੇਖਕਾਂ, ਗਾਇਕਾਂ ਅਤੇ ਮਾਂ-ਬੋਲੀ ਪੰਜਾਬੀ ਦੇ ਸੇਵਕਾਂ ਨੂੰ ਵੀ ਵਾਰਿਸ ਸ਼ਾਹ ਕੌਮਾਂਤਰੀ ਪੁਰਸਕਾਰ ਨਾਲ ਸਨਮਾਨਤਕਰਨ ਦਾ ਐਲਾਨ ਵੀ ਕੀਤਾ ਗਿਆ।


ਜ਼ਿਕਰਯੋਗ ਹੈ ਕਿ ਕਹਾਣੀਕਾਰ ਵਰਿਆਮ ਸਿੰਘ ਸੰਧੂ ਦਾ ਸ਼ੁਮਾਰ ਉਨ੍ਹਾਂ ਲਿਖਾਰੀਆਂ ਵਿਚ ਆਉਂਦਾ ਹੈ ਜਿਨ੍ਹਾਂ ਪੰਜਾਬੀ ਕਹਾਣੀ ਨੂੰ ਨਵਾਂ ਮੁਹਾਵਰਾ ਦੇਣ ਅਤੇ ਇਸ ਦੇ ਰਾਹ ਮੋਕਲੇ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਵੱਲੋਂ ਕਹਾਣੀ ਦੀ ਬੁਣਤੀ ਅੰਦਰ ਲਿਆਂਦੀਆਂ ਤਬਦੀਲੀਆਂ ਇਤਿਹਾਸਕ ਹੋ ਨਿੱਬੜੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਸਫਰਨਾਮਿਆਂ ਅਤੇ ਜੀਵਨੀਆਂ ਦੇ ਰੂਪ ਵਿਚ ਜੋ ਵਾਰਤਕ ਰਚਨਾਵਾਂ ਪੰਜਾਬੀ ਪਾਠਕਾਂ ਨੂੰ ਦਿੱਤੀਆਂ ਹਨ, ਉਹ ਵੀ ਆਪਣੀ ਮਿਸਾਲ ਆਪ ਬਣ ਚੁੱਕੀਆਂ ਹਨ। ਇਉਂ ਉਹ ਪੰਜਾਬੀ ਸਾਹਿਤ ਵਿਚ ਨਵੀਆਂ ਪੈੜਾਂ ਅਤੇ ਪਿਰਤਾਂ ਪਾਉਣ ਵਾਲੇ ਲਿਖਾਰੀ ਬਣਗਏ ਹਨ। ਇਸੇ ਦੌਰਾਨ ਵਰਿਆਮ ਸਿੰਘ ਸੰਧੂ ਨੇ ਵਾਰਿਸ ਸ਼ਾਹ ਕੌਮਾਂਤਰੀ ਪੁਰਸਕਾਰਨਾਲ ਨਿਵਾਜਣ 'ਤੇ ਵਾਰਿਸ ਸ਼ਾਹ ਕੌਮਾਂਤਰੀ ਪੁਰਸਕਾਰ ਕਮੇਟੀ ਅਤੇ ਕਮੇਟੀ ਦੇ ਚੇਅਰਮੈਨ ਇਲਿਆਸ ਘੁੰਮਣ ਦਾ ਧੰਨਵਾਦ ਕੀਤਾ ਹੈ ਅਤੇ ਕਿਹਾ ਹੈ ਕਿ ਕਮੇਟੀ ਦੇ ਅਜਿਹੇ ਉੱਦਮ ਦੋਵਾਂ ਪੰਜਾਬਾਂ ਦੇ ਅਦੀਬਾਂ, ਕਲਾਕਾਰਾਂ ਨੂੰ ਇੱਕ ਦੂਜੇ ਨੂੰ ਸਮਝਣ, ਪਿਆਰਨ ਅਤੇ ਇਕ ਦੂਜੇ ਦੇ ਹੋਰ ਨੇੜੇ ਲਿਆਉਣ ਵਾਲਾ ਸੁਲੱਖਣਾ ਉਪਰਾਲਾ ਹਨ। ਇਹ ਉਪਰਾਲੇ ਇਹ ਵੀ ਸਾਬਤ ਕਰਦੇ ਹਨ ਕਿ ਅਸੀਂ ਸਾਰੇ ਇੱਕ ਦੂਜੇ ਦੀ ਦੇਹ ਜਾਨ ਹਾਂ। ਸਾਡੀ ਜ਼ਬਾਨ, ਸਾਡੀ ਰਹਿਤਲ, ਸਾਡੀਆਂ ਜੜ੍ਹਾਂ ਸਾਂਝੀਆਂ ਹਨ। 'ਉਤਲਿਆਂ' ਦੀਆਂ ਸਾਨੂੰ ਵੰਡਣ ਦੀਆਂ ਕੁਲਹਿਣੀਆਂ ਸਾਜ਼ਿਸ਼ਾਂ ਦੇ ਬਾਵਜੂਦ ਅਸੀਂ ਇੱਕ ਸਾਂ, ਇੱਕ ਹਾਂ ਤੇ ਇੱਕ ਹੀ ਰਹਾਂਗੇ ਅਤੇ ਆਸ ਕਰਦੇ ਰਹਾਂਗੇ ਕਿ ਕਦੀ ਉਹ ਵੇਲਾ ਵੀ ਆ ਜਾਵੇ ਜਦੋਂ ਅਸੀਂ ਪੂਰੇ ਮਾਣ-ਤਾਣ ਨਾਲ ਕਹਿ ਸਕੀਏ:''ਹਾਥ ਸੇ ਹਾਥ ਪਕੜੇ ਯੂੰ ਖੜ੍ਹੇ ਥੇ ਦੋਸਤ, ਕਿ ਦਰਿਆ ਕੋ ਭੀ ਗੁਜ਼ਰਨੇ ਕਾ ਰਸਤਾ ਨਾ ਮਿਲ ਸਕਾ।''

ਕੈਨੇਡਾ ਵੱਸਦੇ ਲਿਖਾਰੀ ਰਵਿੰਦਰ ਰਵੀ ਨੇ ਕਵਿਤਾ ਤੋਂ ਇਲਾਵਾ ਕਹਾਣੀ ਅਤੇ ਨਾਟਕ ਖੇਤਰ ਵਿਚ ਭਰਵੀਂ ਹਾਜ਼ਰੀ ਲੁਆਈ ਹੈ। ਆਧੁਨਿਕ ਕਦਰਾਂ-ਕੀਮਤਾਂ ਪੇਸ਼ ਕਰਨ ਵਾਲੇ ਉਹ ਅਜਿਹੇ ਲੇਖਕ ਹਨ ਜਿਨ੍ਹਾਂ ਜ਼ਿੰਦਗੀ ਦੇ ਖੂਬਸੂਰਤ ਪੱਖਾਂ ਦੀ ਮਹਿਮਾ ਕੀਤੀ ਹੈ। ਇਸੇ ਤਰ੍ਹਾਂ ਗਾਇਕ ਗੁਰਦਾਸ ਮਾਨ ਨੇ ਪੰਜਾਬੀ ਗਾਇਨ ਵਿਚ ਸਾਫ-ਸੁਥਰੀ ਅਤੇ ਸੁੱਚੀ ਗਾਇਕੀ ਨੂੰ ਬੁਲੰਦੀ 'ਤੇ ਅਪੜਾਇਆ। ਉਨ੍ਹਾਂ ਦੀ ਗਾਇਕੀ ਵਿਚ ਪੰਜਾਬ ਧੜਕਦਾ ਸੁਣਾਈ ਦਿੰਦਾ ਹੈ।




# ਪੰਜਾਬੀ ਕਹਾਣੀ ਦਾ ਵਾਰਿਸ ਸ਼ਾਹ ! ਵਰਿਆਮ ਸੰਧੂ

ਪੰਜਾਬੀ ਕਹਾਣੀ ਦੇ ਉਘੇ ਹਸਤਾਖਰ, ਵਰਿਆਮ ਸੰਧੂ, ਲੋਕ ਦਿਲਾਂ ਦੇ ਚਹੇਤੇ ਗਾਇਕ ਗੁਰਦਾਸ ਮਾਨ ਅਤੇ ਨਾਟਕਕਾਰ ਰਵਿੰਦਰ ਰਵੀ ਨੂੰ ਇੰਟਰਨੈਸ਼ਨਲ ਵਾਰਿਸ ਸ਼ਾਹ ਪੁਰਸਕਾਰ ਪ੍ਰਾਪਤ ਹੋਣ ਤੇ ਬਹੁਤ ਬਹੁਤ ਵਧਾਈ ਹੋਵੇ, ਭਾਵੇਂ ਮਾਨ-ਸਨਮਾਨ, ਪੁਰਸਕਾਰ ਆਦਿ ਕਿਸੇ ਕਲਾਕਾਰ ਜਾਂ ਸਾਹਿਤਕਾਰ ਦੀ ਕਲਾ ਪ੍ਰਤਿਭਾ ਦੇ ਮਿਆਰ ਨੂੰ



**ਜੀਤ ਸਿੰਘ ਜੋਸ਼ੀ**
**ਸਾਬਕਾ ਪ੍ਰੋਫੈਸਰ,**
**ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡਾ, ਅਸਟਰੇਲੀਆ।**

ਨਿਰਧਾਰਤ ਕਰਨ ਦੀ ਕਸਵੱਟੀ ਨਹੀਂ ਹੁੰਦੇ, ਪ੍ਰੰਤੂ ਇਸ ਬਹਾਨੇ ਮਿਲਿਆ ਹਾਂ ਪੱਖੀ ਹੁੰਗਾਰਾ ਹਮੇਸ਼ਾ ਸੁਆਗਤ ਕਰਨ ਯੋਗ ਹੁੰਦਾ ਹੈ, ਪ੍ਰਬੰਧਕ ਧਿਰਾਂ ਇਸ ਪ੍ਰਸ਼ੰਸਾ ਯੋਗ ਕਾਰਜ ਲਈ ਮੁਬਾਰਕਬਾਦ ਦੀਆਂ ਹੱਕਦਾਰ ਹਨ। ਇਸ ਬਹਾਨੇ ਮੇਰੇ ਮਨ ਵਿਚ ਆਇਆ ਕਿ ਸਤਿਕਾਰ ਯੋਗ ਭਾਅ ਜੀ ਵਰਿਆਮ ਸੰਧੂ ਦੀ ਕਹਾਣੀ ਬਾਰੇ ਕੁਝ ਗੱਲਾਂ ਸਾਂਝੀਆਂ ਕਰ ਲਈਏ।

ਇਕ ਵਾਰ ਗੁਰੂ ਨਾਨਕ ਦੇਵ ਯੂਨੀਵਰਸਟੀ ਵਿਖੇ ਕਿਸੇ ਜਮਾਤ ਦੇ ਪੰਜਾਬੀ ਪੇਪਰ ਵਿਚ ਪਰੀਖਿਅਕ ਵੱਲੋਂ ਸਵਾਲ ਪਾਇਆ ਗਿਆ ਸੀ, ਕਿ "ਕਿੱਸਾ ਕਾਲ ਦੇ ਸੂਫੀ ਕਾਵਿ ਉਤੇ ਨੋਟ ਲਿਖੋ"। ਨਿਸ਼ਚੇ ਹੀ ਸਵਾਲ ਟੇਡਾ ਸੀ, ਪਰ ਪੁੱਛਣ ਵਾਲੇ ਨੇ ਕੁੱਝ ਸੋਚ ਕੇ ਹੀ ਸਵਾਲ ਪਾਇਆ ਸੀ। ਕਿੱਸਾ ਖੇਤਰ ਵਿਚ ਦਮੋਦਰ ਮੁਕਬਲ ਫੱਜਲ ਸ਼ਾਹ, ਹਾਸ਼ਮ, ਕਾਦਰਯਾਰ ਵਰਗੇ ਅਨੇਕਾਂ ਸ਼ਾਹਕਾਰ ਰਚਨਾ ਕਰਨ ਵਾਲੇ ਕਵੀ ਹੋਏ ਹਨ, ਪਰ ਇਨ੍ਹਾਂ ਨੂੰ ਯੁਗ ਕਵੀ ਹੋਣ ਦਾ ਮਾਣ ਪ੍ਰਾਪਤ ਨਹੀਂ ਹੋਇਆ ਸੀ, ਜਦੋਂ ਕਿ ਮਹਾਂ ਕਵੀ ਵਾਰਿਸ ਸ਼ਾਹ ਨੂੰ ਇਕ ਯੁਗ ਕਵੀ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਇਸ ਲਈ ਵਾਰਿਸ ਦੇ ਸਮੇਂ ਦਾ ਸੂਫੀ ਕਾਵਿ ਨਿਸ਼ਚੇ ਹੀ ਬੁਲੇ ਸ਼ਾਹ ਦਾ ਕਾਵਿ ਹੈ। ਦੋਵੇ ਸ਼ਾਹ ਅਨਾਇਤ ਦੇ ਸ਼ਗਿਰਦ ਅਤੇ ਅਠਾਰਵੀਂ ਸਦੀ ਦੇ ਆਪਣੇ ਆਪਣੇ ਖੇਤਰ ਦੇ ਮਹਾਂ ਕਵੀ ਹੋਏ ਹਨ।

ਅੱਜ ਜਦੋ ਵਰਿਆਮ ਸੰਧੂ ਨੂੰ ਵਾਰਿਸ ਸ਼ਾਹ ਪੁਰਸਕਾਰ ਮਿਲਣ ਦੀ ਖਬਰ ਪੜੀ ਤਾਂ ਮੇਰੇ ਮਨ ਵਿਚ ਕਹਾਣੀਕਾਰ ਵਰਿਆਮ ਸੰਧੂ ਦਾ ਕਹਾਣੀ ਸੰਸਾਰ ਸਾਕਾਰ ਹੋ ਗਿਆ, ਤੇ ਮੇਰੇ ਮਨ ਵਿਚ ਆਇਆ ਕਿ ਵਰਿਆਮ ਸੰਧੂ ਪੰਜਾਬੀ ਕਹਾਣੀ ਦਾ ਵਾਰਿਸ ਸ਼ਾਹ ਹੈ, ਕਿਉਂਕਿ ਪੰਜਾਬੀ ਕਹਾਣੀ ਖੇਤਰ ਵਿਚ ਦਮੋਦਰ, ਮੁਕਬਲ, ਅਹਿਮਦਯਾਰ, ਭਗਵਾਨ ਸਿੰਘ, ਅਤੇ ਸੂਬਾ ਸਿੰਘ ਵਰਗੀ ਸ਼ੁਹਰਤ ਅਤੇ ਕਲਾ ਦੇ ਉਸਤਾਦ ਕਹਾਣੀਕਾਰ ਤਾਂ ਹੋਏ ਹਨ, ਪਰ ਵਾਰਿਸ ਸ਼ਾਹ ਵਰਗੀ ਮਕਬੂਲੀਅਤ ਪ੍ਰਾਪਤ ਨਹੀ ਕਰ ਸਕੇ। ਮੈਂ ਉਨ੍ਹਾਂ ਦੀ ਕਲਾ ਦਾ ਸਤਿਕਾਰ ਕਰਦਾ ਹਾਂ, ਪਰ ਮੇਰੀ ਜਾਚੇ ਸਾਡੀ ਪੰਜਾਬੀ ਕਹਾਣੀ ਦਾ ਯੁਗ ਕਹਾਣੀਕਾਰ ਵਰਿਆਮ ਸੰਧੂ ਹੀ ਹੋ ਸਕਦਾ ਹੈ।

ਆਧੁਨਿਕ ਪੰਜਾਬੀ ਕਹਾਣੀ ਦੇ ਖੇਤਰ ਵਿਚ ਕੁਲਵੰਤ ਸਿੰਘ ਵਿਰਕ ਤੋਂ ਬਾਅਦ ਜੇ ਕਿਸੇ ਕਹਾਣੀਕਾਰ ਨੇ ਪੰਜਾਬੀ ਕਹਾਣੀ ਦੇ ਪਾਠਕ ਦੇ ਮਨ ਉਤੇ ਗਹਿਰਾ ਤੇ ਚਿਰਜੀਵੀ ਪ੍ਰਭਾਵ ਪਾਇਆ ਹੈ ਤਾਂ ਉਹ ਵਰਿਆਮ ਸੰਧੂ ਹੀ ਹੈ। ਉਹ ਵਿਰਕ ਦਾ ਬਦਲ ਤਾਂ ਨਹੀਂ ਪ੍ਰੰਤੂ, ਗਲਪ ਬਿਰਤਾਂਤ ਦੀ ਦ੍ਰਿਸ਼ਟੀ ਤੋਂ, ਥੀਮ ਪਸਾਰਾਂ ਦੀ ਦ੍ਰਿਸ਼ਟੀ ਤੋਂ ਅਤੇ ਸਮਕਾਲੀ ਜੀਵਨ ਦੇ ਕਠੋਰ ਸੱਚ ਨੂੰ ਪਛਾਣਨ ਅਤੇ ਬਿਆਨਣ ਦੀ ਕਲਾ ਕੌਸ਼ਲਤਾ ਦੇ ਪੱਖ ਤੋਂ ਉਸ ਦੀ ਮਕਬੂਲੀਅਤ ਵਧੇਰੇ ਹੈ। ਉਸ ਨੇ ਮੁਕਾਬਲਤਨ ਬਹੁਤ ਘੱਟ ਲਿਖਿਆ ਹੈ, ਪਰ ਜੋ ਕੁਝ ਲਿਖਿਆ ਹੈ, ਜਿੰਨਾ ਕੁ ਲਿਖਿਆ ਹੈ, ਜਿਵੇਂ ਲਿਖਿਆ ਹੈ, ਉਹ ਪੜਨ ਯੋਗ ਹੈ, ਸਲਾਹੁਣਯੋਗ ਹੈ ਅਤੇ ਵਿਚਾਰਨਯੋਗ ਹੈ।

ਵਰਿਆਮ ਸੰਧੂ ਨੇ ਕਹਾਣੀ ਦੀ ਪਰਿਭਾਸ਼ਾ ਦੇ ਪਰੰਪਰਾਗਤ ਵਿਚਾਰਾਂ ਨੂੰ ਉਲੰਘ ਕੇ ਕਹਾਣੀ ਨੂੰ ਨਵੇ ਸਿਰਿ" ਪਰਿਭਾਸ਼ਿਤ ਕਰਨ ਅਤੇ ਕਰਾਉਣ ਦੀ ਪਹਿਲ ਕਦਮੀ ਕੀਤੀ ਹੈ। ਉਹ ਲੰਬੀ ਨਿੱਕੀ ਕਹਾਣੀ ਰਚਣ ਵਾਲਾ ਨਿਪੁੰਨ ਕਹਾਣੀਕਾਰ ਹੈ, ਬਹੁ ਤੰਦੀ ਕਹਾਣੀ ਲਿਖਣ ਵਿਚ ਉਸ ਦਾ ਕੋਈ ਸਾਨੀ ਨਹੀਂ ਹੈ। ਇਹੋ ਕਾਰਨ ਹੈ ਕਿ ਉਸ ਦੀ ਕਹਾਣੀ ਰਚਨਾ ਵਡੇਰੇ ਕੈਨਵਸ ਦੀ ਧਾਰਨੀ ਹੁੰਦੀ ਹੈ। ਕਹਾਣੀ ਅਕਾਰ ਵਿਚ ਲੰਬੀ ਹੋਣ ਦੇ ਬਾਵਜੂਦ ਵੀ, ਟਕੋਰਾਂ, ਤਨਜਾਂ, ਚੋਟਾਂ ਅਤੇ ਲਘੂ ਕਥਾਨਕਾਂ ਦੀ ਹੋਂਦ ਸਦਕਾ ਪਾਠਕ ਨੂੰ ਕੀਲਣ ਵਿਚ ਸਫਲ ਰਹਿੰਦੀ ਹੈ।

ਉਸ ਦੀ ਕਹਾਣੀ ਦਾ ਕੇਂਦਰੀ ਧੁਰਾ ਮੰਦਹਾਲੀ ਦਾ ਸ਼ਿਕਾਰ ਪੇਂਡੂ ਕਿਸਾਨੀ ਜਮਾਤ ਰਹੀ ਹੈ। ਇਸੇ ਲਈ ਉਸ ਦੀ ਕਹਾਣੀ ਰਚਨਾ ਨੂੰ ਕਿਸਾਨੀ ਜੀਵਨ ਦੇ ਸੰਕਟ ਦੇ ਚਿਤਰਨ ਤਕ ਸੀਮਤ ਕਰ ਕੇ ਦੇਖਣ ਦਾ ਰੁਝਾਣ ਵਧੇਰੇ ਰਿਹਾ ਹੈ, ਪ੍ਰੰਤੂ, ਸਾਧਾਰਨ ਮਨੁੱਖ ਦੀ ਮਾਨਸਿਕਤਾ ਨੂੰ ਸਮਝਣ ਅਤੇ ਉਸ ਨੂੰ ਕਥਾ ਵਸਤੂ ਬਣਾਉਣ ਵਿਚ ਜੋ ਮੁਹਾਰਤ ਵਰਿਆਮ ਸੰਧੂ ਨੂੰ ਹਾਸਲ ਹੈ, ਉਹ ਪੰਜਾਬੀ ਦੇ ਵਿਰਲੇ ਕਹਾਣੀਕਾਰਾਂ ਦੇ ਹਿੱਸੇ ਆਈ ਹੈ।

ਵਰਿਆਮ ਸੰਧੂ ਨਕਸਲਵਾਦੀ ਲਹਿਰ ਅਤੇ ਜੁਝਾਰਵਾਦੀ ਵਿਚਾਰਧਾਰਾ ਨਾਲ ਨਿਕਟਵਰਤੀ ਸੰਬੰਧ ਰੱਖਦਾ ਰਿਹਾ ਹੈ, ਉਸ ਨੇ ਇਸ ਲਹਿਰ ਦੇ ਸੰਕਟ ਨੂੰ ਆਪਣੇ ਹੱਡਾਂ 'ਤੇ ਹੰਡਿਆਇਆ ਹੈ। ਉਸ ਦੀਆਂ ਰਚਨਾਵਾਂ ਵਿਚ ਮਾਰਕਸਵਾਦ, ਲੈਨਿਨ ਵਾਦ ਤੋਂ ਮਾ" ਵਾਦ ਤਕ ਦਾ ਪ੍ਰਭਾਵ ਸਾਫ ਝਲਕਦਾ ਹੈ। ਅੰਗ ਸੰਗ, ਡੁੰਮ, ਵਾਪਸੀ, ਭੱਜੀਆਂ ਬਾਹੀਂ ਅਤੇ ਚੋਥੀ ਕੂਟ ਵਰਗੀਆਂ ਕਹਾਣੀਆਂ ਰਚਣ ਵਾਲੇ ਵਰਿਆਮ ਸੰਧੂ ਵਰਗੇ ਕਹਾਣੀਕਾਰ ਕਿਸੇ ਭਾਸ਼ਾ ਦੇ ਸਾਹਿਤ ਅੰਦਰ ਵਿਰਲੇ ਹੀ ਦੇਖਣ ਨੂੰ ਮਿਲਦੇ ਹਨ,। ਪੁਰਸਕਾਰ ਮਿਲਣ ਤੇ ਮੈਂ ਪੰਜਾਬੀ ਕਹਾਣੀ ਦੇ ਮਾਣ, ਵਰਿਆਮ ਸੰਧੂ ਨੂੰ ਮੁਬਾਰਕਬਾਦ ਭੇਟ ਕਰਦਾ ਹਾਂ ਤੇ ਉਸ ਦੀ ਲੰਮੀ ਪਰਸੰਨ ਉਮਰ ਦੀ ਕਾਮਨਾ ਕਰਦਾ ਹਾਂ।

# ਮੈਂ ਹਾਂ ਘਰ ਵਿਚ 'ਮੋਦੀ'

ਉਂਝ ਮੈਂ ਇਸ ਘਰ ਦਾ ਮੁਖੀਆ ਹਾਂ ਪਰ ਹਾਲਤ ਮੇਰੀ ਕਮੋਬੇਸ਼ ਮੋਦੀ ਵਾਲੀ ਹੈ। ਘਰ ਵਿਚ ਕੋਈ ਵੀ ਊਂਨੀਂ ਇੱਕੀ ਹੋ ਜਾਵੇ ਉਸ ਲਈ



**ਹਰਜੀਤ ਦਿਓਲ**

ਨਾਂਅ ਮੇਰਾ ਲੱਗਣਾ ਤੈਅ ਹੈ। ਚੰਗਾ ਕੰਮ ਕਰ ਦੇਵਾਂ ਤਾਂ ਤਾਰੀਫ ਦਾ ਇੱਕ ਲਫਜ਼ ਕਿਸੇ ਮੂੰਹੋਂ ਨਹੀਂ ਫੁੱਟਦਾ। ਇੱਕ ਸਵੇਰ ਰੌਲਾ ਪੈਂਦਾ ਸੁਣਿਆ ਕਿ ਕਾਰ ਦਾ ਸ਼ੀਸ਼ਾ ਉੱਪਰ ਨਹੀਂ ਚੜ੍ਹਾਇਆ ਗਿਆ ਲਿਹਾਜ਼ਾ ਸੀਟਾਂ ਭਿੱਜ ਗਈਆਂ ਕਿਉਂਕਿ ਰਾਤੀਂ ਬਾਰਸ਼ ਪਈ ਸੀ। ਰਵਾਇਤ ਅਨੁਸਾਰ ਨਾਂਅ ਮੇਰਾ ਬੋਲ ਰਿਹਾ ਸੀ। ਬਾਹਰ ਜਾ ਦੇਖਿਆ ਤਾਂ ਇਹ ਵਾਕਿਆ ਵੱਡੀ 7 ਸੀਟਰ ਨਾਲ ਵਾਪਰਿਆ ਸੀ। ਮੈਂ ਦੁਹਾਈ ਦਿੱਤੀ 'ਪਰ ਮੈਂ ਤਾਂ 3 ਦਿਨ ਤੋਂ ਇਹ ਗੱਡੀ ਚਲਾਈ ਨਹੀਂ। ਕੱਲ੍ਹ ਵੀ ਛੋਟੀ ਗੱਡੀ ਲੈ ਗਿਆ ਸਾਂ।' ਮੇਰੀ ਬੰਦ ਖਲਾਸੀ ਹੋ ਗਈ। ਕਸੂਰਵਾਰ ਨੂੰ ਲੱਭਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਬਾਥਰੂਮ ਵਿਚ ਨਲਕਾ ਚੋਂਦਾ ਛੁੱਟ ਜਾਵੇ ਮੇਰੀ ਸ਼ਾਮਤ ਆਈ ਸਮਝੋ ਕਿਉਂਕਿ ਬਜ਼ੁਰਗ ਹੀ ਬਹੁਤੇ ਭੁਲੱਕੜ ਹੁੰਦੇ ਹਨ। ਹਾਲਾਂਕਿ ਮੈਂ ਸਾਬਤ ਕਰ ਚੁੱਕਿਆ ਹਾਂ ਕਿ ਇਹ ਲਾਪਰਵਾਹੀ ਹੋਰਾਂ ਤੋਂ ਵੀ ਹੁੰਦੀ ਰਹੀ ਹੈ ਪਰ ਨੱਕਾਰਖਾਨੇ ਵਿਚ ਤੂਤੀ ਦੀ ਅਵਾਜ਼ ਕੌਣ ਸੁਣਦਾ ਹੈ। ਇੱਕ ਸਵੇਰ ਜਲਦ ਅੱਖ ਖੁੱਲ੍ਹ ਗਈ। ਨੀਂਦ ਨਾ ਆਈ ਤਾਂ ਥੱਲੇ ਕਿਚਨ ਵਿਚ ਚਾਹ ਬਣਾਉਣ ਆ ਗਿਆ। ਦੇਖਿਆ ਸਿੰਕ ਜੂਠੇ ਭਾਂਡਿਆਂ ਨਾਲ ਭਰਿਆ ਪਿਆ ਹੈ। ਸੋਚਿਆ ਅੱਜ ਨੰਬਰ ਬਣਾਉਣ ਦਾ ਅੱਛਾ ਮੌਕਾ ਹੈ ਕਿਉਂ ਨਾ ਆਪਣੇ 'ਤੇ ਲੱਗਿਆ ਨਕਾਰਾ ਦਾ ਠੱਪਾ ਲਾਹ ਦਿੱਤਾ ਜਾਵੇ। ਸਿੰਕ ਸਾਫ ਕਰ ਕਿਚਨ ਚਮਕਾ ਦਿੱਤੀ। ਸਾਰਾ ਦਿਨ ਮੈਂ ਅਪਣੀ ਪਿੱਠ ਥਾਪੜਨ ਦਾ ਇੰਤਜ਼ਾਰ ਕਰਦਾ ਰਿਹਾ ਪਰ ਮੇਰੀਆਂ ਆਸਾਂ ਨੂੰ ਬੂਰ ਨਾ ਪਿਆ। ਦੋਸਤੋ ਈਮਾਨਦਾਰੀ ਨਾਲ ਦੱਸਣਾ ਕਿ ਮੇਰੀ ਗ੍ਰਹਿਚਾਲ ਮੋਦੀ ਸਾਹਿਬ ਨਾਲ ਰਲਦੀ ਹੈ ਕਿ ਇਹ ਪਿਛਲੇ ਜਨਮ ਦਾ ਕੋਈ ਹਿਸਾਬ ਕਤਾਬ ਹੈ।

# ਅਕਾਲ ਤਖਤ ਦਾ ਨਵਾਂ ਜਥੇਦਾਰ

ਮਿਤੀ 25 ਜੁਲਾਈ ਨੂੰ ਅਕਾਲ ਤਖਤ ਦੇ ਜਥੇਦਾਰ ਭਾਈ ਰਘਬੀਰ ਸਿੰਘ ਨੇ ਦਮਦਮੀ ਟਕਸਾਲ ਵਲੋਂ ਪ੍ਰਕਾਸ਼ਿਤ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਰਿਲੀਜ਼ ਕਰਨ ਵੇਲੇ ਮੁੱਖ ਮਹਿਮਾਨ ਵਜੋਂ ਇਹ ਬੋਲ ਕਹੇ:

''ਇਕ ਮੁਸਲਮਾਨ ਨੇ ਕੁਰਾਨ ਦਾ ਅਨੁਵਾਦ ਪੰਜਾਬੀ ਵਿਚ ਕੀਤਾ ਪਰ ਕਿਸੇ ਨੇ ਛਾਪਿਆ ਨਾਂਹ। ਉਹ ਅਨੁਵਾਦ ਦੀ ਲਿਖਤ ਲੈ ਕੇ ਪਰਚਾਰ ਕਰਦਾ ਫਿਰਿਆ ਕਿ ਪੰਜਾਬ ਦਾ ਰਾਜਾ ਮੁਸਲਮਾਨ ਹੁੰਦਾ ਮੇਰਾ ਅਨੁਵਾਦ ਛਪਵਾ ਦਿੰਦਾ। ਮਹਾਰਾਜਾ ਰਣਜੀਤ ਸਿੰਘ ਕੋਲ ਖਬਰ ਗਈ ਤਾਂ ਉਸਨੇ ਛਾਪੇਖਾਨੇ ਵਿਚ ਛਪਵਾ ਕੇ ਤਿੰਨ ਮਹੀਨਿਆਂ ਵਿਚ ਘਰ ਘਰ ਪੁਚਾ ਦਿੱਤਾ।''



ਜਥੇਦਾਰ ਜੀ ਏਡੇ ਅਗਿਆਨੀ ਹਨ ਕਿ ਪਤਾ ਨਹੀਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਲਾਹੌਰ ਛਾਪਾਖਾਨਾ ਨਹੀਂ ਸੀ। ਦੁਨੀਆਂ ਦੀ ਪ੍ਰੈੱਸ ਸਾਹਮਣੇ ਜਥੇਦਾਰ ਨੇ ਪੰਥ ਦੀ ਬੇਇਜ਼ਤੀ ਕਰਵਾਈ। ਜਥੇਦਾਰ ਨੂੰ ਸੰਗ ਨਹੀਂ ਲੱਗੀ ਤਾਂ ਮੈਂ ਸ਼ਰਮਿੰਦਾ ਹੋ ਜਾਂਦਾ ਹਾਂ। ਮੈਂ ਮੌਕੇ 'ਤੇ ਹਾਜ਼ਰ ਸਾਂ...।

**-ਡਾ. ਹਰਪਾਲ ਸਿੰਘ ਪੰਨੂ, ਪਟਿਆਲਾ**

# ਅਜੋਕੇ ਯੁਗ ਵਿਚ ਧਰਮ ਆਧਾਰਤ ਨਹੀਂ; ਲੋਕ ਆਧਾਰਤ ਸਟੇਟ ਦੀ ਲੋੜ

ਸਾਡੇ ਪਰਿਵਾਰ ਦਾ ਇਕ ਵਡੇਰਾ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਸੀ। ਬਹਾਦਰੀ ਦੇ ਇਨਾਮ ਵਜੋਂ ਜ਼ਿਲ੍ਹਾ ਸ਼ੇਖ਼ੂਪੁਰਾ (ਹੁਣ ਦੇ ਪਾਕਿਸਤਾਨ) ਵਿਚ ਭੋਇੰ ਮਿਲੀ। ਖੇਤਾਂ ਦੀ ਰਾਖੀ ਲਈ ਦਾਦਾ ਜੀ ਨੇ ਮੁਸਲਮਾਨ ਨੌਕਰ ਰੱਖਿਆ ਸੀ। ਥਾਣੇਦਾਰ ਦੇ ਕਾਰਿੰਦੇ ਸਰਕਾਰੀ ਘੋੜੀਆਂ ਲਈ ਸਾਡੇ ਖੇਤਾਂ ਵਿਚੋਂ ਚੋਰੀ ਪੱਠੇ ਵੱਢ ਕੇ ਲੈ ਜਾਂਦੇ। ਦਾਦਾ ਜੀ ਨੇ ਸਹਿਜ ਸੁਭਾਏ ਨੌਕਰ ਨੂੰ ਕਿਹਾ: "ਜੇ ਕਿਸੇ ਨੂੰ ਪੱਠੇ ਵੱਢਦਾ ਵੇਖੇਂ, ਤਾਂ ਡਾਂਗ ਮਾਰੀਂ ਉਹਦੇ ਸਿਰ ਵਿਚ"। ਉਸ ਸਿੱਧੜੇ ਬੰਦੇ ਨੇ ਸੱਚਮੁੱਚ ਹੀ ਚੋਰ ਦੇ ਸਿਰ ਵਿਚ ਡਾਂਗ ਮਾਰ ਦਿੱਤੀ। ਥਾਣੇਦਾਰ ਦਾ ਉਹ ਬੰਦਾ ਮਰ ਗਿਆ, ਓਹਨੇ ਤੁਰਤ ਫੁਰਤ ਪਰਚਾ ਦਰਜ ਕਰ ਲਿਆ। ਦਾਦਾ ਜੀ ਨੇ ਨੌਕਰ ਨੂੰ ਆਖਿਆ: "ਤੂੰ ਭਜ ਜਾ। ਛੇ ਜਣਿਆਂ ਦੇ ਗਰੀਬ ਘਰ ਦਾ ਤੂੰ ਕੱਲ੍ਹਾ ਕਮਾਊ ਪੁੱਤ ਹੈਂ।

ਸੁਖਪਾਲ

ਤੇਰੇ ਟੱਬਰ ਤੋਂ ਮੁਕੱਦਮਾ ਨਹੀਂ ਲੜਿਆ ਜਾਣਾ। ਮੈਂ ਅੰਦਰ ਹੋ ਗਿਆ ਤਾਂ ਮੇਰੇ ਭਰਾ ਛੁਡਾਅ ਲੈਣਗੇ"। ਦਾਦਾ ਜੀ ਸਾਲ ਭਰ ਜੇਲ੍ਹ ਵਿਚ ਰਹੇ। ਮੁਕੱਦਮਾ ਖ਼ਾਰਜ ਹੋਇਆ ਹੀ ਸੀ ਕਿ ਪਾਕਿਸਤਾਨ ਬਣ ਗਿਆ। ਜ਼ਿਲ੍ਹਾ ਸ਼ੇਖ਼ੂਪੁਰੇ ਮੇਰੇ ਦਾਦਾ ਜੀ ਦੇ ਨਾਂ 'ਤੇ ਢਾਈ ਸੌ ਏਕੜ ਜ਼ਮੀਨ ਸੀ ਤੇ ਦੋ ਸੌ ਏਕੜ ਉਹ ਠੇਕੇ 'ਤੇ ਲੈ ਕੇ ਵਾਹੁੰਦੇ ਸਨ। ਵੰਡ ਮਗਰੋਂ ਮੇਰੇ ਅਨਪੜ੍ਹ ਦਾਦਾ ਜੀ ਨੂੰ ਹਿੰਦੁਸਤਾਨ ਆ ਕੇ ਜ਼ਮੀਨ ਲੈਣ ਲਈ ਕਾਗਜ਼ ਦਾਖ਼ਲ ਕਰਨ ਦਾ ਪਤਾ ਨਹੀਂ ਸੀ। ਪੜ੍ਹਿਆ ਲਿਖਿਆ ਵੱਡਾ ਭਰਾ ਜ਼ਿੱਦ ਕਰਨ ਲੱਗਾ – 'ਕਾਗਜ਼ ਦਾਖ਼ਲ ਕਰ ਦਿਆਂਗਾ ਪਰ ਤੇਰੇ ਹਿੱਸੇ ਦੀ ਅੱਧੀ ਜ਼ਮੀਨ ਮੈਂ ਲਵਾਂਗਾ'। ਦਾਦਾ ਜੀ ਨੇ ਆਖਿਆ – "ਮੈਨੂੰ ਲਾਲਚ ਨਹੀਂ, ਆਪਾਂ ਤਿੰਨੇ ਭਰਾ ਜ਼ਮੀਨ ਬਰਾਬਰ ਵੰਡ ਲੈਂਦੇ ਹਾਂ, ਇਕੱਠੇ ਰਹਾਂਗੇ!", ਪਰ ਵੱਡਾ ਭਰਾ ਅੜਿਆ ਰਿਹਾ।

ਦਾਦਾ ਜੀ ਨੇ ਉਹਦੀ ਅਨਿਆਈ ਮੰਗ ਨੂੰ ਨਾਂਹ ਕਰ ਦਿੱਤੀ। ਹਿੰਦੁਸਤਾਨ ਆ ਕੇ ਕਈ ਸਾਲ ਮਜ਼ਦੂਰੀ ਕੀਤੀ, ਇੱਟਾਂ ਢੋਈਆਂ, ਗ੍ਰੰਥੀ ਲੱਗੇ ਰਹੇ। ਬਾਰਾਂ-ਤੇਰਾਂ ਵਰ੍ਹੇ ਮਗਰੋਂ ਭੱਜ ਦੌੜ ਕੇ ਪੰਜ ਏਕੜ ਭੋਇੰ ਮੋਗੇ ਲਾਗੇ ਅਲਾਟ ਹੋਈ ਜਿਸਦਾ ਇਕ ਤਿਹਾਈ ਇਕ ਵਿਗੜੇ ਪੁੱਤਰ ਨੂੰ ਬਚਾਉਣ ਵਿਚ ਖਰਚ ਹੋ ਗਿਆ। ਬਚਦੀ ਜ਼ਮੀਨ 4 ਪੁੱਤਰਾਂ ਵਿਚ ਵੰਡੀ ਗਈ। ਉਸ ਗਰੀਬੀ ਤੋਂ ਸਾਡਾ ਪਰਿਵਾਰ ਕਦੀ ਨਹੀਂ ਉੱਠ ਸਕਿਆ।

ਇਸ ਧਰਮ-ਆਧਾਰਤ ਦੇਸ਼-ਵੰਡ ਦਾ ਕਈਆਂ ਨੂੰ ਲਾਭ ਹੋਇਆ ਹੋਵੇਗਾ, ਪਰ ਬਹੁਤਿਆਂ ਦਾ ਘਾਣ ਹੋਇਆ ਹੈ। ਮਾਲਵੇ ਵਿਚ ਅੱਜ ਵੀ ਪਾਕਿਸਤਾਨੋਂ ਹਿਜਰਤ ਕਰ ਕੇ ਆਏ ਪੰਜਾਬੀਆਂ ਨੂੰ 'ਰਫਿਊਜੀ' ਕਿਹਾ ਜਾਂਦਾ ਹੈ। ਇਕੋ ਜਿਹਾ ਧਰਮ ਜਾਂ ਸਭਿਆਚਾਰ ਹੁੰਦਿਆਂ ਅਜੇ ਵੀ ਮਾਲਵੇ ਦੇ ਕਈ ਲੋਕ ਏਨ੍ਹਾਂ 'ਰਫਿਊਜੀਆਂ' ਨਾਲ ਧੀ ਪੁੱਤ ਦਾ ਸਾਕ ਨਹੀਂ ਕਰਦੇ। ਮਨੁੱਖ ਨੂੰ ਮਨੁੱਖ ਨਾਲ ਘਿਰਣਾ ਕਰਨ ਲਈ ਦੂਜਾ ਧਰਮ ਨਹੀਂ ਚਾਹੀਦਾ, ਆਪਣਾ ਵੀ ਚੱਲ ਜਾਂਦਾ ਹੈ! ਜਿਹੜੇ ਭਰਾਵਾਂ ਨੇ ਧੋਖਾ ਦਿੱਤਾ, ਉਹ ਦਾਦਾ ਜੀ ਦੇ ਆਪਣੇ ਧਰਮ ਦੇ ਹੀ ਸਨ!!

ਮੈਂ ਦਾਦਾ ਜੀ ਨੂੰ ਅੱਖਾਂ ਭਰ ਕੇ ਕਹਿੰਦੇ ਸੁਣਿਆ: "ਮੈਨੂੰ ਤਾਂ ਕਿਸੇ ਮੁਸਲਮਾਨ ਖਾਤਰ ਮਰਨ ਤੋਂ ਵੀ ਸੰਕੋਚ ਨਹੀਂ ਸੀ। ਪਾਕਿਸਤਾਨ ਬਣਾਉਣ ਜਾਂ ਸਵੀਕਾਰ ਕਰਨ ਵਾਲੇ ਏਹ ਸਿਆਣੇ ਕਦੀ ਸਾਨੂੰ ਅਨਪੜ੍ਹਾਂ ਨੂੰ ਵੀ ਪੁੱਛ ਲੈਂਦੇ ਕਿ ਸਾਨੂੰ ਚਾਹੀਦਾ ਵੀ ਹੈ ਕਿ ਨਹੀਂ?" ... ਜਿਹੜੇ ਪੜ੍ਹੇ-ਲਿਖੇ ਅੱਜ ਧਰਮ-ਆਧਾਰਤ ਸਿੱਖ ਜਾਂ ਹਿੰਦੂ ਜਾਂ ਮੁਸਲਮਾਨ ਸਟੇਟ ਬਣਾਉਣ ਨੂੰ ਫਿਰਦੇ ਹਨ, ਉਹ ਵੀ ਕਦੀ ਆਮ ਲੋਕਾਂ ਨੂੰ ਪੁੱਛ ਕੇ ਤਾਂ ਵੇਖ ਲੈਣ ਕਿ ਉਨ੍ਹਾਂ ਨੂੰ ਸੱਚੀ-ਮੁੱਚੀਂ ਲੋੜ ਹੈ ਵੀ ਕਿ ਨਹੀਂ?

ਸੰਸਾਰ ਤਿੰਨ ਚੀਜ਼ਾਂ ਦਾ ਬਣਿਆ ਹੋਇਆ ਹੈ: ਪਦਾਰਥ, ਊਰਜਾ ਤੇ ਚੇਤਨਾ ਦਾ। ਪਦਾਰਥ ਕਿਸੇ ਜੀਵ ਜਾਂ ਵਸਤੂ ਨੂੰ ਰੂਪ ਅਤੇ ਆਕਾਰ ਦੇਂਦਾ ਹੈ। ਊਰਜਾ ਰਾਹੀਂ ਕਣ, ਵਸਤੂ ਜਾਂ ਜੀਵ – ਆਪਣੇ ਕੰਮ ਜਾਂ ਕਿਰਿਆਵਾਂ ਕਰਦੇ ਹਨ। ਪਰ ਕਰਨਾ ਕੀ ਹੈ? ਇਹ ਨਿਰਣਾ ਚੇਤਨਾ ਕਰਦੀ ਹੈ। ਪੰਜ ਸਦੀਆਂ ਦੀ ਮਿਹਨਤ ਨਾਲ ਪੱਛਮੀ ਵਿਗਿਆਨ ਨੇ ਪਦਾਰਥ ਤੇ ਊਰਜਾ ਨੂੰ ਚੰਗੀ ਤਰ੍ਹਾਂ ਸਮਝਿਆ, ਪਰ ਚੇਤਨਾ ਵੱਲ ਹੁਣ ਧਿਆਨ ਦੇਣਾ ਆਰੰਭ ਕੀਤਾ ਹੈ। ਪੂਰਬ ਨੇ ਪਦਾਰਥ ਜਾਂ ਊਰਜਾ ਨੂੰ ਸਮਝਣ ਦੀ ਖੋਜ ਨਹੀਂ ਕੀਤੀ, ਪਰ ਚੇਤਨਾ ਪ੍ਰਤੀ ਬਹੁਤ ਪਹਿਲਾਂ (ਸਾਧਨਾ ਜਾਂ ਅਨੁਭਵ ਦੇ ਰੂਪ ਵਿਚ) ਕੰਮ ਆਰੰਭ ਕੀਤਾ ਸੀ।

ਚੇਤਨਾ – ਨਿੱਕੇ ਅਣੂ ਦੇ ਮਹੀਨ ਹਿੱਸੇ ਤੋਂ ਲੈ ਕੇ ਵੱਡੀ ਤੋਂ ਵੱਡੀ ਹਰ ਵਸਤੂ ਅਤੇ ਜੀਅ ਵਿਚ (ਵੱਖੋ ਵੱਖੀ ਮਾਤਰਾ ਵਿਚ) ਪਸਰੀ ਹੋਈ ਹੈ। ਸਾਡੀਆਂ ਪੰਜੇ ਇੰਦਰੀਆਂ ਦਾ ਕੰਮ ਕਰਨਾ, ਸਾਡਾ ਬੋਲਣਾ ਤੁਰਨਾ ਫਿਰਨਾ ਸ਼ਬਦ ਘੜਨਾ, ਰਚਨਾ ਕਰਨਾ – ਸਭ ਚੇਤਨਾ ਰਾਹੀਂ ਸੰਭਵ ਹੁੰਦੇ ਹਨ, ਬੇਸ਼ਕ ਏਸ ਵਿਚ ਸਰੀਰ (ਪਦਾਰਥ) ਅਤੇ ਅੰਦਰਲੀ ਊਰਜਾ ਮਦਦ ਕਰਦੇ ਹਨ।

ਫੁੱਲ ਨੂੰ ਆਪਣੀ ਸੰਤਾਨ-ਉਤਪਤੀ ਲਈ, ਪਰਾਗ ਦੂਜੇ ਫੁੱਲ ਤਕ ਲੈ ਜਾਣ ਲਈ – ਤਿਤਲੀ ਜਾਂ ਮਧੂ-ਮੱਖੀ ਦੀ ਲੋੜ ਹੈ। ਮਧੂ-ਮੱਖੀ ਦੀ ਅੱਖ ਨੂੰ ਰੰਗ ਖਿਚਦੇ ਹਨ। ਬੂਟਿਆਂ ਨੇ ਸਦੀਆਂ ਦੇ ਜੀਵ-ਵਿਕਾਸ ਨਾਲ ਆਪਣੀਆਂ ਪੱਤੀਆਂ ਨੂੰ ਰੰਗੀਨ ਬਣਾਉਣ ਲਈ ਹਵਾ-ਮਿੱਟੀ ਵਿਚੋਂ ਲਏ ਕਣਾਂ ਨੂੰ ਇਕ ਖਾਸ ਤਰੀਕੇ ਜੋੜਨਾ ਸਿੱਖਿਆ। ਲੱਖਾਂ ਕਣਾਂ ਦੇ ਉਸ ਜੋੜ ਵਿਚ ਜੇ ਚਾਰ ਅਣੂ ਵੀ ਗਲਤ ਜੁੜ ਜਾਣ ਤਾਂ ਸ਼ਾਇਦ ਅਸਲੀ ਰੰਗ ਬਣ ਨਾ ਸਕੇ। ਏਹ ਲੱਖਾਂ ਕਣ ਜੁੜਨ ਵਜੋਂ ਬਣਿਆ ਰਸਾਇਣ ਚਿੱਟੀ ਰੌਸ਼ਨੀ ਵਿਚੋਂ ਬਾਕੀ ਸਾਰੇ ਰੰਗ ਸੋਖ ਕੇ, ਆਪਣਾ ਰੰਗ (ਪੀਲਾ, ਨੀਲਾ, ਲਾਲ) ਬਾਹਰ ਛੱਡ ਦੇਂਦਾ ਜਿਸ ਵੱਲ ਮਧੂ-ਮੱਖੀ ਆਕਰਸ਼ਿਤ ਹੁੰਦੀ। ਫਿਰ ਇਹ ਗਿਆਨ 'ਜੀਨਜ਼' ਵਿਚ ਸਾਂਭ ਕੇ ਪੁਸ਼ਤ ਦਰ ਪੁਸ਼ਤ ਅਗਲੇ ਫੁੱਲਾਂ-ਬੂਟਿਆਂ ਨੂੰ ਪੁਚਾਇਆ ਜਾਣ ਲੱਗਾ। ਕਣਾਂ ਨੂੰ ਕਿਵੇਂ ਜੋੜਨਾ ਹੈ ਕਿ ਉਹ ਖਾਸ ਰੰਗ ਬਣ ਜਾਵੇ – ਫੁੱਲ ਨੂੰ ਸਾਡੇ ਵਰਗਾ 'ਦਿਮਾਗ' ਨਾ ਹੋਣ ਦੇ ਬਾਵਜੂਦ ਵੀ 'ਪਤਾ' ਹੈ। ਤਿਤਲੀ ਨੂੰ ਰੰਗ ਕਿਹੜੇ ਜਚਦੇ ਨੇ – ਫੁੱਲ ਨੂੰ ਇਹ ਵੀ 'ਪਤਾ' ਹੈ। ਇਹ ਪਤਾ ਹੋਣਾ ਹੀ – ਚੇਤਨਾ ਹੈ।

ਪਰਵਾਸੀ ਪੰਛੀ ਹਜ਼ਾਰਾਂ ਕਿਲੋਮੀਟਰ ਉੱਡ ਕੇ ਦੂਜੀ ਥਾਂ ਜਾਂਦੇ ਹਨ। ਉਨ੍ਹਾਂ ਵਿਚ ਨਵ-ਜੰਮੇ ਵੀ ਹੁੰਦੇ ਹਨ ਜੋ ਪਹਿਲਾਂ ਉਸ ਰਾਹ 'ਤੇ ਕਦੀ ਨਹੀਂ ਗਏ ਹੁੰਦੇ। ਪੰਛੀਆਂ ਦੀ ਅੱਖ ਵਿਚ ਉਹ ਧਾਤ-ਕਣ ਹੁੰਦੇ ਹਨ ਜਿਹੜੇ ਧਰਤੀ ਦੇ ਮਹਾਂ-ਚੁੰਬਕ ਅਨੁਸਾਰ 'ਐਲਾਈਨ' ਹੁੰਦੇ ਰਹਿੰਦੇ ਹਨ। ਇਨ੍ਹਾਂ ਸਦਕਾ ਪੰਛੀਆਂ ਨੂੰ ਧਰਤੀ ਦਾ ਚੁੰਬਕੀ-ਖੇਤਰ "ਦਿਸਦਾ" ਹੈ ਜਿਸ ਰਾਹੀਂ ਉਹ ਆਪਣਾ ਰਾਹ ਨਿਰਧਾਰਤ ਕਰਦੇ ਹਨ।

ਅਸੀਂ ਬੂਟੇ ਖਾ ਕੇ ਜੀਂਦੇ ਹਾਂ। ਬੂਟੇ ਵਿਚ ਚੇਤਨਾ ਹੈ। ਬੂਟਾ ਧਰਤੀ ਅਤੇ ਹਵਾ ਦੇ ਕਣ ਖਾ ਕੇ ਜੀਂਦਾ ਹੈ ਤਾਂ ਮਿੱਟੀ ਅਤੇ ਹਵਾ ਦੇ ਕਣਾਂ ਵਿਚ ਵੀ ਚੇਤਨਾ ਮੌਜੂਦ ਹੋਣੀ ਚਾਹੀਦੀ ਹੈ।




ਇਲੈਕਟ੍ਰਾਨ ਸ੍ਰਿਸ਼ਟੀ ਦੇ ਮਹੀਨਤਰ ਕਣਾਂ ਵਿਚੋਂ ਇਕ ਹੈ। ਏਹਦੇ 'ਤੇ ਨੈਗੇਟਿਵ (ਰਿਣ) ਚਾਰਜ ਹੁੰਦਾ ਹੈ। ਏਹਦੇ ਬਰਾਬਰ ਸਰੀਰ ਵਾਲ਼ਾ ਕਣ ਪੋਜ਼ੀਟ੍ਰੌਨ ਹੈ ਜਿਸ 'ਤੇ ਪਾਜ਼ੇਟਿਵ (ਧਨ) ਚਾਰਜ ਹੁੰਦਾ ਹੈ। ਹਰ ਨੈਗੇਟਿਵ ਕਣ ਦੂਜੇ ਨੈਗੇਟਿਵ ਕਣ ਨੂੰ ਪਰ੍ਹਾਂ ਧੱਕਦਾ ਹੈ, ਪਾਜ਼ੇਟਿਵ ਕਣ ਨੂੰ ਆਪਣੇ ਵੱਲ ਖਿੱਚਦਾ ਹੈ। ਸ੍ਰਿਸ਼ਟੀ ਵਿਚ ਸਭ ਰਸਾਇਣਕ ਕਿਰਿਆਵਾਂ ਏਸ ਖਿੱਚ-ਧੱਕ ਵਿਚੋਂ ਹੀ ਪੈਦਾ ਹੁੰਦੀਆਂ ਹਨ। ਕਮਾਲ ਦੀ ਗੱਲ ਇਹ ਹੈ – ਹਰ ਨੈਗੇਟਿਵ ਕਣ ਨੂੰ ਦੂਜੇ ਨੈਗੇਟਿਵ ਕਣ ਦੀ ਹੋਂਦ ਦਾ 'ਪਤਾ' ਹੈ, ਤੇ ਦੂਜੇ ਪਾਜ਼ੇਟਿਵ ਕਣ ਦੀ ਹੋਂਦ ਦਾ ਵੀ। ਇਹ ਪਤਾ ਹੋਣਾ ਹੀ – ਚੇਤਨਾ ਦਾ ਮੁਢਲਾ ਰੂਪ ਹੈ।

ਕਵਿਤਾ ਦੀ ਅੱਖ ਨਾਲ ਵੇਖੋ ਤਾਂ ਗੁਰੂਤਾ ਖਿੱਚ ਵੀ ਚੇਤਨਾ ਵਾਂਗ ਕੰਮ ਕਰਦੀ ਜਾਪਦੀ ਹੈ। ਨਿਊਟਨ ਦਾ ਸੇਬ ਧਰਤੀ ਵੱਲ ਡਿਗਦਾ ਹੈ, ਧਰਤੀ ਅਤੇ ਸੇਬ – ਦੋਹਾਂ ਨੂੰ ਇਕ ਦੂਜੇ ਦਾ 'ਪਤਾ' ਹੈ। ਸਮੁੰਦਰ ਨੂੰ ਚੰਨ ਦਾ 'ਪਤਾ' ਹੈ, ਤਾਂ ਹੀ ਉਸ ਵਿਚ ਜਵਾਰ-ਭਾਟਾ ਆਉਂਦਾ ਹੈ। ਸੂਰਜ ਦਾ 'ਪਤਾ' ਹੋਣ ਕਰਕੇ ਹੀ ਧਰਤੀ ਉਹਦੇ ਦੁਆਲੇ ਅਰਬਾਂ ਵਰ੍ਹੇ ਤੋਂ ਘੁੰਮ ਰਹੀ ਹੈ। ਪਾਣੀ ਨੂੰ 'ਪਤਾ' ਹੈ – ਵਗਣ ਲਈ ਨੀਵੀਂ ਥਾਂ ਕਿੱਧਰ ਹੈ? ਸਾਨੂੰ ਸਾਰਿਆਂ ਨੂੰ ਇਕ ਦੂਜੇ ਦਾ ਪਤਾ ਹੈ – ਤਾਂ ਹੀ ਐਸ ਵੇਲ਼ੇ ਇਹ ਸ਼ਬਦ ਲਿਖੇ ਤੇ ਪੜ੍ਹੇ ਜਾ ਰਹੇ ਹਨ। ਸੰਭਵ ਹੈ – ਸੂਰਜ ਨੂੰ ਵੀ ਸਾਡਾ 'ਪਤਾ' ਹੋਵੇ ਜਿਵੇਂ ਸਾਨੂੰ ਸੂਰਜ ਦਾ। ਸਭ ਨੂੰ ਸਭ ਦਾ – 'ਪਤਾ ਹੋਣਾ' ਹੀ ਕਰਤਾਰੀ ਚੇਤਨਾ ਹੈ।

ਸ੍ਰਿਸ਼ਟੀ ਹਜ਼ਾਰਾਂ ਹੀ ਨਿਯਮਾਂ ਅਧੀਨ ਕੰਮ ਕਰਦੀ ਹੈ। ਉਦਾਹਰਣ ਵਜੋਂ – ਸ੍ਰਿਸ਼ਟੀ ਵਿਚ ਏਨੇ ਕੁ ਇਲੈਕਟ੍ਰੌਨ ਹਨ ਜਿਨ੍ਹਾਂ ਦੀ ਗਿਣਤੀ 1 ਦੇ ਨਾਲ 80 ਸਿਫ਼ਰਾਂ ਲਾਉਣ 'ਤੇ ਬਣਦੀ ਹੈ। ਪਰ ਹਰ ਇਲੈਕਟ੍ਰਾਨ ਦਾ ਪੁੰਜ (ਅੰਦਰਲੇ ਪਦਾਰਥ ਦੀ ਮਾਤਰਾ) ਬਿਲਕੁਲ ਇਕੋ ਜਿੰਨੀ ਹੈ। ਇਉਂ ਜਾਪਦਾ ਹੈ ਜਿਵੇਂ ਸਾਰੇ ਹੀ ਅਰਬਾਂ ਖਰਬਾਂ ਇਲੈਕਟ੍ਰੌਨ ਇਕੋ ਸੱਚੇ ਵਿਚੋਂ ਘੜੇ ਗਏ ਹੋਣ। ਉਹ ਸੱਚਾ ਕਿਹੜਾ ਹੈ? ਉਹ ਸੱਚਾ – ਸ੍ਰਿਸ਼ਟੀ ਵਿਚਲਾ ਨਿਯਮ ਹੈ ਜੋ ਨਿਰਣਾ ਕਰਦਾ ਹੈ ਕਿ ਸ੍ਰਿਸ਼ਟੀ ਵਿਚ ਉਪਜ ਰਹੇ ਸਭ ਕਣ ਕਿਸ ਤਰ੍ਹਾਂ ਦੇ ਹੋਣਗੇ? ਜਦ ਸ੍ਰਿਸ਼ਟੀ ਉਪਜਣ ਲੱਗੀ ਤਾਂ ਇਹ ਸੱਚਾ/ਨਿਯਮ ਪਹਿਲਾਂ ਮੌਜੂਦ ਹੋਣਾ ਚਾਹੀਦਾ ਸੀ, ਤਾਂ ਹੀ ਸਾਰੇ ਇਲੈਕਟ੍ਰਾਨ ਇਕੋ ਜਿਹੇ ਹੋ ਸਕਦੇ ਹਨ। ਨਿਯਮ – ਨਾ ਤਾਂ ਪਦਾਰਥ ਹੈ, ਨਾ ਊਰਜਾ ਹੈ। ਤਾਂ ਫਿਰ ਪਹਿਲਾਂ ਮੌਜੂਦ ਨਿਯਮ ਕਿੱਥੇ ਪਿਆ ਸੀ? ਸ੍ਰਿਸ਼ਟੀ ਵਿਚ ਜੋ ਕਰਤਾਰੀ ਚੇਤਨਾ ਦਾ ਭੰਡਾਰ ਹੈ – ਨਿਯਮ ਓਸ ਵਿਚ ਪਏ ਹਨ। ਜੇ ਅਸੀਂ ਵੀ ਘਰ ਵਿਚ, ਕੰਮ 'ਤੇ ਜਾਂ ਆਲੇ ਦੁਆਲੇ ਲਈ ਕੋਈ ਨਿਯਮ ਬਣਾਉਣਾ ਹੋਵੇ ਤਾਂ ਆਪਣੀ ਸੂਝ ਨੂੰ ਵਰਤਾਂਗੇ। ਸੂਝ – ਚੇਤਨਾ ਦਾ ਖੇਤਰ ਹੈ।

ਵਿਗਿਆਨ ਦਾ ਸਿਧਾਂਤ ਹੈ ਕਿ – ਤੁਸੀਂ ਕਿਸੇ ਵੀ ਚੀਜ਼ ਨੂੰ ਨਸ਼ਟ ਨਹੀਂ ਕਰ ਸਕਦੇ, ਸਿਰਫ਼ ਉਹਨੂੰ ਇਕ ਤੋਂ ਦੂਜੇ ਰੂਪ ਵਿਚ ਬਦਲ ਸਕਦੇ ਹੋ। ਪਿਛਲੀ ਸਦੀ ਦੇ ਵਿਗਿਆਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਸਾਬਤ ਕਰਨਾ ਸੀ ਕਿ ਪਦਾਰਥ ਅਤੇ ਊਰਜਾ ਵੀ ਆਪੋ ਵਿਚ ਤਬਦੀਲ ਹੋ ਜਾਂਦੇ ਹਨ, ਅਰਥਾਤ – ਉਹ ਇਕੋ ਹੀ ਚੀਜ਼ ਹੈ ਜੋ ਪਦਾਰਥ ਵੀ ਬਣ ਸਕਦੀ ਹੈ, ਊਰਜਾ ਵੀ। ਐਟਮ ਬੰਬ ਏਸੇ ਨਿਯਮ 'ਤੇ ਬਣਿਆ ਸੀ। ਪਦਾਰਥ ਦਾ ਬਹੁਤ ਮਹੀਨ ਹਿੱਸਾ ਪੂਰਾ ਨਸ਼ਟ ਕਰ ਦਿੱਤਾ ਜਾਵੇ ਤਾਂ ਟਣਾਂ-ਮੂੰਹੀਂ ਊਰਜਾ ਉਸ ਵਿਚੋਂ ਨਿਕਲਦੀ ਹੈ। ਚਾਹੋ ਤਾਂ ਬੰਬ ਬਣਾ ਕੇ ਲੱਖ ਬੰਦਾ ਮਾਰ ਦਿਓ, ਚਾਹੋ ਤਾਂ ਉਸੇ ਊਰਜਾ ਨੂੰ ਬਿਜਲੀ ਵਿਚ ਬਦਲ ਕੇ ਕਰੋੜਾਂ ਨੂੰ ਚਾਨਣ ਕਰ ਦਿਓ।

ਕੋਈ ਹੈਰਾਨੀ ਨਹੀਂ ਹੋਵੇਗੀ ਜੇ ਏਸ ਸਦੀ ਦੇ ਅੰਤ ਤਕ ਵਿਗਿਆਨ ਏਹ ਵੀ ਸਾਬਤ ਕਰ ਦਏ ਕਿ ਪਦਾਰਥ ਅਤੇ ਊਰਜਾ – ਦੋਵੇਂ ਚੇਤਨਾ ਵਿਚੋਂ ਹੀ ਜਨਮ ਲੈਂਦੇ ਹਨ। ਅਰਥਾਤ – ਚੇਤਨਾ ਹੀ ਕੋਈ ਕਾਰਜ ਕਰਨ ਲਈ ਲੋੜੀਂਦਾ ਰੂਪ ਅਖ਼ਤਿਆਰ ਕਰਨ ਵਾਸਤੇ ਪਦਾਰਥ ਬਣ ਜਾਂਦੀ ਹੋਵੇ, ਜਾਂ ਊਰਜਾ ਵਿਚ ਬਦਲ ਜਾਂਦੀ ਹੋਵੇ। ਖ਼ੈਰ, ਹੁਣ ਦੇ ਏਸ ਪਲ ਵਿਚ ਇਹ ਸਿਰਫ਼ 'ਹਾਈਪੋਥਿਸਿਸ' ਹੈ ...

ਜਾਣਨ ਵਾਲ਼ਿਆਂ ਨੇ ਸ੍ਰਿਸ਼ਟੀ ਵਿਚ ਪਸਰੀ ਕੁੱਲ ਚੇਤਨਾ ਨੂੰ ਹੀ 'ਰੱਬ' ਕਿਹਾ ਹੈ ...ਅਤੇ ਧਰਮ ਸਾਰੀ ਹੀ ਸ੍ਰਿਸ਼ਟੀ ਵਿਚ ਪਸਰੀ ਹੋਈ ਚੇਤਨਾ ਦਾ ਸਿੱਧਾ ਸਾਖਿਅਤਕਾਰ ਕਰਨ ਦੀ ਵਿਧੀ ਹੈ। ਸਾਧਾਰਣ ਬੰਦਾ ਪਾਣੀ ਨੂੰ ਪੀਂਦਾ ਵਰਤਦਾ ਹੈ, ਅਸਲੀ ਧਰਮ ਸ਼ਾਇਦ ਸਮੁੰਦਰ ਵਿਚ ਡੁੱਬ ਕੇ ਪਾਣੀ ਦੇ ਕੁਲ ਪਸਾਰ, ਸਮੁੱਚਤਾ ਅਤੇ ਮਹਾਨਤਾ ਨੂੰ ਸਿੱਧਿਆਂ ਅਨੁਭਵ ਕਰਨ ਵਰਗੀ ਕੋਈ ਘਟਨਾ ਹੈ। ਨਾਨਕ ਬੁੱਧ ਕਬੀਰ ਰੂਮੀ ਈਸਾ ਵਰਗੇ – ਜਿਨ੍ਹਾਂ ਨੂੰ ਇਹ ਅਨੁਭਵ ਹੋਇਆ – ਉਨ੍ਹਾਂ ਨੂੰ ਸਾਰਾ ਸੰਸਾਰ ਇਕੋ ਚੇਤਨਾ ਦਾ ਓਵੇਂ ਹੀ ਬਣਿਆ ਦਿਸਿਆ ਜਿਵੇਂ ਧਰਤੀ ਉਪਰ ਅੱਡੋ ਅੱਡ ਉਗੇ ਰੁੱਖ – ਧਰਤੀ ਹੇਠਾਂ ਜੜ੍ਹਾਂ ਰਾਹੀ ਸਦਾ ਇਕ ਦੂਜੇ ਨਾਲ ਜੁੜੇ ਹੁੰਦੇ ਹਨ ਤੇ ਇਕ ਦੂਜੇ ਨੂੰ ਸੁਨੇਹੇ ਵੀ ਭੇਜਦੇ ਹਨ। ਇਹ ਮਹਾਂਪੁਰਖ ਧਰਮ ਦਾ ਗਹਿਰਾ ਅਨੁਭਵ ਕਰਨ ਤੇ – ਗਹਿਰੇ ਆਨੰਦ, ਪ੍ਰੇਮ, ਕਰੁਣਾ ਅਤੇ ਦੂਰ-ਦ੍ਰਿਸ਼ਟੀ ਨਾਲ ਭਰ ਗਏ ਤੇ ਉਨ੍ਹਾਂ ਸਾਨੂੰ ਵੀ ਆਪੋ ਵਿਚ ਇਕ ਕਰ ਦਿੱਤਾ। ਉਨ੍ਹਾਂ ਦਾ ਉਸ ਸਿਖ਼ਰੀ ਅਨੁਭਵ ਦਾ ਆਨੰਦ ਏਨਾ ਵੱਡਾ ਸੀ ਕਿ ਉਸ ਸਾਹਮਣੇ ਹੋਰ ਸਾਰੇ ਰਸ ਫਿੱਕੇ ਪੈ ਗਏ। ਬੁੱਧ ਨੂੰ ਰਾਜਮਹਿਲ ਦੀ ਲੋੜ ਮੁੱਕ ਗਈ, ਨਾਨਕ ਨੂੰ ਉੱਚੀ ਜਾਤ ਦਾ ਹੰਕਾਰ ਨਿਗੂਣਾ ਲੱਗਾ, ਕਬੀਰ ਨੂੰ ਨੀਵੀਂ ਜਾਤ ਦਾ ਭਉ ਨਾ ਰਿਹਾ। ਏਹ ਲੋਕ ਫ਼ਕੀਰਾਂ ਵਾਂਗ, ਘੱਟੋ ਘੱਟ 'ਤੇ ਗੁਜ਼ਾਰਾ ਕਰਦਿਆਂ ਵੀ ਅਨੰਤ ਪ੍ਰਸੰਨਤਾ ਵਿਚ ਜੀਵੇ ...

ਏਸ ਆਨੰਦ ਨੂੰ ਅਨੁਭਵ ਕਰਨ ਲਈ ਰੱਬ ਦੀ ਹੋਂਦ ਵਿਚ ਵਿਸ਼ਵਾਸ ਕਰਨਾ ਵੀ ਜ਼ਰੂਰੀ ਨਹੀਂ। ਪੂਰਬ ਦੇ ਤਿੰਨ ਵੱਡੇ ਮਨੁੱਖ – ਬੁੱਧ, ਮਹਾਂਵੀਰ ਅਤੇ ਪਤੰਜਲੀ – ਜਿਨ੍ਹਾਂ ਨੇ ਸਾਧਨਾ ਰਾਹੀਂ ਏਸ ਕਰਤਾਰੀ ਚੇਤਨਾ ਨੂੰ ਆਪਣੇ ਅੰਦਰੋਂ ਜਾਣਨ ਦੀਆਂ ਵਿਧੀਆਂ ਸਾਨੂੰ ਦੱਸੀਆਂ – ਤਿੰਨੇ ਹੀ ਰੱਬ ਦਾ ਜ਼ਿਕਰ ਨਹੀਂ ਕਰਦੇ, ਪਰ ਉਨ੍ਹਾਂ ਦੇ ਅਨੁਭਵ ਨੂੰ ਅਸੀਂ ਰੱਬੀ ਅਨੁਭਵ ਆਖ਼ਦੇ ਹਾਂ ਤੇ ਉਨ੍ਹਾਂ ਦਾ ਰਾਹ 'ਧਰਮ' ਦਾ ਰਾਹ ਗਿਣਿਆ ਜਾਂਦਾ ਹੈ ...।

ਰੱਬ ਨੂੰ ਜਾਣਨ ਦਾ ਅਰਥ ਇਹ ਵੀ ਹੈ – ਕਰਤਾਰੀ ਚੇਤਨਾ ਵਿਚ ਲੁਕੇ ਉਨ੍ਹਾਂ ਨਿਯਮਾਂ ਨੂੰ ਸਪੱਸ਼ਟ ਦੇਖਣਾ ਜਿਨ੍ਹਾਂ ਨੂੰ ਪਾਲਣ ਨਾਲ ਜੀਵਨ ਸੁੱਖ (ਸਵਰਗ) ਵਿਚ ਰਹਿੰਦਾ ਹੈ, ਪਰ ਨਾ ਮੰਨਣ ਨਾਲ ਦੁੱਖ (ਨਰਕ) ਪੈਦਾ ਹੁੰਦਾ ਹੈ। ਨਿਯਮ ਕਿਸੇ ਦੇ ਵਿਰੁੱਧ ਨਹੀਂ, ਏਹ ਇਸ ਸ੍ਰਿਸ਼ਟੀ ਦੀ ਹੋਂਦ ਅਤੇ ਜੀਵਨ ਨੂੰ ਕਾਇਮ ਰੱਖਣ ਲਈ ਹਨ। ਅਸੀਂ ਚੇਤਨਾ (ਰੱਬ) ਦੀ ਪੂਜਾ ਕਰੀਏ, ਨਾ ਕਰੀਏ, ਏਹਦੇ ਨਿਯਮ ਪਲ ਪਲ ਕਾਰਜ ਕਰਦੇ ਰਹਿੰਦੇ ਹਨ। ਪੂਜਾ ਕਰਨ ਨਾਲ ਨਿਯਮ ਸਾਡੇ ਹੱਕ ਵਿਚ ਨਹੀਂ ਹੋ ਜਾਂਦੇ, ਨਾ ਕਰਨ ਨਾਲ ਸਾਡੇ ਵਿਰੁੱਧ ਨਹੀਂ ਹੋ ਜਾਂਦੇ। ਪੂਜਾ ਜਾਂ ਧਿਆਨ ਸਾਧਨਾ – ਸਿਰਫ਼ ਸਾਨੂੰ ਚੇਤੰਨਮਈ ਕਰਨ ਲਈ, ਚੇਤਨਾ ਵਿਚ ਗਹਿਰਾ ਹੋਰ ਗਹਿਰਾ ਉਤਾਰਨ ਲਈ ਬਣੇ ਹਨ। ਪਰ ਇਸ ਲਈ ਕਿਸੇ ਪੁਜਾਰੀ ਦੀ ਲੋੜ ਨਹੀਂ। ਸਾਨੂੰ ਭੁੱਖ ਲੱਗੀ ਹੈ ਤਾਂ ਕਿਸੇ ਦੇ ਰੋਟੀ ਖਾਣ ਨਾਲ ਸਾਡੀ ਭੁੱਖ ਨਹੀਂ ਮਿਟਣ ਲੱਗੀ। ਭਾਈ ਜੀ ਦਾ ਕੀਤਾ ਅਖੰਡ ਪਾਠ ਕਿਵੇਂ ਵੀ ਮੈਨੂੰ ਲਾਭ ਨਹੀਂ ਪੁਚਾ ਸਕਦਾ।

ਇਸ ਪ੍ਰਸੰਨਤਾ ਵਿਚ ਜੀਣਾ ਸਾਡੇ ਸਾਰਿਆਂ ਲਈ ਸੰਭਵ ਹੈ। ਧਰਮ ਦਾ ਇਹ ਗਹਿਰਾ ਅਨੁਭਵ ਬਿਲਕੁਲ ਨਿੱਜੀ ਹੈ। ਇਹ ਅਨੁਭਵ ਬੁੱਧ ਵਰਗੇ ਰਾਜਕੁਮਾਰ ਨੂੰ ਵੀ ਹੋ ਸਕਦਾ ਹੈ ਤੇ ਘੋਰ ਗਰੀਬ ਨੀਵੀਂ ਜਾਤ ਦੇ ਕਬੀਰ ਜੀ ਨੂੰ ਵੀ। ਕੁਦਰਤ ਵਿਤਕਰਾ ਨਹੀਂ ਕਰਦੀ, ਜਿਹੜਾ ਵੀ ਮਿਹਨਤ ਕਰੇ – ਏਸਨੂੰ ਪਾ ਲਵੇ! ਨਾ ਕੋਈ ਦੂਜਾ ਬੰਦਾ ਏਹ ਅਨੁਭਵ ਸਾਨੂੰ ਦੇ ਸਕਦਾ ਹੈ, ਨਾ ਉਹ ਸਾਡੇ ਅਨੁਭਵ ਵਿਚ ਰੁਕਾਵਟ ਪਾ ਸਕਦਾ ਹੈ। ਇਸ ਲਈ ਕਿਸੇ ਧਾਰਮਿਕ ਮਨੁੱਖ ਨੂੰ ਦੂਜੇ ਧਾਰਮਿਕ ਮਨੁੱਖ ਤੋਂ ਕੋਈ ਖ਼ਤਰਾ ਨਹੀਂ, ਕਦੀ ਵੀ ਨਹੀਂ, ਨਾ ਹੀ ਕਦੀ ਹੋਣਾ ਸੰਭਵ ਹੈ!

ਇਸ ਅਨੁਭਵ ਲਈ ਵਧੇਰੇ ਕੰਮ ਹਰ ਬੰਦੇ ਨੇ ਆਪਣੇ ਅੰਦਰ ਕਰਨਾ ਹੁੰਦਾ ਹੈ। ਸੁਰਤ – ਇਕ ਵੇਲੇ ਜਾਂ ਤਾਂ ਅੰਦਰ ਜਾ ਸਕਦੀ ਹੈ ਜਾਂ ਬਾਹਰ ਦੀ ਚੀਜ਼ ਵੇਖ ਸਕਦੀ ਹੈ। ਧਰਮ ਵਿਚ ਦਾਖ਼ਲ ਹੋਣ ਵੇਲ਼ੇ ਸੁਰਤ ਨੇ ਆਪਣੇ ਅੰਦਰ ਜਾ ਕੇ ਪੂਰੀ ਤਰ੍ਹਾਂ ਅੰਦਰਲੀ ਚੇਤਨਾ ਦੀ ਜੜ੍ਹ ਨੂੰ ਵੇਖਣਾ ਹੁੰਦਾ ਹੈ। ਇਸ ਲਈ ਧਰਮ ਨੂੰ ਬਾਹਰ ਜਾਂ ਬਾਜ਼ਾਰ ਵਿਚ ਲਿਆਉਣਾ ਹੀ ਮੁਢਲੇ ਤੌਰ 'ਤੇ ਧਰਮ ਤੋਂ ਉਲਟ ਦਿਸ਼ਾ ਵਿਚ ਜਾਣ ਵਾਲੀ ਗੱਲ ਹੈ। ਜਿਹੜੇ ਆਪਣੇ ਅੰਦਰ ਜਾ ਕੇ ਮਿਹਨਤ ਕਰਨੋਂ ਝਿਜਕਦੇ ਹਨ, ਜਾਂ ਧਰਮ ਨੂੰ ਸਿਰਫ਼ ਨਿਜੀ ਲਾਭ ਲਈ ਵਰਤਣਾ ਚਾਹੁੰਦੇ ਹਨ, ਉਹੀ ਧਰਮ ਨੂੰ ਬਾਹਰਲੀਆਂ ਰੀਤਾਂ ਰਸਮਾਂ, ਸੰਸਕਾਰਾਂ ਅਤੇ ਨਫ਼ਰਤਾਂ ਵਿਚ ਬੰਨ੍ਹ ਕੇ ਸਾਨੂੰ ਪੇਸ਼ ਕਰਦੇ ਹਨ। ਉਹੀ ਸਾਧਾਰਣ ਬੰਦੇ ਨੂੰ ਡਰਾ ਕੇ ਧਰਮ ਦੇ ਲੜ ਲਾਉਂਦੇ ਹਨ। ਇਸ ਕਰਕੇ ਸੰਸਾਰ ਵਿਚ ਦੋ ਤਰ੍ਹਾਂ ਦਾ ਧਰਮ ਹੈ। ਜਿਹੜਾ ਧਰਮ ਗਿਆਨ ਅਤੇ ਨਿਜੀ ਮਿਹਨਤ ਵਿਚੋਂ ਉਪਜਿਆ ਹੈ – ਉਹ ਨਿਰਭਉ ਕਰਦਾ ਹੈ। ਜਿਹੜਾ ਭੈਅ ਵਿਚੋਂ ਉਪਜਿਆ ਹੈ – ਉਹ ਹਿੰਸਾ ਕਰਦਾ ਹੈ। ਧਰਮ ਜਦੋਂ ਨਾਨਕ ਜਾਂ ਘਨ੍ਹੱਈਏ ਦੇ ਹੱਥਾਂ ਵਿਚੋਂ ਲੰਘਦਾ ਹੈ ਤਾਂ ਬਲਦੀਆਂ ਅੱਗਾਂ ਬੁੱਝ ਜਾਂਦੀਆਂ ਹਨ। ਜਦ ਕਿਸੇ ਅਤਿਵਾਦੀ, ਸਿਆਸਤਦਾਨ ਜਾਂ ਕੱਟੜ ਸੰਸਥਾ ਦੇ ਹੱਥੀਂ ਆਉਂਦਾ ਹੈ ਤਾਂ ਦੇਸ ਫੂਕਿਆ ਜਾਂਦਾ ਹੈ। ਧਰਮ ਜਦ ਕਿਸੇ "ਖੋਜ" ਵਾਂਗ ਅੰਦਰੋਂ ਜਾਗਦਾ ਹੈ ਤਾਂ ਉਸ ਨਾਲੋਂ ਖ਼ੂਬਸੂਰਤ ਘਟਨਾ ਕੋਈ ਨਹੀਂ। ਧਰਮ ਜਦ ਕਿਸੇ ਕਾਢ ਵਾਂਗ ਬਾਹਰੋਂ ਕਿਸੇ ਵਿਦਵਾਨ, ਸਿਆਸਤਦਾਨ ਜਾਂ ਖਾੜਕੂ ਵੱਲੋਂ ਲਾਗੂ ਕੀਤਾ ਜਾਂਦਾ ਹੈ ਤਾਂ ਉਸ ਵਰਗੀ ਭਿਆਨਕਤਾ ਕੋਈ ਨਹੀਂ। ਓਵੇਂ ਹੀ ਜਿਵੇਂ ਵਿਗਿਆਨ ਕਿਸੇ ਡਾਕਟਰ ਦੇ ਹੱਥੋਂ ਲੰਘੇ ਤਾਂ ਇਲਾਜ ਬਣਦਾ ਹੈ। ਪਰ ਜੇ ਇੰਡਸਟਰੀ ਅਤੇ ਕਾਰਪੋਰੇਸ਼ਨਾਂ ਦੇ ਹੱਥਾਂ ਵਿਚੋਂ ਲੰਘੇ ਤਾਂ ਬਾਰੂਦ ਬਣ ਕੇ ਫ਼ਟਦਾ ਹੈ, ਇਸ਼ਤਿਹਾਰ ਬਣ ਕੇ ਸਾਨੂੰ ਅੰਨ੍ਹਾ ਕਰਦਾ ਹੈ, ਜਾਂ ਮਹਿੰਗੀਆਂ ਵਸਤੂਆਂ ਦੀ ਅਣਲੋੜੀਂਦੀ ਮੰਗ ਬਣ ਕੇ ਸਾਨੂੰ ਗਰੀਬ ਕਰਦਾ ਹੈ।

ਡੇਢ ਸਦੀ ਪਹਿਲਾਂ ਰਾਮਕ੍ਰਿਸ਼ਨ ਪਰਮਹੰਸ ਨੇ ਮਨੁੱਖੀ ਇਤਿਹਾਸ ਵਿਚ ਅਨੋਖਾ ਤਜਰਬਾ ਪਹਿਲੀ ਵਾਰੀ ਕੀਤਾ। ਉਨ੍ਹਾਂ ਵੱਖੋ ਵੱਖਰੇ ਧਰਮਾਂ ਦੀ ਸਾਧਨਾ ਵਿਧੀ ਨੂੰ ਵਾਰੋ ਵਾਰੀ ਪੂਰੀ ਸ਼ਿੱਦਤ ਨਾਲ ਅੰਤਮ ਅਨੁਭਵ ਤਕ ਕੀਤਾ ਤੇ ਦੱਸਿਆ – ਹਰ ਵਿਧੀ (ਧਰਮ) ਨਾਲ ਪ੍ਰਾਪਤ ਹੋਣ ਵਾਲ਼ਾ ਅੰਤਮ ਅਨੁਭਵ ਇੱਕੋ ਹੀ ਸੀ। ਅਰਥਾਤ – ਗਹਿਰਾਈ ਨਾਲ ਪਾਲ਼ਿਆਂ – ਸਭ ਧਰਮ ਇੱਕੋ ਥਾਵੇਂ ਪੁਚਾਉਂਦੇ ਹਨ!

ਧਰਮਾਂ ਦਾ ਜੋ ਫ਼ਰਕ ਸਾਨੂੰ ਦਿਸਦਾ ਹੈ – ਉਹ ਸਤਹੀ ਹੈ। ਏਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਘਰ ਜੰਮੇ ਹਾਂ, ਕੀ ਬਣਾ ਦਿੱਤੇ ਗਏ ਹਾਂ, ਜਾਂ ਕਿਸ ਥਾਂ 'ਤੇ ਖੜ੍ਹੇ ਹਾਂ। ਜਿਹੜਾ ਫ਼ਾਜ਼ਿਲਕੇ ਤੋਂ ਚੰਡੀਗੜ੍ਹ ਆ ਰਿਹਾ ਹੈ ਉਹਦਾ ਮੂੰਹ ਪੂਰਬ ਵੱਲ ਹੈ। ਜਿਹੜਾ ਦੇਹਰਾਦੂਨ ਤੋਂ ਚੰਡੀਗੜ੍ਹ ਆ ਰਿਹਾ ਹੈ ਉਹਦਾ ਮੂੰਹ ਪੱਛਮ ਵੱਲ ਹੈ। ਦੋਵੇਂ ਇਕ ਦੂਜੇ ਤੋਂ ਉਲਟ ਦਿਸ਼ਾ ਵਿਚ ਜਾਂਦੇ ਜਾਪਦੇ ਵੀ ਇਕੋ ਥਾਂ 'ਤੇ ਪਹੁੰਚ ਜਾਣਗੇ। ਜੇ ਉਹ ਦੋਸਤ ਹੋਣ ਅਤੇ ਆਪੋ ਆਪਣੀ ਥਾਂ ਤੋਂ ਤੁਰਨ ਵੇਲ਼ੇ ਦਿਸ਼ਾ ਦਾ ਝਗੜਾ ਕਰਨ ਲੱਗਣ ਤਾਂ ਉਹ ਝੱਲੇ ਹਨ। ਸਭ ਧਰਮ ਇਕੋ ਰੱਬ ਦੀ ਹੋਂਦ ਸਵੀਕਾਰ ਕਰਦੇ ਹਨ। ਇਸ ਅਨੁਸਾਰ ਵੀ ਹਰ ਧਰਮ ਦੇ ਰਾਹ ਚਲਣ ਵਾਲਾ ਬੰਦਾ ਫਿਰ ਇਕੋ ਪਾਸੇ ਹੀ ਜਾ ਰਿਹਾ ਹੈ ... ਤਾਂ ਫਿਰ ਝਗੜਾ ਕਾਹਦਾ ਹੈ?

ਧਰਮ ਬੇਸ਼ਕ ਹੋਵੇ, ਪਰ ਸਟੇਟ ਕਦੀ ਵੀ ਧਰਮ-ਆਧਾਰਿਤ ਨਹੀਂ, ਸਗੋਂ ਲੋਕ-ਆਧਾਰਿਤ ਹੋਣੀ ਚਾਹੀਦੀ ਹੈ – ਭਾਵੇਂ ਉਥੇ ਇਕੋ ਧਰਮ ਦੇ ਲੋਕ ਹੀ ਵਸਦੇ ਹੋਣ। ਧਰਮ-ਆਧਾਰਿਤ ਸਟੇਟ ਗੈਰ-ਧਰਮੀਆਂ ਨਾਲ ਤਾਂ ਵਿਤਕਰਾ ਕਰੇਗੀ ਹੀ, ਖ਼ੁਦ ਇਕੋ ਧਰਮ ਵਾਲੇ ਵੀ ਉਸ ਵਿਚ ਸੁਰੱਖਿਅਤ ਨਹੀਂ। ਪਾਕਿਸਤਾਨ ਵਿਚ ਇਕੋ ਧਰਮ ਦੇ ਹੁੰਦਿਆਂ ਵੀ ਸੂਫ਼ੀ ਅਤੇ ਅਹਿਮਦੀਏ ਸਮਾਜਿਕ ਹਿੰਸਾ ਦਾ ਸ਼ਿਕਾਰ ਹੋ ਗਏ। ਰਵਾਂਡਾ ਵਿਚ ਕੁਝ ਦਹਾਕੇ ਪਹਿਲਾਂ ਹੋਈ ਕਤਲੋ-ਗ਼ਾਰਤ ਵਿਚ ਦਸ ਲੱਖ ਬੰਦੇ ਤਿੰਨ ਸਾਲਾਂ ਦੌਰਾਨ ਕੁਹਾੜੀਆਂ ਨਾਲ ਵੱਢ ਦਿੱਤੇ ਗਏ। ਮਾਰਨ ਤੇ ਮਰਨ ਵਾਲੇ ਦੋਵੇਂ ਮੁਸਲਮਾਨ ਸਨ। ਮਾਰਨ ਵਾਲੇ – ਅਰਬੀ ਮੂਲ ਦੇ, ਮਰਨ ਵਾਲੇ – ਅਫ਼ਰੀਕੀ ਮੂਲ ਦੇ। ਪਿਛਲੇ ਪੰਜ ਸਾਲਾਂ ਦੌਰਾਨ ਚਾਰ ਲੱਖ ਜਣੇ ਬੰਬਾਂ, ਗੋਲੀਆਂ ਅਤੇ ਭੁੱਖ ਨਾਲ ਯਮਨ ਵਿਚ ਮਰ ਗਏ ਜਿਨ੍ਹਾਂ ਵਿਚ ਅੱਧਿਓਂ ਬਹੁਤੇ ਬੱਚੇ ਹਨ। ਮਾਰਨ ਵਾਲੇ ਸਾਊਦੀ ਅਰਬ ਸਮਰਥਕ ਸੁੰਨੀ ਮੁਸਲਮਾਨ ਹਨ, ਮਰਨ ਵਾਲੇ ਇਰਾਨ ਸਮਰਥਕ ਸ਼ੀਆ ਮੁਸਲਮਾਨ। ਯੂਕਰੇਨ ਵਿਚ ਅੱਜ ਲੜਨ ਵਾਲ਼ੀਆਂ ਦੋਵੇਂ ਧਿਰਾਂ ਇਸਾਈ ਹਨ। ਮਹਾਂਭਾਰਤ ਵਿਚ ਦੋਵੇਂ ਪਾਸਿਓਂ ਲੜਨ ਵਾਲ਼ੇ ਇਕੋ ਧਰਮ ਦੇ ਸਨ। ਸਾਡੇ ਆਪਣੇ ਪੰਜਾਬ ਵਿਚ ਚੱਲੀ ਪਿਛਲੀ ਹਿੰਸਾ ਦੌਰਾਨ ਮਾਰਨ ਤੇ ਮਰਨ ਵਾਲੇ ਕਿੰਨੇ ਹੀ ਜਣੇ ਇਕੋ ਧਰਮ ਦੇ ਸਨ ਪਰ ਕਿਸੇ ਨੇ ਕਿਸੇ 'ਤੇ (ਇਕੋ ਧਰਮ ਦਾ ਹੋਣ ਕਰਕੇ) ਤਰਸ ਨਾ ਕੀਤਾ। ਸਿੱਖ ਹੋਣ ਨੇ ਜਨਰਲ ਬਰਾੜ ਨੂੰ ਦਰਬਾਰ ਸਾਹਿਬ 'ਤੇ ਹਮਲੇ ਦੀ ਅਗਵਾਈ ਕਰਨ ਤੋਂ ਨਹੀਂ ਅਟਕਾਇਆ, ਨਾ ਕੇ.ਪੀ.ਐਸ. ਗਿੱਲ ਨੂੰ ਆਪਣਾ "ਕੰਮ" ਕਰਨ ਤੋਂ, ਨਾ ਖਾੜਕੂਆਂ ਨੂੰ

(ਬਾਕੀ ਅਗਲੇ ਸਫੇ 'ਤੇ)

# ਸ਼ਿਵਚਰਨ ਜੱਗੀ ਕੁੱਸਾ 'ਐੱਨ.ਆਰ.ਆਈ' (ਨੈਵਰ ਰਿਪੀਟ ਇੱਟ) ਹਿੰਦੀ ਵੈੱਬ ਸੀਰੀਜ਼ ਲੈ ਕੇ ਹਾਜ਼ਰ

ਫ਼ਿਲਮੀ ਦੁਨੀਆਂ ਠਾਠ-ਬਾਠ ਵਾਲੀ ਦੁਨੀਆਂ ਹੈ। ਜੇ 'ਬਾਲੀਵੁੱਡ' ਦੀ ਵੀ ਗੱਲ ਕਰੀਏ ਤਾਂ ਸਾਡੇ ਪੰਜਾਬੀ ਭਾਈਚਾਰੇ ਨੇ ਇਸ ਵਿਚ ਬੜਾ ਯੋਗਦਾਨ ਪਾਇਆ ਹੈ। ਧਰਮਿੰਦਰ

ਕੇ. ਸਵਰਾਜ

ਤੋਂ ਲੈ ਕੇ ਦਿਲਜੀਤ ਦੁਸਾਂਝ ਤੱਕ ਪੰਜਾਬੀਆਂ ਨੇ ਮੁੰਬਈ ਦੀ ਫ਼ਿਲਮ ਨਗਰੀ ਵਿਚ ਖ਼ੂਬ ਮੱਲਾਂ ਮਾਰੀਆਂ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਚਾਹੇ ਕੁਝ ਕੁ 'ਕਮਰਸੀਅਲ' ਬੰਦਿਆਂ ਨੇ ਸਿਰਫ਼ ਇਕ ਵਿਸ਼ੇ ਨੂੰ ਲੈ ਕੇ ਅਨੇਕਾਂ ਫ਼ਿਲਮਾਂ ਬਣਾ ਧਰੀਆਂ। ਕਈਆਂ ਨੇ ਇੰਗਲੈਂਡ ਵਰਗੇ ਮੁਲਕ ਤੋਂ 'ਸਬਸਿਡੀ' ਦਾ ਲਾਹਾ ਲੈਣ ਲਈ ਧੜਾਧੜ ਫ਼ਿਲਮਾਂ ਬਣਾਈਆਂ ਅਤੇ ਕਈਆਂ ਉਪਰ "ਕਬੂਤਰਬਾਜ਼ੀ" ਕਰਨ ਦੀਆਂ ਉਂਗਲਾਂ ਵੀ ਉਠੀਆਂ। ਜੇ ਆਪਾਂ ਪੰਜਾਬੀ ਲੇਖਕਾਂ ਦੀ ਗੱਲ ਕਰੀਏ ਤਾਂ ਬਹੁਤ ਘੱਟ ਪੰਜਾਬੀ ਲੇਖਕਾਂ ਨੂੰ ਮੁੰਬਈ ਦੀ ਫ਼ਿਲਮ ਨਗਰੀ ਵਿਚ ਕਿਸਮਤ ਅਜ਼ਮਾਉਣ ਦਾ ਮੌਕਾ ਮਿਲਿਆ।

ਬਹੁਵਿਧਾਵਾਂ ਵਿਚ ਲਿਖਣ ਵਾਲਾ ਮਸ਼ਹੂਰ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਅਜਿਹਾ ਪੰਜਾਬੀ ਲੇਖਕ ਹੈ, ਜੋ ਆਪਣੇ ਬਹੁ-ਚਰਚਿਤ ਨਾਵਲ "ਪੁਰਜਾ ਪੁਰਜਾ ਕਟਿ ਮਰੈ" ਨਾਲ ਰਾਤੋ ਰਾਤ ਦੁਨੀਆਂ ਭਰ ਵਿਚ ਮਸ਼ਹੂਰ ਹੋਇਆ ਅਤੇ ਮੁੜ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। 2010 ਵਿਚ ਬਣੀ ਫ਼ਿਲਮ "ਸਾਡਾ ਹੱਕ" ਤੋਂ ਉਸ ਨੇ ਮੁੰਬਈ ਦੀ ਫ਼ਿਲਮ ਨਗਰੀ ਵਿਚ ਕਦਮ ਰੱਖਿਆ। 'ਸਾਡਾ ਹੱਕ' ਤੋਂ ਲੈ ਕੇ 'ਤੂਫ਼ਾਨ ਸਿੰਘ' ਵਰਗੀਆਂ ਫ਼ਿਲਮਾਂ ਵਿਚ ਆਪਣਾ ਲਿਖਤੀ ਯੋਗਦਾਨ ਪਾਉਣ ਤੋਂ ਬਾਅਦ ਹੁਣ ਉਹ



ਆਪਣੀ ਲਿਖੀ ਹਿੰਦੀ ਵੈੱਬ ਸੀਰੀਜ਼ "ਐੱਨ.ਆਰ.ਆਈ" ਬਣਾਉਣ ਵਿਚ ਰੁੱਝਿਆ ਹੋਇਆ ਹੈ, ਜੋ "ਨੈੱਟਫਲਿਕਸ" ਲਈ ਬਣ ਰਹੀ ਹੈ। ਇਸ ਸੀਰੀਜ਼ ਦੇ ਅੱਠ ਐਪੀਸੋਡ ਹਨ, ਜਿਨ੍ਹਾਂ ਵਿਚੋਂ ਦੋ ਦੀ ਸ਼ੂਟਿੰਗ ਮੁਕੰਮਲ ਕਰ ਲਈ ਗਈ ਹੈ। ਇਸ ਦੇ ਅਗਲੇ ਦੋ ਐਪੀਸਡਾਂ ਦੀ ਸ਼ੂਟਿੰਗ ਕੈਨੇਡਾ ਦੇ ਸ਼ਹਿਰ ਵੈਨਕੂਵਰ ਦੇ ਆਸ-ਪਾਸ ਇਲਾਕਿਆਂ ਵਿਚ, ਇਕ ਐਪੀਸੋਡ ਦੀ ਸ਼ੂਟਿੰਗ ਨੇਪਾਲ ਅਤੇ ਬਾਕੀਆਂ ਦੀ ਪੰਜਾਬ ਵਿਚ ਹੋਵੇਗੀ।

ਵੱਖੋ-ਵੱਖ ਛੇ ਭਾਸ਼ਾਵਾਂ ਵਿਚ 'ਡੱਬ' ਹੋਣ ਵਾਲੀ ਇਸ ਵੈੱਬ ਸੀਰੀਜ਼ ਵਿਚ ਪੰਜਾਬੀ ਦੇ ਦਿੱਗਜ ਕਲਾਕਾਰ ਅਹਿਮ ਭੂਮਿਕਾਵਾਂ ਨਿਭਾਅ ਰਹੇ ਹਨ। ਇਸ ਵੈੱਬ ਸੀਰੀਜ਼ ਵਿਚ ਜੱਗੀ ਕੁੱਸਾ ਨੇ ਖ਼ੁਦ ਜੇਲ੍ਹ ਸੁਪਰਡੈਂਟ ਦੀ ਭੂਮਿਕਾ ਨਿਭਾਈ ਹੈ। ਇਸ ਸੀਰੀਜ਼ ਵਿਚ ਪ੍ਰੀਤ ਬਾਠ, ਐਂਜਲੀਨਾ ਰਾਜਪੂਤ, ਮਹਾਂਬੀਰ ਭੁੱਲਰ, ਨਗਿੰਦਰ ਗੱਖੜ, ਰਵਿੰਦਰ ਮੰਡ, ਦਿਲਾਵਰ ਸਿੱਧੂ, ਭਾਨਾ ਭਗੌੜਾ, ਸੂਫ਼ੀ ਗੁੱਜਰ, ਵਿਕਟਰ ਜੌਹਨ, ਜਸਵੰਤ ਰਾਠੌਰ, ਹਾਕਮ ਬਖਤੜੀਵਾਲਾ, ਵਿਰਾਟ ਮਾਹਲ, ਲਖਵੀਰ ਧਾਲੀਵਾਲ, ਹਰਪਾਲ ਧੂੜਕੋਟ, ਮਿੰਟੂ ਮਲਵਈ, ਡਾਕਟਰ ਮਨਪ੍ਰੀਤ ਸਿੰਘ ਕੰਮ ਕਰ ਰਹੇ ਹਨ। ਇਸ ਵੈੱਬ ਸੀਰੀਜ਼ ਦੇ ਪ੍ਰਾਜੈਕਟ ਹੈੱਡ ਕਾਬਲ ਗਿੱਲ ਅਤੇ ਡਾਇਰੈਕਟਰ ਲਵਲੀ ਸ਼ਰਮਾ ਹਨ। ਕੈਨਵੈਸਟ ਫ਼ਿਲਮ ਪ੍ਰੋਡਕਸ਼ਨ ਕੈਨੇਡਾ ਦੇ ਬੈਨਰ ਹੇਠ ਬਣ ਰਹੀ ਇਸ ਵੈੱਬ ਸੀਰੀਜ਼ ਦੇ ਪ੍ਰੋਡਿਊਸਰ ਸ਼ਿਵਚਰਨ ਜੱਗੀ ਕੁੱਸਾ ਦੇ ਦੋਸਤ ਜਗਮਨ ਸਮਰਾ ਅਤੇ ਹਰਕੀਰਤ ਸਮਰਾ ਹਨ। ਇਸ ਦੀ ਕਹਾਣੀ ਜੇਲ੍ਹ ਦੇ ਜਨ-ਜੀਵਨ ਦੁਆਲ਼ੇ ਘੁੰਮਦੀ ਅਤੇ ਉਥੇ ਦਰਪੇਸ਼ ਮੁਸ਼ਕਿਲਾਂ ਦਾ ਵਰਣਨ ਕਰਦੀ ਹੈ।

---

## *ਅਜੋਕੇ ਯੁਗ ਵਿਚ ਧਰਮ ਆਧਾਰਤ ਨਹੀਂ; ਲੋਕ ਆਧਾਰਤ ਸਟੇਟ ਦੀ ਲੋੜ*

*(ਪਿਛਲੇ ਫੇ ਦਾ ਬਾਕੀ)*

ਆਪਣੇ ਤੋਂ ਵੱਖਰੀ ਸੋਚ ਵਾਲ਼ੇ ਸਿੱਖਾਂ (ਪਾਸ਼ ਜਾਂ ਸੁਮੀਤ ਸਿੰਘ) ਨੂੰ ਮਾਰਨ ਤੋਂ ਰੋਕਿਆ।

ਵਧਦੀ ਆਬਾਦੀ ਅਤੇ ਸੀਮਤ ਵਸੀਲਿਆਂ ਕਰਕੇ ਸੰਸਾਰ ਦੇ 90% ਲੋਕਾਂ ਲਈ ਹੁਣ ਇਹ 'ਸਰਵਾਈਵਲ' ਦੀ ਲੋੜ ਹੈ ਕਿ ਉਹ ਧਰਤੀ ਉਤੇ ਕਿਤੇ ਵੀ ਜਾ ਕੇ ਰਹਿ ਸਕਣ ਜਿੱਥੇ ਰੁਜ਼ਗਾਰ, ਵਿਦਿਆ, ਸਿਹਤ ਅਤੇ ਚੰਗਾ ਵਾਤਾਵਰਨ ਮਿਲਦਾ ਹੋਵੇ। ਰੋਟੀ ਖ਼ਾਤਰ ਪੰਜਾਬੀ ਪਿਛਲੀ ਇਕ ਸਦੀ ਤੋਂ ਹਿੰਦੁਸਤਾਨ ਵਿਚੋਂ ਹਿਜਰਤ ਕਰ ਰਹੇ ਹਨ। ਕੈਨੇਡਾ ਤੇ ਇੰਗਲੈਂਡ, ਦੋਹੀਂ ਥਾਈਂ ਘੱਟੋ-ਘੱਟ 8-8 ਲੱਖ ਪੰਜਾਬੀ ਵਸਦੇ ਹਨ। ਕੀ ਉਹ ਵਸ ਸਕਦੇ ਸਨ ਜੇ ਕੈਨੇਡਾ ਜਾਂ ਇੰਗਲੈਂਡ ਧਰਮ-ਆਧਾਰਤ ਇਸਾਈ-ਸਟੇਟ ਹੁੰਦੇ?

ਜੇ ਅਸੀਂ ਧਰਤੀ ਦੇ ਖਿੱਤਿਆਂ ਨੂੰ ਖਾਸ-ਖਾਸ ਧਰਮ, ਬੋਲੀ, ਰੰਗ ਜਾਂ ਸਭਿਆਚਾਰ ਦੇ ਲੋਕਾਂ ਲਈ ਰਾਖਵੀਂ ਕਰਨ ਲੱਗ ਪਏ ਤਾਂ ਵਾਰੀ ਵਾਰੀ ਕਰਕੇ ਇਕ ਦੂਜੇ ਨੂੰ ਕੱਢ ਕੇ ਮਾਰ ਕੇ, ਆਖ਼ਰ ਸਾਰੇ ਹੀ ਮਾਰੇ ਜਾਵਾਂਗੇ। ਹਿੰਸਾ ਦਾ ਸੰਕੀਰਣ ਸੁਦਰਸ਼ਨ ਚੱਕਰ ਜੇ ਹਰ "ਪਰਾਏ" ਨੂੰ ਮਾਰਨ ਲਈ ਅੰਨ੍ਹੇ-ਵਾਹ ਘੁੰਮਣਾ ਸ਼ੁਰੂ ਹੋ ਗਿਆ ਤਾਂ ਅੰਤਮ ਬੰਦੇ ਦੀ ਜਾਨ ਲੈਣ ਤੋਂ ਬਾਅਦ ਰੁਕੇਗਾ, ਕਿਉਂਕਿ ਉਸ ਚੱਕਰ ਲਈ ਤਾਂ ਆਪਣੇ ਆਪ ਨੂੰ ਛੱਡ ਕੇ ਹਰ ਬੰਦਾ ਪਰਾਇਆ ਹੈ। ਕੁਦਰਤ ਨੇ ਤਾਂ ਮਨੁੱਖ ਨੂੰ ਇਕੋ ਹੀ ਧਰਤੀ 'ਤੇ ਪੈਦਾ ਕੀਤਾ ਸੀ। ਸਾਡੇ ਧਰਮ ਅਤੇ ਧਰਮ-ਆਧਾਰਿਤ ਵੰਡਾਂ - ਸਾਡੀ ਕਾਢ ਹਨ, ਕਿਸੇ ਰੱਬ ਦੀ ਨਹੀਂ। ਮਨੁੱਖ ਨੂੰ ਉਸੇ ਦੀ ਧਰਤੀ 'ਤੇ ਵੱਸਣ ਤੋਂ ਰੋਕਣਾ ਜਾਂ ਸੰਨ '47 ਵਾਂਗ ਕਿਸੇ ਵਸਦੇ ਹੋਏ ਨੂੰ ਧਰਮ ਦੇ ਨਾਂ 'ਤੇ ਉਜਾੜਣਾ - ਮੂਲੋਂ ਹੀ ਅਧਾਰਮਿਕ ਕਰਮ ਹੈ।

ਟੋਰਾਂਟੋ ਲਾਗਲੇ ਸ਼ਹਿਰ ਹੈਮਿਲਟਨ ਵਿਚ ਅੱਜ ਤੋਂ 30 ਸਾਲ ਪਹਿਲਾਂ ਤਕ ਸਕੂਲਾਂ ਵਿਚ ਸਵੇਰੇ ਇਸਾਈ ਪ੍ਰਾਰਥਨਾ ਹੁੰਦੀ ਸੀ। ਯਹੂਦੀ ਅਤੇ ਮੁਸਲਮਾਨ ਲੋਕਾਂ ਨੇ ਇਤਰਾਜ਼ ਕੀਤਾ ਤਾਂ ਦੋ-ਤਿਹਾਈ ਇਸਾਈ ਵਸੋਂ ਹੋਣ ਦੇ ਬਾਵਜੂਦ ਧਾਰਮਿਕ ਸਹਿਹੋਂਦ ਦਾ ਸਬੂਤ ਦਿੰਦਿਆਂ ਇਸਾਈ ਬਹੁਗਿਣਤੀ ਵਾਲ਼ੇ ਸਕੂਲ-ਬੋਰਡ ਵੱਲੋਂ ਪ੍ਰਾਰਥਨਾ ਬੰਦ ਕਰ ਦਿੱਤੀ ਗਈ। ਮੇਰਾ ਬੇਟਾ ਜਿਸ ਕੈਨੇਡੀਅਨ ਸਕੂਲ ਵਿਚ ਪੜ੍ਹਦਾ ਹੈ, ਓਥੇ 500 ਵਿਚੋਂ ਸਿਰਫ਼ 15 ਬੱਚੇ ਹਿੰਦੁਸਤਾਨੀ ਹਨ, ਪਰ ਦੀਵਾਲੀ ਅਤੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦਾ ਜ਼ਿਕਰ ਹਰ ਸਾਲ ਸਮਾਂ ਆਉਣ 'ਤੇ ਸਕੂਲ ਦੀ ਸਵੇਰ ਵਾਲੀ ਅਸੈਂਬਲੀ ਵਿਚ ਕੀਤਾ ਜਾਂਦਾ ਹੈ। ਸਾਨੂੰ ਏਨ੍ਹਾਂ ਤੋਂ ਸਿੱਖਣ ਦੀ ਲੋੜ ਹੈ ਕਿ ਆਪਣਾ ਬਹੁ-ਗਿਣਤੀ-ਅਧਿਕਾਰ ਦੂਜੇ (ਘੱਟ-ਗਿਣਤੀ ਵਾਲੇ) ਨੂੰ ਸੌਖਾ ਕਰਨ ਲਈ ਕਿਵੇਂ ਪਾਸੇ ਰੱਖਣਾ ਹੈ। ਕਿਸੇ ਨੂੰ ਸੌਖਾ ਕਰਨਾ ਉਸ ਅੱਗੇ ਝੁਕਣਾ ਨਹੀਂ ਹੁੰਦਾ। ਜਦੋਂ ਅਸੀਂ ਆਪਣੇ ਬੱਚੇ, ਪਤਨੀ ਪਰਿਵਾਰ ਜਾਂ ਮਿੱਤਰ ਦੀ ਸੌਖਿਆਈ ਲਈ ਆਪ ਔਖੇ ਹੋ ਕੇ ਕੋਈ ਕੰਮ ਕਰਦੇ ਹਾਂ ਤਾਂ ਕੀ ਉਨ੍ਹਾਂ ਅੱਗੇ ਝੁਕ ਰਹੇ ਹੁੰਦੇ ਹਾਂ...? ਨਹੀਂ, ਅਸੀਂ ਉਸ ਪਲ ਪਿਆਰ ਅੱਗੇ ਝੁਕ ਰਹੇ ਹੁੰਦੇ ਹਾਂ ...।

ਪੰਜਾਬ ਸ਼ਾਇਦ ਮਨੁੱਖੀ ਇਤਿਹਾਸ ਦਾ ਹੀ ਸਭ ਤੋਂ ਵੱਡਾ ਡੈਮੋਕ੍ਰੈਟਿਕ ਤਜਰਬਾ ਸੀ। ਏਥੇ 5 ਤੋਂ ਵੱਧ ਧਰਮਾਂ ਦੇ ਲੋਕ ਵਖਰੇਵਿਆਂ ਦੇ ਬਾਵਜੂਦ ਸਦੀਆਂ ਤਕ ਇਕੱਠੇ ਵਸਦੇ ਰਹੇ ਹਨ। ਉਨ੍ਹਾਂ ਵਿਚ ਝਗੜੇ ਵੀ ਹੋਏ, ਹਥਿਆਰਬੰਦ ਲੜਾਈਆਂ ਵੀ, ਪਰ ਕਿਸੇ ਨੇ ਕਦੀ ਧਰਮ-ਆਧਾਰਿਤ ਵੱਖੋ ਵੱਖਰਾ ਦੇਸ ਬਣਾ ਕੇ ਰਹਿਣ ਬਾਰੇ ਸੋਚਿਆ ਵੀ ਨਹੀਂ। ਓਦੋਂ ਤਕ ਨਹੀਂ ਸੋਚਿਆ - ਜਦ ਤਾਈਂ ਅੰਗਰੇਜ਼ਾਂ ਨੇ ਏਹ "ਕਾਢ" ਸਾਡੇ ਦਿਮਾਗਾਂ ਵਿਚ ਨਹੀਂ ਭਰ ਦਿੱਤੀ। ਸਿੱਖਾਂ ਦੀ ਅਰਦਾਸ ਵਿਚ ਅੱਜ ਵੀ ਮੁਸਲਮਾਨਾਂ ਵੱਲੋਂ ਚਰਖੜੀਆਂ 'ਤੇ ਚੜ੍ਹਾਏ, ਦੇਗਾਂ ਵਿਚ ਉਬਾਲੇ, ਕੀਮਾ-ਕੀਮਾ ਕੀਤੇ ਗਏ ਆਪਣੇ ਸਿੱਖ ਪੂਰਵਜਾਂ ਨੂੰ ਹਰ ਗੁਰਦੁਆਰੇ ਵਿਚ ਹਰ ਦਿਨ-ਰਾਤ ਯਾਦ ਕੀਤਾ ਜਾਂਦਾ ਹੈ। ਪਰ ਉਨ੍ਹਾਂ ਸ਼ਹੀਦ ਹੋਣ ਵਾਲ਼ਿਆਂ ਦੇ ਗੁਰੂਆਂ ਜਾਂ ਜਰਨੈਲਾਂ ਨੇ ਸਿਰਫ਼ ਅਨਿਆਂ ਵਿਰੁੱਧ ਲੜਾਈ ਕੀਤੀ, ਪਰ ਕਦੀ ਸਿੱਖਾਂ ਵਾਸਤੇ ਵੱਖਰਾ ਰਾਜ ਬਣਾਉਣ ਦਾ ਉਪਰਾਲਾ ਨਹੀਂ ਕੀਤਾ।

ਪਾਕਿਸਤਾਨ ਵਿਚ ਦੋ ਸਿੱਖ ਹਸਤੀਆਂ ਦਾ ਸਭ ਤੋਂ ਵੱਧ ਆਦਰ ਅੱਜ ਵੀ ਕੀਤਾ ਜਾਂਦਾ ਹੈ - ਬਾਬਾ ਨਾਨਕ ਅਤੇ ਮਹਾਰਾਜਾ ਰਣਜੀਤ ਸਿੰਘ। ਏਸ ਲਈ ਕਿ - ਦੋਹਾਂ ਨੇ ਹਿੰਦੂ ਮੁਸਲਮਾਨ ਦਾ ਫ਼ਰਕ ਨਹੀਂ ਸੀ ਕੀਤਾ। ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਵੱਡੀ ਦੂਰਅੰਦੇਸ਼ੀ ਏਹੀ ਸੀ ਕਿ ਉਹਨੇ ਆਪਣੇ ਰਾਜ ਨੂੰ ਅਖੌਤੀ ਸਿੱਖ-ਰਾਜ ਬਣਾਉਣ ਦਾ ਯਤਨ ਨਹੀਂ ਕੀਤਾ, ਨਾ ਮੁਸਲਮਾਨਾਂ ਤੋਂ ਗਿਣ ਗਿਣ ਕੇ ਆਪਣੇ ਬਜ਼ੁਰਗਾਂ ਦੇ ਬਦਲੇ ਲਏ। ਖਾਲਸਾ ਰਾਜ ਆਖਣ ਦੇ ਬਾਵਜੂਦ ਮਹਾਰਾਜੇ ਨੇ ਆਪਣੀ ਸੱਤਾ ਵਿਚ ਹਿੰਦੂਆਂ ਤੇ ਮੁਸਲਮਾਨਾਂ ਨੂੰ ਬਰਾਬਰ ਦੀ ਭਾਈਵਾਲੀ ਦਿੱਤੀ। ਉਹ ਜਾਣਦਾ ਸੀ - ਇਹ ਧਰਤੀ ਸਭ ਧਰਮਾਂ ਦੀ ਸਾਂਝੀ ਹੈ। ਉਹਨੇ ਇਸ ਸਾਂਝ ਦਾ ਆਦਰ ਕੀਤਾ। ਅੱਜ ਏਸੇ ਸਾਂਝ ਦਾ ਆਦਰ ਕੀਤੇ ਬਿਨਾ ਅਸੀਂ ਓਹਦੇ ਵਾਰਸ ਕਿਵੇਂ ਹੋ ਸਕਦੇ ਹਾਂ, ਜਾਂ ਉਹ ਸਾਡੀ ਪ੍ਰੇਰਣਾ ਕਿਵੇਂ ਹੋ ਸਕੇਗਾ, ਜਾਂ ਅਸੀਂ ਓਹਨੂੰ "ਆਪਣਾ" ਕਿਵੇਂ ਕਹਿ ਸਕਾਂਗੇ? ਇਸ ਸਾਂਝ ਦਾ ਆਦਰ ਕੀਤੇ ਬਿਨਾ ਅਸੀਂ ਨਾਨਕ ਨੂੰ "ਆਪਣਾ" ਕਿਵੇਂ ਕਹਿ ਸਕਾਂਗੇ?

ਪੰਜਾਬ ਤਾਂ ਇੱਕੋ ਹੀ ਧਰਤੀ ਸੀ ਜਿਸਦੇ ਵਸਨੀਕ ਕਈ ਹਜ਼ਾਰ ਸਾਲ ਪਹਿਲਾਂ ਵੈਦਿਕ ਸਭਿਆਚਾਰ ਦੇ ਪ੍ਰਭਾਵ ਹੇਠ ਆਏ, ਸਮਾਂ ਪਾ ਕੇ ਕੁਝ ਜਣੇ ਬੋਧੀ ਹੋ ਗਏ, ਹੋਰ ਵਕਤ ਬੀਤਣ 'ਤੇ ਕਈ ਮੁਸਲਮਾਨ ਹੋ ਗਏ, ਤੇ ਏਵੇਂ ਹੀ ਉਨ੍ਹਾਂ ਵਿਚੋਂ ਕੁਝ ਸਿੱਖ ਤੇ ਫੇਰ ਇਸਾਈ ਬਣੇ। ਬਾਹਰੋਂ ਆਏ ਥੋੜ੍ਹੇ ਜਿਹੇ ਜਣਿਆਂ ਨੂੰ ਛੱਡ ਕੇ ਏਹ ਇਕ ਹੀ ਵਸੋਂ ਸੀ ਜਿਹੜੀ ਵੱਖੋ ਵੱਖਰੇ ਧਰਮ ਅਪਣਾਉਂਦੀ ਰਹੀ। ਪਰ ਉਨ੍ਹਾਂ ਦਾ ਖਾਣਾ-ਪੀਣਾ, ਪਹਿਨਣਾ, ਸਭਿਆਚਾਰ, ਮੇਲੇ, ਬੋਲੀ ਤੇ ਜੀਣ ਦਾ ਤਰੀਕਾ ਉਹੀ ਰਿਹਾ। ਧਰਮ ਨਹੀਂ, ਉਹ ਭਾਸ਼ਾ ਅਤੇ ਸਭਿਆਚਾਰ ਹੀ ਪੰਜਾਬੀਆਂ ਦੀ ਧੁਰੀ ਹੈ ਜਿਸ ਦੁਆਲੇ ਉਹ ਅੱਜ ਵੀ ਘੁੰਮਦੇ ਹਨ। ਪੰਜਾਬੀਆਂ ਨੇ ਧਰਮ ਨੂੰ ਪਿਆਰ ਕੀਤਾ ਹੈ, ਪਰ ਜੀਣ ਨੂੰ ਸਦਾ ਧਰਮ ਨਾਲੋਂ ਵੱਡਾ ਸਮਝਿਆ ਹੈ।

ਨਵਤੇਜ ਭਾਰਤੀ ਦਸਦੇ ਹਨ : "ਸਾਡੇ ਪਿੰਡ ਰੋਡੇ ਵਿਚ ਹਿੰਦੂ ਤੇ ਸਿੱਖ ਵੀ ਕਿਸੇ ਮੁਸਲਮਾਨ ਜਾਂ ਗੁੱਗੇ ਪੀਰ ਦੀ ਸਮਾਧ ਕੋਲੋਂ ਲੰਘਦਿਆਂ ਮੱਥਾ ਝੁਕਾ ਲੈਂਦੇ ਸਨ। ਜੇ ਨੈਣਾਂ ਦੇਵੀ ਲਈ ਜਥਾ ਜਾ ਰਿਹਾ ਹੁੰਦਾ ਤਾਂ ਸਿੱਖ ਵੀ ਨਾਲ ਚਲੇ ਜਾਂਦੇ ਜੇ ਉਨ੍ਹੀਂ ਦਿਨੀਂ ਖੇਤੀ ਕੰਮੋਂ ਵਿਹਲੇ ਹੁੰਦੇ। ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਟਰੱਕ ਟੈਂਪੂ ਜਾਣ ਲਗਦਾ ਤਾਂ ਜਿਹੜਾ ਹਿੰਦੂ ਜਾ ਸਕਦਾ, ਚਲਾ ਜਾਂਦਾ। ਸੰਨ 1936 ਵਿਚ ਕਾਲ਼ ਪੈ ਗਿਆ। ਸਿੱਖਾਂ ਦੀ ਬਹੁਗਿਣਤੀ ਸੀ ਪਰ ਪਿੰਡ ਨੇ ਰਲ ਕੇ ਨਿਰਣਾ ਕੀਤਾ ਕਿ ਮੀਂਹ ਪੁਆਉਣ ਲਈ ਯੱਗ ਕੀਤਾ ਜਾਵੇ। ਦੂਰ ਦੂਰ ਤੋਂ ਪੰਡਤ ਆਏ, ਕਈ ਦਿਨ ਪੂਰੀ ਵੈਦਿਕ ਰੀਤੀ ਨਾਲ਼ ਯੱਗ ਚੱਲਿਆ, ਸਾਰੇ ਪਿੰਡ ਵਾਸੀਆਂ ਹਵਨ ਲਈ ਸਮੱਗਰੀ ਦਿੱਤੀ, ਤੇ ਸ਼ਾਮਲ ਵੀ ਹੋਏ। ਕੁਝ ਸਾਲਾਂ ਮਗਰੋਂ ਵੱਡੀ ਬਿਮਾਰੀ ਫ਼ੈਲੀ ਤਾਂ ਪਿੰਡ ਨੇ ਨਿਰਣਾ ਕੀਤਾ - 'ਇੱਕੋਤਰੀ' ਕੀਤੀ ਜਾਵੇ - ਅਰਥਾਤ 101 ਅਖੰਡ ਪਾਠ ਕੀਤੇ ਜਾਣ। ਪਿੰਡ ਦੇ ਹਿੰਦੂਆਂ ਵੀ ਪਾਠ ਕੀਤਾ। ਸਾਲ ਭਰ ਲੱਗਾ ਇਕੋਤਰੀ ਪੂਰੀ ਕਰਦਿਆਂ ਜਿਸ ਵਿਚ ਦੂਰੋਂ ਦੂਰੋਂ ਸੰਤ ਆਏ। ਪਿੰਡ ਦੇ ਇਕੋ ਇਕ ਬ੍ਰਾਹਮਣ ਪੰਡਤ ਦੀ ਧੀ ਸੀਤੋ ਦਾ ਵਿਆਹ ਧਰਿਆ ਗਿਆ ਤਾਂ ਇਕ ਕੂਕੇ ਅਤੇ ਇਕ ਨਿਰਮਲੇ ਸਿੱਖ ਨੇ ਰਲ਼ ਕੇ ਘਰ ਘਰ ਜਾ ਕੇ ਧਨ ਇਕੱਠਾ ਕੀਤਾ। ਸਭ ਨੇ ਪੈਸੇ ਦਿੱਤੇ, ਸਿਵਾਏ ਬਚਨੇ ਛੜੇ ਤੋਂ। ਬਚਨਾ ਕਹਿੰਦਾ - 'ਕਾਹਦੇ ਪੈਸੇ ਦਵਾਂ? ਸੀਤੋ ਕਿਹੜਾ ਮੇਰੇ ਮੁੰਡੇ ਦਾ ਜੂੜਾ ਬੁਣਦੀ ਰਹੀ ਐ?' ਛੜਾ ਹੋਣ ਕਰਕੇ ਬਚਨੇ ਨੂੰ ਕਿਸੇ ਦਾ ਵਿਆਹ ਨਹੀਂ ਸੀ ਸੁਖਾਉਂਦਾ!

ਸਾਕਾ ਨੀਲਾ ਤਾਰਾ ਤੋਂ ਪਹਿਲਾਂ ਤੜਕੇ ਦਰਬਾਰ ਸਾਹਿਬ ਮੱਥਾ ਟੇਕ ਕੇ ਕੰਮ 'ਤੇ ਜਾਣ ਵਾਲਿਆਂ ਵਿਚ ਹਿੰਦੂਆਂ ਦੀ ਗਿਣਤੀ ਸ਼ਾਇਦ ਸਿੱਖਾਂ ਜਿੰਨੀ ਹੀ ਸੀ। ਵੰਡ ਤੋਂ ਪਹਿਲਾਂ ਮੇਰੀ ਨਾਨੀ ਲਾਇਲਪੁਰ ਰਹਿੰਦੀ ਸੀ। ਕੁਝ ਬਲਵਈ ਪਿੰਡ ਦਾ ਗੁਰਦੁਆਰਾ ਲੁੱਟਣ ਆ ਗਏ। ਪਿੰਡ ਦੇ ਸਿੱਖ ਬਾਹਰ ਖੇਤਾਂ ਵਿਚ ਸਨ। ਹਿੰਦੂਆਂ ਅਤੇ ਮੁਸਲਮਾਨਾਂ ਨੇ ਰਲ ਕੇ ਓਸ ਗੁਰਦਵਾਰੇ ਦੀ ਰਾਖੀ ਕੀਤੀ ਜਿਸ ਵਿਚ ਮੁਸਲਮਾਨ ਰਬਾਬੀ ਕੀਰਤਨ ਕਰਨ ਆਉਂਦੇ ਸਨ। ਮੇਰੇ ਅੱਧੇ ਮਿੱਤਰ ਹਿੰਦੂ ਤੇ ਅੱਧੇ ਸਿੱਖ ਹਨ। ਮੇਰੀ ਪਤਨੀ ਦਾ ਪਰਿਵਾਰ ਅੱਧਾ ਸਿੱਖ ਤੇ ਅੱਧਾ ਹਿੰਦੂ ਹੈ। ਮੈਂ ਉਸ ਭੀੜ ਵਿਚ ਕਦਾਚਿਤ ਖੜ੍ਹਾ ਨਹੀਂ ਹੋਣਾ ਜਿਹੜੀ ਮੇਰੇ ਮਿੱਤਰਾਂ ਜਾਂ ਮੇਰੇ ਹੀ ਪਰਿਵਾਰ ਦੀ ਮਾਰ-ਕਾਟ ਜਾਂ ਉਜਾੜੇ ਦਾ ਕਾਰਨ ਬਣੇਗੀ...

ਪੰਜਾਬੀ ਮਾਣਯੋਗ ਕੌਮ ਹਨ। ਮਾਣਯੋਗ ਕੌਮਾਂ ਜੀਣ ਲਈ ਮਾਣ ਲਭਦੀਆਂ ਹਨ। ਬਦਕਿਸਮਤੀ ਨਾਲ਼ ਜਿਹੜੀ ਸਭਿਅਤਾ ਜਾਂ ਕੌਮ ਆਪਣੇ ਵਰਤਮਾਨ 'ਤੇ ਮਿਹਨਤ ਨਾ ਕਰੇ, ਜਾਂ ਉਸ ਕੋਲ ਵਰਤਮਾਨ ਵਿਚ ਮਾਣ ਕਰਨ ਲਈ ਕੁਝ ਨਾ ਹੋਵੇ ਤਾਂ ਉਹ ਬਾਰ-ਬਾਰ ਇਤਿਹਾਸ ਵਿਚ ਪਰਤਦੀ ਹੈ। ਉਹ ਇਤਿਹਾਸ ਵਿਚਲੇ ਉਹ ਕੰਮ ਮੁੜ ਕਰਨ ਦੀ ਕੋਸ਼ਿਸ਼ ਕਰਦੀ ਹੈ ਜਿਸ ਨਾਲ ਕਦੀ ਮਾਣ ਹਾਸਲ ਹੋਇਆ ਹੋਵੇ। ਅੱਜ ਦਾ ਪੰਜਾਬ ਸ਼ਾਇਦ ਅਜਿਹੀ ਘੁੰਮਣ-ਘੇਰੀ ਵਿਚ ਹੀ ਫਸ ਗਿਆ ਹੈ। ਹਰੇ ਇਨਕਲਾਬ ਤੋਂ ਬਾਅਦ ਏਹਦੇ ਕੋਲ ਮਾਣਯੋਗ ਪ੍ਰਾਪਤੀ ਦੀ ਕਮੀ ਵਾਪਰ ਗਈ ਹੈ। ਅਸੀਂ ਮਾਨਸਿਕ ਤੌਰ 'ਤੇ ਬੀਤੇ ਵਿਚ ਪਰਤ ਕੇ, ਅੱਜ ਦੇ ਵਰਤਮਾਨ ਵਿਚ ਮੁੜ ਮੁੜ ਕੇ ਸ਼ਹੀਦ ਹੋਣ ਦੇ ਨਵੇਂ ਨਵੇਂ ਕਾਰਨ ਅਤੇ ਰਾਹ ਲੱਭਣ ਲਗ ਗਏ ਹਾਂ। ਸਾਨੂੰ ਭੁੱਲ ਗਿਆ ਹੈ ਕਿ ਇਤਿਹਾਸ ਵਰਤਮਾਨ ਲਈ ਪ੍ਰੇਰਣਾ ਤਾਂ ਬਣ ਸਕਦਾ ਹੈ ਪਰ ਸਾਡਾ ਵਰਤਮਾਨ ਨਹੀਂ ਬਣ ਸਕਦਾ!

ਰਾਜਨੀਤਕ ਪ੍ਰਬੰਧ ਬਦਲਦਾ ਹੈ ਤਾਂ ਲੜਨ ਦਾ ਤਰੀਕਾ ਵੀ ਬਦਲਦਾ ਹੈ। ਔਰੰਗਜ਼ੇਬ ਦੇ ਰਾਜ ਵਿਚ ਤਲਵਾਰ ਨਾਲ ਵਾਪਰਦਾ ਜ਼ੁਲਮ ਸ਼ਸਤਰਧਾਰੀ ਹੋ ਕੇ ਲੜਿਆ ਜਾ ਸਕਦਾ ਸੀ। ਡੈਮੋਕ੍ਰੇਸੀ ਵਿਚ ਯੁੱਧ ਨੂੰ ਹੁਣ ਵਿਚਾਰ ਵਟਾਂਦਰਾ, ਪ੍ਰਚਾਰ, ਮੀਡੀਆ, ਜਾਣਕਾਰੀ, ਕਾਨੂੰਨੀ ਸੰਘਰਸ਼ ਅਤੇ ਸ਼ਾਂਤਮਈ ਏਕੇ ਨਾਲ ਲੜਿਆ ਜਾਂਦਾ ਹੈ। ਪੰਜਾਬ ਨੇ ਕਿਸਾਨ ਮੋਰਚੇ ਦੇ ਰੂਪ ਵਿਚ ਇਹ ਕੰਮ ਕਰ ਕੇ ਵਿਖਾਉਣ ਦੀ ਉਦਾਹਰਨ ਤਾਂ ਅਜੇ ਨਵੀਂ ਤੇ ਨਰੋਈ ਹੈ। ਫ਼ਰਕ ਏਨਾ ਹੈ - ਤਲਵਾਰ ਦੀ ਲੜਾਈ ਛੇਤੀ ਮੁੱਕ ਜਾਂਦੀ ਹੈ, ਡੈਮੋਕ੍ਰੇਟਿਕ ਸੰਘਰਸ਼ ਲੰਮੇ ਦਾਈਏ ਦਾ ਕੰਮ ਹੈ।

ਜਿਹੜੇ ਲੋਕ ਅੱਜ ਹਿੰਦੁਸਤਾਨ 'ਤੇ ਰਾਜ ਕਰਦਿਆਂ ਏਹਨੂੰ ਹਿੰਦੂ ਸਟੇਟ ਬਣਾਉਣ ਦੀ ਕੋਸ਼ਿਸ਼ ਵਿਚ ਹਨ, ਉਨ੍ਹਾਂ ਨਾਲ ਸਾਡੀ ਅਸਹਿਮਤੀ ਹੈ। ਪੰਜਾਬ ਵਿਚ ਸਿੱਖ ਸਟੇਟ ਦੀ ਮੰਗ ਦੇਸ ਵਿਚ ਹਿੰਦੂ ਸਟੇਟ ਦਾ ਵਿਰੋਧ ਨਹੀਂ ਕਰਦੀ, ਸਗੋਂ ਹਿੰਦੂ ਸਟੇਟ ਨੂੰ ਨੈਤਿਕ ਤੌਰ 'ਤੇ 'ਜਸਟੀਫ਼ਾਈ' ਕਰਦੀ ਹੈ। ਨਾ ਇਹ ਸਹੀ ਹੈ, ਨਾ ਇਹ ਲੋੜੀਂਦਾ ਹੈ, ਨਾ ਇਹ ਵਾਪਰਨਾ ਚਾਹੀਦਾ ਹੈ, ਨਾ ਅਸੀਂ ਵਸ ਲੱਗੇ ਵਾਪਰਨ ਦੇਣਾ ਹੈ।

ਪਿਛਲੇ ਦੋ ਦਹਾਕਿਆਂ ਤੋਂ ਸਾਰੇ ਸੰਸਾਰ ਵਿਚ ਇਕ ਨਵਾਂ ਫ਼ਾਰਮੂਲਾ ਸੱਤਾ ਹਥਿਆਉਣ ਲਈ ਵਰਤਿਆ ਜਾ ਰਿਹਾ ਹੈ। ਇਸ ਨੂੰ ਵਰਤਣ ਵਾਲੀ ਪਾਰਟੀ ਦੇਸ ਦੇ ਵਧੀਕ (ਮੇਜੋਰਿਟੀ) ਗਿਣਤੀ ਵਾਲੇ ਲੋਕਾਂ ਨੂੰ ਘੱਟ ਗਿਣਤੀ (ਮਾਇਨੌਰਿਟੀ ਧਰਮ ਜਾਂ ਸਭਿਆਚਾਰ) ਵਾਲਿਆਂ ਤੋਂ ਖ਼ਤਰਾ ਵਿਖਾਉਂਦੀ ਹੈ ਤੇ ਉਨ੍ਹਾਂ ਨੂੰ ਦੇਸ-ਵਿਰੋਧੀ ਗਰਦਾਨਦੀ ਹੈ। ਅਮਰੀਕਾ ਵਿਚ ਡੌਨਾਲਡ ਟਰੰਪ ਨੇ 76% ਗੋਰੀ ਵਸੋਂ ਨੂੰ 'ਬਾਹਰਲਿਆਂ' (ਦੱਖਣੀ ਅਮਰੀਕੀ ਏਸ਼ੀਅਨ ਤੇ ਕਾਲੇ) ਲੋਕਾਂ ਤੋਂ ਡਰਾਇਆ, ਬਰਾਜ਼ੀਲ ਵਿਚ ਜਾਇਰ ਬੋਲਸੋਨਾਰੋ ਨੇ 47% ਗੋਰਿਆਂ ਨੂੰ 41% ਕਾਲਿਆਂ ਤੋਂ, ਅਤੇ ਭਾਰਤ ਵਿਚ ਮੌਜੂਦਾ ਹੁਕਮਰਾਨਾਂ ਨੇ 80% ਹਿੰਦੂਆਂ ਨੂੰ 15% ਮੁਸਲਮਾਨਾਂ ਤੋਂ ਖ਼ਤਰਾ ਵਿਖਾਇਆ ਹੈ।

ਅਜਿਹੀ ਪਾਰਟੀ ਆਪਣੇ ਪੁਜਾਰੀ ਵਰਗ ਨੂੰ ਹੱਲਾਸ਼ੇਰੀ ਦੇਣ ਦੇ ਨਾਲ ਦੇਸ ਦੇ ਕੁਝ ਕੁ ਅਮੀਰ ਲੋਕਾਂ ਨਾਲ ਗੰਢ-ਸੰਢ ਕਰਦੀ ਹੈ। ਉਨ੍ਹਾਂ ਤੋਂ ਲਏ ਖੁੱਲ੍ਹੇ ਪੈਸੇ ਨਾਲ ਚੋਣਾਂ ਲੜਦੀ ਤੇ ਆਪਣੇ ਹੱਕ ਵਿਚ ਪ੍ਰਚਾਰ ਲਈ ਮੀਡੀਆ ਖ਼ਰੀਦਦੀ ਹੈ। ਸੱਤਾ ਹਾਸਲ ਕਰਨ ਮਗਰੋਂ ਲੋਕਤੰਤਰੀ ਅਦਾਰੇ (ਅਦਾਲਤਾਂ, ਅਖ਼ਬਾਰਾਂ, ਪੁਲਿਸ, ਫੌਜ, ਸੂਹੀਆ ਏਜੰਸੀਆਂ) ਨੂੰ ਦਬਕੇ ਅਤੇ ਲਾਲਚ ਦੇ ਕੇ ਆਪਣੇ ਵਸ ਕਰਦੀ ਹੈ। ਜਿਨ੍ਹਾਂ ਅਮੀਰਾਂ ਤੋਂ ਪੈਸੇ ਲਏ ਹੁੰਦੇ ਹਨ, ਬਦਲੇ ਵਿਚ ਦੇਸ ਦੀਆਂ ਸੰਸਥਾਵਾਂ ਅਤੇ ਆਰਥਿਕਤਾ ਉਨ੍ਹਾਂ ਨੂੰ ਵੇਚ ਦੇਂਦੀ ਹੈ। ਇਕ ਦੂਜੇ ਦੇ ਗਲ਼ ਪਏ ਲੋਕਾਂ ਨੂੰ ਵਿਕਦਾ ਅਤੇ ਗਰਕ ਹੁੰਦਾ ਜਾਂਦਾ ਦੇਸ ਦਿਸਦਾ ਹੀ ਨਹੀਂ। ਹਕੀਕਤ ਵਿਚ ਕਿਸੇ ਨੂੰ ਕਿਸੇ ਤੋਂ ਖ਼ਤਰਾ ਨਹੀਂ। ਜਿਹੜੇ ਧਰਮ ਨੂੰ ਖ਼ਤਰਾ ਦਸ ਕੇ ਕੁਰਬਾਨੀਆਂ ਦੀ ਮੰਗ ਕਰਦੇ ਹਨ, ਉਹ ਸਾਡੀਆਂ ਲੋਥਾਂ ਨੂੰ ਪਾਵਿਆਂ ਵਾਂਗ ਵਰਤ ਕੇ ਉਸਾਰੇ ਜਾਣ ਵਾਲ਼ੇ ਤਖ਼ਤ ਉਤੇ ਆਪ ਬਹਿਣ ਦਾ ਪ੍ਰਬੰਧ ਕਰ ਰਹੇ ਹਨ।

ਧਰਮ ਦੇ ਆਧਾਰ 'ਤੇ ਵੰਡੇ ਹਿੰਦੁਸਤਾਨ ਅਤੇ ਪਾਕਿਸਤਾਨ ਦਰਮਿਆਨ ਹੋਈਆਂ 4 ਜੰਗਾਂ ਵਿਚ ਇਕ ਲੱਖ ਟੱਬਰਾਂ ਦੇ ਬੰਦੇ ਮਰੇ, ਜ਼ਖ਼ਮੀ ਜਾਂ ਬੇਘਰੇ ਹੋਏ। ਮਰਨ ਵਾਲ਼ਿਆਂ ਵਿਚ 13,000 ਹਿੰਦੁਸਤਾਨੀ ਤੇ 22,000 ਪਾਕਿਸਤਾਨੀ ਫੌਜੀ ਸਨ।

ਜੇ ਹਿੰਦੁਸਤਾਨ ਦੀ ਵੰਡ ਨਾ ਹੋਈ ਹੁੰਦੀ ਤਾਂ ਅਸੀਂ ਕਿਤੇ ਵੱਧ ਖੁਸ਼ਹਾਲ ਅਤੇ ਤਾਕਤਵਰ ਦੇਸ ਹੁੰਦੇ। ਪੂਰਬੀ ਪੰਜਾਬ ਕੋਲੋਂ ਲਾਹੌਰ ਖੁੱਸ ਗਿਆ ਤਾਂ ਅਸੀਂ ਸਭਿਆਚਾਰਕ ਤੌਰ 'ਤੇ ਗਰੀਬ ਹੋ ਗਏ। ਧਾਰਮਿਕ ਵੰਡ ਸਦਕਾ ਗੁਰਦੁਆਰੇ ਖੁੱਸ ਗਏ ਤਾਂ ਸਿੱਖ ਧਰਮ ਆਪਣੀ ਪਹੁੰਚ ਤੇ ਪਸਾਰ ਵਿਚ ਗਰੀਬ ਹੋ ਗਿਆ, ਮੁਸਲਮਾਨ ਅਜਮੇਰ ਸ਼ਰੀਫ ਤੋਂ ਵਿੱਛੜ ਗਿਆ। ਲੱਖਾਂ ਹਿੰਦੂਆਂ ਦੇ ਕਾਰੋਬਾਰ ਰੁਲ਼ ਗਏ। ਜ਼ਮੀਨਾਂ ਹੀ ਨਹੀਂ, ਸਾਡੇ ਗੀਤ, ਰਾਗ, ਮੇਲੇ ਅਤੇ ਸਾਹਿਤ ਵੀ ਓਧਰ ਰਹਿ ਗਏ। ਦੇਸ਼ ਕੋਲੋਂ ਧਰਤੀ, ਪਾਣੀ, ਪਹਾੜ, ਬੰਦਰਗਾਹਾਂ ਜਿਹੇ ਅਣਗਿਣਤ ਵਸੀਲੇ ਛੁੱਟ ਗਏ। ਪਾਕਿਸਤਾਨ ਦੀ ਤਾਂ ਆਰਥਿਕਤਾ ਹੀ ਗਰਕ ਹੋ ਗਈ। ਪੰਦਰਾਂ ਸਾਲ ਪਹਿਲਾਂ ਪਾਕਿਸਤਾਨ ਦੀ ਕੁਲ ਆਮਦਨ ਦਾ 89% ਪੈਸਾ ਆਲਮੀ ਕਰਜ਼ਿਆਂ ਦੀਆਂ ਕਿਸ਼ਤਾਂ ਅਤੇ ਵਿਆਜ ਦੇਣ 'ਤੇ ਖਰਚ ਹੋ ਰਿਹਾ ਸੀ, ਬਚਦੇ 11% ਵਿਚੋਂ ਅੱਧੇ ਪੈਸੇ ਸਿਆਸਤਦਾਨ ਰਿਸ਼ਵਤ ਵਜੋਂ ਖਾ ਰਹੇ ਸਨ, ਮੁਲਕ ਸਿਰਫ਼ 5-6% ਪੈਸੇ ਤੇ ਚਲ ਰਿਹਾ ਸੀ। ਹੁਣ ਸ਼ਾਇਦ ਏਦੂੰ ਬੁਰੀ ਹਾਲਤ ਹੋਵੇ।

ਦੋਹਾਂ ਦੇਸਾਂ ਦਰਮਿਆਨ ਹੋਈ ਸਿਰਫ਼ ਇਕ ਫੌਜੀ ਮਸ਼ਕ - ਆਪ੍ਰੇਸ਼ਨ 'ਪ੍ਰਾਕਰਮ' (2001) ਦਾ ਖਰਚਾ ਇਕ ਖਰਬ ਭਾਰਤੀ ਰੁਪਈਏ ਸੀ। ਕਾਰਗਿਲ ਦੀ ਲੜਾਈ ਵੇਲ਼ੇ ਹਿੰਦੁਸਤਾਨ ਦਾ ਰੋਜ਼ਾਨਾ ਖਰਚਾ ਸਾਢੇ 14 ਅਰਬ ਤੇ ਪਾਕਿਸਤਾਨ ਦਾ ਪੌਣੇ 4 ਅਰਬ ਰੁਪਈਏ ਸੀ। ਪੁਲਵਾਮਾ ਹਮਲੇ ਮਗਰੋਂ ਬਦੇਸੀ ਕੰਪਨੀਆਂ ਨੇ 3000 ਕਰੋੜ ਰੁਪਏ ਦਾ ਸਰਮਾਇਆ ਭਾਰਤ ਵਿਚੋਂ ਵਾਪਸ ਕੱਢ ਲਿਆ। ਦੋਹਾਂ 'ਧਾਰਮਿਕ' ਦੇਸਾਂ ਦਰਮਿਆਨ ਜੇ ਨਿਊਕਲੀਅਰ ਜੰਗ ਲੱਗੇ ਤਾਂ ਮਰਨ ਵਾਲ਼ਿਆਂ ਦੀ ਗਿਣਤੀ ਘੱਟੋ ਘੱਟ ਸਵਾ 2 ਕਰੋੜ ਹੋਵੇਗੀ, ਅਤੇ ਸਾਨੂੰ ਸੂਰਜ ਦੀਆਂ ਹਾਨੀਕਾਰਕ ਅਲਟ੍ਰਾ-ਵਇਓਲੈਟ ਕਿਰਣਾਂ ਤੋਂ ਬਚਾਉਣ ਵਾਲ਼ੀ ਕੁੱਲ ਵਾਤਾਵਰਣ ਉਪਰ ਪਸਰੀ ਓਜ਼ੋਨ ਪਰਤ ਅੱਧੀ ਕੁ ਬਰਬਾਦ ਹੋ ਜਾਵੇਗੀ ਜਿਸਦਾ ਅਸਰ ਲਗਭਗ ਹਰ ਦੇਸ ਦੇ ਬੰਦੇ ਤੇ ਪਵੇਗਾ। ਹਿੰਦੁਸਤਾਨ ਅੱਜ ਦੀ ਤਾਰੀਖ਼ ਵਿਚ ਹਰ ਵਰ੍ਹੇ 75 ਅਰਬ ਡਾਲਰ ਫੌਜੀ ਰਾਖੀ ਲਈ ਖਰਚ ਰਿਹਾ ਹੈ। ਇਨ੍ਹਾਂ ਪੈਸਿਆਂ ਨਾਲ ਕਿੰਨੇ ਸਕੂਲ, ਘਰ, ਸੜਕਾਂ, ਕਾਰਖਾਨੇ, ਹਸਪਤਾਲ, ਕਾਰੋਬਾਰ ਤੇ ਰੁਜ਼ਗਾਰ ਬਣ ਸਕਦੇ ਸਨ। ਵ'ਲਡ ਬੈਂਕ ਅਨੁਸਾਰ ਜੇ ਹਿੰਦੁਸਤਾਨ-ਪਾਕਿਸਤਾਨ ਵਿਚ ਤਣਾਅ ਜਾਂ ਵਪਾਰਕ ਟੈਰਿਫ਼ ਨਾ ਹੋਣ ਤਾ ਆਪਸੀ ਵਪਾਰ 37 ਅਰਬ ਡਾਲਰ ਸਾਲਾਨਾ ਦਾ ਹੋਵੇਗਾ ...

ਤੀਹ ਸਾਲ ਪਹਿਲਾਂ ਜਦ ਮੈਂ ਪੜ੍ਹਨ ਲਈ ਕੈਨੇਡਾ ਆਇਆ ਤਾਂ ਕਾਲਜ ਦਾ ਮਾਹੌਲ ਬੜਾ ਮਾਰੂ, ਥਕਾਊ, ਇਕੱਲਾ ਤੇ ਉਦਾਸ ਲੱਗਾ। ਦੋ ਮਹੀਨੇ ਮਗਰੋਂ ਮੈਂ ਪਰਤ ਜਾਣ ਬਾਰੇ ਸੋਚ ਹੀ ਰਿਹਾ ਸਾਂ ਕਿ ਕਾਲਜ ਦੇ ਇੱਕੋ ਇੱਕ ਯਹੂਦੀ ਪ੍ਰੋਫ਼ੈਸਰ ਤੇ ਸਰਜਨ ਮਾਰਕ ਹਰਟਿਗ ਨੇ ਮੈਨੂੰ ਹੱਲਾਸ਼ੇਰੀ ਦੇ ਕੇ ਆਖਿਆ - "ਤੂੰ ਚੰਗਾ ਕੰਮ ਕਰਦਾ ਹੈਂ, ਪਰਦੇਸ ਵਿਚ ਦਿਲ ਨਾ ਛੱਡੀਂ"। ... ਸਾਡੀ ਦੋਸਤੀ ਦੇ ਕੁਝ ਸਾਲਾਂ ਮਗਰੋਂ ਇਕ ਦਿਨ ਉਸ ਕਿਹਾ: "ਅੰਗਰੇਜ਼ਾਂ ਨੇ ਬੜਾ ਉਪਕਾਰ ਕੀਤਾ ਤੁਹਾਡੇ ਤੇ। ਵਰਨਾ ਤੁਹਾਡੇ ਕੋਲ ਨਾ ਡਾਕਖਾਨਾ ਹੋਣਾ ਸੀ, ਨਾ ਰੇਲ-ਗੱਡੀਆਂ ਨਾ ਕਾਲਜ ਨਾ ਵਿਦਿਆ"।

ਮੈਂ ਆਖਿਆ: "ਮਾਰਕ ! ਮੈਂ ਸੌਦਾ ਕਰਨ ਨੂੰ ਤਿਆਰ ਹਾਂ। ਅੰਗਰੇਜ਼ਾਂ ਨੂੰ ਕਹਿ - ਆਪਣੀਆਂ ਸਾਰੀਆਂ ਗੱਡੀਆਂ, ਸਮੇਤ ਪਟੜੀਆਂ, ਮੇਰੇ ਦੇਸੋਂ ਚੁੱਕ ਕੇ ਲੈ ਜਾਣ। ਡਾਕਖਾਨੇ ਤੇ ਕਾਲਜ ਵੀ ਲੈ ਜਾਣ। ਸਾਡਾ ਕੋਈ ਬੰਦਾ ਅੰਗਰੇਜ਼ੀ ਨਹੀਂ ਬੋਲੇਗਾ। ਮੇਰੇ ਟੱਬਰ ਦੀ ਢਾਈ ਸੌ ਕਿੱਲੇ ਪੈਲ਼ੀ ਵੀ ਰੱਖ ਲੈਣ। ਪਰ ਬਦਲੇ ਵਿਚ ਮੈਨੂੰ ਮੇਰਾ ਅਣਵੰਡਿਆ ਦੇਸ ਮੋੜ ਦੇਣ ! ਉਸ ਬਿਨਾ ਅਸੀਂ ਅਜ ਤਕ ਵੀ ਉਦਾਸ ਤੇ ਅਧੂਰੇ ਹਾਂ ...।"

# ਮਿੱਟੀ ਨੂੰ ਮਿੱਟੀ ਆਖੇ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਅਸੀਂ ਸਾਰੇ ਹੀ ਮਿੱਟੀ। ਮਿੱਟੀ ਵਿਚੋਂ ਹੀ ਉਪਜੇ ਅਤੇ ਮਿੱਟੀ ਵਿਚ ਬਿਨਸੇ। ਮਿੱਟੀ ਹੀ ਹੋ ਜਾਣਾ। ਫਿਰ ਭਲਾ! ਮਿੱਟੀ ਕਾਹਤੋਂ ਮਿੱਟੀ 'ਤੇ ਹੀ ਮਾਣ ਕਰੇ। ਕਿਉਂ ਨਾ ਆਪਣੇ ਅੰਤਰੀਵ ਨੂੰ ਪੜ੍ਹੇ, ਅੰਦਰਲੇ ਸਮੁੰਦਰ ਨੂੰ ਤਰੇ। ਮਨ 'ਚ ਬੈਠੀ ਇਨਸਾਨੀਅਤ ਦੇ ਬੁੱਕ ਭਰੇ, ਚੌਗਿਰਦੇ ਨੂੰ ਵਰੇ ਅਤੇ ਮਰਨਹਾਰੀ ਰੁੱਤ ਨੂੰ ਜਿਉਂਦੀ ਕਰੇ।

ਮਿੱਟੀ ਸਾਡੇ ਪੈਰਾਂ ਥੱਲੇ ਸਾਰੀ ਉਮਰ ਰਹਿੰਦੀ ਪਰ ਮਰਨ ਤੋਂ ਬਾਅਦ ਅਸੀਂ ਮਿੱਟੀ ਹੇਠਾਂ ਆ ਜਾਂਦੇ। ਮਿੱਟੀ ਦਾ ਹੇਠਾਂ ਤੋਂ ਉਪਰ ਵੱਲ ਦਾ ਸਫ਼ਰ ਹੀ ਮਨੁੱਖ ਨੂੰ ਆਪਣੀ ਔਕਾਤ ਦੇ ਰੁਬਰੂ ਕਰਦਾ ਕਿ ਦੱਸ ਵੇ ਬੰਦਿਆ! ਕੀ ਏ ਤੇਰੀ ਔਕਾਤ?

ਕਈ ਵਾਰ ਅਸੀਂ ਹੁੰਦੜਹੇਲ ਹੁੰਦਿਆਂ ਮਿੱਟੀ ਨੂੰ ਖ਼ੂਬ ਉਡਾਉਂਦੇ। ਪਰ ਜਦ ਇਹ ਮਿੱਟੀ ਖ਼ੁਦ ਉਡ ਕੇ ਸਾਡੇ ਸਿਰ ਵਿਚ ਪੈਂਦੀ ਤਾਂ ਫਿਰ ਮਿੱਟੀ ਹੋਣ ਨੂੰ ਜੀਅ ਕਾਹਲਾ ਪੈਂਦਾ। ਮਿੱਟੀ ਦਰਿਆਵਾਂ ਨੂੰ ਬੰਨ੍ਹ ਵੀ ਮਾਰ ਲੈਂਦੀ। ਪਰ ਇਹੀ ਮਿੱਟੀ ਹੀ ਦਰਿਆ ਨੂੰ ਰਾਹ ਦਿੰਦੀ। ਇਸਦੇ ਵਹਾਅ ਨੂੰ ਬੇਤਰਤੀਬੀ ਤੋਂ ਬਚਾਉਂਦੀ ਤਾਂ ਕਿ ਉਛਲਦੇ ਦਰਿਆ ਤਬਾਹੀ ਨਾਲ ਲੋਕਾਈ ਨੂੰ ਨਾ ਉਜਾੜਨ।

ਮਿੱਟੀ ਤੋਂ ਦੂਰ ਹੋ ਕੇ
ਜਦ ਮਨ ਵਿਚ ਹੇਰਵਾ ਪੈਦਾ ਹੁੰਦਾ
ਤਾਂ ਮਿੱਟੀ ਮਿੱਟੀ ਕੂਕਦੀ।
ਵੇ ਭੋਲਿਆ!
ਕਦੇ ਤਾਂ ਮੈਨੂੰ ਆਪਣੇ ਮੱਥੇ ਨਾਲ ਛੁਹਾ।
ਤਰਸ ਗਈ ਹਾਂ ਤੇਰੀ ਛੋਹ ਨੂੰ।

ਜਦ ਕੋਈ ਬਹੁਤ ਪਿਆਰਾ
ਸਦਾ ਲਈ ਪਿਆਰਾ ਤੁਰ ਜਾਂਦਾ
ਤਾਂ ਮਨ 'ਚ ਇਕ ਪਛਤਾਵਾ ਘਰ ਕਰਦਾ
ਦੋਸਤਾ! ਯਾਦ ਰੱਖੀਂ।
ਸਮਾਂ ਵਿਹਾਜ਼ੇ ਤੋਂ ਬਾਅਦ
ਮਿੱਟੀ 'ਚ ਗਵਾਚੇ ਲਾਲ ਨਹੀਂ ਥਿਆਉਂਦੇ।

ਅਸੀਂ ਜੋ ਘਰਾਂ ਤੋਂ ਦੂਰ ਹਾਂ,
ਬਹੁਤ ਤਰਸ ਗਏ ਹਾਂ ਮਾਂ-ਮਿੱਟੀ ਲਈ
ਇਸ ਨਾਲ ਜੁੜੀਆਂ ਹੋਈਆਂ
ਬਚਪਨ ਤੇ ਜਵਾਨੀ ਦੀਆਂ ਮਾਸੂਮ ਖ਼ੂਬਸੂਰਤ ਯਾਦਾਂ।

ਅਸੀਂ ਆਪਣੇ ਘਰਾਂ ਤੋਂ ਕੇਹੇ ਦੂਰ ਹੋਏ
ਕਿ ਮਿੱਟੀ ਹੀ ਮਿੱਟੀ ਦੀ ਮੌਤ ਦਾ ਕਾਰਨ ਬਣ ਗਈ
ਪਰ ਮਿੱਟੀ ਨਾਲੋਂ ਮਿੱਟੀ ਨਾਲੋਂ ਕੌਣ ਨਿਖੇੜੇ?

ਮਿੱਟੀ ਲਈ ਵਿਲਕਦੇ ਬੰਦਿਆਂ ਦੀ ਹੂਕ,
ਹਵਾ ਵਿਚ ਸਿਸਕੀ ਧਰਦੀ
ਫਿਜ਼ਾ ਵਿਚ ਹੰਝੂ ਉਗਦੇ
ਚੌਗਿਰਦੇ ਵਿਚ ਸੋਗ ਵਿਛਦਾ

ਤੇ ਸੋਗੀ ਮਾਹੌਲ ਵਿਚ
ਮੁੱਠੀ ਵਿਚਲੀ ਮਿੱਟੀ ਵੀ ਮਿੱਟੀ ਹੱਥੋਂ ਕਿਰ ਜਾਂਦੀ।

ਕਈ ਸਾਲਾਂ ਬਾਅਦ ਮੈਂ ਖੇਤਾਂ ਵੰਨੀਂ ਗੇੜਾ ਮਾਰਿਆ। ਆਪਣੇ ਖੇਤ ਦੀ ਮਿੱਟੀ ਮੱਥੇ ਨਾਲ ਛੁਹਾਈ ਅਤੇ ਮੁੱਠ ਕੁ ਪੱਲੇ ਬੰਨ ਲਈ। ਇਉਂ ਲੱਗਾ ਜੀਕੂੰ ਬਾਪ ਦੇ ਰੱਟਨਾਂ ਨਾਲ ਅੱਟੇ ਹੋਏ ਹੱਥ ਸਿਰ ਪਲੋਸ ਰਹੇ ਹੋਣ। ਚੰਗਾ ਹੁੰਦਾ ਹੈ ਯਾਰੋ! ਆਪਣੇ ਖੂਹ ਦੀ ਮਿੱਟੀ 'ਚੋਂ ਪੁਰਖਿਆਂ ਨੂੰ ਚਿਤਾਰਨਾ।

ਬਾਪ ਦੀ ਰਾਖ਼ ਨੂੰ ਦਰਿਆਂ ਵਿਚ ਰੋੜਨ ਲੱਗਿਆਂ ਮੇਰੇ ਹੱਥ ਕੰਬੇ। ਸਾਹਾਂ ਵਿਚ ਹਉਕਾ ਉਗਿਆ। ਮੈਂ ਸੋਚਣ ਲੱਗਾ ਕਿ ਕੀ ਸੱਚੀਂ! ਮੇਰੇ ਕੋਲ ਰਾਖ਼ ਦੀ ਮੁੱਠ ਵੀ ਨਹੀਂ ਰਹਿਣੀ?

ਮਿੱਟੀ ਨੇ ਮਿੱਟੀ ਨੂੰ ਚੁੰਮਿਆ। ਦੂਰੋਂ ਆਵਾਜ਼ ਆਈ। ਭੋਲਿਆ! ਮਿੱਟੀ ਦਾ ਮੋਹ ਨਹੀਂ ਕਰੀਦਾ। ਪਤਾ ਨਹੀਂ ਕਦੋਂ ਮਿੱਟੀ, ਮਿੱਟੀ 'ਚ ਗਵਾਚ ਜਾਵੇ।

ਮਿੱਟੀ ਹਮੇਸ਼ਾਂ ਸਫ਼ਰ 'ਚ। ਕੁਝ ਨਵਾਂ ਸਿਰਜਦੀ, ਸੁਗੰਧਤ ਕਰਦੀ, ਸੰਵਾਰਦੀ ਅਤੇ ਪਿੰਡੇ 'ਤੇ ਰਾਹਵਾਂ ਦਾ ਸਿਰਨਾਵਾਂ ਖੁੱਣਦੀ ਅਤੇ ਫਿਰ ਤੁਰਦੀ ਬਣਦੀ। ਮਿੱਟੀ ਕਦੇ ਪਿਆਸ ਮਿਟਾਉਣ ਲਈ ਪਾਣੀ ਵਾਲਾ ਘੜਾ ਬਣਦੀ। ਪਰ ਇਹੀ ਮਿੱਟੀ ਕਦੇ ਚੌਰਸਤੇ 'ਚ ਟੁੱਟਿਆ ਤੌੜਾ ਬਣ ਕੇ ਆਖਰੀ ਸਫ਼ਰ ਦਾ ਸੰਦੇਸ਼ ਵੀ ਹੁੰਦੀ।

ਕਦੇ ਮਿੱਟੀ ਛੱਤਾਂ, ਕੰਧਾਂ ਤੇ ਵਿਹੜਾ ਲਿਪਦੀ। ਚੌਂਕੇ ਨੂੰ ਸੁੱਚਾ ਕਰਦੀ। ਪਰ ਕਦੇ ਲਿਓੜ ਬਣ ਕੇ ਲਹਿੰਦੀ ਅਤੇ ਕੰਧ 'ਚ ਮੋਰੀ ਧਰ ਜਾਂਦੀ। ਕਦੇ ਮਿੱਟੀ ਪਹਿਆਂ ਦੀ ਧੁੱਧਲ ਬਣ, ਰਾਹੀਆਂ ਦੇ ਮੁੱਖ ਪੂੰਝਦੀ। ਕਦੇ ਨੈਣਾਂ ਵਿਚ ਧੁੰਧਲਕਾ ਪੈਦਾ ਕਰਦੀ। ਕਦੇ ਇਹ ਰਾਹਾਂ ਵਿਚ ਵਿਛੀ ਹੋਈ ਪੈੜ ਦੇ ਨਕਸ਼-ਚਿੱਤਰ ਬਣ ਜਾਂਦੀ।

ਕਈ ਵਾਰ ਕੋਈ ਮਿੱਟੀ ਬੰਦੇ ਜੰਮਦੀ। ਪਰ ਕਦੇ ਇਹੋ ਮਿੱਟੀ ਬੰਦਿਆਂ ਲਈ ਕਬਰ ਬਣਦੀ। ਕਦੇ ਮਿੱਟੀ ਹਾਲ਼ੀ ਦੇ ਹੱਥਾਂ ਦੀ ਮਹਿੰਦੀ ਬਣਦੀ ਅਤੇ ਕਦੇ ਇਹੋ ਮਿੱਟੀ ਮਰਨ-ਰੁੱਤ ਦੀ ਆਹਟ ਬਣ ਜਾਂਦੀ। ਮਿੱਟੀ ਦੇ ਪੱਕੇ ਭਾਂਡੇ ਟਣਕਦੇ ਤੇ



ਉਮਰਾਂ ਵਾਂਗ ਨਾਲ ਨਿੱਭਦੇ। ਪਰ ਮਿੱਟੀ ਦੇ ਕੱਚੇ ਭਾਡੇ ਭੋਰਾ ਕੁ ਠੋਕਰ ਨਾਲ ਤਿੜਕ ਜਾਂਦੇ ਤੇ ਸੋਹਣੀਆਂ ਨੂੰ ਅੱਧ-ਵਿਚਕਾਰ ਡੋਬਦੇ।

ਮਿੱਟੀ ਦੀ ਤਾਸੀਰ ਹੀ ਹੁੰਦੀ ਜੋ ਕਦੇ ਸਾਗ ਵਾਲੀ ਤੌੜੀ, ਕਦੇ ਦਾਲ ਵਾਲਾ ਹਾਰਾ ਅਤੇ ਦੁੱਧ ਵਾਲੀ ਕਾੜਣੀ ਬਣ ਕੇ ਜੀਵਨ ਲਈ ਆਹਾਰ ਦਾ ਰੂਪ ਧਾਰਦੀ। ਕਦੇ ਕਦੇ ਮਿੱਟੀ 'ਤੇ ਤੁਰਦਾ ਬੰਦਾ ਆਪਣੀ ਔਕਾਤ ਭੁੱਲ ਜਾਂਦਾ। ਪਰ ਉਹੀ ਬੰਦਾ ਆਖਰ ਨੂੰ ਰਾਖ਼ ਬਣ, ਮਿੱਟੀ ਵਿਚ ਮਿਲ ਕੇ ਆਪਣੀ ਪਛਾਣ ਹੀ ਗਵਾਹ ਬਹਿੰਦਾ।

ਮਿੱਟੀ ਖੁਰਨ ਲੱਗ ਪਵੇ ਤਾਂ ਆੜਾਂ ਤੇ ਔਲੂ ਰਿਸਣ ਲੱਗਦੇ ਨੇ। ਛੱਤਾਂ 'ਚੋਂ ਮਿੱਟੀ ਕਿਰਨ ਲੱਗੇ ਤਾਂ ਕਿਰਲੀਆਂ ਸੂਣ ਲੱਗਦੀਆਂ। ਅਤੇ ਚੋਂਦੀ ਛੱਤ ਹੇਠ ਰਹਿੰਦਿਆਂ ਦੇ ਸੁਪਨੇ ਵੀ ਸਲਾਬੇ ਜਾਂਦੇ। ਮਿੱਟੀ ਉਡਣ ਲੱਗ ਪਵੇ ਤਾਂ ਪਰਲੋ ਆਉਂਦੀ ਹੈ। ਢਹਿ ਜਾਂਦੇ ਘਰਾਂ ਦੇ ਜੰਗਲ ਅਤੇ ਜੜ੍ਹਾਂ ਤੋਂ ਪੁੱਟੇ ਜਾਂਦੇ ਬਿਰਖ਼-ਬਾਬੇ। ਮਿੱਟੀ ਜਦ ਮਰਨ-ਮਿੱਟੀ ਬਣ ਜਾਵੇ ਤਾਂ ਸਿਵਿਆਂ ਤੇ ਕਬਰਾਂ ਲਈ ਥਾਂ ਨਹੀਂ ਬੱਚਦੀ।

ਮਿੱਟੀ ਤੋਂ ਘਰ ਵੀ ਤਾਮੀਰ ਹੁੰਦੇ, ਚੌਂਕੇ ਦੇ ਓਟਿਆਂ 'ਤੇ ਮੋਰ-ਘੁੱਗੀਆਂ ਵੀ ਗੁੱਟਕਦੇ। ਚੁੱਲ੍ਹਾ ਤੇ ਭੜੋਲੀ ਵੀ, ਘਿਓ ਲਈ ਕੁੱਜੇ ਵੀ ਅਤੇ ਦਾਣੇ ਪਾਉਣ ਲਈ ਭੜੋਲੇ ਵੀ। ਇਹ ਤਾਂ ਘੁਮਿਆਰ 'ਤੇ ਨਿਰਭਰ ਕਰਦਾ ਕਿ ਮਿੱਟੀ ਨੇ ਕਿਹੜਾ ਰੂਪ ਅਖਤਿਆਰ ਕਰਨਾ ਏ।

ਮਿੱਟੀ ਰਾਹ ਦਿੰਦੀ ਤਾਂ ਵਗਦਾ ਪਾਣੀ ਚੋਅ, ਨਦੀ, ਨਾਲਾ ਜਾਂ ਦਰਿਆ ਬਣ ਜਾਂਦਾ। ਮਿੱਟੀ ਦਾ ਬੰਨ੍ਹ ਮਾਰਿਆ ਜਾਂਦਾ ਤਾਂ ਡੈਮ ਬਣਦਾ। ਪਰ ਜਦ ਮਿੱਟੀ ਖੁੱਰਦੀ ਤਾਂ ਬਰਬਾਦੀ ਦਾ ਬਿਗਲ ਹੁੰਦਾ।

ਮਿੱਟੀ ਵਿਚੋਂ ਮਿੱਟੀ ਉਪਜੇ
ਤੇ ਮਿੱਟੀ ਬਣਦੀ ਮੋਹ,
ਮਿੱਟੀ ਵਰਗੇ ਸੱਜਣ ਟੁੱਰ ਜਾਣ
ਤਾਂ ਮਨ 'ਚ ਪੈਂਦੀ ਖੋਹ।
ਮਿੱਟੀ ਉਪਰ ਮਿੱਟੀ ਚੜ੍ਹਦੀ
ਤਾਂ ਚੜ੍ਹਦਾ ਰੂਪ ਸਵਾਇਆ,
ਤੇ ਜੀਵਨ ਦੀ ਝੋਲੀ ਪੈਂਦੀ
ਸੂਹੀ ਰੁੱਤ ਜਹੀ ਕਾਇਆ।
ਮਿੱਟੀ ਦੇ ਵਿਚੋਂ ਮਿੱਟੀ ਨਿੰਮਦੀ
ਤਾਂ ਨਵਾਂ ਹੀ ਰੰਗ ਵਟਾਵੇ,
ਤੇ ਸਮਿਆਂ ਦੀ ਸਰਦਲ ਉਪਰ
ਨਵੀਂ ਤਹਿਜ਼ੀਬ ਟਿਕਾਵੇ।
ਮਿੱਟੀ ਦੇ ਵਿਚ ਮਿੱਟੀ ਗੁੱਝਦੀ
ਤਾਂ ਸਾਹਾਂ ਦੀ ਦਿਲਦਾਰੀ,
ਨੈਣਾਂ ਦੇ ਵਿਚ ਸੰਦਲੀ ਸੁਪਨੇ
ਤੇ ਚਾਵਾਂ ਵਿਚ ਖ਼ੁਮਾਰੀ।
ਮਿੱਟੀ

ਸਿਰਫ਼ ਮਿੱਟੀ ਹੀ ਨਹੀਂ ਹੁੰਦੀ
ਸਗੋਂ
ਮਿੱਟੀ
ਮਰਿਆਦਾ ਹੁੰਦੀ
ਮਾਨਤਾ ਹੁੰਦੀ
ਮੰਨਤ ਹੁੰਦੀ
ਮਾਣ ਹੁੰਦੀ
ਮੁਹੱਬਤ ਹੁੰਦੀ
ਮਹਾਨਤਾ ਹੁੰਦੀ
ਮਹਾਤਮਾ ਹੁੰਦੀ
ਅਤੇ ਸੱਭ ਤੋਂ ਉਪਰ
ਮਿੱਟੀ ਮਾਂ ਹੁੰਦੀ।

ਮਿੱਟੀ
ਮਾਂ ਦੇ ਹੱਥਾਂ 'ਚ ਹੁੰਦੀ
ਤਾਂ ਕਲਾਕਾਰੀ ਹੁੰਦੀ
ਕਦੇ ਕੰਧਾਂ 'ਤੇ ਤੋਤੇ ਚਿੜੀਆਂ
ਤੇ ਓਟੇ ਤੇ ਫੁੱਲ ਬੂਟੇ
ਕਦੇ ਵਿਹੜੇ 'ਚ ਮਿੱਟੀ ਦਾ ਪੋਚਾ
ਕਦੇ ਬਾਹਰਲੇ ਦਰਵਾਜ਼ੇ 'ਤੇ
ਆਉਣ ਵਾਲਿਆਂ ਲਈ

ਖ਼ੁਸ-ਆਮਦੀਦ ਉਕਰਨਾ।
ਰੋਟੀ ਬਣਾਉਂਦਿਆ
ਖਵਾਉਂਦਿਆ ਤੇ ਖਾਂਦਿਆ
ਮਿੱਟੀ ਦੇ ਚੌਗਿਰਦੇ 'ਚ
ਮਿੱਟੀ ਨਾਲ ਓਤਪੋਤ ਹੁੰਦੀ ਮਾਂ
ਜੀਵਨ-ਨਾਦ ਦੀ ਰੰਗਸ਼ਾਲਾ ਬਣ ਜਾਂਦੀ।

ਅਸਾਂ ਮਿੱਟੀ ਕੇਹੀ ਵਸਾਰੀ ਕਿ ਅਸੀਂ ਪੱਥਰਾਂ ਦੇ ਜੰਗਲ 'ਚ ਪੱਥਰਾਟ ਬਣ ਗਏ। ਕਾਗਜ਼ੀ ਫੁੱਲਾਂ 'ਚ ਗਵਾਚ ਗਈ ਮਿੱਟੀ ਦੀ ਮਹਿਕ। ਥੇ ਮਿੱਟੀ ਤੋਂ ਟੁੱਟਿਆਂ, ਮਨੁੱਖ ਮਨੁੱਖ ਨਹੀਂ ਰਹਿੰਦਾ। ਮਾਂ-ਬਾਪ ਰੂਪੀ ਮਿੱਟੀ 'ਚੋਂ ਨਵੀਂ ਮਿੱਟੀ ਨੇ ਜਨਮ ਲਿਆ। ਫਿਰ ਮਿੱਟੀ ਦੀ ਮਿੱਟੀ ਤੋਂ ਮੁੱਨਕਰੀ, ਮਨੁੱਖ ਲਈ ਸ਼ਰਮਸ਼ਾਰੀ ਹੀ ਹੋਈ?

ਸਾਰੇ ਖਿਡੌਣੇ ਮਿੱਟੀ ਦੇ ਹੀ ਹੁੰਦੇ। ਪਰ ਹਰ ਖਿਡੌਣੇ ਦੇ ਨਕਸ਼ਾਂ ਵਿਚ ਝਲਕਦੀ ਹੈ ਸਿਰਜਕ ਦੀ ਕਲਾਕਾਰੀ। ਮਿੱਟੀ ਦੇ ਖਿਡੌਣੇ ਇਕ ਹੀ ਦੁਕਾਨ 'ਤੇ ਵਿਕਦੇ। ਕਿਹੜਾ ਖਿਡੌਣਾ, ਕਿਸਨੇ ਖਰੀਦਣਾ ਹੈ ਇਹ ਮਿੱਟੀ ਦੀ ਤਕਦੀਰ ਨਿਸ਼ਚਿਤ ਕਰਦੀ।

ਮਿੱਟੀ ਦੇ ਖਿਡੌਣੇ ਚਾਰ ਕੁ ਦਿਨ ਖੇਡਣ ਲਈ ਹੁੰਦੇ। ਆਖਰ ਨੂੰ ਇਨ੍ਹਾਂ ਟੁੱਟਣਾ ਹੀ ਹੁੰਦਾ। ਟੁੱਟਣ 'ਤੇ ਕਾਹਦਾ ਰੋਣਾ। ਖੇਡਣ ਦੀ ਰੁੱਤ ਯਾਦ ਕਰਿਆ ਕਰ ਐ ਮਨਾਂ!

ਮਿੱਟੀ ਤੋਂ ਮਿੱਟੀ ਦਾ ਸਫ਼ਰ
ਅਰਥ ਭਰਪੂਰ ਹੁੰਦਾ
ਜਦ ਮਿੱਟੀ ਤਕਦੀਰ ਬਣਦੀ

ਪਰ
ਇਹੀ ਸਫ਼ਰ
ਅਰਥਹੀਣ ਹੋ ਜਾਂਦਾ
ਜੇ ਮਿੱਟੀ ਦੀ ਤਾਸੀਰ
ਗੰਧਲੀ ਹੋ ਜਾਵੇ।

ਫ਼ੱਕਰ ਲੋਕ
ਮਿੱਟੀ ਦੀ ਇਬਾਦਤ 'ਚੋਂ
ਖ਼ੁਦਾ ਦੇ ਦੀਦਾਰੇ ਪਾਉਂਦੇ
ਤਾਂ ਹੀ ਉਹ ਦਰ-ਬ-ਦਰ ਕੂਕਦੇ
'ਮਾਟੀ ਖ਼ੁਦੀ ਕਰੇਂਦੀ ਯਾਰ'।

ਮਿੱਟੀ 'ਚ ਮਿੱਟੀ ਗੁੱਝੀ
ਹੋਰ ਮਿੱਟੀ ਨੇ ਜਨਮ ਲਿਆ
ਤੇ ਇਹ ਨਵੀਂ ਮਿੱਟੀ
ਨਵੀਂ ਤਾਸੀਰ, ਤਹਿਜ਼ੀਬ ਤੇ ਤਰਬੀਅਤ ਵਿਚੋਂ
ਨਵੇਂ ਅਰਥ ਮਿੱਟੀ ਦੇ ਨਾਮ ਕਰ ਗਈ।

ਮਿੱਟੀਏ ਨੀ ਮਿੱਟੀਏ
ਸਾਹਾਂ ਵਿਚ ਵੱਸਦੀ ਏਂ
ਤੈਨੂੰ ਕਿਵੇਂ ਸਿੱਟੀਏ।

ਮਿੱਟੀਏ ਨੀ ਮਿੱਟੀਏ
ਚਿੱਤ ਕਰੇ ਬੱਚਾ ਬਣ
ਤੇਰੇ ਉਤੇ ਲਿੱਟੀਏ।

ਮਿੱਟੀਏ ਨੀ ਮਿੱਟੀਏ
ਕਹਿਰ ਭਰੇ ਕਾਲੇ ਦਿਨੀਂ
ਕਾਹਤੋਂ ਹੋਈ ਚਿੱਟੀ ਏਂ।

ਮਿੱਟੀਏ ਨੀ ਮਿੱਟੀਏ
ਤੈਥੋਂ ਜਾ ਕੇ ਆਪੇ ਦੂਰ
ਹੁਣ ਕਾਹਤੋਂ ਪਿੱਟੀਏ।

ਮਿੱਟੀਏ ਨੀ ਮਿੱਟੀਏ
ਤੇਰੇ ਨਾਲ ਜੁੜੇ ਰਹਿ ਕੇ
ਵਕਤੋਂ ਨਾ ਮਿਟੀਏ।

ਜਗਿਆਸੂ ਨੇ ਫਕੀਰ ਨੂੰ ਪੱਛਿਆ,
"ਜ਼ਿੰਦਗੀ ਕੀ ਏ?'
ਫਕੀਰ ਨੇ ਮਿੱਟੀ ਦੀ ਮੁੱਠ ਭਰੀ
ਤੇ ਹਵਾ ਵਿਚ ਖਿੰਡਾ ਦਿਤੀ।

ਜ਼ਿੰਦਗੀ ਦੇ ਅਰਥ
ਫ਼ਿਜ਼ਾ ਦੇ ਨਾਮ ਹੋ ਗਏ।

ਕੀ ਤੁਸੀਂ ਵੀ ਕਦੇ ਮਿੱਟੀ ਵਿਚੋਂ ਜ਼ਿੰਦਗੀ ਦੀ ਨਿਸ਼ਾਨਦੇਹੀ ਕੀਤੀ ਏ? ਜੇ ਨਹੀਂ ਤਾਂ ਹੁਣ ਜ਼ਰੂਰ ਕਰਿਓ।

*To Advertise with Punjab Times Call:*
**847-359-0746**
**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਕੁਕੀ ਔਰਤਾਂ ਦੀ ਦਿਲ ਦਹਿਲਾ ਦੇਣ ਵਾਲੀ ਦਾਸਤਾਂ

## ਹਰ ਕਿਸੇ ਨੂੰ ਪਤਾ ਹੋਣਾ ਚਾਹੀਦੈ ਕਿ ਸਾਡੇ ਨਾਲ ਕੀ ਹੋਇਆ...

***ਟੋਰਾ ਅਗਰਵਾਲਾ ਗੁਹਾਟੀ ਆਧਾਰਿਤ ਸੁਤੰਤਰ ਪੱਤਰਕਾਰ ਹੈ ਜਿਸ ਦੀ ਇਹ ਸਟੋਰੀ ਆਨਲਾਈਨ ਨਿਊਜ਼ ਪੋਰਟਲ 'ਸਕਰੌਲ' ਉੱਪਰ ਛਪੀ ਹੈ। ਸਕਰੌਲ ਵੱਲੋਂ ਇਹ ਵੇਰਵਾ ਪ੍ਰਕਾਸ਼ਿਤ ਕੀਤੇ ਜਾਣ ਤੋਂ ਅਗਲੇ ਦਿਨ ਇਸ ਨੌਜਵਾਨ ਕੁੜੀ ਨੇ ਆਪਣੇ ਨਾਲ ਬਲਾਤਕਾਰ ਦੀ ਰਿਪੋਰਟ ਪੁਲਿਸ ਨੂੰ ਕੀਤੀ। ਐੱਫ.ਆਈ.ਆਰ. ਦਰਜ ਹੋ ਗਈ ਹੈ। ਫਿਰ ਪ੍ਰਧਾਨ ਮੰਤਰੀ ਨੂੰ ਮਨੀਪੁਰ ਬਾਰੇ ਮੂੰਹ ਖੋਲ੍ਹਣਾ ਪਿਆ। ਉਨ੍ਹਾਂ ਉੱਪਰ ਜ਼ੁਲਮ ਕਰਨ ਵਾਲੇ ਮਰਦ ਕਹਿ ਰਹੇ ਸਨ ਕਿ ਉਹ ਆਪਣੇ ਭਾਈਚਾਰੇ ਵਿਰੁੱਧ ਹੋਈ ਹਿੰਸਾ ਦਾ ਬਦਲਾ ਲੈ ਰਹੇ ਹਨ। ਇਸ ਲੇਖ ਦੀ ਪਹਿਲੀ ਕਿਸ਼ਤ ਪੇਸ਼ ਕੀਤੀ ਜਾ ਰਹੀ ਹੈ ਜਿਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

**ਟੋਰਾ ਅਗਰਵਾਲਾ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਮਈ 2023 ਵਿਚ ਦੋ ਵੱਖ-ਵੱਖ ਘਟਨਾਵਾਂ ਵਿਚ ਕੁਕੀ ਕਬੀਲੇ ਦੀਆਂ ਔਰਤਾਂ ਉੱਤੇ ਗੁੰਡਾ ਗੈਂਗ ਨੇ ਹਮਲਾ ਕੀਤਾ ਸੀ। ਹਮਲਾਵਰਾਂ ਨੇ ਕਿਹਾ ਕਿ ਉਹ ਆਪਣੇ ਭਾਈਚਾਰੇ ਵਿਰੁੱਧ ਹਿੰਸਾ ਦਾ ਬਦਲਾ ਲੈ ਰਹੇ ਹਨ।

ਕੁਕੀ ਕਬੀਲੇ ਦੀਆਂ ਔਰਤਾਂ ਦੀ ਭੀੜ ਦੁਆਰਾ ਨਗਨ ਪਰੇਡ ਕੀਤੇ ਜਾਣ ਦੀ ਵੀਡੀਓ ਵਾਇਰਲ ਹੋਣ ਨੇ ਉਸ ਜਿਨਸੀ ਹਿੰਸਾ ਵੱਲ ਮੁਲਕ ਦਾ ਧਿਆਨ ਖਿੱਚਿਆ ਜੋ ਮਨੀਪੁਰ ਵਿਚ ਚੱਲ ਰਹੀ ਖ਼ਾਨਾਜੰਗੀ 'ਚ ਔਰਤਾਂ ਵਿਰੁੱਧ ਕੀਤੀ ਜਾ ਰਹੀ ਹੈ। ਇਸ ਵੀਡੀਓ ਦੇ ਸਾਹਮਣੇ ਆਉਣ ਤੋਂ ਕੁਝ ਦਿਨ ਪਹਿਲਾਂ 'ਸਕਰੌਲ' ਨੇ ਮਨੀਪੁਰ ਦਾ ਦੌਰਾ ਕੀਤਾ ਅਤੇ ਉੱਥੇ ਕੁਕੀ ਔਰਤਾਂ ਨਾਲ ਗੱਲ ਕੀਤੀ ਜਿਨ੍ਹਾਂ ਨੂੰ ਭੀੜ ਦੇ ਹੱਥੋਂ ਭਿਆਨਕ ਹਿੰਸਾ ਦਾ ਸਾਹਮਣਾ ਕਰਨਾ ਪਿਆ ਸੀ। ਅਸੀਂ ਚਾਰ ਔਰਤਾਂ ਨਾਲ ਗੱਲਬਾਤ ਕੀਤੀ। ਇਨ੍ਹਾਂ ਵਿਚ ਉਹ ਔਰਤ ਵੀ ਸ਼ਾਮਿਲ ਸੀ ਜਿਸ ਉੱਪਰ ਕੀਤੇ ਜਿਨਸੀ ਜ਼ੁਲਮ ਦੀ ਵੀਡੀਓ ਬਣਾਈ ਗਈ ਸੀ। ਫਿਰ ਪ੍ਰਧਾਨ ਮੰਤਰੀ ਨੂੰ ਮਨੀਪੁਰ ਬਾਰੇ ਮੂੰਹ ਖੋਲ੍ਹਣਾ ਪਿਆ। ਉਨ੍ਹਾਂ ਔਰਤਾਂ ਨੇ ਦੱਸਿਆ ਕਿ ਉਨ੍ਹਾਂ ਉੱਪਰ ਜ਼ੁਲਮ ਕਰਨ ਵਾਲੇ ਮਰਦ ਕਹਿ ਰਹੇ ਸਨ ਕਿ ਉਹ ਆਪਣੇ ਭਾਈਚਾਰੇ ਵਿਰੁੱਧ ਹੋਈ ਹਿੰਸਾ ਦਾ ਬਦਲਾ ਲੈ ਰਹੇ ਹਨ। ਦੋ ਮਾਮਲਿਆਂ ਵਿਚ ਪੀੜਤਾਂ ਨੇ ਦੱਸਿਆ ਕਿ ਮੈਤੇਈ ਔਰਤਾਂ ਵੀ ਭੀੜ ਦਾ ਹਿੱਸਾ ਸਨ ਜੋ ਮਰਦਾਂ ਨੂੰ ਉਕਸਾ ਰਹੀਆਂ ਸਨ।

ਕੁਕੀ ਕਬੀਲੇ ਦੀ 19 ਸਾਲਾ ਪੀੜਤ ਲੜਕੀ ਜੋ ਇਸ ਸਮੇਂ ਕੰਗਪੋਕਪੀ ਜ਼ਿਲ੍ਹੇ ਦੇ ਰਾਹਤ ਕੈਂਪ ਵਿਚ ਰਹਿ ਰਹੀ ਹੈ, ਉਸ ਨਾਲ ਇਹ ਵਹਿਸ਼ੀਆਨਾ ਘਟਨਾ 15 ਮਈ ਨੂੰ ਇੰਫਾਲ ਵਿਚ ਵਾਪਰੀ।

15 ਮਈ ਨੂੰ ਇੰਫਾਲ ਦੀ ਨਿਊ ਚੇਕੋਂ ਕਾਲੋਨੀ ਦੀ ਰਹਿਣ ਵਾਲੀ 19 ਸਾਲਾ ਲੜਕੀ ਜਦੋਂ ਏ.ਟੀ.ਐੱਮ 'ਚੋਂ ਪੈਸੇ ਕਢਵਾਉਣ ਲਈ ਘਰੋਂ ਬਾਹਰ ਨਿਕਲੀ ਤਾਂ ਉਹਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਸ ਨਾਲ ਇੰਝ ਹੋਵੇਗਾ। ਅਗਲੇ ਕੁਝ ਘੰਟਿਆਂ ਵਿਚ ਹੀ ਉਸ ਨੂੰ ਇਕ ਗਰੋਹ ਨੇ ਅਗਵਾ ਕਰ ਕੇ ਕਾਰ ਵਿਚ ਜਬਰੀ ਬਿਠਾ ਲਿਆ ਅਤੇ ਇੰਫਾਲ ਵਿਚ ਤਿੰਨ ਵੱਖ-ਵੱਖ ਥਾਵਾਂ 'ਤੇ ਜ਼ੁਲਮ ਕੀਤਾ। ਉਸ ਦੀ ਕਿਸਮਤ ਚੰਗੀ ਸੀ ਕਿ ਫਿਰ ਉਹ ਉਨ੍ਹਾਂ ਦੇ ਚੁੰਗਲ ਵਿਚੋਂ ਬਚ ਨਿਕਲੀ।

ਘਟਨਾ ਤੋਂ ਦੋ ਮਹੀਨੇ ਬਾਅਦ ਵੀ ਕੰਗਪੋਕਪੀ ਜ਼ਿਲ੍ਹੇ ਦੇ ਰਾਹਤ ਕੈਂਪ ਵਿਚ ਰਹਿ ਰਹੀ ਪੀੜਤਾ ਦੀ ਰਾਤਾਂ ਦੀ ਨੀਂਦ ਉਡ ਚੁੱਕੀ ਹੈ। ਧੀਮੀ ਅਤੇ ਕਮਜ਼ੋਰ ਆਵਾਜ਼ ਵਿਚ ਉਹ ਕਹਿੰਦੀ ਹੈ, "ਕਈ ਵਾਰ ਨੀਂਦ ਟੁੱਟ ਜਾਣ 'ਤੇ ਮੈਂ ਕੁਰਲਾ ਉੱਠਦੀ ਹਾਂ... ਮੈਨੂੰ ਵਾਰ-ਵਾਰ ਚੇਤੇ ਆਉਂਦਾ ਹੈ ਕਿ ਉਨ੍ਹਾਂ ਨੇ ਮੇਰੇ ਨਾਲ ਕੀ ਕੀਤਾ ਸੀ, ਮੈਂ ਉਸ ਬਾਰੇ ਹੀ ਸੋਚਦੀ ਰਹਿੰਦੀ ਹਾਂ।"

ਇਕ ਸਿਖਲਾਈ ਸੰਸਥਾ ਦੇ ਇਕ ਕਲਾਸ ਰੂਮ ਨੂੰ ਹੁਣ ਉਜਾੜੇ ਗਏ ਕੂਕੀ ਲੋਕਾਂ ਲਈ ਰਾਹਤ ਕੈਂਪ ਵਿਚ ਬਦਲ ਦਿੱਤਾ ਗਿਆ ਹੈ, ਉੱਥੇ ਇਸ ਔਰਤ ਨੇ ਲਗਭਗ ਇਕ ਘੰਟੇ ਤੱਕ ਆਪਣੀ ਦਿਲ ਦਹਿਲਾ ਦੇਣ ਵਾਲੀ ਕਹਾਣੀ ਦੱਸੀ।

3 ਮਈ 2023 ਨੂੰ ਮੈਤੇਈ ਅਤੇ ਕੁਕੀ ਭਾਈਚਾਰਿਆਂ ਵਿਚਕਾਰ ਝੜਪ ਹੋ ਗਈ। ਅਗਲੇ ਦਿਨ 4 ਮਈ ਨੂੰ ਪੀੜਤ ਦੇ ਮਾਤਾ-ਪਿਤਾ ਅਤੇ ਭੈਣ-ਭਰਾ ਸੈਂਕੜੇ ਹੋਰਾਂ ਨਾਲ ਇੰਫਾਲ ਤੋਂ ਨਿਕਲ ਗਏ। ਕਿਸੇ ਕਾਰਨ 19 ਸਾਲਾ ਪੀੜਤਾ ਉਨ੍ਹਾਂ ਦੇ ਨਾਲ ਨਹੀਂ ਜਾ ਸਕੀ। ਜਦੋਂ ਹਿੰਸਾ ਸ਼ੁਰੂ ਹੋਈ ਤਾਂ ਉਹ ਆਪਣੀ ਇਕ ਕੁਕੀ ਸਹੇਲੀ ਦੇ ਘਰ ਸੀ ਜੋ ਇਕ ਮੁਸਲਮਾਨ ਨੂੰ ਵਿਆਹੀ ਹੋਈ ਹੈ।

"ਹਾਲਾਤ ਬਹੁਤ ਤਣਾਅ ਵਾਲੇ ਹੋਣ ਕਾਰਨ ਮੈਂ ਆਪਣੇ ਪਰਿਵਾਰ ਨਾਲ ਨਹੀਂ ਜਾ ਸਕੀ ਅਤੇ ਪੰਗਾਲ ਮੁਹੱਲੇ ਵਿਚ ਪਨਾਹ ਲਈ। ਮੈਤੇਈ ਪੰਗਾਲ ਇੰਫਾਲ ਘਾਟੀ ਦੇ ਵਸਨੀਕ ਹਨ ਜੋ ਇਸਲਾਮ ਨੂੰ ਮੰਨਦੇ ਹਨ। ਉਹ ਮਨੀਪੁਰ ਵਿਚ ਚੱਲ ਰਹੀ ਇਸ ਲੜਾਈ ਵਿਚ ਸ਼ਾਮਲ ਨਹੀਂ ਹਨ ਅਤੇ ਇਸ ਲਈ ਆਮ ਤੌਰ 'ਤੇ ਦੋਹਾਂ ਪਾਸਿਆਂ ਦੇ ਹਮਲਾਵਰਾਂ ਤੋਂ ਬਚੇ ਰਹਿੰਦੇ ਹਨ।

ਕਈ ਦਿਨ ਪੀੜਤਾ ਮੁਸਲਿਮ ਪਰਿਵਾਰ ਦੇ ਘਰੋਂ ਬਾਹਰ ਨਹੀਂ ਆਈ। ਉਹ ਨਹੀਂ ਚਾਹੁੰਦੀ ਸੀ ਕਿ ਕੋਈ ਉਸ ਨੂੰ ਦੇਖੇ। ਲੱਗਭੱਗ ਦਸ ਦਿਨਾਂ ਬਾਅਦ ਹਿੰਸਾ ਦਾ ਪਹਿਲਾ ਦੌਰ ਖ਼ਤਮ ਹੋ ਗਿਆ, ਫਿਰ ਵੀ ਇੰਫਾਲ ਵਿਚ ਤਣਾਅ ਸੀ। ਉਸ ਦੇ ਮਾਤਾ-ਪਿਤਾ ਕੰਗਪੋਕਪੀ ਜ਼ਿਲ੍ਹੇ ਦੇ ਰਾਹਤ ਕੈਂਪ ਵਿਚ ਸਨ ਅਤੇ ਉਨ੍ਹਾਂ ਨੇ ਸਲਾਹ ਦਿੱਤੀ ਕਿ ਉਸ ਲਈ ਇੰਫਾਲ ਛੱਡ ਦੇਣਾ ਹੀ ਬਿਹਤਰ ਹੈ। ਮਾਪਿਆਂ ਨੇ ਉਸ ਨੂੰ ਕੁਝ ਪੈਸੇ ਭੇਜ ਦਿੱਤੇ। ਯੋਜਨਾ ਇਹ ਬਣਾਈ ਗਈ ਕਿ ਮੁਸਲਮਾਨ ਡਰਾਈਵਰ ਉਸ ਨੂੰ ਕੰਗਪੋਕਪੀ ਛੱਡ ਦੇਵੇਗਾ।





*ਪੀੜਤ ਕੁਕੀ ਮੁਟਿਆਰ ਅਤੇ (ਸੱਜੇ) ਇੰਫਾਲ ਨੇੜੇ ਰਾਹਤ ਕੈਂਪ ਦੀ ਝਲਕ।*

15 ਮਈ ਨੂੰ ਸ਼ਾਮ 4 ਵਜੇ ਦੇ ਕਰੀਬ ਪੀੜਤਾ ਆਪਣੀ ਸਹੇਲੀ ਜਿਸ ਦੇ ਘਰ 'ਚ ਉਸ ਨੇ ਪਨਾਹ ਲਈ ਹੋਈ ਸੀ, ਨਾਲ ਆਪਣੇ ਸਫ਼ਰ ਦੇ ਖ਼ਰਚੇ ਲਈ ਪੈਸੇ ਕਢਵਾਉਣ ਘਰੋਂ ਬਾਹਰ ਨਿਕਲੀ। ਇਸ ਤੋਂ ਪਹਿਲਾਂ ਕਿ ਉਹ ਏ.ਟੀ.ਐੱਮ. ਤੱਕ ਪਹੁੰਚਦੀ, ਚਿੱਟੇ ਰੰਗ ਦੀ ਬਲੈਰੋ ਅਤੇ ਬੈਂਗਣੀ ਰੰਗ ਦੀ ਸਵਿਫਟ ਕਾਰ 'ਚ ਸਵਾਰ ਕੁਝ ਵਿਅਕਤੀਆਂ ਨੇ ਉਤਰ ਕੇ ਉਸ ਨੂੰ ਘੇਰ ਲਿਆ ਅਤੇ ਉਨ੍ਹਾਂ ਨੂੰ ਆਪਣਾ ਆਧਾਰ ਕਾਰਡ ਦਿਖਾਉਣ ਲਈ ਕਿਹਾ।

ਜਦੋਂ ਉਨ੍ਹਾਂ ਨੇ ਕਿਹਾ ਕਿ ਆਧਾਰ ਕਾਰਡ ਤਾਂ ਉਨ੍ਹਾਂ ਕੋਲ ਹੈ ਨਹੀਂ ਤਾਂ ਇਹ ਸੁਣ ਕੇ ਉਨ੍ਹਾਂ ਨੇ ਪਹਿਲਾਂ ਪੀੜਤਾ ਦੀ ਸਹੇਲੀ ਅਤੇ ਫਿਰ ਪੀੜਤਾ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਪੀੜਤਾ ਦੀ ਸਹੇਲੀ ਉੱਪਰ ਕੁਕੀ ਲੜਕੀ ਨੂੰ ਪਨਾਹ ਦੇਣ ਦਾ ਦੋਸ਼ ਲਗਾਇਆ ਅਤੇ ਕੁੱਟਮਾਰ ਤੋਂ ਬਾਅਦ ਉਸ ਨੂੰ ਸੜਕ ਕਿਨਾਰੇ ਸੁੱਟ ਦਿੱਤਾ।

ਫਿਰ ਉਨ੍ਹਾਂ ਪੀੜਤਾ ਨੂੰ ਖਿੱਚ ਕੇ ਬਲੈਰੋ ਵਿਚ ਬਿਠਾ ਲਿਆ। ਕਾਰ ਅੰਦਰ ਉਨ੍ਹਾਂ ਨੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਉਹ ਉਸ ਨੂੰ ਵਾਂਗਖੇਈ ਅਯਾਂਗਪਾਲੀ ਨਾਮ ਦੇ ਮੈਤੇਈ ਇਲਾਕੇ ਵਿਚ ਲੈ ਗਏ। ਉੱਥੇ ਜਾ ਕੇ ਉਨ੍ਹਾਂ ਨੇ ਆਲੇ-ਦੁਆਲੇ ਦੇ ਲੋਕ ਇਕੱਠੇ ਕਰ ਲਏ। ਉੱਥੇ ਸੜਕ ਦੇ ਕਿਨਾਰੇ ਪਹਿਲਾਂ ਔਰਤਾਂ ਨੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਪੀੜਤ ਅਨੁਸਾਰ, "ਉਨ੍ਹਾਂ ਵਿਚ ਕੁਝ ਮੁਟਿਆਰਾਂ ਤੇ ਕੁਝ ਬਜ਼ੁਰਗ ਸਨ ਅਤੇ ਉਨ੍ਹਾਂ ਆਪਣਾ ਰਵਾਇਤੀ ਪਹਿਰਾਵਾ ਫਾਣਕ ਪਾਇਆ ਹੋਇਆ ਸੀ। ਉਸ ਨੂੰ ਉਹ ਔਰਤਾਂ ਹੱਥਾਂ ਅਤੇ ਡੰਡਿਆਂ ਨਾਲ ਕੁੱਟ ਰਹੀਆਂ ਸਨ। ਕੁਝ ਔਰਤਾਂ ਦੇ ਹੱਥਾਂ ਵਿਚ ਕੈਂਚੀਆਂ ਵੀ ਸਨ।" ਪੀੜਤਾ ਅਨੁਸਾਰ, "ਕਿਸੇ ਨੇ ਮੇਰੇ ਵਾਲ ਖਿੱਚ ਲਏ... ਫਿਰ ਉਨ੍ਹਾਂ ਨੇ ਕੈਂਚੀ ਨਾਲ ਮੇਰੇ ਵਾਲ ਕੱਟਣ ਦੀ ਕੋਸ਼ਿਸ਼ ਵੀ ਕੀਤੀ।" ਇਸ ਦੌਰਾਨ ਪੀੜਤਾ ਮੈਤੇਈ ਬੋਲੀ 'ਚ ਹਮਲਾਵਰ ਭੀੜ ਦੀਆਂ ਮਿੰਨਤਾਂ ਕਰਦੀ ਰਹੀ। ਉਸ ਨੇ ਦੱਸਿਆ ਕਿ "ਮੈਂ ਉਨ੍ਹਾਂ ਨੂੰ ਕਿਹਾ- 'ਤੁਸੀਂ ਮੈਨੂੰ ਕਿਉਂ ਮਾਰ ਰਹੇ ਹੋ? ਤੁਸੀਂ ਕਿਸੇ ਕੁੜੀ ਨੂੰ ਇਸ ਤਰ੍ਹਾਂ ਥੱਪੜ ਕਿਉਂ ਮਾਰ ਰਹੇ ਹੋ? ਕੀ ਮੈਂ ਤੁਹਾਡੀ ਭੈਣ ਨਹੀਂ ਹਾਂ?"

ਭੀੜ ਉੱਪਰ ਇਸ ਦਾ ਕੋਈ ਅਸਰ ਨਹੀਂ ਹੋਇਆ। ਪੀੜਤਾ ਨੇ ਦੱਸਿਆ ਕਿ ਫਿਰ ਉਨ੍ਹਾਂ ਔਰਤਾਂ ਨੇ ਇਹ ਕਹਿ ਕੇ ਉਸ ਨੂੰ ਮਰਦਾਂ ਦੇ ਹਵਾਲੇ ਕਰ ਦਿੱਤਾ ਕਿ ਇਸ ਨੂੰ ਮਾਰ ਦਿਓ। ਉਸ ਨੇ ਕਿਹਾ, "ਮਰਦਾਂ ਨੇ ਮੈਨੂੰ ਪੁੱਛਿਆ ਕਿ ਮੈਂ ਉੱਥੇ (ਇੰਫਾਲ ਵਿਚ) ਰਹਿਣ ਦੀ ਹਿੰਮਤ ਕਿਵੇਂ ਕੀਤੀ? ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਇੰਫਾਲ ਤੋਂ ਬਾਹਰ ਨਿਕਲਣ ਦੀ ਪੂਰੀ ਵਾਹ ਲਾਉਂਦੀ ਰਹੀ ਹਾਂ ਅਤੇ ਉਹ ਮੈਨੂੰ ਛੱਡ ਦੇਣ।" ਉਨ੍ਹਾਂ ਵਿਚੋਂ ਇਕ ਨੇ ਉਸ ਨੂੰ ਕਿਹਾ, "ਤੁਹਾਡੇ ਕਬੀਲੇ ਦੇ ਮੁੰਡਿਆਂ ਨੇ ਸਾਨੂੰ ਮੈਤੇਈਆਂ ਨੂੰ ਮਾਰਿਆ ਹੈ, ਇਸ ਲਈ ਅਸੀਂ ਤੈਨੂੰ ਨਹੀਂ ਬਚਾਵਾਂਗੇ।"

ਪੀੜਤਾ ਨੇ ਦੱਸਿਆ, ਫਿਰ ਕੁਝ ਲੋਕ ਫੋਨ ਕਰਨ ਲੱਗੇ। ਉਸ ਅਨੁਸਾਰ, ਉਹ ਅਰਮਬਾਈ ਟੈਂਗੋਲ ਨਾਂ ਦੇ ਕੱਟੜਪੰਥੀ ਮੈਤੇਈ ਗਰੁੱਪ ਦੇ ਮੈਂਬਰਾਂ ਨੂੰ ਫੋਨ ਕਰ ਰਹੇ ਸਨ ਜਿਨ੍ਹਾਂ ਉੱਪਰ 3 ਮਈ ਨੂੰ ਨਸਲੀ ਹਿੰਸਾ ਸ਼ੁਰੂ ਹੋਣ ਤੋਂ ਬਾਅਦ ਕੁਕੀ ਭਾਈਚਾਰੇ ਵਿਰੁੱਧ ਲੜੀਵਾਰ ਹਮਲਿਆਂ ਦੀ ਅਗਵਾਈ ਕਰਨ ਦਾ ਇਲਜ਼ਾਮ ਹੈ। ਉਨ੍ਹਾਂ ਨੇ ਫੋਨ 'ਤੇ ਕੱਟੜਪੰਥੀ ਮੈਤੇਈ ਸਮੂਹ ਦੇ ਮੈਂਬਰਾਂ ਨੂੰ ਦੱਸਿਆ, "ਅਸੀਂ ਇਕ ਕਬਾਇਲੀ ਫੜੀ ਹੈ।"

ਇਸ ਤੋਂ ਥੋੜ੍ਹੀ ਦੇਰ ਬਾਅਦ ਉੱਥੇ ਇਕ ਹੋਰ ਬਲੈਰੋ ਆ ਗਈ ਜਿਸ ਵਿਚ ਕਾਲੀਆਂ ਟੀ-ਸ਼ਰਟਾਂ ਵਾਲੇ ਬੰਦੂਕਧਾਰੀ ਸਵਾਰ ਸਨ। ਪੀੜਤਾ ਨੂੰ ਧੂਹ ਕੇ ਬਲੈਰੋ ਵਿਚ ਸੁੱਟ ਲਿਆ ਗਿਆ ਅਤੇ ਉਹ ਉਸ ਨੂੰ ਇਕ ਹੋਰ ਥਾਂ 'ਤੇ ਲੈ ਗਏ। ਪੀੜਤ ਅਨੁਸਾਰ, ਇਹ ਸਥਾਨ ਇੰਫਾਲ ਘਾਟੀ ਦੇ ਪੂਰਬੀ ਪਾਸੇ ਸਥਿਤ ਪਹਾੜੀ ਲੜੀ ਲੰਗੋਲ ਪਹਾੜੀਆਂ ਵਿਚ ਸੀ।

ਉੱਥੇ ਉਸ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਗਈ ਅਤੇ ਉਸ ਦੇ ਦੋਵੇਂ ਹੱਥ ਵੀ ਬੰਨ੍ਹੇ ਦਿੱਤੇ ਗਏ। ਉਸ ਨੇ ਦੱਸਿਆ, "ਮੈਂ ਸਾਰਾ ਸਮਾਂ ਰੋਂਦੀ ਕੁਰਲਾਉਂਦੀ ਰਹੀ ਸੀ... ਉਨ੍ਹਾਂ ਨੇ ਧਮਕੀ ਦਿੱਤੀ ਕਿ ਜੇ ਮੈਂ ਰੋਣਾ-ਕੁਰਲਾਉਣਾ ਬੰਦ ਨਾ ਕੀਤਾ ਤਾਂ ਉਹ ਮੈਨੂੰ ਗੋਲੀ ਮਾਰ ਦੇਣਗੇ।" ਫਿਰ, ਭੀੜ ਨੇ ਮੈਨੂੰ ਤੀਜੇ ਸਥਾਨ 'ਤੇ ਲਿਜਾਣ ਦਾ ਫ਼ੈਸਲਾ ਕੀਤਾ। ਇਹ ਸਥਾਨ ਇੰਫਾਲ ਤੋਂ ਬਹੁਤ ਦੂਰ ਬਿਸ਼ਨੂਪੁਰ ਜ਼ਿਲ੍ਹੇ ਵਿਚ ਸੀ। ਪੀੜਤਾ ਅਨੁਸਾਰ, "ਉਨ੍ਹਾਂ ਨੂੰ ਲੱਗਦਾ ਸੀ ਕਿ ਜੇ ਉਨ੍ਹਾਂ ਨੇ ਇੰਫਾਲ ਵਿਚ ਮੇਰੇ ਨਾਲ ਉਹੀ ਕੀਤਾ ਜੋ ਉਹ ਕਰਨਾ ਚਾਹੁੰਦੇ ਸਨ ਤਾਂ ਪੁਲਿਸ ਉਨ੍ਹਾਂ ਨੂੰ ਫੜ ਲਵੇਗੀ।"

***ਪੀੜਤਾ ਨੇ ਦੱਸਿਆ ਕਿ ਫਿਰ ਕੁਝ ਲੋਕ ਫੋਨ ਕਰਨ ਲੱਗੇ। ਉਸ ਅਨੁਸਾਰ, ਉਹ ਅਰਮਬਾਈ ਟੈਂਗੋਲ ਨਾਂ ਦੇ ਕੱਟੜਪੰਥੀ ਮੈਤੇਈ ਗਰੁੱਪ ਦੇ ਮੈਂਬਰਾਂ ਨੂੰ ਫੋਨ ਕਰ ਰਹੇ ਸਨ ਜਿਨ੍ਹਾਂ ਉੱਪਰ 3 ਮਈ ਨੂੰ ਨਸਲੀ ਹਿੰਸਾ ਸ਼ੁਰੂ ਹੋਣ ਤੋਂ ਬਾਅਦ ਕੁਕੀ ਭਾਈਚਾਰੇ ਵਿਰੁੱਧ ਲੜੀਵਾਰ ਹਮਲਿਆਂ ਦੀ ਅਗਵਾਈ ਕਰਨ ਦਾ ਇਲਜ਼ਾਮ ਹੈ। ਉਨ੍ਹਾਂ ਨੇ ਫੋਨ 'ਤੇ ਕੱਟੜਪੰਥੀ ਮੈਤੇਈ ਸਮੂਹ ਦੇ ਮੈਂਬਰਾਂ ਨੂੰ ਦੱਸਿਆ, "ਅਸੀਂ ਇਕ ਕਬਾਇਲੀ ਫੜੀ ਹੈ।"***

ਉਦੋਂ ਤੱਕ ਰਾਤ ਹੋ ਚੁੱਕੀ ਸੀ। ਪੀੜਤਾ ਅਨੁਸਾਰ ਉਸ ਨੂੰ ਪਹਾੜੀ 'ਤੇ ਲਿਜਾਇਆ ਗਿਆ: "ਉਨ੍ਹਾਂ ਮੈਨੂੰ ਕਿਹਾ ਕਿ ਜੇ ਮੈਂ ਜੀਣਾ ਚਾਹੁੰਦੀ ਹਾਂ ਤਾਂ ਮੈਨੂੰ ਉਸੇ ਤਰ੍ਹਾਂ ਕਰਨਾ ਪਵੇਗਾ 'ਜਿਵੇਂ ਉਨ੍ਹਾਂ ਨੇ ਕਿਹਾ' ਹੈ।... ਉਹ ਬਹੁਤ ਅਸ਼ਲੀਲ ਸ਼ਬਦ ਵਰਤ ਰਹੇ ਸਨ।" ਉਨ੍ਹਾਂ ਨੇ ਉਸ ਨੂੰ ਦੱਸਿਆ ਕਿ ਉਹ ਉਸ ਨਾਲ ਬਲਾਤਕਾਰ ਕਰਨਾ ਚਾਹੁੰਦੇ ਹਨ। ਪੀੜਤ ਅਨੁਸਾਰ, "ਉਨ੍ਹਾਂ ਨੇ ਮੈਨੂੰ ਕਿਹਾ ਕਿ ਜੇ ਮੈਂ ਉਨ੍ਹਾਂ ਨੂੰ ਅਜਿਹਾ ਕਰਨ ਦਿਆਂ ਤਾਂ ਉਹ ਮੈਨੂੰ ਬਚਾ ਸਕਦੇ ਹਨ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਅਜਿਹੀ ਕੁੜੀ ਨਹੀਂ ਹਾਂ।"

ਜਦੋਂ ਪੀੜਤਾ ਨੇ ਇਸ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਨੇ 'ਉਸ ਦੀ ਕੁੜਤੀ ਲਾਹੁਣ' ਅਤੇ 'ਉਸ ਦੇ ਅੰਗਾਂ ਨੂੰ ਹੱਥ ਪਾਉਣ' ਦੀ ਕੋਸ਼ਿਸ਼ ਕੀਤੀ। ਉਹ ਕਹਿੰਦੀ ਹੈ ਕਿ ਸਾਰਾ ਸਮਾਂ ਰਾਈਫ਼ਲਾਂ ਵਿਚ ਕਾਰਤੂਸ ਲੋਡ ਕਰਨ ਦੀ ਆਵਾਜ਼ ਸੁਣਦੀ ਰਹੀ ਅਤੇ ਰਾਈਫਲਾਂ ਦੀਆਂ ਨਾਲੀਆਂ ਉਸ ਨੂੰ ਆਪਣੇ ਸਰੀਰ 'ਚ ਖੁੱਭਦੀਆਂ ਮਹਿਸੂਸ ਹੁੰਦੀਆਂ ਰਹੀਆਂ। ਬਾਅਦ ਵਿਚ ਉਸ ਨੇ ਰਾਹਤ ਕੈਂਪ ਵਿਚ ਉਸ ਦੀ ਦੇਖਭਾਲ ਕਰ ਰਹੀ ਮਹਿਲਾ ਨੂੰ ਦੱਸਿਆ ਕਿ ਇਕ ਸਮੇਂ ਉਹ ਬੇਹੋਸ਼ ਹੋ ਗਈ। ਫਿਰ ਉਹ ਦੱਸਦੀ ਹੈ ਕਿ ਉਸ ਨੂੰ ਪੇਸ਼ਾਬ ਕਰਨ ਦੀ ਹਾਜ਼ਤ ਮਹਿਸੂਸ ਹੋਈ ਤਾਂ ਉਸ ਨੂੰ ਜਾਗ ਆ ਗਈ। ਉਸ ਨੇ ਕਿਹਾ, "ਜਦੋਂ ਮੈਂ ਉਨ੍ਹਾਂ ਤੋਂ ਆਗਿਆ ਮੰਗੀ ਤਾਂ ਉਹ ਹੱਸ ਪਏ ਅਤੇ ਮੈਨੂੰ ਕਿਹਾ ਕਿ ਜੇ ਤੂੰ ਮਰਨ ਤੋਂ ਪਹਿਲਾਂ ਪੇਸ਼ਾਬ ਕਰਨਾ ਚਾਹੁੰਦੀ ਏਂ ਤਾਂ ਤੈਨੂੰ ਅਜਿਹਾ ਕਰਨ ਦੀ ਇਜਾਜ਼ਤ ਦੇ ਦਿੰਦੇ ਹਾਂ।"

ਉਨ੍ਹਾਂ ਨੇ ਉਸ ਦੇ ਹੱਥ ਖੋਲ੍ਹ ਦਿੱਤੇ ਅਤੇ ਉਸ ਦਾ ਮੂੰਹ ਦੂਜੇ ਪਾਸੇ ਮੋੜ ਕੇ ਉਸ ਨੂੰ ਬਹੁਤ ਦੂਰ ਨਾ ਜਾਣ ਦੀ ਚਿਤਾਵਨੀ ਦਿੱਤੀ। ਪੀੜਤਾ ਨੇ ਆਪਣੀਆਂ ਅੱਖਾਂ ਤੋਂ ਪੱਟੀ ਲਾਹ ਲਈ ਅਤੇ ਕੁਝ ਦੂਰ ਚਲੀ ਗਈ। ਉਹ ਦੱਸਦੀ ਹੈ, "ਜਦੋਂ ਮੈਂ ਦੇਖਿਆ ਕਿ ਉਨ੍ਹਾਂ ਦੀ ਮੇਰੇ ਵੱਲ ਪਿੱਠ ਹੈ ਤਾਂ ਪਤਾ ਨਹੀਂ ਮੈਂ ਕਿਵੇਂ ਮੈਂ ਲੰਮੀ ਪੈ ਗਈ ਅਤੇ ਪਹਾੜੀ ਦੀ ਢਲਾਣ ਤੋਂ ਹੇਠਾਂ ਰਿੜ੍ਹਨਾ ਸ਼ੁਰੂ ਕਰ ਦਿੱਤਾ। ਹੇਠਾਂ ਵੱਲ ਰਿੜ੍ਹਦੀ ਹੋਈ ਉਹ ਪਹਾੜੀ ਦੇ ਬਿਲਕੁਲ ਹੇਠਾਂ ਮੁੱਖ ਸੜਕ 'ਤੇ ਪਹੁੰਚ ਗਈ।

ਉਸ ਸਮੇਂ ਕੋਈ ਮੁਸਲਿਮ ਆਟੋ ਰਿਕਸ਼ਾ ਵਾਲਾ ਆਪਣਾ ਆਟੋ ਲੈ ਕੇ ਉੱਥੋਂ ਲੰਘ ਰਿਹਾ ਸੀ। ਜਦੋਂ ਉਸ ਨੇ ਪੀੜਤਾ ਨੂੰ ਦੇਖਿਆ ਤਾਂ ਉਸ ਨੇ ਆਪਣਾ ਆਟੋ ਰੋਕ ਕੇ ਉਸ ਨੂੰ ਸਹਾਰਾ ਦੇ ਕੇ ਆਟੋ ਵਿਚ ਬਿਠਾ ਲਿਆ। ਪੀੜਤਾ ਅਨੁਸਾਰ, "ਮੈਂ ਆਪਣੇ ਪੈਰਾਂ 'ਤੇ ਖੜ੍ਹੀ ਹੋਣ ਦੀ ਹਾਲਤ 'ਚ ਵੀ ਨਹੀਂ ਸੀ।"

ਉਦੋਂ ਤੱਕ ਅਗਵਾਕਾਰਾਂ ਨੇ ਦੇਖ ਲਿਆ ਸੀ ਕਿ ਉਹ ਉਨ੍ਹਾਂ ਦੇ ਚੁੰਗਲ 'ਚੋਂ ਨਿਕਲ ਕੇ ਭੱਜ ਰਹੀ ਹੈ। ਉਹ ਗੋਲੀਆਂ ਚਲਾਉਂਦੇ ਹੋਏ ਪਹਾੜੀ ਤੋਂ ਹੇਠਾਂ ਭੱਜੇ ਪਰ ਆਟੋ ਚਾਲਕ ਆਟੋ ਭਜਾ ਕੇ ਉੱਥੋਂ ਨਿਕਲਣ 'ਚ ਕਾਮਯਾਬ ਹੋ ਗਿਆ।

ਉਸ ਨੂੰ ਪਹਿਲਾਂ ਥਾਣੇ ਲਿਜਾਇਆ ਗਿਆ ਜਿੱਥੇ ਮੌਜੂਦ ਪੁਲਿਸ ਮੁਲਾਜ਼ਮਾਂ ਨੇ ਉਸ ਨੂੰ ਅਫਸਰਾਂ ਦੇ ਆਉਣ ਤੱਕ ਇੰਤਜ਼ਾਰ ਕਰਨ ਲਈ ਕਿਹਾ ਪਰ ਉਹ ਉੱਥੇ ਅਸਹਿਜ ਮਹਿਸੂਸ ਕਰ ਰਹੀ ਸੀ ਕਿਉਂਕਿ ਸਾਰੇ ਪੁਲਿਸ ਵਾਲੇ ਮੈਤੇਈ ਸਨ। ਇਹ ਦੇਖ ਕੇ ਉਸ ਨੇ ਆਟੋ ਚਾਲਕ ਨਾਲ ਉਥੋਂ ਚਲੇ ਜਾਣ ਦਾ ਫ਼ੈਸਲਾ ਕੀਤਾ। ਆਟੋ ਵਾਲੇ ਨੇ ਉਸ ਨੂੰ ਨਿਊ ਚੇਕੋਂ ਇਲਾਕੇ ਵਿਚ ਛੱਡ ਦਿੱਤਾ ਜਿੱਥੇ ਕੁਕੀ ਭਾਈਚਾਰੇ ਦੇ ਕੁਝ ਲੋਕਾਂ ਨੇ ਉਸ ਨੂੰ ਸਾਂਭਿਆ ਜੋ ਉਸ ਸਮੇਂ ਅਜੇ ਇੰਫਾਲ ਵਿਚ ਸਨ।

ਅਗਲੇ ਦੋ ਦਿਨ ਤੱਕ ਉਸ ਨੇ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਵਿਧਾਇਕ ਟੀਟੀ ਹਾਓਕਿਪ ਦੇ ਘਰ ਪਨਾਹ ਲਈ। ਇਸ ਗੱਲ ਦੀ ਪੁਸ਼ਟੀ ਸਾਬਕਾ ਵਿਧਾਇਕ ਦੀ ਪਤਨੀ ਮੈਰੀ ਹਾਓਕਿਪ ਨੇ ਕੀਤੀ। ਮਾਰੇ ਜਾਣ ਦੇ ਡਰੋਂ ਪੀੜਤਾ ਹਸਪਤਾਲ ਨਹੀਂ ਗਈ ਸਗੋਂ ਹਾਓਕਿਪ ਦੇ ਘਰ ਹੀ ਮੁੱਢਲੀ ਡਾਕਟਰੀ ਸਹਾਇਤਾ ਲਈ। ਉਹ ਦੱਸਦੀ ਹੈ ਕਿ ਉਸ ਦੇ ਕੰਨਾਂ ਵਿਚੋਂ ਲਹੂ ਵਹਿ ਰਿਹਾ ਸੀ, ਅੱਖਾਂ ਲਾਲ ਸਨ, ਸਾਰਾ ਸਰੀਰ ਵਲੂੰਧਰਿਆ ਹੋਇਆ ਸੀ ਅਤੇ ਚਿਹਰਾ ਸੁੱਜਿਆ ਹੋਇਆ ਸੀ। ਉਸ ਨੇ ਦੱਸਿਆ, "ਮੈਂ ਤਾਂ ਖਾਣਾ ਚਬਾ ਅਤੇ ਨਿਗਲ ਵੀ ਨਹੀਂ ਸੀ ਸਕਦੀ।"

ਮੈਰੀ ਹਾਓਕਿਪ ਜੋ ਹੁਣ ਚੂਰਾਚਾਂਦਪੁਰ ਵਿਚ ਹੈ, ਨੇ ਕਿਹਾ ਕਿ ਉਸ ਨੇ ਲੜਕੀ ਦੀ ਦੇਖਭਾਲ ਕੀਤੀ ਅਤੇ ਉਸ ਨੂੰ ਖਾਣਾ ਖਵਾਇਆ। ਉਸ ਨੇ ਕਿਹਾ, "ਮੇਰੇ ਕੋਲ ਉਸ ਦੀ ਹਾਲਤ ਬਿਆਨ ਕਰਨ ਲਈ ਕੋਈ ਸ਼ਬਦ ਨਹੀਂ ਹਨ।" ਸਾਬਕਾ ਵਿਧਾਇਕ ਦੀ ਪਤਨੀ ਅਨੁਸਾਰ, "ਉਹ ਪੌੜੀ ਚੜ੍ਹਨ ਦੀ ਹਾਲਤ 'ਚ ਵੀ ਨਹੀਂ ਸੀ। ਉਹ ਦੋ ਦਿਨ ਕੁਝ ਖਾ ਵੀ ਨਹੀਂ ਸਕੀ। ਸਾਨੂੰ ਇਸ ਗੱਲ ਦੀ ਚਿੰਤਾ ਸੀ ਕਿ ਉਸ ਨੂੰ ਉਸ ਦੇ ਮਾਤਾ-ਪਿਤਾ ਕੋਲ ਵਾਪਸ ਕਿਵੇਂ ਭੇਜਿਆ ਜਾਵੇ ਪਰ ਆਖ਼ਿਰਕਾਰ ਅਸੀਂ ਇੰਤਜ਼ਾਮ ਕਰਨ 'ਚ ਕਾਮਯਾਬ ਹੋ ਗਏ।

20 ਮਈ ਨੂੰ ਪੀੜਤਾ ਕੰਗਪੋਕਪੀ ਸਥਿਤ ਰਾਹਤ ਕੈਂਪ ਵਿਚ ਪਹੁੰਚੀ ਜਿੱਥੇ ਉਸ ਦੇ ਪਰਿਵਾਰ ਨੇ ਪਨਾਹ ਲਈ ਹੋਈ ਸੀ। ਉਸ ਨੂੰ ਕੰਗਪੋਕਪੀ ਜ਼ਿਲ੍ਹੇ ਦੇ ਹਸਪਤਾਲ ਵਿਚ ਲਿਜਾਇਆ ਗਿਆ ਜਿੱਥੇ ਮੁੱਢਲੀ ਸਹਾਇਤਾ ਤੋਂ ਬਾਅਦ ਉਸ ਨੂੰ ਗੁਆਂਢੀ ਨਾਗਾਲੈਂਡ ਦੇ ਇਕ ਹਸਪਤਾਲ ਵਿਚ ਰੈਫਰ ਕਰ ਦਿੱਤਾ ਗਿਆ।

ਨਾਗਾ ਹਸਪਤਾਲ ਅਥਾਰਟੀ ਕੋਹਿਮਾ ਦੇ ਮੈਡੀਕਲ ਅਫਸਰ ਦੇ ਦਸਤਖ਼ਤਾਂ ਵਾਲੀ 24 ਮਈ ਦੀ ਰਿਪੋਰਟ 'ਚ ਉਸ ਦੀ ਹਾਲਤ ਇਸ ਤਰ੍ਹਾਂ ਬਿਆਨ ਕੀਤੀ ਗਈ ਹੈ: ਪੀੜਤਾ ਉੱਪਰ 'ਕਥਿਤ ਤੌਰ 'ਤੇ ਜਿਨਸੀ ਹਮਲਾ ਅਤੇ ਬਲਾਤਕਾਰ ਕੀਤਾ ਗਿਆ ਸੀ'। ਕੇਸ ਵੇਰਵਾ ਬਿਆਨ ਕਰਦਾ ਹੈ: "ਮਨੀਪੁਰ ਵਿਚ ਕਬਾਇਲੀ ਲੜਾਈ ਦੌਰਾਨ 15/05/23 ਨੂੰ ਉਸ ਉੱਪਰ ਜਿਨਸੀ ਹਮਲਾ ਅਤੇ ਬਲਾਤਕਾਰ।" ਸਕਰੌਲ ਨੇ ਆਜ਼ਾਦਾਨਾ ਤੌਰ 'ਤੇ ਇਸ ਰਿਪੋਰਟ ਦੀ ਤਸਦੀਕ ਕੀਤੀ ਹੈ।

ਘਟਨਾ ਤੋਂ ਦੋ ਮਹੀਨੇ ਬਾਅਦ ਵੀ ਪੀੜਤਾ ਨੂੰ ਹਮਲਾਵਰਾਂ ਦੇ ਚਿਹਰੇ ਯਾਦ ਹਨ। ਉਸ ਦੇ ਪਰਿਵਾਰ ਨੇ ਪਹਿਲਾਂ ਪੁਲਿਸ ਕੋਲ ਸ਼ਿਕਾਇਤ ਕਰਨ ਦਾ ਮਨ ਬਣਾਇਆ ਪਰ ਬਾਅਦ ਵਿਚ ਡਰ ਦੇ ਮਾਰੇ ਆਪਣਾ ਮਨ ਬਦਲ ਲਿਆ। ਪੀੜਤਾ ਨੇ ਕਿਹਾ ਕਿ ਉਸ ਨੂੰ ਨਹੀਂ ਪਤਾ ਕਿ ਆਖ਼ਿਰਕਾਰ ਸ਼ਿਕਾਇਤ ਦਰਜ ਕਰਵਾਈ ਗਈ ਜਾਂ ਨਹੀਂ। ਸਕਰੌਲ ਨੇ ਦੋ ਥਾਣਿਆਂ- ਕੰਗਪੋਕਪੀ ਅਤੇ ਸਪੋਰਮੇਨਾ ਜਾ ਕੇ ਪੁੱਛ-ਪੜਤਾਲ ਕੀਤੀ ਪਰ ਉੱਥੇ ਕੇਸ ਦਰਜ ਹੋਣ ਦਾ ਕੋਈ ਰਿਕਾਰਡ ਨਹੀਂ ਮਿਲਿਆ।

ਪੀੜਤਾ ਨੇ ਦੱਸਿਆ ਕਿ ਉਸ ਦਾ ਆਪਣੇ ਸਾਰੇ ਮੈਤੇਈ ਦੋਸਤਾਂ ਨਾਲ ਸੰਪਰਕ ਟੁੱਟ ਗਿਆ ਹੈ। ਉਸ ਅਨੁਸਾਰ, "ਉਨ੍ਹਾਂ ਵਿਚੋਂ ਕੁਝ ਨੇ ਮੇਰੀ ਮਾਂ ਦਾ ਫੋਨ ਨੰਬਰ ਲੱਭ ਲਿਆ ਅਤੇ ਉਸ ਨੂੰ ਕਿਹਾ ਕਿ ਉਹ ਮੇਰੇ ਨਾਲ ਗੱਲ ਕਰਨਾ ਚਾਹੁੰਦੇ ਹਨ ਪਰ ਮੈਂ ਉਨ੍ਹਾਂ ਨਾਲ ਗੱਲ ਨਹੀਂ ਕਰਨਾ ਚਾਹੁੰਦੀ। ਮੈਂ ਇਹ ਭੁੱਲ ਨਹੀਂ ਸਕਦੀ ਕਿ ਉਨ੍ਹਾਂ (ਮੈਤੇਈ ਲੋਕਾਂ) ਨੇ ਮੇਰੇ ਨਾਲ ਕੀ ਕੀਤਾ। ਮੈਂ ਇੰਫਾਲ ਵਿਚ ਆਪਣੇ ਘਰ ਵਾਪਸ ਨਹੀਂ ਜਾਣਾ ਚਾਹੁੰਦੀ।"

ਇਨ੍ਹਾਂ ਦਿਨਾਂ 'ਚ ਉਸ ਦੀ ਮਾਂ ਉਸ ਨੂੰ ਤਾਕਤਵਰ ਹੋਣ ਲਈ ਕਹਿੰਦੀ ਰਹਿੰਦੀ ਹੈ। ਪੀੜਤਾ ਨੇ ਕਿਹਾ, "ਉਹ ਮੈਨੂੰ ਦੱਸਦੀ ਹੈ ਕਿ ਉਸ ਦੇ ਸੁਣਨ 'ਚ ਆਇਆ ਹੈ ਕਿ ਅਜਿਹੀਆਂ ਕਈ ਕੁੜੀਆਂ ਹਨ ਜੋ ਇਸ ਤਰ੍ਹਾਂ ਦੇ ਸੰਤਾਪ 'ਚੋਂ ਗੁਜ਼ਰੀਆਂ ਹਨ। ਉਨ੍ਹਾਂ ਦੀ ਖ਼ਾਤਰ, ਮੈਨੂੰ ਮਜ਼ਬੂਤ ਬਣੇ ਰਹਿਣਾ ਚਾਹੀਦਾ ਹੈ। **(ਚੱਲਦਾ)**

# ਸਮਾਜਵਾਦੀ ਚੀਨ ਨੇ ਮਹਿੰਗਾਈ ’ਤੇ ਕਾਬੂ ਕਿਵੇਂ ਪਾਇਆ?

ਅੱਜ ਸਰਮਾਏਦਾਰਾ ਨਿਜ਼ਾਮ ਦੀ ਦਿੱਤੀ ਮਹਿੰਗਾਈ ਨਾਲ਼ ਭਾਰਤ ਦਾ ਕਿਰਤੀ ਤਬਕਾ ਬੇਹਾਲ ਹੈ। ਫਲਾਂ, ਸਬਜ਼ੀਆਂ ਤੋਂ ਲੈ ਕੇ ਦਵਾਈਆਂ, ਆਵਾਜਾਈ, ਘਰਾਂ ਦੇ ਕਿਰਾਏ ਆਦਿ ਹਰ ਚੀਜ਼ ਦੀ ਮਹਿੰਗਾਈ ਲਗਾਤਾਰ ਵਧ ਰਹੀ ਹੈ ਤੇ ਮਸਲਾ ਸਿਰਫ ਮੌਸਮੀ ਜਾਂ ਫੌਰੀ ਮਹਿੰਗਾਈ ਦਾ ਨਹੀਂ, ਲੰਬੇ ਦਾਅ ’ਤੇ ਵੀ ਭਾਰਤ ਵਿਚ ਮਹਿੰਗਾਈ ਵਧਦੀ ਗਈ ਹੈ। ਇਹ ਹਾਲ ਅੱਜ-ਕੱਲ੍ਹ ਬਹੁਤੇ ਸਰਮਾਏਦਾਰਾ ਮੁਲਕਾਂ ਦਾ ਹੋਇਆ ਹੈ। ਪਾਕਿਸਤਾਨ ਜਿਹੇ ਮੁਲਕਾਂ ਵਿਚ ਰਿਕਾਰਡਤੋੜ ਮਹਿੰਗਾਈ ਤੋਂ ਲੈ ਕੇ ਏਸ਼ੀਆ, ਯੂਰਪ, ਸੰਯੁਕਤ ਰਾਜ ਅਮਰੀਕਾ, ਲਾਤੀਨੀ ਅਮਰੀਕਾ, ਅਫਰੀਕਾ ਦੇ ਮੁਲਕਾਂ ਤੱਕ ਹਰ ਪਾਸੇ ਮਹਿੰਗਾਈ ਦੀ ਹਾਹਾਕਾਰ ਮੱਚੀ ਹੋਈ ਹੈ। ਪਰ ਜੇ ਤੁਹਾਨੂੰ ਦੱਸੀਏ ਕਿ ਇਤਿਹਾਸ ਵਿਚ ਅਜਿਹਾ ਵੀ ਇਕ ਨਿਜ਼ਾਮ ਹੋਇਆ ਹੈ ਜਿੱਥੇ ਕੀਮਤਾਂ ਨਹੀਂ ਵਧਦੀਆਂ ਸਨ ਸਗੋਂ ਅਕਸਰ ਘਟ ਜਾਂਦੀਆਂ ਸਨ ਤਾਂ ਸ਼ਾਇਦ ਤੁਹਾਨੂੰ ਯਕੀਨ ਨਾ ਆਵੇ! ਪਰ ਬਿਲਕੁਲ ਇਹੀ ਹੋਇਆ ਸੀ ਇਨਕਲਾਬੀ ਚੀਨ



**ਮਾਨਵ**
**ਫੋਨ: 98888-08188**

(1949-76) ਵਿਚ ਜਿੱਥੇ ਮਜ਼ਦੂਰਾਂ ਦੇ ਰਾਜ, ਸਮਾਜਵਾਦੀ ਰਾਜ ਨੇ ਮਹਿੰਗਾਈ ਦੀ ਅਲਾਮਤ ’ਤੇ ਲਗਾਮ ਲਾ ਦਿੱਤੀ। ਅੱਜ ਅਸੀਂ ਇਸੇ ਤਜਰਬੇ ਦੀ ਚਰਚਾ ਕਰਾਂਗੇ ਤੇ ਸੰਭਵ ਹੱਦ ਤੱਕ ਇਸ ਨੂੰ ਅਜੋਕੇ ਭਾਰਤ ਦੀ ਹਾਲਤ ਨਾਲ਼ ਵੀ ਮੇਲ਼ ਕੇ ਸਮਝਣ ਦੀ ਕੋਸ਼ਿਸ਼ ਕਰਾਂਗੇ।

**ਪੁਰਾਣੇ ਚੀਨ ਵਿਚ ਮਹਿੰਗਾਈ ਦੀ ਅਲਾਮਤ ਤੇ ਇਸਦਾ ਖਾਤਮਾ:** 1949 ਦੇ ਨਵ ਜਮਹੂਰੀ ਇਨਕਲਾਬ ਤੋਂ ਪਹਿਲਾਂ ਚੀਨ ਵਿਚ ਮਹਿੰਗਾਈ ਦੀ ਅਲਾਮਤ ਭਿਅੰਕਰ ਹੱਦ ਤੱਕ ਸੀ। 1937 ਵਿਚ ਜਪਾਨ-ਵਿਰੋਧੀ ਜੰਗ ਤੋਂ ਲੈ ਕੇ 1949 ਵਿਚ ਪਿਛਾਖੜੀ ਕੁਓਮਿਨਤਾਂਗ ਹਕੂਮਤ ਦੇ ਖਾਤਮੇ ਤੱਕ, ਕੀਮਤਾਂ ਵਿਚ ਕਈ ਲੱਖ ਫੀਸਦੀ ਦਾ ਵਾਧਾ ਹੋਇਆ। ਪਿਛਾਖੜੀ ਕੁਓਮਿਨਤਾਂਗ ਹਕੂਮਤ ਵੱਲੋਂ ਵਰਤੀ ਜਾਂਦੀ ਮੁਦਰਾ ‘ਫਾਪੀ’ ਦੀ ਖਰੀਦ ਸ਼ਕਤੀ ਕਿਵੇਂ ਬੁਰੀ ਤਰ੍ਹਾਂ ਖੁਰ ਗਈ ਇਸ ਦਾ ਅੰਦਾਜ਼ਾ ਐਥੋਂ ਲਾਓ ਕਿ 1937 ਵਿਚ ‘ਫਾਪੀ’ ਦੇ 100 ਯੂਆਨ ਨਾਲ਼ ਦੋ ਬਲ਼ਦ ਖਰੀਦੇ ਜਾ ਸਕਦੇ ਸਨ ਜਦਕਿ 1945 ਵਿਚ ਇਸ ਨਾਲ਼ ਸਿਰਫ਼ 2 ਆਂਡੇ ਤੇ ਮਈ 1949 ਆਉਂਦੇ-ਆਉਂਦੇ ਇਸਦੀ ਕਦਰ ਕਾਗਜ਼ ਦੇ ਸਿਰਫ ਇੱਕ ਵਰਕੇ ਬਰਾਬਰ ਰਹਿ ਗਈ ਸੀ!

1949 ਵਿਚ ਚੀਨ ਵਿਚ ਨਵ ਜਮਹੂਰੀ ਇਨਕਲਾਬ ਹੋਇਆ, ਜਿਸਦਾ ਮਤਲਬ ਹੈ ਕਿ ਮਜ਼ਦੂਰਾਂ, ਕਿਸਾਨਾਂ ਨੇ ਜਗੀਰਦਾਰੀ ਤੇ ਵਿਦੇਸ਼ੀ ਗੁਲਾਮੀ ਦਾ ਖਾਤਮਾ ਕਰ ਕੇ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਲੋਕ ਜਮਹੂਰੀ ਸੱਤਾ, ਭਾਵ ਕਿਰਤੀਆਂ ਮਜ਼ਦੂਰਾਂ ਦੀ ਸੱਤਾ ਕਾਇਮ ਕੀਤੀ। 1956 ਵਿਚ ਇਸ ਲੋਕ ਜਮਹੂਰੀ ਪ੍ਰਬੰਧ ਨੂੰ ਅੱਗੇ ਸਮਾਜਵਾਦ ਦੇ ਰਾਹ ਪਾਇਆ ਗਿਆ। ਪੁਰਾਣੇ ਚੀਨ ਤੋਂ ਵਿਰਸੇ ਵਿਚ ਮਿਲ਼ੀ ਇਸ ਮਹਿੰਗਾਈ ਨੂੰ 1949 ਦੇ ਨਵ ਜਮਹੂਰੀ ਇਨਕਲਾਬ ਤੋਂ ਬਾਅਦ ਕਮਿਊਨਿਸਟ ਪਾਰਟੀ ਦੀ ਅਗਵਾਈ ਵਾਲ਼ੀ ਸਰਕਾਰ ਵੱਲੋਂ ਯੋਜਨਾਬੱਧ ਕਦਮਾਂ ਰਾਹੀਂ ਖਤਮ ਕੀਤਾ ਗਿਆ। ਸ਼ੁਰੂਆਤ ਵਿਚ ਹੀ ਰੋਜ਼ਮਰ੍ਹਾ ਵਰਤੋਂ ਦੀਆਂ ਵਸਤਾਂ ਜਿਵੇਂ ਕਿ ਅਨਾਜ, ਸੂਤੀ ਕੱਪੜਾ, ਲੂਣ, ਸਬਜ਼ੀਆਂ, ਕੋਲਾ ਆਦਿ ਦੀਆਂ ਕੀਮਤਾਂ ’ਤੇ ਕਾਬੂ ਪਾ ਕੇ ਇਨ੍ਹਾਂ ਨੂੰ ਹੇਠਾਂ ਲਿਆਂਦਾ ਗਿਆ ਜਦਕਿ ਖਾਸ ਸਨਅਤੀ ਵਸਤਾਂ, ਜਿਵੇਂ ਕਿ ਰੇਡੀਓ, ਪਲਾਸਟਿਕ ਦੀਆਂ ਵਸਤਾਂ ਆਦਿ ਨੂੰ ਦੋ-ਤਿੰਨ ਸਾਲਾਂ ਵਿਚ ਕਾਫੀ ਹੇਠਾਂ ਲੈ ਆਂਦਾ ਗਿਆ। ਇਸੇ ਤਰ੍ਹਾਂ ਦਵਾਈਆਂ ਦੀਆਂ ਕੀਮਤਾਂ ਵੀ ਕਈ ਗੁਣਾ ਘਟਾਈਆਂ ਗਈਆਂ। 1976 ਵਿਚ ਦਵਾਈਆਂ ਦੀਆਂ ਕੀਮਤਾਂ 1950 ਦੀਆਂ ਕੀਮਤਾਂ ਨਾਲ਼ੋਂ 80% ਘੱਟ ਸਨ। ਇਸੇ ਤਰ੍ਹਾਂ ਸਰਕਾਰ ਨੇ ਘਰੇਲੂ ਗੈਸ, ਬਿਜਲੀ, ਪਾਣੀ, ਆਵਾਜਾਈ ਦੇ ਕਿਰਾਏ ਆਦਿ ਨੂੰ ਕਾਫੀ ਘਟਾ ਦਿੱਤਾ। ਸਰਕਾਰ ਵੱਲੋਂ ਲੋਕਾਂ ਨੂੰ ਬਣਾ ਕੇ ਦਿੱਤੇ ਘਰਾਂ ਦੇ ਕਿਰਾਏ 1976 ਵਿਚ ਮਜ਼ਦੂਰਾਂ ਦੀ ਮਹੀਨੇ ਦੀ ਤਨਖਾਹ ਦਾ ਔਸਤ 3-5% ਹੀ ਬਣਦੇ ਸਨ। ਸਮਾਜਵਾਦੀ ਸਰਕਾਰ ਵੱਲੋਂ ਉਪਰੋਕਤ ਸਭ ਬੁਨਿਆਦੀ ਵਸਤਾਂ ’ਤੇ ਭਾਰੀ ਸਬਸਿਡੀ ਦਿੱਤੀ ਜਾਂਦੀ ਸੀ।



ਹੁਣ ਇਸ ਤਸਵੀਰ ਨੂੰ ਅੱਜ ਦੇ ਭਾਰਤ ਦੀ ਤਸਵੀਰ ਨਾਲ਼ ਮੇਲੋ। ਪਿਛਲੇ ਵੀਹ-ਪੱਚੀ ਸਾਲਾਂ ਦਾ ਤਾਂ ਛੱਡੋ, ਬੁਨਿਆਦੀ ਜਿਣਸਾਂ, ਜਿਵੇਂ ਕਿ ਤੇਲ, ਗੈਸ, ਅਨਾਜ ਆਦਿ, ਦੀਆਂ ਕੀਮਤਾਂ ਪਿਛਲੇ ਦੋ-ਤਿੰਨ ਸਾਲਾਂ ਵਿਚ ਹੀ ਦੁੱਗਣੀਆਂ-ਤਿੱਗਣੀਆਂ ਵਧ ਚੁੱਕੀਆਂ ਹਨ। ਦਵਾਈਆਂ, ਬੱਸਾਂ, ਰੇਲਾਂ ਦੇ ਕਿਰਾਏ ਵਗੈਰਾ ਵੀ ਲਗਾਤਾਰ ਵਧੇ ਹਨ। ਸ਼ਹਿਰੀ ਖੇਤਰ ਵਿਚ ਮਜ਼ਦੂਰ ਪਰਿਵਾਰ ਦੇ ਕਿਰਾਏ ਦਾ ਇਕ ਕਮਰਾ ਉਸਦੀ ਮਹੀਨੇ ਦੀ ਕੁੱਲ ਤਨਖਾਹ ਦਾ 25-30% ਅਰਾਮ ਨਾਲ਼ ਖਪਾ ਜਾਂਦਾ ਹੈ। ਇਸ ਤੋਂ ਬਿਨਾਂ ਬਾਕੀ ਖਰਚੇ ਜੋੜ ਲਈਏ ਤਾਂ ਮਹੀਨੇ ਦੇ ਅੰਤ ਨੂੰ ਮੁਸ਼ਕਲ ਨਾਲ਼ ਹੀ ਕੁੱਝ ਬਚਦਾ ਹੈ।

**ਸਮਾਜਵਾਦੀ ਚੀਨ ਵਿਚ ਕੀਮਤਾਂ ਸਥਿਰ ਕਿਉਂ ਸਨ?**

ਸਮਾਜਵਾਦੀ ਚੀਨ ਵਿਚ ਤਿੰਨ ਕਾਰਕਾਂ ’ਤੇ ਕਾਬੂ ਪਾ ਕੇ ਕੀਮਤਾਂ ਨੂੰ ਸਥਿਰ ਰੱਖਿਆ ਗਿਆ ਸੀ।

ਪਹਿਲਾ, ਅਰਥਚਾਰੇ ਨੂੰ ਸਮਾਜਵਾਦੀ ਲੀਹਾਂ ਉੱਪਰ ਵਿਕਸਿਤ ਕਰਕੇ ਬੁਨਿਆਦੀ ਲੋੜਾਂ ਦੀ ਪੂਰਤੀ ਯਕੀਨੀ ਬਣਾਉਣੀ। ਕੀਮਤਾਂ ਨੂੰ ਉਦੋਂ ਹੀ ਸਥਿਰ ਰੱਖਿਆ ਜਾ ਸਕਦਾ ਹੈ ਜਦੋਂ ਯੋਜਨਾਬੱਧ ਤਰੀਕੇ ਨਾਲ਼ ਅਰਥਚਾਰੇ ਦਾ ਵਿਕਾਸ ਕਰਦਿਆਂ ਸਭ ਬੁਨਿਆਦੀ ਜਿਣਸਾਂ ਦੀ ਪੈਦਾਵਾਰ ਵਧਾਈ ਜਾਵੇ। 1974 ਵਿਚ ਚੀਨ ਅੰਦਰ ਅਨਾਜ ਦੀ ਪੈਦਾਵਾਰ 1949 ਦੇ ਮੁਕਾਬਲੇ 2.4 ਗੁਣਾ ਸੀ। ਇਸੇ ਤਰ੍ਹਾਂ ਕਪਾਹ, ਤੇਲ, ਖੰਡ, ਚਾਹ ਆਦਿ ਜਿਹੀਆਂ ਸਨਅਤੀ ਫਸਲਾਂ ਦੀ ਪੈਦਾਵਾਰ ਵਿਚ ਵੀ ਰਿਕਾਰਡਤੋੜ ਵਾਧਾ ਹੋਇਆ। ਖੇਤੀ ਪੈਦਾਵਾਰ ਦੇ ਇਸੇ ਸੰਤੁਲਿਤ ਵਾਧੇ ਸਦਕਾ ਹੀ ਹਲਕੀ ਤੇ ਭਾਰੀ ਸਨਅਤ ਦਾ ਵੀ ਤੇਜ ਵਿਕਾਸ ਹੋਇਆ। ਬਜਾਰ ਵਿਚ ਉਪਲੱਬਧ ਜਿਣਸਾਂ ਦੀ ਮਿਕਦਾਰ ਵਿਚ ਦਸ-ਦਸ ਗੁਣਾ ਦਾ ਭਾਰੀ ਵਾਧਾ ਦਰਜ ਕੀਤਾ ਗਿਆ। ਸਰਕਾਰ ਵੱਲੋਂ ਜਾਰੀ ਹਰ ਯੂਆਨ ਬਦਲੇ ਬਜਾਰ ਵਿਚ ਸੱਤ ਤੋਂ ਅੱਠ ਯੂਆਨ ਕਦਰ ਦੀਆਂ ਜਿਣਸਾਂ ਮੌਜੂਦ ਸਨ। ਇਸ ਤੋਂ ਇਲਾਵਾ, ਚਾਰ ਤੋਂ ਪੰਜ ਯੂਆਨ ਕਦਰ ਦੀਆਂ ਜਿਣਸਾਂ ਸਰਕਾਰੀ ਸਟਾਕ ਵਿਚ ਲਾ ਕੇ ਰੱਖੀਆਂ ਗਈਆਂ ਸਨ। ਪੈਦਾਵਾਰ ਵਿਚ ਇਹ ਭਾਰੀ ਵਾਧਾ ਹੀ ਕੀਮਤਾਂ ਦੇ ਸਥਿਰ ਹੋਣ ਦਾ ਭੌਤਿਕ ਆਧਾਰ ਸੀ।

ਸਮਾਜਵਾਦੀ ਚੀਨ ਵਿਚ ਫਸਲਾਂ ਦੀ ਪੈਦਾਵਾਰ ਤੇ ਪੈਦਾਵਾਰਤਾ ਵਿਚ ਰਿਕਾਰਡਤੋੜ ਵਾਧੇ ਪਿੱਛੇ ਇਨਕਲਾਬ ਪੂਰਵ ਅਰਧ-ਜਗੀਰੂ ਜ਼ਮੀਨੀ ਪ੍ਰਬੰਧ ਨੂੰ ਤੋੜ ਕੇ ਪਹਿਲਾਂ ਜ਼ਮੀਨੀ ਸੁਧਾਰ ਲਾਗੂ ਕਰਨਾ, ਫੇਰ 1953 ਤੋਂ ਸਹਿਕਾਰੀ ਖੇਤੀ ਤੋਂ ਹੁੰਦੇ ਹੋਏ ਵੱਡ-ਅਕਾਰੀ ਕਮਿਊਨ ਸਥਾਪਿਤ ਕਰਦਿਆਂ ਖੇਤੀ ਦੇ ਸਮੂਹੀਕਰਨ ਦੀ ਨੀਤੀ ਨੇਪਰੇ ਚਾੜ੍ਹਨਾ ਅਹਿਮ ਕਾਰਨ ਸੀ। ਮਤਲਬ ਜ਼ਮੀਨ ਹੁਣ ਮੁੱਖ ਤੌਰ ’ਤੇ ਨਿੱਜੀ ਹੱਥਾਂ ਵਿਚ ਨਹੀਂ ਸੀ ਸਗੋਂ ਸਮਾਜ ਦੀ ਸਮੂਹਿਕ ਮਾਲਕੀ ਅਧੀਨ ਸੀ। ਜ਼ਮੀਨ ਦੀ ਨਿੱਜੀ ਮਾਲਕੀ ਦੀ ਥਾਂ ਇਸ ਸਮੂਹਿਕ ਮਾਲਕੀ ਕਾਰਨ ਪੈਦਾਵਾਰ ਨੂੰ ਵਿਉਂਤਬੱਧ ਕਰਨਾ ਸੰਭਵ ਹੋਇਆ।

ਜੇ ਇਸ ਸਥਿਤੀ ਨੂੰ ਭਾਰਤ ਨਾਲ਼ ਮੇਲ਼ ਕੇ ਸਮਝੀਏ ਤਾਂ ਭਾਰਤ ਵਿਚ ਅਨਾਜ ਪੈਦਾਵਾਰ ਭਾਵੇਂ ਬੀਤੇ ਦਹਾਕਿਆਂ ਵਿਚ ਰਿਕਾਰਡ ਵਧੀ ਹੈ (2021-22 ਵਿਚ ਇਹ 31.6 ਕਰੋੜ ਟਨ ਸੀ) ਪਰ ਤਾਂ ਵੀ ਇਹ ਅਬਾਦੀ ਦੀਆਂ ਲੋੜਾਂ ਮੁਤਾਬਕ ਥੋੜ੍ਹਾ ਕੁ ਹੀ ਵੱਧ ਹੈ। ‘ਭੋਜਨ ਖੇਤੀ ਸੰਸਥਾ’ ਦੇ ਪੈਮਾਨੇ ਮੁਤਾਬਕ ਅਨਾਜ ਆਤਮ-ਨਿਰਭਰਤਾ ਦੇ ਤਿੰਨ ਪੱਧਰ ਹਨ 80% ਤੋਂ ਘੱਟ ਜਾਣੀ ਅਨਾਜ ਘਾਟਾ, 80-120% ਮਤਲਬ ਆਤਮ-ਨਿਰਭਰਤਾ ਤੇ 120% ਤੋਂ ਵੱਧ ਜਾਣੀ ਅਨਾਜ ਵਾਫਰ ਹੋਣਾ। ਕਿਉਂਕਿ ਭਾਰਤ ਵਿਚ ਅਨਾਜ ਪੈਦਾਵਾਰ ਇਸ ਦੀਆਂ ਆਪਣੀਆਂ ਲੋੜਾਂ ਨਾਲ਼ੋਂ 10% ਹੀ ਵੱਧ ਹੈ ਇਸ ਲਈ ਇਹ ਦੂਜੀ ਸ਼੍ਰੇਣੀ ਦੇ ਮੁਲਕਾਂ ਵਿਚ ਆਉਂਦਾ ਹੈ। ਭਾਵੇਂ ਭਾਰਤ ਕੋਲ਼ ਅਨਾਜ ਦਾ ਵੱਡਾ ਭੰਡਾਰ ਹੈ ਪਰ ਕੋਈ ਵੀ ਭਾਰੀ ਸੋਕੇ ਵਾਲ਼ਾ ਸਾਲ ਇਸ ਦੀ ਅਨਾਜ ਆਤਮ-ਨਿਰਭਰਤਾ ਨੂੰ ਖਤਰੇ ਵਿਚ ਸੁੱਟ ਸਕਦਾ ਹੈ ਤੇ ਇਸਦੀ ਮਹਿੰਗਾਈ ਨੂੰ ਵਧਾ ਸਕਦਾ ਹੈ। ਇਸ ਤੋਂ ਵੀ ਅਹਿਮ ਨੁਕਤਾ ਇਹ ਕਿ ਭਾਰਤ ਵਿਚ ਪ੍ਰਤੀ ਵਿਅਕਤੀ ਅਨਾਜ ਉਪਲੱਬਧਤਾ 1961 ਦੇ 468.7 ਗ੍ਰਾਮ ਪ੍ਰਤੀ ਵਿਅਕਤੀ ਰੋਜ਼ਾਨਾ ਤੋਂ ਮਾਮੂਲੀ ਵਾਧੇ ਨਾਲ਼ 500 ਗ੍ਰਾਮ ਤੱਕ ਹੀ ਪਹੁੰਚੀ ਹੈ। ਜਿੱਥੇ ਸਮਾਜਵਾਦੀ ਚੀਨ ਵਿਚ ਅਨਾਜ ਪੈਦਾਵਾਰ, ਪੈਦਾਵਾਰਤਾ ਤੇ ਉਪਲੱਬਧਤਾ ਵਿਚ ਰਿਕਾਰਡ ਵਾਧੇ ਦਾ ਕਾਰਨ ਖੇਤੀ ਨੂੰ ਸਮਾਜਵਾਦੀ ਲੀਹਾਂ ’ਤੇ ਜਥੇਬੰਦ ਕਰਨਾ ਸੀ, ਓਥੇ ਹੀ ਭਾਰਤ ਦੇ ਉਪਰੋਕਤ ਤਿੰਨਾਂ ਨੁਕਤਿਆਂ ’ਤੇ ਪੱਛੜਨ ਦਾ ਕਾਰਨ ਇਸਦਾ ਮੌਜੂਦਾ ਸਰਮਾਏਦਾਰਾ ਸਬੰਧਾਂ ਵਿਚ ਜਕੜੇ ਹੋਣਾ ਹੈ। ਖੇਤੀ ਵਿਚ ਸਰਮਾਏਦਾਰਾ ਮਾਲਕੀ ਕਾਰਨ ਖੇਤੀ ਛੋਟੇ-ਛੋਟੇ ਟੋਟਿਆਂ ਵਿਚ ਖਿੰਡੀ ਹੋਈ ਹੈ ਜਿਸਦਾ ਸਿੱਧਾ ਅਸਰ ਖੇਤੀ ਤਕਨੀਕ ’ਤੇ, ਖੇਤੀ ਪੈਦਾਵਾਰ ਤੇ ਪੈਦਾਵਾਰਤਾ ’ਤੇ ਪੈਂਦਾ ਹੈ।

ਪੈਦਾਵਾਰ ਦੇ ਵਾਧੇ ਦੇ ਨਾਲ਼-ਨਾਲ਼ ਇਸਦੀ ਪੂਰਤੀ ਵੀ ਮਹਿੰਗਾਈ ’ਤੇ ਕਾਬੂ ਪਾਉਣ ਦਾ ਕਾਰਕ ਹੈ। ਇਨਕਲਾਬ ਤੋਂ ਪਹਿਲਾਂ ਦੇ ਚੀਨ ਦੀਆਂ ਲੁਟੇਰਾ ਜਮਾਤਾਂ ਦਾ ਖੇਤੀ ਪੈਦਾਵਾਰ ’ਤੇ ਕਬਜ਼ਾ ਹੋਣ ਕਰਕੇ ਇਹ ਜਿਣਸਾਂ ਵਿਚ ਆਉਂਦੇ ਕੀਮਤਾਂ ਦੇ ਉਤਰਾਅ-ਚੜ੍ਹਾਅ ਤੋਂ ਬੇਅੰਤ ਮੁਨਾਫਾ ਕਮਾਉਂਦੇ ਸਨ। ਇਨਕਲਾਬ ਤੋਂ ਬਾਅਦ ਇਨ੍ਹਾਂ ਲੋਟੂ ਜਮਾਤਾਂ ਦੀ ਸਾਰੀ ਜਾਇਦਾਦ ਖੋਹ ਕੇ ਇਨ੍ਹਾਂ ਦਾ ਪੈਦਾਵਾਰ ਤੇ ਵਪਾਰ ਤੋਂ ਗਲਬਾ ਤੋੜ ਦਿੱਤਾ ਗਿਆ। ਬਿਹਤਰ ਪ੍ਰਬੰਧਨ ਨਾਲ਼ ਸਰਕਾਰ ਨੇ ਬੁਨਿਆਦੀ ਜਿਣਸਾਂ ਦੇ ਭਾਅ ਵਿਚ ਮੌਜੂਦ ਖੇਤਰੀ ਵਖਰੇਵਿਆਂ ਤੇ ਮੌਸਮੀ ਉਤਰਾਅ-ਚੜ੍ਹਾਅ ਨੂੰ ਖਤਮ ਕਰ ਦਿੱਤਾ। ਇਨ੍ਹਾਂ ਵਖਰੇਵਿਆਂ ਨੂੰ ਦੂਰ-ਦੁਰਾਡੇ ਦੇ ਸਰਹੱਦੀ ਤੇ ਪਹਾੜੀ ਇਲਾਕਿਆਂ ਤੇ ਕੌਮੀ ਘੱਟਗਿਣਤੀਆਂ ਦੇ ਇਲਾਕਿਆਂ ਵਿਚ ਖਾਸ ਜ਼ੋਰ ਦੇ ਕੇ ਖਤਮ ਕੀਤਾ ਗਿਆ। ਨਤੀਜਾ ਇਹ ਹੋਇਆ ਕਿ ਚੀਨ ਜਿਹੇ ਵੱਡੇ ਮੁਲਕ ਵਿਚ ਬੁਨਿਆਦੀ ਖਾਣ ਚੀਜ਼ਾਂ, ਦਵਾਈਆਂ, ਖੇਤੀ ਉਪਜਾਂ ਆਦਿ ਦੀਆਂ ਕੀਮਤਾਂ ਲੱਗਭੱਗ ਇਕਸਾਰ ਹੋ ਗਈਆਂ।

ਹੁਣ ਇਸ ਹਾਲਤ ਨੂੰ ਭਾਰਤ ਦੀ ਹਾਲਤ ਨਾਲ਼ ਮੁਕਾਬਲਾ ਕਰੋ। ਓਜ-ਕੱਲ੍ਹ ਟਮਾਟਰਾਂ ਦੀ ਕੀਮਤ ਨੇ ਇਸ ਨੂੰ ਬਹੁਤੇ ਘਰਾਂ ਦੀ ਰਸੋਈ ਵਿਚੋਂ ਬਾਹਰ ਕਰ ਦਿੱਤਾ ਹੈ। ਪਰਚੂਨ ਵਿਚ ਟਮਾਟਰ ਇਸ ਵੇਲ਼ੇ 100-150 ਰੁਪਏ ਕਿੱਲੋ ਵਿਕ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਭਾਰਤ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਟਮਾਟਰ ਪੈਦਾਕਾਰ ਮੁਲਕ ਹੈ ਤੇ ਅਜੇ ਮਈ ਮਹੀਨੇ ਹੀ ਦੋ-ਦੋ ਰੁਪਏ ਕਿੱਲੋ ਭਾਅ ਮਿਲ਼ਣ ਕਾਰਨ ਇਸ ਨੂੰ ਸੜਕਾਂ ’ਤੇ ਸੁੱਟਣ ਦੀਆਂ ਖ਼ਬਰਾਂ ਵੀ ਆ ਰਹੀਆਂ ਸਨ। ਪਰ ਸਰਕਾਰਾਂ ਦੇ ਮਾੜੇ ਪ੍ਰਬੰਧ ਵੇਖੋ, ਬਰਸਾਤਾਂ ਦੀ ਆਮਦ ਨੇ ਇੱਕੋ ਝਟਕੇ ਟਮਾਟਰਾਂ ਦੀ ਕੀਮਤ ਅਸਮਾਨੀਂ ਚਾੜ੍ਹ ਦਿੱਤੀ। ਇਹੀ ਹਾਲ ਹੁਣ ਪਿਆਜ, ਅਦਰਕ ਤੇ ਹੋਰ ਸਬਜ਼ੀਆਂ ਦਾ ਵੀ ਹੋਇਆ ਹੈ। ਹੇਠਲੇ ਪੱਧਰ ’ਤੇ ਭੰਡਾਰਨ ਦੀ ਸਹੂਲਤ ਘੱਟ ਹੋਣ, ਢੋਆ-ਢੁਆਈ ਤੇ ਆਵਾਜਾਈ ਦਾ ਬਿਹਤਰ ਤੰਤਰ ਨਾ ਹੋਣ ਕਾਰਨ ਬਰਸਾਤਾਂ ਆਦਿ ਵੇਲ਼ੇ ਇਨ੍ਹਾਂ ਖਾਣ ਵਸਤਾਂ ਦੀ ਪੂਰਤੀ ਵਿਚ ਵੱਡੀ ਰੁਕਾਵਟ ਆਉਂਦੀ ਹੈ ਤੇ ਕੀਮਤਾਂ ਬੇਤਹਾਸ਼ਾ ਵਧਦੀਆਂ ਹਨ ਜਿਸ ਨਾਲ਼ ਜਿੱਥੇ ਬਹੁਤੇ ਲੋਕਾਂ ਨੂੰ ਇਸਦੀ ਮਾਰ ਸਹਿਣੀ ਪੈਂਦੀ ਹੈ ਓਥੇ ਹੀ ਇਸਦਾ ਭਰਪੂਰ ਫਾਇਦਾ ਮੁੱਠੀ ਭਰ ਧਨੀ ਕਿਸਾਨਾਂ, ਵੱਡੇ ਵਪਾਰੀਆਂ ਨੂੰ ਹੋ ਜਾਂਦਾ ਹੈ।

ਦੂਸਰਾ, ਇਨਕਲਾਬੀ ਚੀਨ ਨੇ ਮੁਦਰਾ ਪ੍ਰਬੰਧਨ ’ਤੇ ਕੇਂਦਰੀ ਕੰਟਰੋਲ ਸਥਾਪਿਤ ਕਰ ਕੇ ਇਸਦੀ ਕਦਰ ਵਿਚ ਆਉਣ ਵਾਲ਼ੇ ਉਤਰਾਅ-ਚੜ੍ਹਾਅ ਤੇ ਸਿੱਟੇ ਵਜੋਂ ਕੀਮਤਾਂ ’ਤੇ ਪੈਣ ਵਾਲ਼ੇ ਅਸਰ ਨੂੰ ਖਤਮ ਕਰ ਕੇ ਮਹਿੰਗਾਈ ’ਤੇ ਕਾਬੂ ਪਾਇਆ। ਚੀਨ ਵਿਚ ਸਰਕਾਰ ਕੋਲ਼ ਹੀ ਮੁਦਰਾ ਜਾਰੀ ਕਰਨ ਦਾ ਪੂਰਨ ਅਖਤਿਆਰ ਸੀ ਤੇ ਇਸ ਨੂੰ ਸਿਰਫ ਪੈਦਾਵਾਰ ਦੀਆਂ ਲੋੜਾਂ ਦੇ ਹਿਸਾਬ ਨਾਲ਼ ਹੀ ਵਧਾਇਆ ਜਾਂਦਾ ਸੀ।

ਇਨਕਲਾਬ ਤੋਂ ਪਹਿਲਾਂ ਦੇ ਚੀਨ ਵਿਚ ਵੱਖ-ਵੱਖ ਸਾਮਰਾਜੀ ਮੁਲਕਾਂ ਵੱਲੋਂ ਆਪਣੇ ਬੈਂਕ ਸਥਾਪਿਤ ਕਰ ਕੇ, ਆਪਣੀਆਂ ਮੁਦਰਾਵਾਂ ਚਲਾ ਕੇ ਤੇ ਬੈਂਕਿੰਗ ਤੇ ਵਿੱਤ ਨੂੰ ਕੰਟਰੋਲ ਕਰ ਕੇ ਵੀ ਚੀਨ ਨੂੰ ਲੁੱਟਿਆ ਜਾਂਦਾ ਸੀ। ਚੀਨ ਦੀ ਮੁਦਰਾ ‘ਫਾਪੀ’ ਨੂੰ ਪਹਿਲਾਂ ਬਰਤਾਨਵੀ ਪੌਂਡ ਤੇ ਫੇਰ ਅਮਰੀਕੀ ਡਾਲਰ ਨਾਲ਼ ਨੱਥੀ ਕੀਤਾ ਹੋਇਆ ਸੀ ਜਿਸ ਕਾਰਨ ਇਨ੍ਹਾਂ ਮੁਦਰਾਵਾਂ ਦੇ ਉਤਰਾਅ-ਚੜ੍ਹਾਅ ਚੀਨੀ ਮੁਦਰਾ ’ਤੇ ਆਪਣਾ ਅਸਰ ਛੱਡਦੇ ਤੇ ਕੀਮਤਾਂ ਵਿਚ ਤੇਜ਼ ਵਾਧੇ-ਘਾਟੇ ਲਿਆਉਂਦੇ ਸਨ। ਮਿਸਾਲ ਦੇ ਤੌਰ ’ਤੇ 1935-37 ਦਰਮਿਆਨ ਬਰਤਾਨੀਆ ਤੇ ਅਮਰੀਕਾ ਵਿਚ ਕੀਮਤਾਂ ਦੇ ਤੇਜ਼ ਵਾਧੇ ਵੇਲ਼ੇ ਚੀਨ ਵਿਚ ਵੀ ਕੀਮਤਾਂ 34% ਤਕ ਵਧੀਆਂ ਸਨ। ਚੀਨ ਦੀ ਕਮਿਊਨਿਸਟ ਪਾਰਟੀ ਨੇ ਲੋਟੂ ਕੁਓਮਿਨਤਾਂਗ ਸਰਕਾਰ ਖ਼ਿਲਾਫ ਘਰੇਲੂ ਜੰਗ ਦੌਰਾਨ ਆਜ਼ਾਦ ਕਰਾਏ ਇਲਾਕਿਆਂ ਵਿਚ 1928 ਵਿਚ ਹੀ ਆਪਣਾ ਲੋਕਾਈ ਬੈਂਕ ਕਾਇਮ ਕਰ ਕੇ ਆਪਣੇ ਨੋਟ ਚਲਾ ਦਿੱਤੇ ਸਨ। ਇਸ ਨੇ ਲੋਟੂਆਂ ਦੀ ਆਪਣੀ ਮੁਦਰਾ ਦੀ ਤਾਕਤ ਨਾਲ਼ ਅਰਥਚਾਰੇ ਵਿਚ ਵਿਘਨ ਪਾਉਣ ਦੀ ਤਾਕਤ ਭੰਨ ਦਿੱਤੀ।

ਸਮਾਜਵਾਦੀ ਚੀਨ ਵਿਚ ਰੈਂਨਮੈਨਬੀ ਮੁਦਰਾ ਹੀ ਇੱਕੋ-ਇੱਕ ਅਧਿਕਾਰਕ ਮੁਦਰਾ ਸੀ। ਸਰਕਾਰ ਵੱਲੋਂ ਤੈਅਸ਼ੁਦਾ ਹੱਦ ਤੋਂ ਉੱਪਰ, ਸਾਰੇ ਅਦਾਰਿਆਂ, ਜਨਤਕ ਉੱਦਮਾਂ, ਸਰਕਾਰੀ ਦਫਤਰਾਂ ਆਦਿ ਦੇ ਆਰਥਿਕ ਲੈਣ-ਦੇਣ ਸਿੱਧਾ ਬੈਂਕ ਖਾਤਿਆਂ ਰਾਹੀਂ, ਬਿਨਾਂ ਨਕਦੀ ਦੇ ਕੀਤੇ ਜਾਂਦੇ ਸਨ। ਇਸ ਤੋਂ ਬਿਨਾਂ ਸ਼ੇਅਰ ਬਾਜ਼ਾਰ ਜਿਹੀ ਸੱਟੇਬਾਜ਼ੀ ’ਤੇ ਪੂਰਨ ਪਬੰਦੀ ਸੀ। ਚੀਨ ਵਿਚ ਜਾਰੀ ਹੋਣ ਵਾਲ਼ੀ ਕੁੱਲ ਮੁਦਰਾ ਦਾ 90% ਹਿੱਸਾ ਉਜਰਤਾਂ ਦੇਣ ਤੇ ਖੇਤੀ ਤੇ ਹੋਰ ਉਪਜਾਂ ਖਰੀਦਣ ਲਈ ਜਾਰੀ ਹੁੰਦਾ ਸੀ। ਸਰਕਾਰ ਲੋਕਾਂ ਨੂੰ ਹਾਸਲ ਉਜਰਤਾਂ ਦੇ ਹਿਸਾਬ ਨਾਲ਼ ਜਿਣਸਾਂ ਦੀ ਪੈਦਾਵਾਰ ਵਧਾਉਂਦੀ ਸੀ ਤਾਂ ਜੋ ਇਨ੍ਹਾਂ ਦੀ ਘਾਟ ਨਾ ਪੈਦਾ ਹੋ ਜਾਵੇ ਤੇ ਨਤੀਜੇ ਵਜੋਂ ਮਹਿੰਗਾਈ ਤੇ ਕਾਲ਼ਾ ਬਾਜ਼ਾਰੀ ਨਾ ਸ਼ੁਰੂ ਹੋ ਜਾਵੇ। ਰੈਂਨਮੈਨਬੀ ਤੇ ਵਿਦੇਸ਼ੀ ਮੁਦਰਾਵਾਂ ਦਰਮਿਆਨ ਤਬਾਦਲਾ ਦਰਾਂ ਅਜ਼ਾਦਾਨਾ ਤੌਰ ’ਤੇ ਸਰਕਾਰ ਤੈਅ ਕਰਦੀ ਸੀ। ਸਮਾਜਵਾਦੀ ਚੀਨ ਕਿਸੇ ਵੀ ਕੌਮਾਂਤਰੀ ਮੁਦਰਾ ਗੁੱਟ ਦਾ ਹਿੱਸਾ ਨਹੀਂ ਸੀ। ਇਸ ਕਰਕੇ ਸਰਮਾਏਦਾਰਾ ਮੁਲਕਾਂ ਵਿਚ ਮੁਦਰਾਵਾਂ ਦੀ ਕਦਰ ਵਿਚ ਹੁੰਦੀ ਉੱਥਲ-ਪੁੱਥਲ ਦੇ ਬਾਵਜੂਦ ਰੈਂਨਮੈਨਬੀ ਦੀ ਕਦਰ ਸਥਿਰ ਹੀ ਰਹਿੰਦੀ ਸੀ।

ਹੁਣ ਇਸ ਨੂੰ ਭਾਰਤ ਜਾਂ ਵਿਕਸਿਤ ਸਰਮਾਏਦਾਰਾ ਮੁਲਕਾਂ ਦੀ ਹਾਲਤ ਨਾਲ਼ ਮੇਲੋ ਜਿੱਥੇ ਅਕਸਰ ਸਰਕਾਰਾਂ ਅਰਥਚਾਰੇ ਨੂੰ ਠੁੰਮਣਾ ਦੇਣ ਵਾਸਤੇ ਵਿਆਜ ਦਰਾਂ ਨੂੰ ਬੇਹੱਦ ਹੇਠਾਂ ਸੁੱਟ ਦਿੰਦੀਆਂ ਹਨ ਤਾਂ ਜੋ ਸਸਤੇ ਕਰਜ਼ੇ ਉਪਲੱਬਧ ਕਰਵਾਏ ਜਾਣ। ਇਸ ਨਾਲ਼ ਭਾਰੀ ਮਾਤਰਾ ਵਿਚ ਮੁਦਰਾ ਮੰਡੀ ਵਿਚ ਆਉਂਦੀ ਹੈ ਜਿਹੜੀ ਲੰਬੇ ਦਾਅ ਵਿਚ ਇਸਦੀ ਕਦਰ ਹੇਠਾਂ ਸੁੱਟਦੀ ਹੈ। ਐਨਾ ਹੀ ਨਹੀਂ ਸਰਕਾਰਾਂ ਆਪਣੇ ਬਜਟ ਘਾਟੇ ਨੂੰ ਪੂਰਾ ਕਰਨ ਲਈ ਵੱਡੀ ਪੱਧਰ ’ਤੇ ਸਰਕਾਰੀ ਬਾਂਡ ਵੇਚਦੀਆਂ ਹਨ ਜਾਂ ਸਿੱਧਾ ਹੀ ਮੁਦਰਾ ਜਾਰੀ ਕਰਦੀਆਂ ਹਨ। ਇਸ ਤਰ੍ਹਾਂ ਪੈਦਾਵਾਰ ਵਿਚ ਵਾਧੇ ਦੇ ਮੁਕਾਬਲੇ ਮੁਦਰਾ ਦੀ ਮਿਕਦਾਰ ਕਿਤੇ ਜ਼ਿਆਦਾ ਵਧਣ ਨਾਲ਼ ਇਸਦੀ ਕਦਰ ਹੇਠਾਂ ਡਿੱਗਦੀ ਹੈ ਤੇ ਇਹ ਮਹਿੰਗਾਈ ਨੂੰ ਅੰਜਾਮ ਦਿੰਦੀ ਹੈ। ਮਿਸਾਲ ਦੇ ਤੌਰ ’ਤੇ ਭਾਰਤ ਵਿਚ 2002 ਤੋਂ ਬਾਅਦ ਵਾਲ਼ੇ ਵੀਹ ਸਾਲਾਂ ਵਿਚ ਮੁਦਰਾ ਪੂਰਤੀ ਵਿਚ ਤਕਰੀਬਨ 12 ਗੁਣਾ ਦਾ ਵਾਧਾ ਹੋਇਆ ਜਦਕਿ ਇਸੇ ਅਰਸੇ ਵਿਚ ਅਰਥਚਾਰਾ ਪੰਜ ਗੁਣਾ ਹੀ ਵਧਿਆ (ਚਾਲੂ ਕੀਮਤਾਂ ਦੇ ਆਧਾਰ ’ਤੇ)। 2020 ਤੋਂ ਬਾਅਦ ਵਿਆਜ ਦਰਾਂ ਹੇਠਾਂ ਸੁੱਟ ਕੇ ਮੁਦਰਾ ਪੂਰਤੀ ਵਿਚ ਯੱਕਦਮ ਵਾਧਾ ਕੀਤਾ ਗਿਆ ਜਿਸ ਨੇ ਰੁਪਏ ਦੀ ਕਦਰ ਘਟਾਉਣ ਵਿਚ ਭੂਮਿਕਾ ਨਿਭਾਈ ਹੈ। ਇਸ ਤੋਂ ਬਿਨਾਂ ਰੁਪਿਆ ਵਿਦੇਸ਼ੀ ਮੁਦਰਾ ਖਾਸਕਰ ਅਮਰੀਕੀ ਡਾਲਰ ਨਾਲ਼ ਨੱਥੀ ਹੋਣ ਕਰਕੇ ਡਾਲਰ ਦੀ ਕਦਰ ਵਿਚ ਆਉਂਦੇ ਉਤਾਰ-ਚੜ੍ਹਾਅ ਇਸ ਨੂੰ ਸਿੱਧਾ ਪ੍ਰਭਾਵਿਤ ਕਰਦੇ ਹਨ ਜਿਵੇਂ ਕਿ ਅਸੀਂ ਪਿਛਲੇ ਸਾਲਾਂ ਵਿਚ ਵੇਖਿਆ।

ਤੀਸਰਾ ਤੇ ਆਖਰੀ ਨੁਕਤਾ ਜਿਸ ਰਾਹੀਂ ਸਮਾਜਵਾਦੀ ਚੀਨ ਨੇ ਮਹਿੰਗਾਈ ’ਤੇ ਕਾਬੂ ਪਾਇਆ ਉਹ ਸੀ ਅਰਥਚਾਰੇ ਦੀਆਂ ਵੱਖ-ਵੱਖ ਸ਼ਾਖਾਵਾਂ ਦਰਮਿਆਨ ਸੰਤੁਲਨ ਕਾਇਮ ਰੱਖਣਾ। ਸੰਤੁਲਨ ਵਿਚ ਪਹਿਲ-ਪ੍ਰਿਥਮੇ ਸੀ ਸਮਾਜ ਦੀਆਂ ਲੋੜਾਂ ਮੁਤਾਬਕ ਚੀਜ਼ਾਂ ਦੀ ਪੈਦਾਵਾਰ ਯਕੀਨੀ ਬਣਾਉਣੀ ਜਿਸ ਦੀ ਚਰਚਾ ਅਸੀਂ ਉੱਪਰ ਕਰ ਦਿੱਤੀ ਹੈ। ਇਹ ਸਿਰਫ ਯੋਜਨਾਬੱਧ ਸਮਾਜਵਾਦੀ ਅਰਥਚਾਰੇ ਵਿਚ ਹੀ ਸੰਭਵ ਹੋ ਸਕਦਾ ਸੀ ਕਿਉਂਕਿ ਸਰਮਾਏਦਾਰਾ ਅਰਥਚਾਰਾ ਮੁਨਾਫੇ ਦੇ ਨੇਮ ’ਤੇ ਕੰਮ ਕਰਦਾ ਹੈ ਜਿਸ ਅਧੀਨ ਪੈਦਾਵਾਰ ਸਮਾਜ ਦੀਆਂ ਲੋੜਾਂ ਮੁਤਾਬਕ ਨਹੀਂ ਸਗੋਂ ਸਰਮਾਏਦਾਰਾਂ ਲਈ ਵੱਧ ਤੋਂ ਵੱਧ ਮੁਨਾਫੇ ਕਮਾਉਣ ਖਾਤਰ ਕੀਤੀ ਜਾਂਦੀ ਹੈ।

ਇਸ ਤੋਂ ਅੱਗੇ ਰਾਜ ਦੀ ਆਮਦਨ ਤੇ ਖਰਚਿਆਂ ਵਿਚ ਸੰਤੁਲਨ ਕਾਇਮ ਰੱਖਣਾ ਵੀ ਮੁਦਰਾ ਦੀ ਸਥਿਰਤਾ ਲਈ ਜ਼ਰੂਰੀ ਹੈ। ਪੁਰਾਣੇ ਚੀਨ ਵਿਚ ਸਰਕਾਰ ਦੇ ਖਰਚੇ ਵਿੱਤੋਂ ਬਾਹਰੇ ਹੁੰਦੇ ਸਨ ਜਿਸ ਨੂੰ ਪੂਰਾ ਕਰਨ ਲਈ ਉਹ ਵੱਡੀ ਮਾਤਰਾ ਵਿਚ ਘਰੇਲੂ ਤੇ ਵਿਦੇਸ਼ੀ ਕਰਜ਼ੇ ਚੁੱਕਦੀ ਸੀ ਜਾਂ ਨਵੀਂ ਮੁਦਰਾ ਜਾਰੀ ਕਰਦੀ ਸੀ। ਇਹ ਕਦਮ ਯੂਆਨ ਦੀ ਸਥਿਰਤਾ ’ਤੇ ਅਸਰ ਪਾਉਂਦੇ ਸਨ। ਪਰ ਇਨਕਲਾਬੀ ਚੀਨ ਵਿਚ ਖਰਚਿਆਂ ਨੂੰ ਵਿੱਤ ਮੁਤਾਬਕ ਕਰਨ ਲਈ ਵਿਸ਼ੇਸ਼ ਉੱਦਮ ਕੀਤੇ ਗਏ ਤੇ ਨਾਲ਼ੋ-ਨਾਲ਼ ਆਮਦਨ ਨੂੰ ਲਗਾਤਾਰ ਵਧਾਉਂਦੇ ਜਾਣ ਦਾ ਵੀ ਯੋਜਨਾਬੱਧ ਅਮਲ ਹੋਇਆ। ਇਸ ਨੀਤੀ ਤਹਿਤ ਸਖਤੀ ਨਾਲ਼ ਸਰਕਾਰੀ ਖਰਚਿਆਂ ਵਿਚ ਕਿਫਾਇਤਸ਼ਾਰੀ ਵੀ ਲਾਗੂ ਕੀਤੀ ਗਈ। ਬੇਲੋੜੇ ਗੈਰ-ਪੈਦਾਵਾਰੀ ਖਰਚਿਆਂ ਨੂੰ ਸਖਤੀ ਨਾਲ਼ ਬੰਦ

**(ਬਾਕੀ ਅਗਲੇ ਸਫੇ ’ਤੇ)**

# ਗੰਗਾ ਗਏ ਫੁੱਲਾਂ ਵਾਂਗ ਪਰਵਾਸੀ ਬਣੇ ਪੰਜਾਬੀ ਵੀ ਮੁੜਦੇ ਕਿਉਂ ਨਹੀਂ

## ਪਰਵਾਸ-3

***ਪਰਵਾਸ ਦੀ ਕਹਾਣੀ ਮੁੱਢ-ਕਦੀਮ ਦੀ ਹੈ। ਮਨੁੱਖ ਆਪਣੇ ਜੀਵਨ-ਨਿਰਬਾਹ ਲਈ ਇੱਕ ਤੋਂ ਦੂਜੀ ਥਾਂ ਜਾਂਦਾ ਰਿਹਾ ਹੈ ਅਤੇ ਉਥੇ ਵੱਸਦਾ ਵੀ ਰਿਹਾ ਹੈ। ਅੱਜ ਦੇ ਪਰਵਾਸ ਦੀ ਕਹਾਣੀ ਵੀ ਭਾਵੇਂ ਉਸ ਪਰਵਾਸ ਨਾਲੋਂ ਬਹੁਤੀ ਵੱਖਰੀ ਨਹੀਂ ਪਰ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਤੋਂ ਵਿਦੇਸ਼ੀ ਧਰਤੀਆਂ ਲਈ ਜੋ ਪਰਵਾਸ ਹੋ ਰਿਹਾ ਹੈ, ਉਸ ਨੇ ਪੰਜਾਬ ਦਾ ਤਾਣਾ-ਬਾਣਾ, ਖਾਸ ਕਰ ਕੇ ਸਮਾਜਿਕ, ਹਿਲਾ ਕੇ ਰੱਖ ਦਿੱਤਾ ਹੈ ਅਤੇ ਸਭ ਨੂੰ ਫਿਕਰ ਵਿਚ ਪਾ ਦਿੱਤਾ ਹੈ। ਇਸ ਫਿਕਰ ਬਾਰੇ ਤਫਸੀਲ ਸਹਿਤ ਗੱਲਾਂ ਉੱਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਆਪਣੀ ਇਸ ਲੇਖ ਲੜੀ ਵਿਚ ਕੀਤੀਆਂ ਹਨ।***

ਜਿਹੜੇ ਪੰਜਾਬੀ ਪੜ੍ਹਾਈ, ਰਿਸ਼ਤੇਦਾਰੀ ਜਾਂ ਹੋਰ ਕਿਸੇ ਵੀ ਬਹਾਨੇ ਪਰਦੇਸ ਚਲੇ ਜਾਂਦੇ ਹਨ, ਉਨ੍ਹਾਂ ਵਿਚੋਂ ਬਿਗਾਨੀ ਧਰਤੀ ਨੂੰ ਮੱਥਾ ਟੇਕ ਕੇ ਵਤਨ ਪਰਤਣ ਵਾਲਾ ਕੋਈ ਵਿਰਲਾ-ਟਾਂਵਾਂ ਹੀ ਭਾਵੇਂ ਹੋਵੇ। ਸਗੋਂ ਪਰਦੇਸ ਪਹੁੰਚ ਚੁੱਕੇ ਜਾਂ ਜਾਣ ਦੀ ਕੋਸ਼ਿਸ਼ ਕਰ ਰਹੇ ਪੰਜਾਬੀ ਨੌਜਵਾਨਾਂ ਦੇ ਜਿਨ੍ਹਾਂ ਮਾਪਿਆਂ ਨਾਲ ਮੇਰੀ ਗੱਲਬਾਤ ਹੁੰਦੀ ਹੈ, ਉਹ ਵੀ ਮੌਕਾ ਬਣੇ ਤੋਂ ਪਿੱਛੇ-ਪਿੱਛੇ ਜਾਣ ਲਈ ਔਲਾਦ ਤੋਂ ਵੱਧ ਉਤਾਵਲੇ ਹੁੰਦੇ ਹਨ। ਬਹੁਤ ਘੱਟ ਸੂਰਤਾਂ ਵਿਚ ਇਹ ਸੁਣਨ ਨੂੰ ਮਿਲਦਾ ਹੈ ਕਿ ਬੱਚੇ ਜਾਣ ਜੀ ਜਿਥੇ ਜਾਂਦੇ ਨੇ, ਅਸੀਂ



**ਗੁਰਬਚਨ ਸਿੰਘ ਭੁੱਲਰ**
**ਫੋਨ:+91-80763-63058**

ਤਾਂ ਇਥੇ ਹੀ ਰਹਾਂਗੇ। ਵਤਨ ਛੱਡਣਾ ਔਖਾ ਹੋਣ ਦੇ ਬਾਵਜੂਦ ਪਰਦੇਸਾਂ ਦੀ ਇਸ ਖਿੱਚ ਦੇ ਇਕ ਨਹੀਂ, ਕਈ ਕਾਰਨ ਹਨ।

ਸਭ ਤੋਂ ਪਹਿਲਾਂ ਕਮਾਈ ਦੀ ਗੱਲ ਕਰੀਏ। ਪਰਦੇਸ ਪਹੁੰਚਣ ਵਾਲੇ ਹਰ ਕਿਸੇ ਨੂੰ ਕੰਮ ਮਿਲ ਹੀ ਜਾਂਦਾ ਹੈ, ਭਾਵੇਂ ਕੁਛ ਸੂਰਤਾਂ ਵਿਚ ਉਹ ਉਨ੍ਹਾਂ ਦੀ ਇੱਛਾ ਤੇ ਆਸ ਤੋਂ ਛੋਟਾ ਹੀ ਹੋਵੇ। ਇਥੋਂ ਤੱਕ ਕਿ ਜਿਹੜੇ ਬੰਦੇ ਟੇਢੇ-ਵਿੰਗੇ ਢੰਗਾਂ ਨਾਲ ਜਾਂਦੇ ਹਨ ਅਤੇ ਕੰਮ ਕਰਨ ਦੇ ਕਾਨੂੰਨੀ ਹੱਕਦਾਰ ਨਹੀਂ ਹੁੰਦੇ, ਉਨ੍ਹਾਂ ਨੂੰ ਵੀ, ਖਾਸ ਕਰਕੇ ਆਪਣੇ ਦੇਸੀ ਕਾਰੋਬਾਰੀ ਘੱਟ ਦਿਹਾੜੀ ਨਾਲ ਰੱਖ ਲੈਂਦੇ ਹਨ। ਦੋਵਾਂ ਧਿਰਾਂ ਨੂੰ ਫ਼ਾਇਦਾ। ਨਵੇਂ ਪੰਛੀ ਨੂੰ ਆਖ਼ਰ ਰੋਟੀ ਤੇ ਰਿਹਾਇਸ਼ ਤਾਂ ਚਾਹੀਦੀ ਹੀ ਹੈ ਜਿਸ ਕਰਕੇ ਉਹ ਘੱਟ ਮਜ਼ਦੂਰੀ ਨਾਲ ਹੀ ਬਾਗੋਬਾਗ ਹੋ ਜਾਂਦਾ ਹੈ। ਅਜਿਹੇ ਬੰਦਿਆਂ ਤੋਂ ਕੰਮ ਕਰਵਾਉਣ ਵਾਲੇ ਪੈਸੇ ਬਚਦੇ ਹੋਣ ਕਰਕੇ ਸੰਤੁਸ਼ਟ ਰਹਿੰਦੇ ਹਨ।

ਕੰਮ ਦਾ ਇਕ ਹੈਰਾਨ ਕਰਨ ਵਾਲਾ ਪੱਖ ਕਿਰਤ ਨੂੰ ਲੁੱਟਣ ਵਾਲੇ ਪੂੰਜੀਵਾਦੀ ਪ੍ਰਬੰਧ ਦੇ ਬਾਵਜੂਦ ਕਿਰਤ ਦੀ ਕਦਰ ਹੈ। ਫ਼ਰੈਜ਼ਨੋ ਵਿਚ ਮੈਂ ਤੇ ਮੇਰੀ ਭੂਆ ਦਾ ਪੁੱਤਰ ਭਰਾ ਉਹਦੇ ਘਰ ਦੇ ਬਾਹਰ ਖਲੋਤੇ ਗੱਲਾਂ ਕਰ ਰਹੇ ਸੀ। ਉਸ ਪੂਰੀ ਵਸੋਂ ਦੇ ਘਰ ਚਾਰ-ਦੀਵਾਰੀ ਤੋਂ ਮੁਕਤ ਸਨ। ਸੜਕ ਦੇ ਨਾਲ ਘਾਹ-ਬੂਟੇ ਸਨ ਤੇ ਉਸ ਤੋਂ ਅੱਗੇ ਮਕਾਨ ਸਨ। ਗੁਆਂਢੀ ਮਕਾਨ ਦਾ ਬੂਹਾ ਖੁੱਲ੍ਹਿਆਂ ਅੰਦਰ ਝਾਤ ਪੈ ਜਾਂਦੀ ਸੀ। ਗੁਆਂਢੀ ਘਰ ਵਿਚੋਂ ਨਿਕਲ ਕੇ ਕ੍ਰਿਕਟੀ ਟੋਪੀ ਤੇ ਟੀਸ਼ਰਟ-ਨਿੱਕਰ ਵਾਲੇ ਗੋਰੇ ਨੇ ਬਾਹਰੋਂ ਗੈਰਜ ਖੋਲ੍ਹਿਆ ਤੇ ਕਾਰ ਕੱਢ ਕੇ ਬਾਹਰ ਖੜ੍ਹੀ ਕਰ ਦਿੱਤੀ। ਅੰਦਰੋਂ ਕੰਧਾਂ ਨਾਲ ਟੰਗੇ ਨਾਲ਼ੀਆਂ-ਔਜ਼ਾਰਾਂ ਵਿਚੋਂ ਉਹਨੇ ਕਾਰ ਵਿਚ ਰੱਖਣੇ ਸ਼ੁਰੂ ਕਰ ਦਿੱਤੇ। ਮੈਂ ਪੁੱਛਿਆ, "ਇਹ ਇਨ੍ਹਾਂ ਦਾ ਡਰਾਈਵਰ ਹੈ ਕਿ ਕਿਰਾਏਦਾਰ ਪਲੰਬਰ?" ਉਹ ਹੱਸ ਕੇ ਕਹਿੰਦਾ, "ਇਹ ਇਸ ਕੋਠੀ ਦਾ ਮਾਲਕ ਹੈ ਤੇ ਇਹਦੇ ਕਈ ਅਪਾਰਟਮੈਂਟ ਕਿਰਾਏ ਉੱਤੇ ਚਾੜ੍ਹੇ ਹੋਏ ਹਨ। ਇਹ ਡਾਲਰਾਂ ਵਿਚ ਕਰੋੜਪਤੀ ਹੈ। ਜਦੋਂ ਕਿਸੇ ਕਿਰਾਏਦਾਰ ਦਾ ਬਿਜਲੀ ਜਾਂ ਪਾਣੀ ਖ਼ਰਾਬ ਹੋਣ ਦਾ ਫੋਨ ਆਉਂਦਾ ਹੈ, ਇਹ ਆਪ ਜਾ ਕੇ ਠੀਕ ਕਰ ਆਉਂਦਾ ਹੈ।" ਮੈਂ ਹੈਰਾਨ ਹੋ ਕੇ ਕਿਹਾ, "ਜੇ ਇਹ ਆਪਣੇ ਦੇਸ ਵਿਚ ਹੋਵੇ, ਬੂਟਾਂ ਦੇ ਫ਼ੀਤੇ ਵੀ ਨੌਕਰ ਤੋਂ ਬੰਨ੍ਹਾਵੇ!"

ਕੋਈ ਕਿਸੇ ਨੂੰ ਛੋਟੇ ਕੰਮ ਉੱਤੇ ਲੱਗੇ ਹੋਣ ਦਾ ਮਿਹਣਾ ਨਹੀਂ ਮਾਰਦਾ। ਮੇਰੇ ਦੇਖਣ-ਸੁਣਨ ਵਿਚ ਇਕ ਵੀ ਮੌਕਾ ਅਜਿਹਾ ਨਹੀਂ ਸੀ ਆਇਆ ਜਦੋਂ ਕਿਸੇ ਪੰਜਾਬੀ ਨੇ ਸਫ਼ਾਈ-ਸੇਵਕ ਜਿਹੇ ਕਿਸੇ ਹੋਰ ਪੰਜਾਬੀ ਬਾਰੇ ਨੱਕ ਚਾੜ੍ਹ ਕੇ ਟਿੱਪਣੀ ਕੀਤੀ ਹੋਵੇ। ਇਸ ਮਾਹੌਲ ਦਾ ਇਕ ਸਲਾਹੁਣਜੋਗ ਨਤੀਜਾ ਇਹ ਹੋਇਆ ਹੈ ਕਿ ਸਾਧਾਰਨ ਛੋਟੇ ਕੰਮਾਂ ਉੱਤੇ ਲੱਗੇ ਹੋਏ ਪੰਜਾਬੀ ਵੀ ਆਪਣੇ ਕੰਮ ਦੀ ਸੰਗ-ਸ਼ਰਮ ਨਹੀਂ ਮੰਨਦੇ। ਅਸੀਂ ਸਾਨ ਫ਼ਰਾਂਸਿਸਕੋ ਦੇ ਇਕ ਪੰਜਾਬੀ ਰੈਸਟੋਰੈਂਟ ਦੇ ਪਿਛਲੇ ਵਿਹੜੇ ਵਿਚ ਬੈਠੇ ਸੀ। ਕੁਛ ਚਿਰ ਮਗਰੋਂ ਪੰਜਾਬੀ ਦਿਸਦੇ ਇਕ ਨੌਜਵਾਨ ਨੇ ਆ ਕੇ ਬੁਰਸ਼ਾਂ, ਬੋਤਲਾਂ ਤੇ ਪੋਚਿਆਂ ਵਾਲੀ ਰੇੜ੍ਹੀ ਖੜ੍ਹੀ ਕੀਤੀ ਤੇ ਫ਼ਰਸ਼ ਉੱਤੇ ਡਾਂਗਦਾਰ ਪੋਚਾ ਮਾਰਨ ਲੱਗ ਪਿਆ। ਮੇਰੇ ਬੁਲਾਇਆਂ ਉਹ ਬੇਝਿਜਕ ਆਇਆ ਅਤੇ ਆਪਣਾ ਨਾਂ-ਥਾਂ ਦੱਸ ਕੇ ਬੋਲਿਆ, "ਮੈਨੂੰ ਆਏ ਨੂੰ ਕੁਛ ਹੀ ਮਹੀਨੇ ਹੋਏ ਨੇ। ਪਹਿਲਾਂ ਦੇ ਆਏ ਹੋਏ ਆਪਣੇ ਬੰਦਿਆਂ ਦੀ ਮਦਦ ਨਾਲ ਐਹ ਕੰਮ ਮਿਲ ਗਿਆ। ਗੁਜ਼ਾਰੇ ਜੋਗੇ ਵਧੀਆ ਪੈਸੇ ਮਿਲ ਜਾਂਦੇ ਨੇ।"




ਪਰਦੇਸੀ ਸਕੂਨ ਦਾ ਇਕ ਹੋਰ ਕਾਰਨ ਆਮ ਨਾਗਰਿਕ ਦੇ ਜੀਵਨ ਵਿਚ ਸਰਕਾਰੀ ਦਖ਼ਲ ਦੀ ਅਣਹੋਂਦ ਹੈ ਜੋ ਸਾਡੇ ਦੇਸ ਦੀ ਹਾਲਤ ਦੇ ਮੁਕਾਬਲੇ ਉਥੇ ਰਹਿਣ ਨੂੰ ਬਹੁਤ ਸਹਿਜ ਬਣਾ ਦਿੰਦੀ ਹੈ। ਇਕ ਸੱਜਨ ਨੇ ਮੇਰੇ ਨਾਲ ਗੱਲਾਂ ਕਰਦਿਆਂ ਕਿਹਾ, "ਬੰਦਾ ਕੋਈ ਕਾਨੂੰਨ ਨਾ ਤੋੜੇ, ਉਹਦਾ ਕਿਸੇ ਸਰਕਾਰੀ ਮਹਿਕਮੇ ਨਾਲ ਸਾਰੀ ਉਮਰ ਕੋਈ ਵਾਹ ਨਹੀਂ ਪੈਂਦਾ।" ਜੇ ਕੋਈ ਵਾਹ ਪੈ ਹੀ ਜਾਵੇ, ਸਾਡੀ ਕਲਰਕਸ਼ਾਹੀ ਵਾਲੀਆਂ ਮੁਸ਼ਕਲਾਂ ਬਿਲਕੁਲ ਨਹੀਂ ਆਉਂਦੀਆਂ। ਉਥੇ ਫ਼ਾਈਲ ਨੂੰ ਹੱਥ ਲਾਉਣ ਤੋਂ ਪਹਿਲਾਂ 'ਚਾਹ-ਪਾਣੀ' ਦੀ ਮੰਗ ਕਰਨ ਵਾਲੇ ਬਾਬੂ ਹੁੰਦੇ ਹੀ ਨਹੀਂ। ਇਸ ਤੋਂ ਵੀ ਵਧ ਕੇ ਹਰ ਕੋਈ ਮਦਦ ਲੋੜਦੇ ਬੰਦੇ ਦੀ ਮਦਦ ਲਈ ਤਿਆਰ ਰਹਿੰਦਾ ਹੈ। ਉਥੋਂ ਦੀਆਂ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਦਾ ਰਵੱਈਆ ਸਾਡੀਆਂ ਸੰਸਥਾਵਾਂ ਨਾਲੋਂ ਬਿਲਕੁਲ ਉਲਟ ਹੁੰਦਾ ਹੈ। ਮੈਂ ਆਪਣੇ ਵਾਹ ਦੇ ਆਧਾਰ ਉੱਤੇ ਕਹਿ ਸਕਦਾ ਹਾਂ ਕਿ ਆਪਣੇ ਦੇਸ ਵਿਚ ਉਹੋ ਜਿਹੇ ਵਿਹਾਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਮੈਨੂੰ ਵੀਜ਼ਾ ਵਧਾਉਣ ਦੀ ਲੋੜ ਪਈ। ਕੰਪਿਊਟਰ ਤੋਂ ਸੰਬੰਧਤ ਦਫ਼ਤਰ ਲੱਭਿਆ ਤਾਂ ਮੇਰੀ ਅੱਧੀ ਤਸੱਲੀ ਤਾਂ ਉਨ੍ਹਾਂ ਦੀਆ ਹਦਾਇਤਾਂ ਪੜ੍ਹ ਕੇ ਹੀ ਹੋ ਗਈ। ਲਿਖਿਆ ਹੋਇਆ ਸੀ: "ਤੁਸੀਂ ਸਾਡੇ ਦਫ਼ਤਰ ਨਹੀਂ ਆਉਣਾ ਹੋਵੇਗਾ; ਵੀਜ਼ਾ ਵਧਵਾਉਣ ਦਾ ਕਾਰਨ ਘੱਟ ਤੋਂ ਘੱਟ ਸ਼ਬਦਾਂ ਵਿਚ ਈਮੇਲ ਰਾਹੀਂ ਭੇਜ ਦਿਓ; ਉਸ ਪਿੱਛੋਂ ਸਾਨੂੰ ਕੋਈ ਚਿੱਠੀ-ਪੱਤਰ ਨਾ ਭੇਜਣਾ; ਸਾਡਾ ਹਾਂ-ਨਾਂਹ ਦਾ ਫ਼ੈਸਲਾ ਪਹਿਲੇ ਵੀਜ਼ੇ ਦੀ ਮੁਨਿਆਦ ਮੁੱਕਣ ਤੋਂ ਪਹਿਲਾਂ ਤੁਹਾਨੂੰ ਮਿਲ ਜਾਵੇਗਾ।" ਮੈਂ ਕਾਰਨ ਲਿਖਿਆ, "ਮੈਂ ਆਪਣੀ ਭਾਸ਼ਾ ਦਾ ਜਾਣਿਆ-ਪਛਾਣਿਆ ਲੇਖਕ ਹਾਂ ਜਿਸ ਨੂੰ ਇਸੇ ਸਾਲ ਭਾਰਤ ਦਾ ਸਭ ਤੋਂ ਵੱਡਾ ਰਾਜਕੀ ਪੁਰਸਕਾਰ ਦਿੱਤਾ ਗਿਆ ਹੈ। ਮੈਂ ਸੋਚਿਆ ਸੀ ਕਿ ਜੋ ਕੁਛ ਮੈਂ ਦੇਖਣਾ ਹੈ, ਏਨੇ ਕੁ ਸਮੇਂ ਵਿਚ ਦੇਖ ਲਵਾਂਗਾ, ਪਰ ਇਥੇ ਮਿਊਜ਼ੀਅਮਾਂ, ਯੂਨੀਵਰਸਿਟੀਆਂ, ਆਰਟ ਗੈਲਰੀਆਂ, ਹੋਰ ਵੰਨ-ਸੁਵੰਨੀਆਂ ਦੇਖਣਜੋਗ ਥਾਵਾਂ, ਕੁਦਰਤੀ ਦ੍ਰਿਸ਼ਾਂ, ਆਦਿ ਦੇ ਰੂਪ ਵਿਚ ਏਨਾ ਕੁਛ ਦੇਖਣ ਵਾਲਾ ਹੈ ਕਿ ਮੈਂ ਤਾਂ ਅਜੇ ਕੁਛ ਵੀ ਦੇਖ ਨਹੀਂ ਸਕਿਆ।" ਵਧਿਆ ਹੋਇਆ ਵੀਜ਼ਾ ਸਮੇਂ-ਸਿਰ ਮੇਰੇ ਕੰਪਿਊਟਰ ਵਿਚ ਆ ਪਹੁੰਚਿਆ।

ਇਹ ਤਾਂ ਰਹੀ ਸਰਕਾਰੀ ਸੰਸਥਾ ਦੀ ਗੱਲ, ਹੁਣ ਇਕ ਕਿੱਸਾ ਗ਼ੈਰ-ਸਰਕਾਰੀ ਸੰਸਥਾ ਦਾ ਵੀ ਸੁਣ ਲਵੋ। ਅਸੀਂ ਸਲੀਨਸ ਦਾ ਜ਼ਰਾਇਤੀ ਮਿਊਜ਼ੀਅਮ ਦੇਖਣ ਗਏ। ਸ਼ੁਰੂ ਵਿਚ ਹੀ ਇਕ ਫੱਟੇ ਉੱਤੇ ਗੋਲ ਚੱਕਰ ਵਿਚ ਟੋਪੀਆਂ-ਟੋਪ ਟੰਗੇ ਹੋਏ ਸਨ। ਮੈਨੂੰ ਲਗਿਆ, ਸਭ ਤੋਂ ਉਤਲੀ ਕਿੱਲੀ ਉੱਤੇ ਤਾਂ ਆਪਣੀ ਦਸਤਾਰ ਹੈ! ਵਿਚਕਾਰ ਲਿਖੇ ਵੇਰਵੇ ਵਿਚ ਦੱਸਿਆ ਹੋਇਆ ਸੀ ਕਿ ਇਹ ਵੀਹਵੀਂ ਸਦੀ ਦੇ ਸ਼ੁਰੂ ਵਿਚ ਇਥੋਂ ਦੀਆਂ ਨਵੀਆਂ ਜ਼ਮੀਨਾਂ ਨੂੰ ਵਾਹੀਯੋਗ ਬਣਾਉਣ ਵਿਚ ਵੱਡਾ ਹਿੱਸਾ ਪਾਉਣ ਵਾਲੇ ਪੰਜਾਬੀ ਸਿੱਖਾਂ ਦੀ ਨਿਸ਼ਾਨੀ ਦਸਤਾਰ ਹੈ। ਮੈਂ ਮੋਬਾਈਲ ਵਿਚ ਇਸ ਲਿਖਤ ਦੀ ਤਸਵੀਰ ਸਾਂਭ ਲਈ। ਅਗਲੇ ਦਿਨ ਮੈਂ ਉਹ ਲਿਖਤ ਕਾਗ਼ਜ਼ ਉੱਤੇ ਉਤਾਰਨੀ ਚਾਹੀ ਤਾਂ ਫਿੱਕੀ ਹੋਣ ਕਾਰਨ ਪੜ੍ਹੀ ਨਾ ਜਾ ਸਕੀ। ਮੇਰੀ ਬੇਟੀ ਕਹਿੰਦੀ ਮੈਂ ਮੇਲ ਕਰਦੀ ਹਾਂ। ਮੈਂ ਕਿਹਾ, ਮੇਰਾ ਲੇਖਕ ਹੋਣਾ ਵਧਾ-ਚੜ੍ਹਾ ਕੇ ਲਿਖ, ਉਨ੍ਹਾਂ ਉੱਤੇ ਰੁਅਬ ਪਵੇ। ਉਹ ਕਹਿੰਦੀ, ਮੈਂ ਬਿਲਕੁਲ ਸਾਧਾਰਨ ਮੇਲ ਕਰਦੀ ਹਾਂ, ਤੁਸੀਂ ਜਵਾਬ ਉਡੀਕੋ।

ਉਹਨੇ ਡਾਇਰੈਕਟਰ ਨੂੰ ਸਿਰਫ਼ ਏਨਾ ਲਿਖਿਆ, "ਅਸੀਂ ਕੱਲ੍ਹ ਟੋਪ-ਟੋਪੀਆਂ ਵਾਲੇ ਫੱਟੇ ਦੀ ਲਿਖਤ ਦੀ ਤਸਵੀਰ ਲੈ ਗਏ ਸੀ। ਉਹ ਪੜ੍ਹੀ ਨਹੀਂ ਜਾ ਸਕੀ। ਕੀ ਤੁਸੀਂ ਉਹ ਲਿਖਤ ਭੇਜਣ ਦੀ ਖੇਚਲ ਕਰੋਗੇ?" ਕੁਛ ਹੀ ਮਿੰਟਾਂ ਵਿਚ ਜਵਾਬ ਆਇਆ, "ਸਾਡੇ ਇਥੇ ਸੈਮੀਨਾਰ ਚੱਲ ਰਿਹਾ ਹੈ ਜਿਸ ਕਰਕੇ ਸਮਾਂ ਲੱਗ ਸਕਦਾ ਹੈ। ਮੈਂ ਮਾਫ਼ੀ ਚਾਹੁੰਦੀ ਹਾਂ।" ਮੈਂ ਕਿਹਾ, "ਆਪਾਂ ਨੂੰ ਕਿਹੜੀ ਏਨੀ ਕਾਹਲ ਹੈ, ਸੈਮੀਨਾਰ ਦੋ ਦਿਨ ਦਾ ਹੋਊ, ਤਿੰਨ ਦਾ ਹੋਊ!" ਬੇਟੀ ਬੋਲੀ, "ਨਹੀਂ ਪਿਤਾ ਜੀ, ਇਥੇ ਸਮਾਂ ਲੱਗਣ ਦਾ ਭਾਵ ਦਿਨਾਂ ਤੋਂ ਨਹੀਂ ਹੁੰਦਾ, ਮਿੰਟਾਂ-ਘੰਟਿਆਂ ਤੋਂ ਹੁੰਦਾ ਹੈ। ਇਥੇ ਦਿਨ ਦਾ ਕੋਈ ਕੰਮ ਦਫ਼ਤਰ ਤੋਂ ਜਾਣ ਸਮੇਂ ਅਣਕੀਤਾ ਛੱਡਣ ਦਾ ਰਿਵਾਜ ਨਹੀਂ।" ਠੀਕ ਹੀ ਅੱਧੇ ਘੰਟੇ ਮਗਰੋਂ ਮੇਲ ਆ ਗਈ, "ਮੈਨੂੰ ਸਾਡੀ ਡਾਇਰੈਕਟਰ ਨੇ ਇਹ ਲਿਖਤ ਤੁਹਾਨੂੰ ਭੇਜਣ ਲਈ ਕਿਹਾ ਹੈ। ਅਸੀਂ ਦੇਰ ਲਈ ਮਾਫ਼ੀ ਚਾਹੁੰਦੇ ਹਾਂ।"

ਇਥੇ ਸਾਡੀਆਂ ਸੰਸਥਾਵਾਂ ਉੱਤੇ ਇਕ ਝਾਤ ਪਾ ਲੈਣਾ ਵੀ ਠੀਕ ਰਹੇਗਾ। ਲਾਸ ਏਂਜਲਸ ਦੇ ਜਗਤ-ਪ੍ਰਸਿੱਧ ਗੈਟੀ ਮਿਊਜ਼ੀਅਮ ਵਿਚੋਂ ਮੈਂ ਕੁਛ ਚਿੱਤਰਾਂ ਦਾ ਵੇਰਵਾ ਲਿਖ ਲਿਆਇਆ। ਉਨ੍ਹਾਂ ਵਿਚੋਂ ਕੁਛ ਨਾਂ ਫ਼ਰਾਂਸੀਸੀ ਸਨ। ਮੈਂ ਦੇਸ ਪਰਤ ਕੇ ਯਾਤਰਾਨਾਮਾ ਲਿਖਣ ਲਗਿਆਂ ਸੋਚਿਆ, ਜਿਸ ਫ਼ਰਾਂਸੀਸੀ ਬੁੱਤਕਾਰ ਨੂੰ ਅਸੀਂ ਮੈਡਮ ਤੂਸਾਦ ਕਹਿੰਦੇ ਹਾਂ, ਉਥੋਂ ਦੇ ਉਹਦੇ ਮਿਊਜ਼ੀਅਮ ਵਿਚ ਜਾ ਕੇ ਉਹਦਾ ਨਾਂ ਟੂਸਾਓ ਹੋਣ ਦਾ ਪਤਾ ਲਗਿਆ ਸੀ, ਇਨ੍ਹਾਂ ਫ਼ਰਾਂਸੀਸੀ ਚਿੱਤਰਕਾਰਾਂ ਦੇ ਨਾਂਵਾਂ ਦਾ ਉਚਾਰਨ ਵੀ ਪਤਾ ਕਰ ਲੈਣਾ ਚਾਹੀਦਾ ਹੈ। ਮੈਂ ਭਾਰਤੀ ਲਲਿਤ ਅਕਾਦਮੀ, ਦਿੱਲੀ ਆਰਟ ਕਾਲਜ ਅਤੇ ਫ਼ਰਾਂਸੀਸੀ ਦੇ ਜਾਣਕਾਰ ਇਕ ਪੰਜਾਬੀ ਪ੍ਰੋਫ਼ੈਸਰ ਨੂੰ ਸਾਰਾ ਮਾਜਰਾ ਦੱਸ ਕੇ ਉਹ ਪੰਜ-ਛੇ ਨਾਂ ਭੇਜ ਦਿੱਤੇ। ਮੇਰੀਆਂ ਤਿੰਨਾਂ ਚਿੱਠੀਆਂ ਵਿਚੋਂ ਕਿਸੇ ਇਕ ਦਾ ਵੀ ਕੋਈ ਜਵਾਬ ਨਹੀਂ ਆਇਆ; ਮੁਕੰਮਲ ਚੁੱਪ!

ਸਾਡੇ ਦੇਸ ਵਿਚ ਹਰ ਸ਼ਰੀਫ਼ ਆਦਮੀ ਅਮਾਨਵੀ ਪੁਲਸ ਨਾਲ ਵਾਹ ਤੋਂ ਬਚੇ ਰਹਿਣਾ ਚਾਹੁੰਦਾ ਹੈ। ਉਥੋਂ ਦੀ ਪੁਲਸ ਦੀ ਸਾਡੀ ਪੁਲਸ ਨਾਲ ਕੋਈ ਵੀ ਗੱਲ ਸਾਂਝੀ ਨਹੀਂ। ਪੰਜਾਬੀ ਯੂਨੀਵਰਸਿਟੀ ਦਾ ਪੜ੍ਹਿਆ ਸਿਆਸਤ ਸਿੰਘ ਪਹਿਲੀ ਵਾਰ ਅਮਰੀਕਾ ਮਿਲ ਕੇ ਮੇਰਾ ਮਿੱਤਰ ਬਣ ਗਿਆ। ਇਕ ਦਿਨ ਉਹ ਮੈਨੂੰ ਸਾਨ ਫ਼ਰਾਂਸਿਸਕੋ ਦਿਖਾਉਣ ਲੈ ਗਿਆ। ਕਹਾਣੀਕਾਰ ਅਜਮੇਰ ਸਿੱਧੂ ਵੀ ਉਥੇ ਗਿਆ ਹੋਇਆ ਸੀ, ਮੈਂ ਉਹਨੂੰ ਵੀ ਬੁਲਾ ਲਿਆ। ਸ਼ਹਿਰ ਵਿਚ ਹੀ ਇਕ ਥਾਂ ਜਾ ਕੇ ਸਿਆਸਤ ਰਾਹ ਭੁੱਲ ਗਿਆ। ਉਹਨੇ ਕਾਰ ਸੜਕ ਦੇ ਕਿਨਾਰੇ ਠੀਕ ਥਾਂ ਲਾਈ ਤੇ ਕਿਸੇ ਰਾਹ ਦੱਸਣ ਵਾਲੇ ਨੂੰ ਉਡੀਕਣ ਲਗਿਆ। ਏਨੇ ਨੂੰ ਸੜਕ ਦੇ ਦੂਜੇ ਪਾਸੇ ਇਕ ਪੁਲਸੀਆ ਆਪਣੀ ਗਡੀਰੀ ਜਿਹੀ ਕਾਰ ਵਿਚ ਆ ਗਿਆ। ਸਿਆਸਤ ਨੇ ਕੁਛ ਵੀ ਬੋਲੇ ਬਿਨਾਂ ਉਂਗਲ ਖੜ੍ਹੀ ਕਰ ਦਿੱਤੀ। ਉਹ ਦੇਖ ਕੇ ਲੰਘ ਗਿਆ। ਮੈਂ ਹੱਸਿਆ, "ਉਹ ਤਾਂ ਔਹ ਗਿਆ ਤੇਰੀ ਖੜ੍ਹੀ ਉਂਗਲ ਦੀ ਪਰਵਾਹ ਕੀਤੇ ਬਿਨਾਂ!" ਸਿਆਸਤ ਨੇ ਭਰੋਸੇ ਨਾਲ ਕਿਹਾ, "ਉਹ ਜ਼ਰੂਰ ਆਊਗਾ। ਇਥੇ ਪੁਲਸ ਵਾਲੇ ਵੀ ਨੇਮ ਤੋੜਨ ਦੀ ਖੁੱਲ੍ਹ ਨਹੀਂ ਲੈਂਦੇ। ਉਹ ਅਗਲੇ ਯੂ-ਟਰਨ ਤੋਂ ਮੁੜ ਕੇ ਆਊਗਾ।" ਉਹਨੇ ਕੁਛ ਹੀ ਪਲਾਂ ਵਿਚ ਆ ਕੇ ਦੁਆ-ਸਲਾਮ ਕੀਤੀ ਤੇ ਸਮੱਸਿਆ ਪੁੱਛੀ। ਰਾਹ ਚੰਗੀ ਤਰ੍ਹਾਂ ਸਮਝਾ ਕੇ ਤੇ ਸਿਆਸਤ ਦੇ ਸਮਝ ਗਏ ਹੋਣ ਦੀ ਤਸੱਲੀ ਕਰ ਕੇ ਉਹ ਮੁਸਕਰਾਹਟ ਵੰਡਦਾ ਆਪਣੀ ਗਡੀਰੀ ਵਿਚ ਜਾ ਚੜ੍ਹਿਆ।

ਕਾਰ ਵਿਚ ਬੈਠ ਕੇ ਮੈਂ ਕਿਹਾ, "ਸਿਆਸਤ, ਕੁਛ ਨਹੀਂ ਤੇਰੀ ਅਮਰੀਕੀ ਪੁਲਸ, ਲੋਗੜ ਦੀ ਬਣੀ ਹੋਈ!... ਹੁੰਦਾ ਸਾਡਾ ਸ਼ੇਰ ਪੰਜਾਬੀ ਪੁਲਸੀਆ। ਪਹਿਲਾਂ ਤਾਂ ਉਹਨੇ ਕਿਸੇ ਯੂਟਰਨ ਤੱਕ ਜਾਏ ਬਿਨਾਂ ਸੜਕ ਐਥੇ ਹੀ ਸਿੱਧੀ ਲੰਘਣੀ ਸੀ ਕਿਉਂਕਿ ਸਾਡੇ ਪੁਲਸ ਲਈ ਕੋਈ ਨੇਮ-ਕਾਨੂੰਨ ਮੰਨਣਾ ਜ਼ਰੂਰੀ ਨਹੀਂ। ਆ ਕੇ ਉਹਨੇ ਪੁੱਛਣਾ ਸੀ, ਉਂਗਲ ਖੜ੍ਹੀ ਕਰ ਦਿੱਤੀ ਮੈਨੂੰ, ਮੈਂ ਤੇਰੇ ਪਿਓ ਦਾ ਨੌਕਰ ਹਾਂ ਉਇ? ਤੇ ਫੇਰ ਠੀਕ ਥਾਂ ਖੜ੍ਹਾਈ ਹੋਣ ਦੇ ਬਾਵਜੂਦ ਉਹਨੇ ਕਾਰ ਦੇ ਡੰਡਾ ਮਾਰ ਕੇ ਕਹਿਣਾ ਸੀ,ਇਹ ਆਬਦੀ ਮਾਂ ਇਥੇ ਕਿਉਂ ਖੜ੍ਹੀ ਕੀਤੀ ਐ?" ਸਿਆਸਤ ਮੁਸਕਰਾਇਆ, "ਇਥੇ ਇਉਂ ਨਹੀਂ ਹੁੰਦਾ।"

ਜਨਤਕ ਵਾਹ ਵਾਲਾ ਹਰ ਕੋਈ ਮੁਸਕਰਾ ਕੇ ਗੱਲ ਕਰਦਾ ਹੈ। ਸਟੋਰ ਵਿਚ ਕੰਮ ਕਰਦੀ ਇਕ ਪੰਜਾਬਣ ਨੇ ਦੱਸਿਆ, "ਸਾਨੂੰ ਸਿਖਲਾਈ ਦਿੱਤੀ ਜਾਂਦੀ ਹੈ ਕਿ ਜੇ ਘਰ-ਪਰਿਵਾਰ ਦੀ ਕੋਈ ਸਮੱਸਿਆ ਵੀ ਹੈ, ਉਹਨੂੰ ਦਰਵਾਜ਼ੇ ਉੱਤੇ ਛੱਡ ਆਓ। ਗਾਹਕ ਨੂੰ ਮੁਸਕਰਾ ਕੇ ਹੀ ਮਿਲਣਾ ਹੈ।" ਅਸੀਂ ਸਟੈਨਫ਼ੋਰਡ ਯੂਨੀਵਰਸਿਟੀ ਦੇਖ ਕੇ ਨਿੱਕਲੇ ਤਾਂ ਗੋਰੀ ਰਿਸੈਪਸ਼ਨਿਸਟ ਕਹਿੰਦੀ, "ਸਰ, ਕੇਹੋ ਜੇਹੀ ਲੱਗੀ ਸਾਡੀ ਯੂਨੀਵਰਸਿਟੀ?" ਮੈਂ ਕਿਹਾ, "ਜੇ ਤੁਸੀਂ ਵਿਦਿਆਰਥੀ ਬਣਾਉਣ ਦੀ ਕਿਰਪਾ ਕਰੋਂ, ਮੈਂ ਕੱਚੀ ਪਹਿਲੀ ਵਿਚ ਦਾਖ਼ਲ ਹੋਣ ਲਈ ਤਿਆਰ ਹਾਂ।" ਉਹ ਖੁੱਲ੍ਹ ਕੇ ਹੱਸੀ, "ਤੁਸੀਂ ਆਓ ਸਹੀ, ਅਸੀਂ ਤੁਹਾਨੂੰ ਡਾਕਟਰੇਟ ਵਿਚ ਦਾਖ਼ਲ ਕਰਾਂਗੇ।" ਜਨਤਕ ਵਾਹ ਵਾਲੇ ਲੋਕ ਹਰ ਥਾਂ ਇਸੇ ਤਰ੍ਹਾਂ ਮਿਲਦੇ ਹਨ।

ਜੇ ਮੈਂ ਕੂੜੇ-ਕਚਰੇ ਤੋਂ ਪੂਰੀ ਤਰ੍ਹਾਂ ਸਾਫ਼ ਸ਼ਹਿਰਾਂ ਤੇ ਬਾਹਰਲੀਆਂ ਸੜਕਾਂ, ਨਿਰਵਿਘਨ ਆਵਾਜਾਈ, ਕਣਚਈ ਨਿਰਮਲ ਪਾਣੀ, ਸ਼ਾਨਦਾਰ ਵਿਦਿਅਕ ਸੰਸਥਾਵਾਂ ਤੇ ਕਲਾ-ਸੰਗ੍ਰਹਿ ਭਵਨਾਂ ਦਾ ਸੰਖੇਪ ਜ਼ਿਕਰ ਵੀ ਕਰਨ ਲੱਗ ਪਿਆ, ਲੇਖ ਬਹੁਤ ਲੰਮਾ ਹੋ ਜਾਵੇਗਾ।

ਸਰਕਾਰ ਦੀ ਪੱਧਰ ਉੱਤੇ ਉਨ੍ਹਾਂ ਦੇਸਾਂ ਦੀਆਂ ਕੌਮਾਂਤਰੀ ਨੀਤੀਆਂ ਕਿੰਨੀਆਂ ਵੀ ਦਖ਼ਲਬਾਜ਼, ਜੰਗਬਾਜ਼, ਲੋਟੂ ਤੇ ਧੱਕੜ ਹੋਣ, ਉਨ੍ਹਾਂ ਨੇ ਪਰਵਾਸੀਆਂ ਸਮੇਤ ਆਪਣੇ ਨਾਗਰਿਕਾਂ ਲਈ ਵਧੀਆ ਮਾਹੌਲ ਤੇ ਚੰਗਾ ਜੀਵਨ-ਮਿਆਰ ਯਕੀਨੀ ਬਣਾਇਆ ਹੋਇਆ ਹੈ। ਇਸੇ ਕਰਕੇ ਪਰਦੇਸ ਦੇ ਦਰਸ਼ਨਾਂ ਮਗਰੋਂ ਪਰਵਾਸੀ ਆਪਣੇ ਮੂਲ ਦੇਸ ਨੂੰ ਦੂਰੋਂ ਦੂਰੋਂ ਪਿਆਰ ਕਰਨਾ ਹੀ ਠੀਕ ਸਮਝਦੇ ਹਨ। ਮਹਾਨ ਸ਼ਾਇਰ ਮੀਰ ਦਾ ਮਿਸਰਾ ਹੁਧਾਰਾ ਮੰਗ ਕੇ ਕਿਹਾ ਜਾ ਸਕਦਾ ਹੈ: ਕੌਨ ਆਏ ਮੀਰ ਪਰਦੇਸ ਕੀ ਗਲੀਆਂ ਛੋਡ ਕਰ!

---

## *ਸਮਾਜਵਾਦੀ ਚੀਨ ਨੇ ਮਹਿੰਗਾਈ 'ਤੇ ਕਾਬੂ ਕਿਵੇਂ ਪਾਇਆ?*

**(ਪਿਛਲੇ ਸਫੇ ਦਾ ਬਾਕੀ)**

ਕੀਤਾ ਗਿਆ, ਸਰਕਾਰੀ ਪ੍ਰੋਜੈਕਟਾਂ ਨੂੰ ਸਮੇਂ ਸਿਰ ਤੇ ਅਕਸਰ ਸਮੇਂ ਤੋਂ ਪਹਿਲਾਂ ਪੂਰਾ ਕਰ ਕੇ ਉੱਪਰਲੇ ਖਰਚਿਆਂ ਤੋਂ ਬਚਿਆ ਗਿਆ।

ਸੰਤੁਲਨ ਤਹਿਤ ਆਖਰੀ ਅਹਿਮ ਨੁਕਤਾ ਹੈ ਕੌਮਾਂਤਰੀ ਅਦਾਇਗੀਆਂ ਦਾ ਸੰਤੁਲਨ ਕਾਇਮ ਰੱਖਣਾ। ਇਸ ਤਹਿਤ ਘਰੇਲੂ ਅਰਥਚਾਰੇ ਨੂੰ ਵਿਦੇਸ਼ੀ ਕਰਜ਼ਿਆਂ 'ਤੇ ਨਿਰਭਰ ਹੋਏ ਬਗੈਰ ਵਿਕਸਿਤ ਕਰਨਾ ਤੇ ਵਿਦੇਸ਼ੀ ਵਪਾਰ ਵਿਚ ਦਰਾਮਦਾਂ-ਬਰਾਮਦਾਂ ਦਾ ਸੰਤੁਲਨ ਕਾਇਮ ਰੱਖਣਾ। ਸਮਾਜਵਾਦੀ ਚੀਨ ਨੇ ਇਸੇ ਨੀਤੀ 'ਤੇ ਅਮਲ ਕਰਦੇ ਹੋਏ ਆਪਣੇ ਵਿਦੇਸ਼ੀ ਵਪਾਰ ਨੂੰ ਮਣਾ-ਮੂੰਹੀਂ ਵਧਾਇਆ।

ਹੁਣ ਉਪਰੋਕਤ ਤੀਸਰੇ ਨੁਕਤੇ ਦੇ ਨਜ਼ਰੀਏ ਤੋਂ ਭਾਰਤ ਦੀ ਸਥਿਤੀ ਦਾ ਜਾਇਜ਼ਾ ਲੈਂਦੇ ਹਾਂ। ਭਾਰਤ ਸਰਕਾਰ ਦੇ ਜੇ ਬਜਟ 'ਤੇ ਨਿਗ੍ਹਾ ਮਾਰੀਏ ਤਾਂ ਅਕਸਰ ਘਾਟੇ ਵਾਲ਼ਾ ਬਜਟ ਹੀ ਪੇਸ਼ ਹੁੰਦਾ ਹੈ। ਸਰਮਾਏਦਾਰਾ ਪੱਖੀ ਨੀਤੀਆਂ ਦੇ ਕਾਰਨ ਸਰਕਾਰ ਉਨ੍ਹਾਂ ਨੂੰ ਟੈਕਸ ਰਿਆਇਤਾਂ, ਸਬਸਿਡੀਆਂ ਤੇ ਹੋਰ ਸਹੂਲਤਾਂ ਦਿੰਦੀ ਹੈ ਜਿਸ ਕਾਰਨ ਇਸਦੇ ਖਰਚੇ ਅਕਸਰ ਇਸਦੀ ਆਮਦਨ ਤੋਂ ਵਧ ਕੇ ਹੁੰਦੇ ਹਨ। ਉੱਪਰੋਂ ਆਮਦਨ ਇਕੱਠੀ ਕਰਨ ਲਈ ਆਮ ਲੋਕਾਂ 'ਤੇ ਬੋਝ ਸੁੱਟਿਆ ਜਾਂਦਾ ਹੈ। ਇਸ ਵੇਲ਼ੇ ਭਾਰਤ ਦਾ ਰਾਜਕੋਸ਼ੀ ਘਾਟਾ ਇਸ ਦੀ ਕੁੱਲ ਘਰੇਲੂ ਪੈਦਾਵਾਰ ਦਾ 6.4% ਤੇ ਸ਼ੁੱਧ ਨੰਬਰਾਂ ਵਿਚ 17.3 ਲੱਖ ਕਰੋੜ ਹੈ। ਸਰਕਾਰ ਨੇ ਇਸ ਘਾਟੇ ਨੂੰ 2025-26 ਤੱਕ ਕੁੱਲ ਘਰੇਲੂ ਪੈਦਾਵਾਰ ਦਾ 4.5% ਤੱਕ ਲਿਆਉਣ ਦਾ ਟੀਚਾ ਰੱਖਿਆ ਹੈ। ਇਸ ਟੀਚੇ ਤਹਿਤ ਸਰਕਾਰ ਵੱਡੇ ਸਰਮਾਏਦਾਰਾਂ 'ਤੇ ਨਵੇਂ ਟੈਕਸ ਲਾਉਣ ਦੀ ਥਾਂ ਆਮ ਲੋਕਾਂ 'ਤੇ ਨਾ ਸਿਰਫ ਟੈਕਸ ਦਾ ਬੋਝ ਵਧਾਵੇਗੀ ਸਗੋਂ ਲੋਕਾਂ ਨੂੰ ਮਿ਼ਲਦੀਆਂ ਮਾੜੀਆਂ-ਮੋਟੀਆਂ ਸਹੂਲਤਾਂ 'ਤੇ ਵੀ ਕੱਟ ਲਾਵੇਗੀ। ਜਿੱਥੋਂ ਤੱਕ ਖਰਚੇ ਘਟਾਉਣ ਦੀ ਗੱਲ ਹੈ ਤਾਂ ਹਾਲ ਇਹ ਹੈ ਕਿ ਭਾਰਤ ਵਿਚ 51% ਸਰਕਾਰੀ ਪ੍ਰੋਜੈਕਟ ਸਮੇਂ ਤੋਂ ਪੱਛੜ ਕੇ ਪੂਰੇ ਹੁੰਦੇ ਹਨ ਜਿਸ ਨਾ਼ਲ ਖਰਚੇ ਘਟਣ ਦੀ ਥਾਂ ਉਲਟਾ ਉਨ੍ਹਾਂ 'ਤੇ ਆਉਂਦੀ ਲਾਗਤ ਬੇਹੱਦ ਵਧ ਜਾਂਦੀ ਹੈ। ਦਸੰਬਰ 2022 ਤੱਕ ਅਜਿਹੀ ਦੇਰੀ ਕਾਰਨ ਹੋਇਆ ਕੁੱਲ ਨੁਕਸਾਨ ਵਧ ਕੇ 4.5 ਲੱਖ ਕਰੋੜ ਹੋ ਚੁੱਕਾ ਹੈ ਜਿਹੜਾ ਪ੍ਰੋਜੈਕਟਾਂ ਦੇ ਅਸਲ ਮਿੱਥੇ ਖਰਚਿਆਂ ਨਾ਼ਲੋਂ 22% ਵੱਧ ਸੀ। ਅਜਿਹੇ ਖਰਚੇ ਅਸਲ ਵਿਚ ਸਰਕਾਰੀ ਸਰੋਤਾਂ ਦੀ ਤੇ ਮੁਦਰਾ ਦੀ ਬਰਬਾਦੀ ਕਰਦੇ ਹਨ ਜਿਸ ਦਾ ਅਸਰ ਅੰਤ ਨੂੰ ਇਸਦੀ ਕਦਰ 'ਤੇ ਵੀ ਪੈਂਦਾ ਹੈ।

ਅੱਗੇ ਵਿਦੇਸ਼ੀ ਵਪਾਰ ਦੇ ਮਾਮਲੇ ਵਿਚ ਵੀ ਭਾਰਤ ਦਾ ਵਪਾਰ ਘਾਟਾ ਕਾਫੀ ਵੱਡਾ ਹੈ। ਮਈ ਮਹੀਨੇ ਤੱਕ ਭਾਰਤ ਦਾ ਵਪਾਰ ਘਾਟਾ ਵਧ ਕੇ 22.1 ਅਰਬ ਡਾਲਰ ਹੋ ਚੁੱਕਾ ਹੈ। ਲਗਾਤਾਰ ਵਧ ਰਹੇ ਇਸ ਘਾਟੇ ਕਾਰਨ ਭਾਰਤ ਦਾ ਵਿਦੇਸ਼ੀ ਮੁਦਰਾ ਭੰਡਾਰ ਖੁਰਦਾ ਹੈ ਜਿਸ ਕਾਰਨ ਰੁਪਏ ਦੀ ਸਾਖ ਹੋਰ ਡਿੱਗਦੀ ਹੈ। ਵਧ ਰਹੇ ਵਪਾਰ ਘਾਟੇ ਨੂੰ ਭਾਰਤ ਦੇ ਸਰਮਾਏਦਾਰਾ ਅਰਥਚਾਰੇ ਦੀ ਵਿਦੇਸ਼ੀ ਨਿਰਭਰਤਾ ਦੇ ਮਾਮਲੇ ਤੋਂ ਵੀ ਦੇਖ ਸਕਦੇ ਹਾਂ। ਭਾਰਤ ਵਿਚ ਦਰਾਮਦਾਂ ਦਾ ਅਹਿਮ ਹਿੱਸਾ ਇਸ ਦੀਆਂ ਤੇਲ ਦਰਾਮਦਾਂ ਬਣਦੀਆਂ ਹਨ। ਭਾਰਤ ਦਾ ਤੇਲ ਦਰਾਮਦ ਬਿੱਲ ਇਸ ਦੇ ਕੁੱਲ ਦਰਾਮਦ ਖਰਚਿਆਂ ਦਾ ਲਗਭਗ 25% ਬਣਦਾ ਹੈ। ਤੇ ਭਾਰਤ ਵਿਚ ਖਪਦੇ ਤੇਲ ਦਾ ਵੱਡਾ ਹਿੱਸਾ ਆਵਾਜਾਈ ਦੇ ਖੇਤਰ ਵਿਚ ਹੀ ਹੁੰਦਾ ਹੈ। ਡੀਜਲ ਦੀ 70% ਤੇ ਪੈਟਰੋਲ ਦੀ 95% ਖਪਤ ਆਵਾਜਾਈ ਦੇ ਖੇਤਰ ਲਈ ਹੀ ਹੁੰਦੀ ਹੈ ਜਿਸ ਵਿਚ ਨਿੱਜੀ ਵਾਹਨਾਂ ਦੀ ਖਪਤ ਵੀ ਵੱਡਾ ਹਿੱਸਾ ਬਣਦੀ ਹੈ। ਸਰਕਾਰੀ ਟਰਾਂਸਪੋਰਟ ਦਾ ਘੇਰਾ ਵਧਾ ਕੇ ਇਸ ਖਪਤ ਨੂੰ ਕਾਫੀ ਹੇਠਾਂ ਲਿਆਂਦਾ ਜਾ ਸਕਦਾ ਹੈ ਪਰ ਅਜਿਹਾ ਕਰਨ ਦਾ ਸਿੱਧਾ-ਸਿੱਧਾ ਮਤਲਬ ਨਿੱਜੀ ਵਾਹਨਾਂ ਦੀ ਸਨਅਤ ਦੇ ਮੁਨਾਫਿਆਂ 'ਤੇ ਕਾਟ ਲਾਉਣਾ ਹੋਵੇਗਾ ਜਿਹੜਾ ਕਿ ਇਸ ਸਰਮਾਏਦਾਰਾ ਨਿਜ਼ਾਮ ਵਿਚ ਸੰਭਵ ਨਹੀਂ।

**ਨਿਚੋੜ**

ਅਜੋਕੀ ਮਹਿੰਗਾਈ ਬਾਕੀ ਅਲਾਮਤਾਂ ਵਾਂਗੂੰ ਮੌਜੂਦਾ ਸਰਮਾਏਦਾਰਾ ਨਿਜ਼ਾਮ ਦੀ ਦੇਣ ਹੈ। ਸਰਮਾਏਦਾਰਾ ਨਿਜ਼ਾਮ ਆਪਣੇ ਪੂਰੇ ਇਤਿਹਾਸ ਵਿਚ ਇਸ ਅਲਾਮਤ 'ਤੇ ਨਾ ਕਾਬੂ ਪਾ ਸਕਿਆ ਹੈ ਤੇ ਨਾ ਪਾ ਸਕੇਗਾ। ਪਹਿਲਾਂ ਸਮਾਜਵਾਦੀ ਸੋਵੀਅਤ ਯੂਨੀਅਨ ਤੇ ਮਗਰੋਂ ਸਮਾਜਵਾਦੀ ਚੀਨ ਦੇ ਤਜਰਬੇ ਨੇ ਦਿਖਾਇਆ ਕਿ ਸਿਰਫ ਇਕ ਸਮਾਜਵਾਦੀ ਅਰਥਚਾਰਾ, ਜਿੱਥੇ ਪੈਦਾਵਾਰ ਸਰਮਾਏਦਾਰਾਂ ਦੇ ਮੁਨਾਫੇ ਵਧਾਉਣ ਲਈ ਨਹੀਂ ਸਗੋਂ ਸਮਾਜ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਹੁੰਦੀ ਹੋਵੇ, ਹੀ ਮਹਿੰਗਾਈ 'ਤੇ ਕਾਬੂ ਪਾ ਸਕਦਾ ਹੈ। ਸਿਰਫ ਅਜਿਹੇ ਨਿਜ਼ਾਮ ਵਿਚ ਜਿੱਥੇ ਕੀਮਤਾਂ ਸਥਿਰ ਹੋਣ ਤੇ ਸਾਰੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਹੋਵੇ, ਓਥੇ ਹੀ ਲੋਕ ਸੁਰੱਖਿਅਤ ਤੇ ਖੁਸ਼ਹਾਲ ਜ਼ਿੰਦਗੀ ਜਿਉਂ ਸਕਦੇ ਹਨ। ਮਹਿੰਗਾਈ 'ਤੇ ਕਾਬੂ ਪਾਉਣ ਦਾ ਸਮਾਜਵਾਦੀ ਨਿਜ਼ਾਮ ਦਾ ਤਜਰਬਾ ਇਸਦੀ ਸਰਮਾਏਦਾਰਾ ਪ੍ਰਬੰਧ 'ਤੇ ਉੱਤਮਤਾ ਨੂੰ ਸਿੱਧ ਕਰਦਾ ਹੈ।

# ਹਨੇਰੇ ਰਾਹ

**ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ।**

## ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਹੁਣ ਪੜ੍ਹੋ ਇਸ ਤੋਂ ਅਗਾਂਹ...***

ਕਰਨਵੀਰ

ਕਾਰ ਦਾ ਲਾਈਸੰਸ ਲੈਣ ਲਈ ਰੋਡ ਟੈੱਸਟ ਦੇਣ ਵਾਸਤੇ ਕਰਨਵੀਰ ਨੂੰ ਛੇਤੀ ਕਿਤੇ ਤਾਰੀਖ਼ ਨਹੀਂ ਸੀ ਮਿਲ ਰਹੀ। ਇਮੀਗ੍ਰੇਸ਼ਨ ਸਲਾਹਕਾਰ ਚਿੱਟੀ ਨੇ ਉਸ ਨੂੰ ਦੱਸਿਆ ਕਿ 'ਵਧੀਆ ਡਰਾਈਵਿੰਗ' ਸਕੂਲ ਵਾਲੇ ਕੋਈ ਬੰਦੋਬਸਤ ਕਰ ਦੇਣਗੇ। ਕਰਨਵੀਰ ਨੇ ਉਦੋਂ ਹੀ



**ਹਰਪ੍ਰੀਤ ਸੇਖਾ**
ਫੋਨ: +1-778-231-1189

ਉਸ ਸਕੂਲ ਨਾਲ਼ ਸੰਪਰਕ ਕਰ ਲਿਆ। ਅਗਲੇ ਦਿਨ ਹੀ ਪੰਜਾਹ-ਪਚਵੰਜਾ ਸਾਲਾਂ ਦਾ ਆਦਮੀ ਆਪਣੀ ਟਿਉਟਾ ਕਰੋਲਾ ਕਾਰ ਨਾਲ਼ ਕਰਨਵੀਰ ਕੋਲ ਪਹੁੰਚ ਗਿਆ। ਕਰਨਵੀਰ ਦੇ ਕਾਰ ਵਿਚ ਬੈਠਣ ਸਾਰ ਹੀ ਉਸ ਨੇ ਪੁੱਛਿਆ, "ਪਹਿਲਾਂ ਚਲਾਈ ਐ ਕਾਰ?"

"ਹਾਂ ਜੀ ਅੰਕਲ, ਸਪੇਨ 'ਚ ਚਲਾਉਂਦਾ ਆਇਆਂ।"

"ਅੱਛਾ-ਅੱਛਾ ਫੇਰ ਤਾਂ ਤੈਨੂੰ ਪਤਾ ਈ ਹੋਣੈ ਕੰਟਰੋਲਾਂ ਬਾਰੇ।"

ਕਰਨਵੀਰ ਨੇ ਕਾਰ ਦੇ ਅੰਗਾਂ 'ਤੇ ਨਿਗ੍ਹਾ ਮਾਰੀ ਤੇ ਬੋਲਿਆ, "ਹਾਂ ਜੀ।"

"ਚਲੋ ਫੇਰ।"

ਕਰਨਵੀਰ ਨੇ ਕਾਰ ਤੋਰ ਲਈ।

"ਸਟਾਪ ਸਾਈਨ ਤੋਂ ਸੱਜੇ ਮੋੜ ਲਈਂ।"

ਕਰਨਵੀਰ ਨੇ ਹਰਓਨਟੇਰੀਓ ਸੜਕ ਤੋਂ ਕਾਰ ਸੱਜੇ ਹੱਥ ਮੋੜ ਲਈ।

"ਸਪੇਨ ਕਿੰਨਾ ਚਿਰ ਰਿਹੈਂ?"

"ਚਾਰ ਕੁ ਸਾਲ।"

"ਓਥੇ ਕਿਵੇਂ ਅੱਪੜੇ?"

"ਸਟੂਡੈਂਟ ਵਜੋਂ।"

"ਓਥੇ ਫਿਰ ਗੱਲ ਨੀ ਬਣੀ?"

"ਬਣ ਗਈ ਸੀ। ਪਰ ਉੱਥੇ ਹੋਰ ਪਰਿਵਾਰ ਨੂੰ ਸੱਦਣ ਦੇ ਚਾਨਸ ਨਹੀਂ ਸੀ। ਮੈਂ ਸੋਚਿਆ ਕਨੇਡਾ ਹੋਰ ਵੀ ਵਧੀਆ ਮੁਲਖ ਏ। ਏਥੇ ਪੱਕੇ ਹੋ ਕੇ ਹੋਰ ਭੈਣ ਭਾਈ ਨੂੰ ਵੀ ਬੁਲਾ ਸਕਦਾ ਵਾਂ।"

"ਠੀਕ ਸੋਚਿਆ। ਅੱਛਾ, ਹੈ ਕੋਈ ਭੈਣ ਭਾਈ ਪਿੱਛੇ?"

"ਹਾਂ ਜੀ, ਵੱਡੀ ਭੈਣ ਤੇ ਛੋਟਾ ਭਰਾ। ਮੇਰੀ ਡਰਾਈਵਿੰਗ ਠੀਕ ਏ ਜੀ?"

"ਹਾਂ ਹਾਂ। ਸਿੱਧਾ ਲਈ ਚੱਲ। ਸਪੇਨ 'ਚ ਪੜ੍ਹਿਆ ਨੀ ਫੇਰ?" ਇਹ ਸੁਣ ਕੇ ਕਰਨਵੀਰ ਦੇ ਚਿੱਤ 'ਚ ਆਈ ਕਿ ਕਹੇ, 'ਅੰਕਲ, ਮੇਰੇ ਬਾਰੇ ਐਨੀ ਜਾਣਕਾਰੀ ਲੈ ਲਈ, ਹੁਣ ਕਿਸੇ ਕਨੇਡੀਅਨ ਕੁੜੀ ਦਾ ਰਿਸ਼ਤਾ ਹੀ ਕਰਵਾ ਦਿਓ' ਪਰ ਉਸ ਨੇ ਇਹ ਨਾ ਕਿਹਾ ਤੇ ਬੋਲਿਆ, "ਪੜ੍ਹਨ ਦਾ ਤਾਂ ਥੋਨੂੰ ਪਤਾ ਈ ਏ ਜੀ। ਪੜ੍ਹਨ ਥੋੜ੍ਹੋ, ਕੰਮ ਕਰਨ ਆਈਦਾ ਏ। ਕਰਜ਼ਾ ਲੈ ਕੇ ਆਇਆ ਸੀ। ਉਹ ਵੀ ਤਾਂ ਲਾਹੁਣਾ ਹੁੰਦਾ ਨਾ।"

"ਸਹੀ ਗੱਲ ਐ। ਪਾਰਕਿੰਗ ਲਵਾ ਕੇ ਦੇਖੀਏ ਕਿ ਲਾ ਲੈਨਾਂ? ਲਾ ਹੀ ਲੈਂਦਾ ਹੋਵੇਂਗਾ ਐਨੇ ਸਾਲ ਚਲਾਈ ਐ ਕਾਰ। ਰੋਡ ਟੈੱਸਟ ਬੁੱਕ ਕੀਤਾ ਹੋਇਐ?"

"ਨਹੀਂ ਜੀ। ਤਾਂ ਹੀ ਤਾਂ ਤੁਹਾਡੇ ਨਾਲ਼ ਗੱਲ ਕੀਤੀ ਏ। ਡੇਟ ਨਹੀਂ ਮਿਲਦੀ।"

"ਉਹ ਨਹੀਂ ਮਿਲਣੀ ਛੇਤੀ।"

"ਕੀ ਇਲਾਜ ਏ ਜੀ ਫਿਰ? ਮੈਂ ਕਾਰ ਤੋਂ ਬਾਅਦ ਟਰੱਕ ਦਾ ਲਾਈਸੰਸ ਲੈਣਾ ਏ।"

"ਗੱਲ ਏਦਾਂ ਬਈ ਤੂੰ ਕਾਰ ਤਾਂ ਠੀਕ ਚਲਾਉਨੈ ਪਰ ਰਿਸਕ ਵੱਡਾ ਇਹ ਹੈ ਕਿ ਜੇ ਐਗਜ਼ਾਮੀਨਰ ਘਰੋਂ ਘਰਵਾਲ਼ੀ ਨਾਲ਼ ਲੜ ਕੇ ਆਇਆ ਹੋਇਆ ਤੇ ਗੁੱਸਾ ਉਸ ਨੇ ਤੇਰੇ 'ਤੇ ਕੱਢ'ਤਾ ਫੇਰ ਗੜਬੜ ਹੋਜੂ। ਸਾਲ ਭਰ ਤੂੰ ਫਿਰ ਰੋਡ ਟੈੱਸਟ ਨੀ ਦੇ ਸਕਣਾ।"

"ਫੇਰ ਜੀ?"

"ਮੇਰੇ ਕੋਲ ਬੰਦਾ ਹੈ ਇਕ ਔਰੈਂਜਵਿਲ ਸ਼ਹਿਰ 'ਚ। ਏਥੋਂ ਦੋ ਘੰਟੇ ਲੱਗਦੇ ਆ। ਓਥੇ ਭਾਵੇਂ ਅਗਲੇ ਹਫ਼ਤੇ ਦਾ ਰੋਡ ਟੈੱਸਟ ਬੁੱਕ ਕਰ ਲਈਏ। ਤੈਨੂੰ ਮੈਂ ਇਸ ਕਰ ਕੇ ਦੱਸਦੈਂ ਬਈ ਤੂੰ ਟਰੱਕ ਦਾ ਲਸੰਸ ਛੇਤੀ ਲੈਣਾ। ਜੇ ਪਹਿਲਾਂ ਕਾਰ ਦਾ ਹੋਵੇਗਾ, ਫੇਰ ਈ ਟਰੱਕ ਦਾ ਮਿਲੇਗਾ ਪਰ ਡਾਲੇ ਲੱਗਣਗੇ।"

"ਕਿੰਨੇ ਕੁ ਲੱਗਣਗੇ ਜੀ?"

"ਪੰਦਰਾਂ ਸੌ ਲੈਂਦਾ ਉਹ। ਮੇਰੀ ਵੀ ਆਉਣ-ਜਾਣ ਦੀ ਦਿਹਾੜੀ ਹੈ। ਕਾਰ 'ਚ ਗੈਸ ਵੀ ਪੈਣਾ।"



ਕਰਨਵੀਰ ਚੁੱਪ ਕਰ ਗਿਆ। ਅੰਕਲ ਫਿਰ ਬੋਲਿਆ, "ਬ੍ਰੈਂਪਟਨ 'ਚ ਤਾਂ ਕਈ ਮਹੀਨੇ ਵਾਰੀ ਨੀ ਆਉਣੀ। ਤੇਰੇ ਕੋਲ ਮੇਰਾ ਫੋਨ ਨੰਬਰ ਤਾਂ ਹੈਗਾ ਈ ਆ। ਫੇਰ ਸੋਚ ਕੇ ਦੱਸ ਦੇਵੀਂ।"

'ਜੇ ਫੇਲ੍ਹ ਹੋ ਗਿਆ ਤਾਂ ਸਾਰਾ ਕੰਮ ਹੀ ਵਿਗੜ ਜਾਵੇਗਾ। ਫੇਰ ਕਨੇਡਾ ਦਾ ਤਾਂ ਖਿਆਲ ਹੀ ਛੱਡਣਾ ਪਵੇਗਾ।' ਇਹ ਸੋਚ ਕੇ ਕਰਨਵੀਰ ਨੇ ਉਸੇ ਵੇਲੇ ਹੀ ਹਾਮੀ ਭਰ ਦਿੱਤੀ। ਅਗਲੇ ਹਫ਼ਤੇ ਔਰੈਂਜਵਿਲ ਸ਼ਹਿਰ 'ਚ ਕਾਰ ਦਾ ਰੋਡ ਟੈੱਸਟ ਦੇ ਕੇ ਕਰਨਵੀਰ ਨੇ ਸੋਚਿਆ ਕਿ ਜੇ ਅੰਕਲ ਨੂੰ ਵਾਧੂ ਡਾਲਰ ਨਾ ਵੀ ਦਿੱਤੇ ਹੁੰਦੇ ਤਾਂ ਪਾਸ ਉਸ ਨੇ ਫੇਰ ਵੀ ਹੋ ਹੀ ਜਾਣਾ ਸੀ।

—

ਕਰਨਵੀਰ 'ਘੈਂਟ ਟਰੱਕ ਡਰਾਈਵਿੰਗ ਸਕੂਲ' ਦੇ ਦਫ਼ਤਰ ਮੂਹਰੇ ਸਭ ਤੋਂ ਪਹਿਲਾਂ ਆ ਕੇ ਖੜ੍ਹ ਗਿਆ। ਟਾਈਮ ਦੇਖਣ ਲਈ ਉਸ ਨੇ ਜੈਕਟ ਵਿਚੋਂ ਫੋਨ ਕੱਢਿਆ। ਅੱਠ ਵੱਜਣ ਵਿਚ ਦਸ ਮਿੰਟ ਰਹਿੰਦੇ ਸਨ। ਹਾਲੇ ਤਕ ਕੋਈ ਵੀ ਨਹੀਂ ਸੀ ਆਇਆ। ਕਰਨਵੀਰ ਨੇ ਦੂਜੀ ਜੇਬ ਵਿਚ ਸੈੱਲ ਫੋਨ ਰੱਖ ਕੇ ਉਸ ਵਿਚ ਛਤਰੀ ਫੜ ਲਈ ਅਤੇ ਪਹਿਲੇ ਹੱਥ ਨੂੰ ਨਿੱਘਾ ਕਰਨ ਲਈ ਜੈਕਟ ਦੀ ਜੇਬ ਵਿਚ ਪਾ ਲਿਆ। ਮੀਂਹ ਤੇਜ਼ ਹੋ ਗਿਆ ਸੀ। ਉਹ ਡਰਾਈਵਿੰਗ ਸਕੂਲ ਦੇ ਦਫ਼ਤਰ ਮੂਹਰੇ ਬਣੇ ਵਾਧਰੇ ਹੇਠ ਹੋ ਗਿਆ। ਉਸ ਦੇ ਮਗਰ ਲਾਈਨ ਲੱਗਣੀ ਸੀ। ਅੱਜ ਉਹ ਧਾਅ ਕੇ ਆਇਆ ਸੀ ਕਿ ਸਭ ਤੋਂ ਪਹਿਲਾਂ ਪਹੁੰਚੇਗਾ ਤਾਂ ਕਿ ਸ਼ਾਮ ਨੂੰ ਟਰੱਕ ਬੈਕ ਕਰਨਾ ਸਿੱਖਣ ਲਈ ਉਸ ਦੀ ਸਭ ਤੋਂ ਪਹਿਲਾਂ ਵਾਰੀ ਆਵੇ। ਕੱਲ੍ਹ ਉਹ ਬੱਚਿਆਂ ਨੂੰ ਸਕੂਲ ਦੀ ਬੱਸ ਚੜ੍ਹਾਉਣ ਦੇ ਚੱਕਰ ਵਿਚ ਦਸ ਵਜੇ ਪਹੁੰਚਿਆ ਸੀ। ਤੇ ਸ਼ਾਮ ਨੂੰ ਉਸ ਦੀ ਵਾਰੀ ਨਹੀਂ ਸੀ ਆਈ। ਟਰੱਕ ਸਕੂਲ ਵਾਲ਼ਾ ਨਛੱਤਰ ਪਹਿਲੇ ਚਾਰਾਂ ਦੀ ਪ੍ਰੈਕਟਿਸ ਕਰਵਾ ਕੇ ਚਲਦਾ ਬਣਿਆ ਸੀ। ਜਾਣ ਲੱਗਾ ਕਹਿੰਦਾ, "ਕਿਸੇ ਐਗਜ਼ਾਮੀਨਰ ਨੂੰ ਖਵਾਉਣ-ਪਿਆਉਣ ਲਿਜਾਣਾ, ਜਿਹੜਾ ਥੋਨੂੰ ਪਾਸ ਕਰ ਦਿਆ ਕਰੇ।"

ਨਛੱਤਰ ਸਵੇਰੇ ਨੌਂ ਤੋਂ ਬਾਰਾਂ ਵਜੇ ਤਕ ਸਿਖਾਂਦਰੂਆਂ ਦਾ ਪੰਦਰਾਂ ਕੁ ਮਿੰਟ ਦਾ ਗੇੜਾ ਕਢਵਾ ਦਿੰਦਾ ਅਤੇ ਫਿਰ ਉੱਥੋਂ ਚਲਿਆ ਜਾਂਦਾ। ਆਖਦਾ ਕਿ ਅੱਜ ਫਲਾਣੇ ਦਾ ਰੋਡ ਟੈੱਸਟ ਦਿਵਾਉਣ ਚੱਲਿਆਂ। ਕਈ ਵਾਰ ਉਹ ਬਾਰਾਂ ਤੋਂ ਵੀ ਪਹਿਲਾਂ ਚਲਿਆ ਜਾਂਦਾ। ਉਸ ਕੋਲ ਆਪਣਾ ਯਾਰਡ ਨਹੀਂ ਸੀ। ਜਿਸ ਪਲਾਜ਼ੇ ਵਿਚ ਉਸ ਦਾ ਸਕੂਲ ਸੀ, ਉਸ ਦੀ ਪਾਰਕਿੰਗ ਲਾਟ ਸ਼ਾਮ ਨੂੰ ਵਿਹਲੀ ਹੋ ਜਾਂਦੀ ਅਤੇ ਉਹ ਸਿਖਾਂਦਰੂਆਂ ਨੂੰ ਟਰੱਕ ਬੈਕ ਕਰਨ ਦੀ ਉੱਥੇ ਹੀ ਸਿਖਲਾਈ ਦਿੰਦਾ। ਪਰਸੋਂ ਕਰਨਵੀਰ ਨੇ ਉਸ ਨੂੰ ਕਿਹਾ ਸੀ, "ਸਰ, ਸਿੱਧਾ ਟਰੱਕ ਚਲਾਉਣ ਦਾ ਮੇਰਾ ਹੱਥ ਖੁੱਲ੍ਹ ਗਿਆ ਏ, ਹੁਣ ਬੈਕ ਲਾਉਣੀ ਵੀ ਸਿਖਾ ਦਿਓ।"

"ਠੀਕ ਹੈ ਕੱਲ੍ਹ ਤੋਂ ਸ਼ਾਮ ਨੂੰ ਵੀ ਆ ਜਾਇਆ ਕਰੀਂ।" ਨਛੱਤਰ ਬੋਲਿਆ। ਤੇ ਕੱਲ੍ਹ ਉਸ ਦੀ ਵਾਰੀ ਨਾ ਆਈ ਹੋਣ ਕਰ ਕੇ ਕਰਨਵੀਰ ਅੱਜ ਸਵੇਰੇ ਹੀ ਸਭ ਤੋਂ ਪਹਿਲਾਂ ਆ ਗਿਆ ਸੀ। ਕਰਨਵੀਰ ਦੇ ਚੇਤੇ ਵਿਚ ਰੁਪਿੰਦਰ ਦਾ ਮਸੋਸਿਆ ਚਿਹਰਾ ਆ ਗਿਆ। ਰਾਤ ਕਰਨਵੀਰ ਨੇ ਕਿਹਾ ਸੀ, "ਭਾਬੀ ਕੱਲ੍ਹ ਨੂੰ ਮੈਥੋਂ ਬੱਚਿਆਂ ਨੂੰ ਸਕੂਲ ਲਈ ਬੱਸ ਸਟਾਪ ਤਕ ਨਹੀਂ ਛੱਡ ਹੋਣਾ। ਅੱਜ ਮੈਂ ਖ਼ੱਜਲ ਹੋ ਕੇ ਮੁੜ ਆਇਆ ਵਾਂ। ਕੁੱਝ ਨਹੀਂ ਸਿੱਖਿਆ। ਸਵੇਰ ਨੂੰ ਜਿਹੜਾ ਪਹਿਲਾਂ ਪਹੁੰਚਦਾ ਏ, ਸ਼ਾਮ ਨੂੰ ਬੈਕ ਲਾਉਣੀ ਸਿੱਖਣ ਦੀ ਵੀ ਪਹਿਲਾਂ ਉਸੇ ਦੀ ਵਾਰੀ ਆਉਂਦੀ ਏ।"

"ਕਰਨ, ਜੇ ਪਹਿਲਾਂ ਪਤਾ ਹੁੰਦਾ ਤਾਂ ਮੈਂ ਕੰਮ 'ਤੇ ਦੱਸ ਆਉਂਦੀ ਕਿ ਲੇਟ ਆਊਂਗੀ।" ਰੁਪਿੰਦਰ ਬੋਲੀ। ਉਸ ਦਾ ਮਸੋਸਿਆ ਜਿਹਾ ਚਿਹਰਾ ਦੇਖ ਕੇ ਕਰਨਵੀਰ ਨੇ ਕਿਹਾ, "ਚੱਲ ਕੱਲ੍ਹ ਨੂੰ ਮੈਂ ਫੇਰ ਲੇਟ ਚਲਾ ਜਾਵਾਂਗਾ। ਤੁਸੀਂ ਕੰਮ 'ਤੇ ਦੱਸ ਆਇਓ।"

"ਨਹੀਂ ਨਹੀਂ। ਤੂੰ ਚਲਿਆ ਜਾਈਂ, ਮੈਂ ਐਡਜਸਟ ਕਰ ਲਵਾਂਗੀ।"

ਜਦੋਂ ਵੀ ਰੁਪਿੰਦਰ 'ਐਡਜਸਟ ਕਰ ਲਵਾਂਗੀ' ਆਖਦੀ, ਕਰਨਵੀਰ ਆਪਣੇ ਆਪ ਨੂੰ ਦੱਬਿਆ ਦੱਬਿਆ ਮਹਿਸੂਸ ਕਰਦਾ। ਉਹ ਸੋਚਦਾ ਕਿ ਐਨਾ ਅਹਿਸਾਨ ਨਹੀਂ ਲੈਣਾ ਕਿ ਕਿਸੇ ਗੱਲੋਂ ਜਵਾਬ ਦੇਣਾ ਮੁਸ਼ਕਲ ਹੋ ਜਾਵੇ। ਖ਼ਾਸ ਕਰ ਕੇ ਉਸ ਦਿਨ ਤੋਂ ਉਹ ਜ਼ਿਆਦਾ ਹੀ ਚੌਕਸ ਹੋ ਗਿਆ ਸੀ ਜਿਸ ਦਿਨ ਰੁਪਿੰਦਰ ਨੇ ਕਿਹਾ ਸੀ, "ਕਰਨ, ਛੇਤੀ ਛੇਤੀ ਕਿਤੇ ਐਡਜਸਟ ਹੋ, ਫਿਰ ਤੇਰੇ ਵਾਸਤੇ ਕੋਈ ਕੁੜੀ ਲੱਭੀਏ।"

"ਹੁਣੇ ਲੱਭ ਦਿਓ ਕੁੜੀ। ਨਾਲੇ ਮੇਰਾ ਐਡਜਸਟ ਹੋਣਾ ਸੁਖਾਲ਼ਾ ਹੋ ਜਾਵੇਗਾ। ਹੁਣ ਪਤਾ ਨੀ ਕਿੰਨਾ ਚਿਰ ਲੱਗੇ ਸੈੱਟ ਹੋਣ ਨੂੰ।" ਕਰਨਵੀਰ ਨੇ ਜਵਾਬ ਦਿੱਤਾ ਸੀ।

"ਇੰਡੀਆ ਤੋਂ ਲਿਆ ਕੇ ਦਿਊਂ ਤੈਨੂੰ ਬਹੁਤ ਹੀ ਸਿਆਣੀ ਤੇ ਸਮਝਦਾਰ ਕੁੜੀ।"

"ਭਾਬੀ, ਸ਼ਾਮ ਦੀ ਦਾਲ਼-ਸਬਜ਼ੀ ਮੈਂ ਬਣਾ ਦਿਆ ਕਰਾਂਗਾ। ਮੈਂ ਕਿਤੇ ਬਣਾਉਣੀ ਭੁੱਲ ਹੀ ਨਾ ਜਾਵਾਂ।" ਕਰਨਵੀਰ ਨੇ ਹੱਸ ਕੇ ਗੱਲ ਨੂੰ ਹੋਰ ਪਾਸੇ ਪਾਉਣ ਲਈ ਕਿਹਾ। ਉਹ ਕੋਈ ਵਾਅਦਾ ਕਰ ਕੇ ਕੈਨੇਡਾ ਵਿਚ ਵਿਆਹ ਕਰਵਾ ਕੇ ਪੱਕਾ ਹੋਣ ਵਾਲ਼ਾ ਰਾਹ ਬੰਦ ਨਹੀਂ ਸੀ ਕਰਨਾ ਚਾਹੁੰਦਾ; ਤੇ ਕਰਨਵੀਰ ਅੱਗੇ ਲਈ ਚੌਕਸ ਹੋ ਗਿਆ ਸੀ ਕਿ ਕੋਈ ਨਾ ਕੋਈ ਘਰਦਾ ਕੰਮ ਕਰ ਕੇ ਉਹ ਆਪਣੇ ਚਚੇਰੇ ਭਰਾ-ਭਰਜਾਈ 'ਤੇ ਬਹੁਤਾ ਬੋਝ ਨਾ ਬਣੇ। ਪਹਿਲਾਂ ਵੀ ਤਿੰਨ ਵਾਰ ਕਰਨਵੀਰ ਬੱਚਿਆਂ ਨੂੰ ਸਕੂਲ ਲਈ ਸਵੇਰੇ ਬੱਸ ਸਟਾਪ 'ਤੇ ਨਹੀਂ ਸੀ ਛੱਡ ਸਕਿਆ; ਤੇ ਉਨ੍ਹਾਂ ਸ਼ਾਮਾਂ ਨੂੰ ਉਹ ਬੱਚਿਆਂ ਲਈ ਬਾਹਰੋਂ ਕੁੱਝ ਖਾਣ ਲਈ ਲੈ ਗਿਆ ਸੀ।

ਉਸ ਦਿਨ ਵੀ ਕਰਨਵੀਰ ਬੱਚਿਆਂ ਨੂੰ ਸਕੂਲ ਵਾਲੀ ਬੱਸ ਨਹੀਂ ਸੀ ਚੜ੍ਹਾ ਸਕਿਆ ਜਿਸ ਦਿਨ ਉਹ ਕਾਰ ਦੇ ਲਾਈਸੰਸ ਲਈ ਸੜਕ ਨਿਯਮਾਂ ਦੀ ਜਾਣਕਾਰੀ ਵਾਲ਼ਾ ਟੈੱਸਟ ਦੇਣ ਗਿਆ ਸੀ। ਪਹਿਲੇ ਦਿਨ ਉਸ ਨੂੰ ਪਤਾ ਹੀ ਨਹੀਂ ਸੀ ਕਿ ਇਹ ਟੈੱਸਟ ਦੇਣ ਲਈ ਉਸ ਨੂੰ ਲੰਮੀ ਕਤਾਰ ਵਿਚ ਖੜ੍ਹ ਕੇ ਉਡੀਕ ਕਰਨੀ ਪਵੇਗੀ। ਉਹ ਲਾਈਨ ਵਿਚ ਹਾਲੇ ਪੰਜ ਸੱਤ ਮਿੰਟ ਹੀ ਖੜ੍ਹਾ ਹੋਵੇਗਾ ਕਿ ਉਸ ਕੋਲੋਂ ਲੰਘਦਾ ਇਕ ਬੰਦਾ ਬੋਲਿਆ, "ਇੱਥੇ ਖੜ੍ਹਨ ਦਾ ਕੋਈ ਫਾਇਦਾ ਨਹੀਂ। ਅੱਜ ਨਹੀਂ ਵਾਰੀ ਆਉਂਦੀ। ਕੱਲ੍ਹ ਨੂੰ ਸਵੇਰੇ ਆ ਕੇ ਖੜ੍ਹਿਓ। ਦਫ਼ਤਰ ਅੱਠ ਵਜੇ ਖੁੱਲ੍ਹਦਾ ਹੈ। ਉਸ ਤੋਂ ਵੀ ਪਹਿਲਾਂ ਆ ਕੇ ਖੜ੍ਹਿਓ।"

ਕਰਨਵੀਰ ਨੇ ਉਵੇਂ ਹੀ ਕੀਤਾ। ਅਗਲੇ ਦਿਨ ਉਹ ਸਵੇਰੇ ਛੇ ਵਜੇ ਹੀ ਲਾਈਨ ਵਿਚ ਲੱਗ ਗਿਆ। ਉਸ ਤੋਂ ਮੂਹਰੇ ਦੋ ਜਿਊੜੇ ਹੋਰ ਖੜ੍ਹੇ ਸਨ। ਦਫ਼ਤਰ ਖੁੱਲ੍ਹਣ ਸਾਰ ਹੀ ਕਰਨਵੀਰ ਦੀ ਵਾਰੀ ਆ ਗਈ। "ਆਪਣੇ ਦੇਸ਼ ਤੋਂ ਆਪਣੀ ਡਰਾਈਵਿੰਗ ਹਿਸਟਰੀ ਮੰਗਵਾ ਲਵੋ ਤੇ ਸੜਕ ਨਿਯਮਾਂ ਦੀ ਜਾਣਕਾਰੀ ਦਾ ਟੈੱਸਟ ਦੇ ਦਿਓ। ਉਹ ਟੈੱਸਟ ਪਾਸ ਕਰਨ ਤੋਂ ਬਾਅਦ ਰੋਡ ਟੈੱਸਟ ਬੁੱਕ ਕਰਵਾ ਦਿਓ।" ਉਸ ਨੂੰ ਦੱਸਿਆ ਗਿਆ।

ਕਰਨਵੀਰ ਆਪਣੀ 'ਡਰਾਈਵਿੰਗ ਹਿਸਟਰੀ' ਲੈ ਕੇ ਅਗਲੇ ਹਫ਼ਤੇ ਫਿਰ ਛੇ ਵਜੇ ਲਾਈਨ ਵਿਚ ਜਾ ਲੱਗਾ। ਉਸ ਦਿਨ ਠੰਢ ਹੱਥ ਪੈਰ ਸੁੰਨ ਕਰ ਰਹੀ ਸੀ। ਸੀਤ ਹਵਾ ਉਸ ਦੇ ਪਾਏ ਕੱਪੜਿਆਂ ਦੀਆਂ ਤਹਿਆਂ ਪਾੜ ਕੇ ਉਸ ਤਕ ਪਹੁੰਚ ਰਹੀ ਸੀ। ਉਸ ਤੋਂ ਅੱਗੇ-ਪਿੱਛੇ ਖੜ੍ਹੇ ਆਪਣੇ ਨਾਲ਼ ਸਾਥੀ ਲੈ ਕੇ ਆਏ ਸਨ। ਉਨ੍ਹਾਂ ਵਿਚੋਂ ਇਕ ਜਣਾ ਕੁੱਝ ਦੇਰ ਜਾ ਕੇ ਕਾਰ ਵਿਚ ਗਰਮ ਹੋ ਆਉਂਦਾ, ਦੂਜਾ ਲਾਈਨ ਵਿਚ ਉਸ ਦੀ ਥਾਂ ਬਣਾਈ ਰੱਖਦਾ। ਕਰਨਵੀਰ ਇਕੱਲਾ ਸੀ। ਦੋ ਘੰਟੇ ਲਾਈਨ ਵਿਚ ਖੜੋਤਿਆਂ ਉਸ ਦਾ ਸਰੀਰ ਸੁੰਨ ਹੋ ਗਿਆ ਸੀ।

ਉਸ ਦਿਨ ਦੀ ਠੰਢ ਨੂੰ ਯਾਦ ਕਰ ਕੇ ਕਰਨਵੀਰ ਨੂੰ ਝੁਣਝਣੀ ਆਈ। "ਆਇਆ ਨੀ ਹਾਲੇ ਕੋਈ?" ਇਸ ਆਵਾਜ਼ ਨੇ ਕਰਨਵੀਰ ਨੂੰ ਉਸ ਦਿਨ ਦੀ ਸੀਤ ਹਵਾ ਵਾਲੀ ਠੰਢ 'ਚੋਂ ਅੱਜ ਦੇ ਮੀਂਹ ਵਿਚ ਮੋੜ ਲਿਆਂਦਾ।

ਕਰਨਵੀਰ ਨੇ ਆਵਾਜ਼ ਵਾਲੇ ਪਾਸੇ ਦੇਖਿਆ। ਫਿਰ ਆਉਣ ਵਾਲੇ ਵੱਲ ਦੇਖ ਕੇ ਬੋਲਿਆ, "ਹੈਲੋ ਮਨਦੀਪ, ਨਹੀਂ, ਹਾਲੇ ਤਾਂ ਕੋਈ ਨਹੀਂ ਆਇਆ। ਜੇ ਟਰੱਕ ਹੀ ਏਥੇ ਹੁੰਦਾ ਤਾਂ ਪ੍ਰੀ-ਟ੍ਰਿੱਪ ਇਨਸਪੈਕਸ਼ਨ ਹੀ ਦੁਹਰਾ ਲੈਂਦੇ।"

"ਉਹ ਤਾਂ ਰੱਟਿਆ ਪਿਐ। ਹੁਣ ਤਾਂ ਰੋਡ ਟੈੱਸਟ ਹੋਵੇ ਫੇਰ ਐ।" ਮਨਦੀਪ ਬੋਲਿਆ।

"ਕਿੰਨਾ ਕੁ ਚਿਰ ਹੋ ਗਿਆ ਲੈਸਨ ਲੈਂਦਿਆਂ ਨੂੰ?"

"ਦੋ ਮਹੀਨੇ ਹੋ ਚੱਲੇ ਆ। ਵਾਅਦਾ ਕੀਤਾ ਸੀ ਬਈ ਮਹੀਨੇ ਦੇ ਵਿਚ ਵਿਚ ਰੋਡ ਟੈੱਸਟ ਦਿਵਾ ਦਿਊਂਗਾ।"


'ਜੇ ਇਹਦੀ ਦੋ ਮਹੀਨੇ ਵਾਲੇ ਦੀ ਹਾਲੇ ਵਾਰੀ ਨਹੀਂ ਆਈ ਤਾਂ ਮੇਰੀ ਬਾਰਾਂ ਦਿਨਾਂ ਵਾਲੇ ਦੀ ਕਦੋਂ ਆਈ?' ਕਰਨਵੀਰ ਨੇ ਸੋਚਿਆ ਪਰ ਉਸ ਨੇ ਇਸ ਤਰ੍ਹਾਂ ਕਿਹਾ ਨਹੀਂ। ਉਹ ਬੋਲਿਆ, "ਵਾਅਦਾ ਤਾਂ ਮੇਰੇ ਨਾਲ਼ ਵੀ ਇਹੀ ਕੀਤਾ ਸੀ ਪਰ ਹੁਣ ਤੁਹਾਨੂੰ ਕਹਿੰਦਾ ਕੀ ਏ?"

"ਅੱਜ ਰੋਡ ਟੈੱਸਟ ਬੁੱਕ ਕਰਦੇ ਆਂ ਕੱਲ੍ਹ ਕਰਦੇ ਆਂ ਆਖ ਛੱਡਦੈ।"

"ਲੱਗਦੈ ਕਿ ਜੂਨ ਦਾ ਮਹੀਨਾ ਟਪਾਊਗਾ। ਸਾਰੇ ਹੀ ਜੂਨ ਤੋਂ ਪਹਿਲਾਂ ਪਹਿਲਾਂ ਲਾਈਸੰਸ ਲੈਣਾ ਚਾਹੁੰਦੇ ਆ। ਏਸ ਕਰ ਕੇ ਡੇਟਾਂ ਨੀ ਮਿਲਦੀਆਂ।" ਉਨ੍ਹਾਂ ਕੋਲ ਆ ਕੇ ਖੜ੍ਹਦਾ ਇਕ ਹੋਰ ਸਿਖਾਂਦਰੂ ਬੋਲਿਆ।

"ਹਾਂ ਬਈ ਸੁਰਜੀਤ, ਆ ਗਿਆ? ਫੇਰ ਲਾਰੇ ਨਾ ਨਾ ਲਾਵੇ, ਸਿੱਧਾ ਆਖ ਦੇਵੇ। ਮੈਂ ਤਾਂ ਹਜ਼ਾਰ ਡਾਲਰ ਦੇ ਬੈਠਾਂ, ਨਹੀਂ ਤਾਂ ਕੋਈ ਹੋਰ ਸਕੂਲ ਦੇਖ ਲੈਂਦਾ। ਓਧਰੋਂ ਰੂਲ ਚੇਂਜ ਹੋ ਜਾਣੇ ਆ।" ਮਨਦੀਪ ਬੋਲਿਆ।

'ਸਿਰੇ ਸੱਟ ਟਰੱਕ ਡਰਾਈਵਿੰਗ ਸਕੂਲ' ਵਾਲ਼ਾ ਦਰਸ਼ਨ ਕਹਿੰਦੇ ਰੋਡ ਟੈੱਸਟ ਦਿਵਾ ਦਿੰਦਾ। ਉਹਦੇ ਕੋਲ ਹੁੰਦੀਆਂ ਡੇਟਾਂ ਪਰ ਉਹ ਫ਼ੀਸ ਦੋ ਹਜ਼ਾਰ ਲੈਂਦਾ। ਨਾਲੇ ਸੁਣਦੇ ਆਂ ਕਿ ਹੈ ਕੱਬਾ।"





## ਕਾਂਡ ਚਾਰ

"ਕੱਬੇ ਨੂੰ ਤਾਂ ਚੱਲ ਝੱਲ ਲਵਾਂਗੇ ਰੋਡ ਟੈੱਸਟ ਦਿਵਾਵੇ ਤਾਂ ਪਰ ਉਹਨੂੰ ਕਿੱਥੋਂ ਮਿਲਦੀਐਂ ਡੇਟਾਂ?"

"ਉਹਦੀਆਂ ਕਹਿੰਦੇ ਪਹਿਲਾਂ ਹੀ ਬੁੱਕ ਕੀਤੀਆਂ ਹੋਈਆਂ। ਹੁਣ ਉਹ ਨਾਂ ਬਦਲ ਕੇ ਦਿਵਾਈ ਜਾਂਦਾ ਰੋਡ ਟੈੱਸਟ।" ਸੁਰਜੀਤ ਨੇ ਦੱਸਿਆ।

"ਕਰੀਏ ਪਤਾ ਫਿਰ ਉਹਤੋਂ?" ਮਨਦੀਪ ਬੋਲਿਆ।

"ਮੈਨੂੰ ਵੀ ਲੈ ਚੱਲੋਂਗੇ, ਵੀਰੇ?" ਕਰਨਵੀਰ ਨੇ ਪੁੱਛਿਆ।

"ਠੀਕ ਹੈ, ਤਿੰਨੇ ਚੱਲਾਂਗੇ, ਹੋਰ ਕਿਸੇ ਕੋਲ ਗੱਲ ਨੀ ਕਰਨੀ।"

ਉਨ੍ਹਾਂ ਦੇ ਸਲਾਹਾਂ ਕਰਦਿਆਂ ਇਕ ਜਣਾ ਹੋਰ ਉੱਥੇ ਆ ਗਿਆ। ਉਨ੍ਹਾਂ ਨੇ ਆਪਣੀ ਗੱਲ ਦਾ ਵਿਸ਼ਾ ਬਦਲ ਲਿਆ। ਫਿਰ ਤਿੰਨ ਸਿਖਾਂਦਰੂ ਹੋਰ ਆ ਗਏ। ਕੁੱਝ ਦੇਰ ਬਾਅਦ ਕਿਸੇ ਦਾ ਫੋਨ ਖੜਕਿਆ। ਫੋਨ ਸੁਣਨ ਤੋਂ ਬਾਅਦ ਉਹ ਸਾਰਿਆਂ ਨੂੰ ਬੋਲਿਆ, "ਨਛੱਤਰ ਦਾ ਫੋਨ ਸੀ, ਕਹਿੰਦਾ ਘਰਾਂ ਨੂੰ ਵਗਜੋ ਅੱਜ ਨੀ ਉਸ ਤੋਂ ਆ ਹੋਣਾ, ਕੋਈ ਜ਼ਰੂਰੀ ਕੰਮ ਹੋ ਗਿਆ ਉਸ ਨੂੰ।"

"ਹੈ ਭੈਅ— ਰਾਤ ਫੋਨ ਕਰ ਦਿੰਦਾ ਤਾਂ ਮੈਂ ਕਿਉਂ ਛੁੱਟੀ ਕਰਦਾ ਅੱਜ ਦੀ।" ਸੁਰਜੀਤ ਨੇ ਕਿਹਾ। ਕਰਨਵੀਰ ਨੇ ਸੁਰਜੀਤ ਵੱਲ ਦੇਖਿਆ। ਉਹ ਫਿਰ ਬੋਲਿਆ, "ਇਹ ਸਸਤੇ ਹੋਣ ਕਰ ਕੇ ਅਸੀਂ ਆਪਣੇ ਬੰਦਿਆਂ ਵੱਲ ਭੱਜਦੇ ਆਂ। ਇਹ ਇਸ ਤਰ੍ਹਾਂ ਖ਼ਰਾਬ ਕਰ ਕੇ ਵੱਧ ਦਾ ਨੁਕਸਾਨ ਕਰ ਦਿੰਦੇ ਆ।"

"ਏਵੇਂ ਈ ਐ। ਏਅਰ ਬ੍ਰੇਕਾਂ ਦਾ ਕੋਰਸ ਮੈਂ ਗੋਰੇ ਤੋਂ ਕੀਤੈ। ਦੋ ਦਿਨਾਂ ਦਾ ਕੋਰਸ ਸੀ। ਕੋਈ ਖੱਜਲ ਖੁਆਰੀ ਨੀ। ਦੋ ਦਿਨਾਂ 'ਚ ਹੀ ਕਰ ਕੇ ਪਾਸੇ ਕੀਤਾ।" ਮਨਦੀਪ ਨੇ ਦੱਸਿਆ।

"ਹਾਂ, ਉਹਨੇ ਨਹੀਂ ਖ਼ਰਾਬ ਕੀਤਾ।" ਕਰਨਵੀਰ ਨੇ ਹਾਜ਼ਰੀ ਲਵਾਈ।

ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਉਹ ਕੁੱਝ ਦੇਰ ਬਾਅਦ ਉੱਥੋਂ ਤੁਰ ਪਏ। ਸੁਰਜੀਤ ਅਤੇ ਮਨਦੀਪ ਦੇ ਮਗਰ ਹੀ ਕਰਨਦੀਪ ਤੁਰ ਪਿਆ। ਉਹ ਇਕ ਕਾਰ ਕੋਲ ਜਾ ਕੇ ਰੁਕ ਗਏ। ਖੜ੍ਹਦਿਆਂ ਹੀ ਕਰਨਵੀਰ ਬੋਲਿਆ, "ਵੀਰੇ ਤੁਹਾਡੇ ਤੋਂ ਕੀ ਛੁਪਾਉਣਾ, ਮੈਂ ਇੱਥੇ ਵਿਜ਼ਟਰ ਵੀਜ਼ੇ 'ਤੇ ਆਇਆ ਵਾਂ। ਛੇ ਮਹੀਨੇ ਦਾ ਵੀਜ਼ਾ ਸੀ। ਇਕ ਮਹੀਨਾ ਮੈਂ ਓਥੇ ਹੀ ਜੱਕਾਂ-ਤੱਕਾਂ 'ਚ ਲੰਘਾ ਦਿੱਤਾ। ਜੌਬ ਛੱਡ ਕੇ ਆਇਆ ਵਾਂ। ਜਿਸ ਦਿਨ ਤੁਸੀਂ ਗਏ, ਮੈਨੂੰ ਵੀ ਲੈ ਚੱਲਿਓ।"

"ਜਿੱਦਣ ਕੀ, ਅੱਜ ਹੀ ਚੱਲਦੇ ਆਂ। ਬੈਠੋ ਕਾਰ 'ਚ।" ਆਖਦਿਆਂ ਸੁਰਜੀਤ ਨੇ ਕਾਰ ਦਾ ਦਰਵਾਜ਼ਾ ਖੋਲ੍ਹ ਲਿਆ ਅਤੇ ਫਿਰ ਕਾਰ ਵਿਚ ਬੈਠ ਕੇ ਬੋਲਿਆ, "ਮੈਂ ਤਾਂ ਊਬਰ ਦੇ ਡਰੋਂ ਲਾਈਸੰਸ ਲੈ ਰਿਹਾਂ। ਕਹਿੰਦੇ ਛੇਤੀ ਆ ਜਾਣੀ ਐ। ਜੇ ਟੈਕਸੀ ਦਾ ਮੰਦਾ ਹੋ ਗਿਆ, ਟਰੱਕ 'ਤੇ ਚੜ੍ਹ ਜਾਂ'ਗੇ। ਮੈਂ ਪਿੱਛੋਂ ਲੈ ਲਊਂ, ਪਹਿਲਾਂ ਤੁਹਾਡੀ ਦੋਹਾਂ ਦੀ ਗੱਲ ਕਰਦੇ ਆਂ ਓਥੇ ਜਾ ਕੇ।"

"ਇਕ ਵਾਰੀ ਫਿਰ ਨਛੱਤਰ ਤੋਂ ਪੁੱਛ ਨਾ ਲਈਏ ਕਿ ਕਦੋਂ ਦਿਵਾਏਗਾ?" ਮਨਦੀਪ ਨੇ ਪੁੱਛਿਆ।

"ਤੂੰ ਕਿਵੇਂ ਡਬਲ ਮਾਈਂਡਡ ਹੋ ਗਿਐਂ ਐਨੀ ਛੇਤੀ?" ਸੁਰਜੀਤ ਬੋਲਿਆ।

"ਹਜ਼ਾਰ ਖੁੱਸਣ ਦਾ ਡਰ ਲੱਗਦੈ।"

"ਮੈਂ ਕੱਲ੍ਹ ਨਛੱਤਰ ਤੋਂ ਪੁੱਛਿਆ ਸੀ ਬਈ ਕਦੋਂ ਦਿਵਾਏਂਗਾ ਰੋਡ ਟੈੱਸਟ। ਕਹਿੰਦਾ ਹਾਲੇ ਤਾਂ ਕੋਈ ਹੈ ਨੀ ਅਪੁਇੰਟਮੈਂਟ। ਜਦੋਂ ਮਿਲਗੀ, ਸਭ ਤੋਂ ਪਹਿਲਾਂ ਤੇਰਾ ਰੋਡ ਟੈੱਸਟ ਹੀ ਦਿਵਾਊਂ। ਤੂੰ ਪੁੱਛ ਕੇ ਦੇਖ ਲੈ, ਵਿਹਨੇ ਆਂ ਕੀ ਕਹਿੰਦਾ ਤੈਨੂੰ।"

ਮਨਦੀਪ ਨੇ ਨਛੱਤਰ ਨੂੰ ਫੋਨ ਮਿਲਾ ਲਿਆ

**(ਬਾਕੀ ਅਗਲੇ ਸਫੇ 'ਤੇ)**

ਅਤੇ ਫਿਰ ਕੁੱਝ ਦੇਰ "ਅੱਛਾ ਅੱਛਾ" ਕਰ ਕੇ ਫੋਨ ਬੰਦ ਕਰਦਾ ਬੋਲਿਆ, "ਮੈਨੂੰ ਵੀ ਏਦਾਂ ਹੀ ਕਹਿੰਦਾ।"

"ਸਾਲਾ ਸਭ ਨੂੰ ਉੱਲੂ ਬਣਾਉਂਦੈ ਛੋਟੇ ਭਾਈ ਕੀ ਨਾਂ ਦੱਸਿਆ ਸੀ?" ਸੁਰਜੀਤ ਨੇ ਕਰਨਵੀਰ ਵੱਲ ਦੇਖਿਆ ਅਤੇ ਉਸ ਦੇ ਨਾਂ ਦੱਸਣ ਤੋਂ ਬਾਅਦ ਬੋਲਿਆ, "ਹਾਂ ਕਰਨਵੀਰ, ਦਸਾਂ ਕੁ ਮਿੰਟਾਂ ਨੂੰ ਤੂੰ ਫੋਨ ਕਰੀਂ, ਦੇਖਦੇ ਆਂ ਕੀ ਕਹਿੰਦੈ।"

"ਏਹੀ ਲਾਰਾ ਇਹਨੂੰ ਲਾਊ।" ਮਨਦੀਪ ਬੋਲਿਆ।

ਉਹੀ ਗੱਲ ਹੋਈ। ਕਰਨਵੀਰ ਨੂੰ ਵੀ ਉਹੀ ਜਵਾਬ ਮਿਲਿਆ।

'ਸਿਰੇ ਸੱਟ ਡਰਾਈਵਿੰਗ ਸਕੂਲ' ਪਹੁੰਚ ਕੇ ਕਰਨਵੀਰ ਦੋਨਾਂ ਦੇ ਮਗਰ ਮਗਰ ਦਫ਼ਤਰ ਅੰਦਰ ਚਲਾ ਗਿਆ। ਸੁਰਜੀਤ ਬੋਲਿਆ, "ਅਸੀਂ 'ਘੈਂਟ ਟਰੱਕ ਡਰਾਈਵਿੰਗ ਸਕੂਲ' 'ਚ ਟਰੇਨਿੰਗ ਲੈਨੇ ਆਂ। ਉਹਨੇ ਮਹੀਨੇ-ਪੰਦਰਾਂ ਦਿਨਾਂ 'ਚ ਰੋਡ ਟੈਸਟ ਦਿਵਾਉਣ ਦਾ ਵਾਅਦਾ ਕੀਤਾ ਸੀ ਪਰ ਹੁਣ ਕਹਿੰਦਾ ਹੈਨੀ ਡੇਟਾਂ। ਤੁਸੀਂ ਦੱਸੋ ਕਦੋਂ ਦਿਵਾ ਸਕਦੇ ਆਂ ਰੋਡ ਟੈਸਟ। ਸਹੀ ਸਹੀ ਦੱਸਿਓ। ਸਾਡੀ ਭਕਾਈ ਨਾ ਕਰਾਇਓ।"

"ਟਰੱਕ ਚਲਾ ਲੈਨੇ ਆਂ ਥੋੜ੍ਹਾ ਬਹੁਤਾ?"

"ਸਿੱਧਾ ਤਾਂ ਚਲਾ ਲੈਨਾਂ, ਬੈਕ ਲਾਉਣ ਦੀ ਪ੍ਰੌਬਲਮ ਐ ਥੋੜ੍ਹੀ ਜਿਹੀ।" ਆਖ ਕੇ ਸੁਰਜੀਤ ਨੇ ਮਨਦੀਪ ਤੇ ਕਰਨਵੀਰ ਵੱਲ ਦੇਖਿਆ।

"ਹਾਂ ਜੀ ਬੈਕ ਦੀ ਚਾਹੀਦੀ ਐ ਪ੍ਰੈਕਟਿਸ।" ਮਨਦੀਪ ਨੇ ਕਿਹਾ ਅਤੇ ਕਰਨਵੀਰ ਨੇ ਵੀ ਹਾਮੀ ਵਿਚ ਸਿਰ ਹਿਲਾ ਦਿੱਤਾ।

"ਗੱਲ ਏਦਾਂ ਬਈ ਅੱਜ ਹੋਗੀ ਸਤਾਈ ਫਰਵਰੀ ਤੇ ਸਤਾਈ ਮਾਰਚ ਤਕ ਤਿੰਨਾਂ ਦੇ ਰੋਡ ਟੈਸਟ ਦਿਵਾ ਦਿਊਂ। ਮੈਂ ਕੋਈ ਬੁਲਸ਼ਿਟ ਨੀ ਕਰਦਾ। ਮੇਰੇ ਕੋਲ ਦੋ ਟਰੱਕ ਐ ਤੇ ਅਸੀਂ ਸਿਖਾਉਣ ਵਾਲੇ ਵੀ ਦੋ ਆਂ। ਡਾਲਰ ਲੱਗੂ ਦੋ ਹਜ਼ਾਰ। ਪੰਦਰਾਂ ਪੰਦਰਾਂ ਸੌ ਪਹਿਲਾਂ ਪੰਜ ਪੰਜ ਸੌ ਰੋਡ ਟੈਸਟ ਵਾਲੇ ਦਿਨ।"

ਕਰਨਵੀਰ ਸੋਚਣ ਲੱਗਾ ਕਿ ਇਸੇ ਤਰ੍ਹਾਂ ਹੀ ਨਛੱਤਰ ਨੇ ਪਹਿਲੇ ਦਿਨ ਕਿਹਾ ਸੀ, "ਪੰਦਰਾਂ ਸੌ ਲੱਗੇਗਾ। ਪੰਜ ਸੌ ਪਹਿਲਾਂ, ਪੰਜ ਸੌ ਦੋ ਹਫ਼ਤਿਆਂ ਬਾਅਦ ਤੇ ਪੰਜ ਸੌ ਰੋਡ ਟੈਸਟ ਵਾਲੇ ਦਿਨ।"

"ਰੋਡ ਟੈਸਟ ਦੀ ਗਰੰਟੀ ਚਾਹੀਦੀ ਐ, ਪੰਦਰਾਂ ਸੌ ਰੋਡ ਟੈਸਟ ਵਾਲੇ ਦਿਨ ਲੈ ਲਿਓ, ਪੰਜ ਸੌ ਪਹਿਲਾਂ।" ਸੁਰਜੀਤ ਨੇ ਕਿਹਾ।

"ਥੋਨੂੰ ਮੈਂ ਪਹਿਲਾਂ ਦੱਸਿਆ ਬਈ ਮੈਂ ਕੋਈ ਬੁਲਸ਼ਿਟ ਨੀ ਕਰਦਾ ਹੁੰਦਾ। ਸਾਰਿਆਂ ਨਾਲੋਂ ਪੁਰਾਣਾ ਸਕੂਲ ਐ। ਆਹ ਜਿਹੜੇ ਰੋਡ ਟੈਸਟ ਲੈਂਦੇ ਆ, ਅੱਧਿਓਂ ਵੱਧ ਮੇਰੇ ਸਿਖਾਏ ਵੇ ਆ। ਜੀਹਤੋਂ ਮਰਜੀ ਪੁੱਛ ਲਿਓ ਸਿਰੇ ਸੱਟ ਵਾਲੇ ਦਰਸ਼ਨ ਦਾ ਨਾਂ। ਰੂਲ ਸਾਰਿਆਂ ਲਈ ਇਕੋ ਹੀ ਐ। ਪੰਦਰਾਂ ਸੌ ਪਹਿਲਾਂ।"

"ਬੈਕ ਲਾਉਣੀ ਕਦੋਂ ਸਿਖਾਉਨੇ ਆਂ?" ਸੁਰਜੀਤ ਨੇ ਪੁੱਛਿਆ।

"ਸਵੇਰੇ ਇਕ ਘੰਟਾ ਰੋਡ 'ਤੇ ਲਿਜਾਨੇ ਆਂ ਸਾਰਿਆਂ ਨੂੰ। ਸ਼ਾਮ ਨੂੰ ਪੰਜ ਤੋਂ ਅੱਠ ਮਨਿਸਟਰੀ ਦੀ ਬਿਲਡਿੰਗ ਪਿੱਛੇ ਪਾਰਕਿੰਗ ਦੀ ਪ੍ਰੈਕਟਿਸ ਕਰਾਉਨੇ ਆਂ, ਜਿੱਥੇ ਉਨ੍ਹਾਂ ਨੇ ਰੋਡ ਟੈਸਟ ਵਾਲੇ ਦਿਨ ਬੈਕ ਲਵਾ ਕੇ ਦੇਖਣੀ ਆ।"

"ਮੈਂ ਕਰਦੈਂ ਜੌਬ। ਮੈਥੋਂ ਦੋ ਵਾਰ ਨੀ ਆ ਹੋਣਾ। ਏਸੇ ਦੁੱਖੋਂ ਮੈਂ ਓਧਰੋਂ ਛੱਡਣੈ। ਪੱਕਾ ਟੈਮ ਦਿਓਗੇ ਸ਼ਾਮ ਦਾ?"

"ਠੀਕ ਐ। ਸ਼ਾਮ ਨੂੰ ਸਾਢੇ ਛੇ ਆ ਜਿਆ ਕਰੀਂ ਬੈਕ ਦੀ ਪ੍ਰੈਕਟਿਸ ਲਈ। ਜਿੱਦਣ ਰੋਡ ਟੈਸਟ ਹੋਇਆ, ਓਦਣ ਦੋ-ਤਿੰਨ ਗੇੜੇ ਓਸ ਰੂਟ 'ਤੇ ਕਢਾ ਦਿਆਂਗੇ ਜਿਸ 'ਤੇ ਰੋਡ ਟੈਸਟ ਲੈਂਦੇ ਆ। ਆ ਜਿਓ ਫਿਰ ਕੱਲ੍ਹ ਤੋਂ। ਫ਼ੀਸ ਲੈ ਆਇਓ।"

"ਚੈਕ ਜਾਂ ਕ੍ਰੈਡਿਟ ਕਾਰਡ ਲੈ ਲੈਂਦੇ ਓਂ?" ਕਰਨਵੀਰ ਨੇ ਪੁੱਛਿਆ।

"ਫੇਰ ਟੈਕਸ ਲੱਗੂ। ਕੈਸ਼ ਈ ਲੈ ਆਇਓ।"

ਦਫ਼ਤਰ ਤੋਂ ਬਾਹਰ ਆ ਕੇ ਕਰਨਵੀਰ ਨੇ ਉੱਥੇ ਸਿਖਾਂਦਰੂਆਂ ਦੀ ਭਾਲ ਵਿਚ ਆਸੇ-ਪਾਸੇ ਦੇਖਿਆ। ਉੱਥੇ ਉਸ ਨੂੰ ਕੋਈ ਵੀ ਸਿਖਾਂਦਰੂ ਨਾ ਦਿਸਿਆ। ਉਸ ਨੇ ਸੋਚਿਆ ਕਿ ਇਸ ਸਕੂਲ ਵਿਚ ਸਾਰਾ ਕੁੱਝ ਸਿਸਟਮ ਨਾਲ ਚਲਦਾ ਹੋਵੇਗਾ। ਨਛੱਤਰ ਵਾਲੇ ਸਕੂਲ ਵਿਚ ਤਾਂ ਪੰਦਰਾਂ-ਵੀਹ ਜਣੇ ਆਪਣੀ ਵਾਰੀ ਦੀ ਉਡੀਕ ਵਿਚ ਹਮੇਸ਼ਾ ਹੀ ਖੜ੍ਹੇ ਰਹਿੰਦੇ ਹਨ। ਕਰਨਵੀਰ ਇਹ ਸੋਚ ਹੀ ਰਿਹਾ ਸੀ ਕਿ ਮਨਦੀਪ ਦੀ ਆਵਾਜ਼ ਉਸ ਦੇ ਕੰਨੀਂ ਪਈ। ਉਹ ਬੋਲਿਆ, "ਲਾਈਸੰਸ ਲੈਣ 'ਤੇ ਕੁੱਝ ਜ਼ਿਆਦਾ ਈ ਖਰਚਾ ਹੋ ਰਿਹਾ।"

"ਕੀ ਕਰੀਏ ਵੀਰੇ, ਜਦੋਂ ਫਸ ਗਏ ਵਾਂ।" ਕਰਨਵੀਰ ਨੇ ਜਵਾਬ ਦਿੱਤਾ। ਉਹ ਦੋਨੋਂ ਡਿਕਸੀ ਗੁਰਦੁਆਰੇ ਵੱਲ ਤੁਰ ਪਏ ਸਨ। ਸੁਰਜੀਤ ਨੇ ਕਿਸੇ ਹੋਰ ਪਾਸੇ ਜਾਣਾ ਸੀ।

ਮਨਦੀਪ ਕੁੱਝ ਪਲ ਚੁੱਪ ਰਿਹਾ, ਫਿਰ ਬੋਲਿਆ, "ਮੈਂ ਵੀ ਤੇਰੇ ਵਾਂਗ ਵਿਜ਼ਟਰ ਹੀ ਆਂ ਸਗੋਂ ਟਰੱਕ ਸਿੱਖਣ ਵਾਲੇ ਬਹੁਤੇ ਵਿਜ਼ਟਰ ਈ ਐ ਜਾਂ ਇੰਟਰਨੈਸ਼ਨਲ ਸਟੂਡੈਂਟ ਜਾਂ ਊਬਰ ਆਉਣ ਦੇ ਡਰੋਂ ਕੁੱਝ ਟੈਕਸੀਆਂ ਵਾਲੇ ਆ; ਤਾਂ ਹੀ ਐਨਾ ਕਾਠ ਵੱਜਿਐ। ਪੈਸੇ ਹੁਣ ਬੰਦਾ ਇੰਡੀਆ ਤੋਂ ਕਿੰਨੇ ਕੁ ਮੰਗਵਾਈ ਜਾਏ।"

"ਔਖਾ ਤਾਂ ਏ।"

"ਮੈਂ ਬੈਠਾ ਵੀ ਰਿਸ਼ਤੇਦਾਰਾਂ ਦੇ ਘਰੇ ਆਂ। ਪਹਿਲੀ ਵਾਰ ਕਿਤੇ ਹੱਥ ਨੀ ਪਿਆ। ਪੰਜ ਮਹੀਨੇ ਲਾ ਕੇ ਮੁੜ ਗਿਆ ਤੀ। ਹੁਣ ਦੂਜੀ ਵਾਰ ਆਇਐਂ ਜ਼ਮੀਨ ਵੇਚ ਕੇ।"

"ਅੱਛਾ।"

"ਕੀ ਕਰੀਏ ਪਿੱਛੇ ਚੰਗੇ ਹੁੰਦੇ ਤਾਂ ਐਥੇ ਕਿਉਂ ਆਉਂਦੇ। ਇਕ ਵਾਰੀ ਕਿਤੇ ਹੱਥ ਅੜੇ ਤਾਂ ਨਿਆਣੇ ਵੀ ਸੱਦ ਲਵਾਂ ਪਰ ਹੱਥ ਅੜਦਾ ਨੀ ਦੀਂਹਦਾ ਕਿਤੇ। ਦਿਨੋ-ਦਿਨ ਲੱਗੀ ਤੁਰੇ ਜਾਂਦੇ ਆ।"

**ਘਰ ਵੱਲ ਜਾਂਦਾ ਕਰਨਵੀਰ ਸੋਚਣ ਲੱਗਾ, 'ਕਨੇਡਾ ਆਉਣ ਦਾ ਐਵੇਂ ਹੀ ਪੰਗਾ ਲਿਆ। ਸਪੇਨ 'ਚ ਵਧੀਆ ਸੀ, ਹਰ ਮਹੀਨੇ ਦੋ ਸੌ ਯੂਰੋ ਇੰਡੀਆ ਭੇਜ ਦਿੰਦਾ ਸੀ।' ਉਸ ਦੀਆਂ ਯਾਦਾਂ ਵਿਚ ਉਸ ਦੀ ਵੱਡੀ ਭੈਣ ਆ ਗਈ ਜਿਹੜੀ ਨਸ਼ੇੜੀ ਪਤੀ ਤੋਂ ਤੰਗ ਆ ਕੇ ਦੋ ਬੱਚਿਆਂ ਸਮੇਤ ਪੇਕੇ ਆ ਗਈ ਸੀ। ਕੈਨੇਡਾ ਦੀ ਸਕੀਮ ਬਣਾਉਣ ਤੋਂ ਪਹਿਲਾਂ ਕਰਨਵੀਰ ਨੇ ਇੰਡੀਆ ਕਾਲਜ ਪੜ੍ਹਦੇ ਆਪਣੇ ਛੋਟੇ ਭਰਾ ਤੋਂ ਪੁੱਛਿਆ ਸੀ, "ਜੇ ਛੇ ਮਹੀਨੇ ਕੁੱਝ ਨਾ ਭੇਜਿਆ ਗਿਆ ਤਾਂ ਸਾਰ ਲਵੇਂਗਾ?" ਉਸ ਦੀ ਹਾਮੀ ਸੁਣ ਕੇ ਹੀ ਕਰਨਵੀਰ ਨੇ ਕੈਨੇਡਾ ਸੈੱਟ ਹੋਣ ਦਾ ਪ੍ਰੋਗਰਾਮ ਬਣਾਇਆ ਸੀ। ਉਸ ਬਾਰੇ ਯਾਦ ਕਰ ਕੇ ਕਰਨਵੀਰ ਨੇ ਸੋਚਿਆ, 'ਜੇ ਕੰਮ ਸ਼ੁਰੂ ਕੀਤਾ ਏ ਤਾਂ ਸਿਰੇ ਲਾ ਕੇ ਰਹਾਂਗਾ ਭਾਵੇਂ ਕੁੱਝ ਜ਼ਿਆਦਾ ਖਰਚਾ ਆ ਜਾਵੇ।' ਇਸੇ ਸੋਚ ਨਾਲ ਹੀ ਉਸ ਨੇ ਅਗਲੇ ਦਿਨ 'ਸਿਰੇ ਸੱਟ ਸਕੂਲ' ਵਾਲੇ ਦਰਸ਼ਨ ਨੂੰ ਦੇਣ ਲਈ ਪੰਦਰਾਂ ਸੌ ਡਾਲਰ ਬੈਂਕ ਵਿਚੋਂ ਕਢਵਾ ਲਏ।**

ਕਰਨਵੀਰ ਦੇ ਚਿੱਤ 'ਚ ਆਈ ਕਿ ਕਹੇ, 'ਭਰਾਵਾ ਪਹਿਲਾਂ ਰੋਡ ਟੈਸਟ ਤੂੰ ਦੇ ਲਵੀਂ' ਪਰ ਉਸ ਨੇ ਹਾਲੇ ਕਿਹਾ ਨਹੀਂ ਸੀ ਕਿ ਉਸ ਨੂੰ ਮਨਦੀਪ ਦੀ ਫਿਰ ਆਵਾਜ਼ ਸੁਣੀ। ਉਹ ਆਖ ਰਿਹਾ ਸੀ, "ਉਂ ਜੇ ਕਿਸੇ ਸਟੈਂਡਰਡ ਦੇ ਸਕੂਲ ਤੋਂ ਸਹੀ ਤਰੀਕੇ ਨਾਲ ਟ੍ਰੇਨਿੰਗ ਲੈਣੀ ਹੋਵੇ ਤਾਂ ਤਿੰਨ ਮਹੀਨੇ ਲੱਗਦੇ ਆ, ਨਾਲੇ ਉਨ੍ਹਾਂ ਦੀ ਫ਼ੀਸ ਸੱਤ ਹਜ਼ਾਰ ਐ। ਏਸ ਗੱਲੋਂ ਸੋਚੀਏ ਤਾਂ ਆਪਣੇ ਭਾਈਆਂ ਦੇ ਸਕੂਲ ਮਹਿੰਗੇ ਨੀ ਲਗਦੇ।" ਕੁੱਝ ਦੇਰ ਬਾਅਦ ਮਨਦੀਪ ਫਿਰ ਬੋਲਿਆ, "ਹਜ਼ਾਰ ਡਾਲਰ ਜਿਹੜਾ ਦਿੱਤੈ ਪਹਿਲੇ ਸਕੂਲ ਨੂੰ, ਉਹ ਤਾਂ ਫਿਰ ਅਜਾਈਂ ਹੀ ਜਾਊ। ਜੀਅ ਜਿਹਾ ਨੀ ਮੰਨਦਾ। ਕੀ ਐ ਰੋਡ ਟੈਸਟ ਦੀ ਵਾਰੀ ਆ ਹੀ ਜਾਵੇ।"

"ਦੇਖ ਲੋ, ਮੈਨੂੰ ਤਾਂ ਲਗਦਾ ਨਹੀਂ ਕਿ ਵਾਰੀ ਆਵੇ।"

"ਲਗਦਾ ਤਾਂ ਮੈਨੂੰ ਵੀ ਇਉਂ ਹੀ ਹੈ।" ਆਖਦਾ ਮਨਦੀਪ ਚੁੱਪ ਹੋ ਗਿਆ, ਫਿਰ ਬੋਲਿਆ, "ਕੱਲ੍ਹ ਨੂੰ ਨਛੱਤਰ ਨੂੰ ਪਾਸੇ ਕਰ ਕੇ ਕਹੂੰਗਾ ਬਈ ਜਾਂ ਤਾਂ ਵਾਅਦੇ ਅਨੁਸਾਰ ਰੋਡ ਟੈਸਟ ਦਿਵਾ, ਨਹੀਂ ਪੈਸੇ ਮੋੜ।" ਉਸ ਦੀਆਂ ਤਰਲ ਅੱਖਾਂ ਵੱਲ ਦੇਖ ਕਰਨਵੀਰ ਨੇ ਸੋਚਿਆ ਕਿ ਕਹੇ, 'ਮੈਂ ਦੇ ਦਿੰਨੈ ਪੰਦਰਾਂ ਸੌ' ਪਰ ਝੱਟ ਹੀ ਉਸ ਨੇ ਸੋਚਿਆ ਕਿ ਉਸ ਕੋਲ ਵੀ ਤਾਂ ਗੁਜ਼ਾਰੇ ਜੋਗੇ ਹੀ ਹਨ।

ਘਰ ਵੱਲ ਜਾਂਦਾ ਕਰਨਵੀਰ ਸੋਚਣ ਲੱਗਾ, 'ਕਨੇਡਾ ਆਉਣ ਦਾ ਐਵੇਂ ਹੀ ਪੰਗਾ ਲਿਆ। ਸਪੇਨ 'ਚ ਵਧੀਆ ਸੀ, ਹਰ ਮਹੀਨੇ ਦੋ ਸੌ ਯੂਰੋ ਇੰਡੀਆ ਭੇਜ ਦਿੰਦਾ ਸੀ।' ਉਸ ਦੀਆਂ ਯਾਦਾਂ ਵਿਚ ਉਸ ਦੀ ਵੱਡੀ ਭੈਣ ਆ ਗਈ ਜਿਹੜੀ ਨਸ਼ੇੜੀ ਪਤੀ ਤੋਂ ਤੰਗ ਆ ਕੇ ਦੋ ਬੱਚਿਆਂ ਸਮੇਤ ਪੇਕੇ ਆ ਗਈ ਸੀ। ਕੈਨੇਡਾ ਦੀ ਸਕੀਮ ਬਣਾਉਣ ਤੋਂ ਪਹਿਲਾਂ ਕਰਨਵੀਰ ਨੇ ਇੰਡੀਆ ਕਾਲਜ ਪੜ੍ਹਦੇ ਆਪਣੇ ਛੋਟੇ ਭਰਾ ਤੋਂ ਪੁੱਛਿਆ ਸੀ, "ਜੇ ਛੇ ਮਹੀਨੇ ਕੁੱਝ ਨਾ ਭੇਜਿਆ ਗਿਆ ਤਾਂ ਸਾਰ ਲਵੇਂਗਾ?" ਉਸ ਦੀ ਹਾਮੀ ਸੁਣ ਕੇ ਹੀ ਕਰਨਵੀਰ ਨੇ ਕੈਨੇਡਾ ਸੈੱਟ ਹੋਣ ਦਾ ਪ੍ਰੋਗਰਾਮ ਬਣਾਇਆ ਸੀ। ਉਸ ਬਾਰੇ ਯਾਦ ਕਰ ਕੇ ਕਰਨਵੀਰ ਨੇ ਸੋਚਿਆ, 'ਜੇ ਕੰਮ ਸ਼ੁਰੂ ਕੀਤਾ ਏ ਤਾਂ ਸਿਰੇ ਲਾ ਕੇ ਰਹਾਂਗਾ ਭਾਵੇਂ ਕੁੱਝ ਜ਼ਿਆਦਾ ਖਰਚਾ ਆ ਜਾਵੇ।' ਇਸੇ ਸੋਚ ਨਾਲ ਹੀ ਉਸ ਨੇ ਅਗਲੇ ਦਿਨ 'ਸਿਰੇ ਸੱਟ ਸਕੂਲ' ਵਾਲੇ ਦਰਸ਼ਨ ਨੂੰ ਦੇਣ ਲਈ ਪੰਦਰਾਂ ਸੌ ਡਾਲਰ ਬੈਂਕ ਵਿਚੋਂ ਕਢਵਾ ਲਏ।

---

ਸਿਰੇ ਸੱਟ ਟਰੱਕ ਡਰਾਈਵਿੰਗ ਸਕੂਲ ਨਾਲ ਪਹਿਲੇ ਦਿਨ ਟਰੱਕ ਪਿੱਛਲਖੁਰੀ ਖੜ੍ਹਾਉਣ ਦਾ ਅਭਿਆਸ ਕਰਦਾ ਕਰਨਵੀਰ ਰੋਣਹਾਕਾ ਹੋ ਗਿਆ। ਉਹ ਮਨਿਸਟਰੀ ਦੀ ਇਮਾਰਤ ਮਗਰ ਬਣੇ ਬੇਅ 'ਤੇ ਟਰੱਕ ਪਿੱਛੇ ਵੱਲ ਕਰਦਾ ਬੋਲਿਆ, "ਹਾਂ, ਹੁਣ ਦਿਸਦੀ ਏ ਕਰਬ।"

"ਹੁਣ ਸਟੇਰਿੰਗ ਨੂੰ ਦੋ ਗੇੜੇ ਦੇ ਦੇ।" ਦਰਸ਼ਨ ਨੇ ਕਿਹਾ।

ਕਰਨਵੀਰ ਨੇ ਸਟੇਰਿੰਗ ਨੂੰ ਸੱਜੇ ਘੁਮਾ ਦਿੱਤਾ। ਕਿਸੇ ਟਰੱਕ ਦਾ ਦੁਬਾਰਾ ਹਾਰਨ ਵੱਜਿਆ। ਕਰਨਵੀਰ ਦਾ ਧਿਆਨ ਉਧਰ ਹੋ ਗਿਆ। 'ਬਿੰਦਾ ਡਰਾਈਵਿੰਗ ਸਕੂਲ' ਦਾ ਟਰੱਕ ਸੀ। ਉਸ ਨੇ ਅਗਾਂਹ ਲੰਘਣਾ ਸੀ। ਕਰਨਵੀਰ ਤੋਂ ਟਰੱਕ ਨੂੰ ਪਾਰਕ ਲਾਉਣ ਵਿਚ ਜ਼ਿਆਦਾ ਸਮਾਂ ਲੱਗ ਰਿਹਾ ਸੀ। ਟਰੱਕ ਦੇ ਨਾਲ ਟਰਾਲਾ ਜੋੜਿਆ ਹੋਇਆ ਸੀ। ਉਨ੍ਹਾਂ ਤੋਂ ਅਗਲਾ ਬੇਅ ਹਾਲੇ ਖਾਲੀ ਸੀ ਜਿੱਥੇ ਬਿੰਦਾ ਟਰੱਕਿੰਗ ਵਾਲਿਆਂ ਨੂੰ ਪਹੁੰਚਣ ਦੀ ਕਾਹਲ ਲਗਦੀ ਸੀ।

"ਤੂੰ ਸੱਜੇ ਨੂੰ ਵੀਲ੍ਹ ਘੁਮਾਤਾ, ਟਰੱਕ ਨੂੰ ਬਾਹਰ ਕੱਢਣੈ ਕਿ ਲਾਉਣੈ?" ਦਰਸ਼ਨ ਦੀ ਹਰਖੀ ਆਵਾਜ਼ ਸੁਣ ਕੇ ਕਰਨਵੀਰ ਭਮੱਤਰ ਗਿਆ। ਉਸ ਦਾ ਦਿਮਾਗ਼ ਜਿਵੇਂ ਸੁੰਨ ਹੋ ਗਿਆ ਹੋਵੇ। ਟਰੱਕਾਂ ਦੇ ਦੋ-ਤਿੰਨ ਹਾਰਨ ਵੱਜੇ। 'ਬਿੰਦਾ ਟਰੱਕਿੰਗ' ਤੋਂ ਮਗਰਲਾ ਟਰੱਕ ਵੀ ਹਾਰਨ ਮਾਰਨ ਲੱਗਾ ਸੀ।

"ਪਤਾ ਨੀ ਕਿਧਰੋਂ ਮੂੰਹ ਚੁੱਕ ਕੇ ਆ ਜਾਂਦੇ ਆ ਟਰੱਕ ਸਿੱਖਣ।" ਆਖਦਾ ਦਰਸ਼ਨ ਟਰੱਕ ਦਾ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲ ਗਿਆ। ਫੇਰ ਦੂਜੇ ਟਰੱਕ ਵਾਲੇ ਨੂੰ ਬੋਲਿਆ, "ਖੜ੍ਹਜੋ ਯਾਰ 'ਗਾਂਹ ਡਿੱਗਣੈ ਕਿਤੇ?"

"ਤੂੰ ਰਾਹ ਦੇਵੇਂਗਾ ਤਾਂ ਹੀ ਡਿੱਗਾਂਗੇ ਕਿਤੇ।" 'ਬਿੰਦਾ ਟਰੱਕ' 'ਚੋਂ ਆਵਾਜ਼ ਆਈ। ਮਨਿਸਟਰੀ ਦਾ ਦਫ਼ਤਰ ਬੰਦ ਹੋਣ ਤੋਂ ਬਾਅਦ ਬਹੁਤ ਸਾਰੇ ਦੇਸੀ ਟਰੱਕਿੰਗ ਸਕੂਲ ਆਪਣੇ ਸਿਖਾਂਦਰੂਆਂ ਦਾ ਅਭਿਆਸ ਕਰਵਾਉਣ ਇੱਥੇ ਲੈ ਆਉਂਦੇ। ਦਰਸ਼ਨ ਨੇ ਕਰਨਵੀਰ ਨੂੰ ਕਰਬ ਦੀ ਨਿਸ਼ਾਨੀ ਦੱਸ ਕੇ ਕਿਹਾ ਸੀ, "ਜਦੋਂ ਕਰਬ ਦਿਸਣ ਲੱਗ ਪਵੇ, ਉਦੋਂ ਸਟੇਰਿੰਗ ਨੂੰ ਦੋ ਗੇੜੇ ਦੇ ਦੇਵੀਂ।"

"ਜੇ ਕਿਤੇ ਕਰਬ ਨਾ ਹੋਵੇ, ਓਥੇ ਕੀ ਕਰੀਏ, ਸਰ?" ਕਰਨਵੀਰ ਨੇ ਮੁੜਵਾਂ ਸਵਾਲ ਪੁੱਛਿਆ ਸੀ।

"ਤੂੰ ਲਈਸੰਸ ਲੈਣਾ ਐ ਨਾ?" ਦਰਸ਼ਨ ਦੀ ਅਚਾਨਕ ਹਰਖੀ ਆਵਾਜ਼ ਸੁਣ ਕੇ ਕਰਨਵੀਰ ਕੁੱਝ ਨਾ ਬੋਲਿਆ। ਦਰਸ਼ਨ ਫਿਰ ਬੋਲਿਆ, "ਤਾਂ ਜਿਵੇਂ ਮੈਂ ਕਹਿਨੈ, ਉਵੇਂ ਕਰ।" ਦਰਸ਼ਨ ਦੀ ਤਿੱਖੀ ਆਵਾਜ਼ ਅਤੇ ਟਰੱਕਾਂ ਦੇ ਹਾਰਨ ਸੁਣ ਕੇ ਕਰਨਵੀਰ ਘਬਰਾ ਗਿਆ। ਉਸ ਵਾਲੀ ਤਾਕੀ ਖੋਲ੍ਹ ਕੇ ਦਰਸ਼ਨ ਬੋਲਿਆ, "ਹੋ ਪਾਸੇ, ਆਪਾਂ 'ਕੱਲੇ ਨੀ ਏਥੇ, ਹੋਰਾਂ ਨੇ ਵੀ ਪ੍ਰੈਕਟਿਸ ਕਰਨੀ ਆ।" ਕਰਨਵੀਰ ਟਰੱਕ 'ਚੋਂ ਬਾਹਰ ਆ ਗਿਆ। ਦਰਸ਼ਨ ਨੇ ਉਡੀਕ ਰਹੇ ਟਰੱਕਾਂ ਨੂੰ ਲੰਘ ਜਾਣ ਦਿੱਤਾ ਅਤੇ ਅਗਲੇ ਸਿਖਾਂਦਰੂ ਨੂੰ ਸਿਖਾਉਣ ਲੱਗਾ।

ਕਰਨਵੀਰ ਪਾਸੇ ਖੜ੍ਹਾ ਇਹ ਧਿਆਨ ਨਾਲ ਦੇਖਣ ਲੱਗਾ। ਦਰਸ਼ਨ ਨੇ ਉਸ ਨੂੰ ਦੱਸਿਆ ਸੀ ਕਿ ਐਗਜ਼ਾਮੀਨਰ ਉਸ ਨੂੰ ਟਰੱਕ ਨੂੰ ਟਰਾਲੇ ਨਾਲੋਂ ਵੱਖ ਕਰ ਕੇ ਨੱਬੇ ਡਿਗਰੀ 'ਤੇ ਲਿਜਾਣ ਲਈ ਲਈ ਕਹੇਗਾ ਅਤੇ ਫਿਰ ਸਿੱਧਾ ਬੈਕ ਕਰ ਕੇ ਟਰੱਕ ਨੂੰ ਟਰਾਲੇ ਨਾਲ ਜੋੜਨ ਲਈ ਕਹੇਗਾ। ਇਹ ਸਾਰਾ ਕੁੱਝ ਕਰਨਵੀਰ ਦਿਨੇ, ਜਦੋਂ ਵੀ ਟਰੱਕ ਵਿਹਲਾ ਹੋ ਜਾਂਦਾ, ਕਰਨ ਲੱਗ ਜਾਂਦਾ। ਕਰਨਵੀਰ ਸਵੇਰੇ ਹੀ ਬੱਚਿਆਂ ਨੂੰ ਸਕੂਲ ਲਈ ਬੱਸ ਚੜ੍ਹਾ ਕੇ ਡਰਾਈਵਿੰਗ ਸਕੂਲ ਪਹੁੰਚ ਜਾਂਦਾ ਅਤੇ ਸਾਰਾ ਦਿਨ ਉੱਥੇ ਹੀ ਰਹਿੰਦਾ। ਦੁਪਹਿਰੇ ਡਿਕਸੀ ਗੁਰਦੁਆਰੇ ਵਿਚੋਂ ਲੰਗਰ ਛਕ ਆਉਂਦਾ ਤੇ ਜਦੋਂ ਵੀ ਟਰੱਕ ਵਿਹਲਾ ਮਿਲ ਜਾਂਦਾ, ਉਹ ਕਿਸੇ ਨਵੇਂ ਆਏ ਸਿਖਾਂਦਰੂ ਨੂੰ ਪ੍ਰੀ ਟ੍ਰਿਪ ਇਨਸਪੈਕਸ਼ਨ ਕਰਵਾਉਣ ਲੱਗ ਜਾਂਦਾ। ਇਹ ਉਸ ਦੇ ਮੂੰਹ ਜ਼ੁਬਾਨੀ ਯਾਦ ਹੋ ਗਿਆ ਸੀ। ਉਹ ਕਈ ਵਾਰ ਆਪਣੇ ਮਨ 'ਚ ਹੀ ਦੁਹਰਾਉਣ ਲੱਗ ਜਾਂਦਾ: ਵਿੰਡ ਸ਼ੀਲਡ ਨੋ ਚਿੱਪ ਨੋ ਕ੍ਰੈਕ, ਸਾਈਡ ਮਿਰਰ ਨੋ ਕ੍ਰੈਕ ਨੋ ਡੈਮੇਜ, ਵਾਈਪਰ ਵਰਕਿੰਗ ਪ੍ਰੌਪਰਲੀ, ਟਾਇਰ ਥ੍ਰੈੱਡ ਗੁੱਡ, ਨੋ ਕ੍ਰੈਕ ਨੋ ਡੈਮੇਜ, — ਇਹ ਸਭ ਕੁੱਝ ਦੁਹਰਾ ਕੇ ਉਹ ਕਪਲਿੰਗ ਅਨਕਪਲਿੰਗ ਬਾਰੇ ਮਨ ਵਿਚ ਦੁਹਰਾਉਣ ਲਗਦਾ। ਟਰੱਕ ਨੂੰ ਟਰਾਲੇ ਨਾਲ ਜੋੜਨ ਅਤੇ ਖੋਲ੍ਹਣ ਨੂੰ ਉਹ ਇੰਙ ਆਖਦੇ। ਟਰੇਲਰ ਦੇ ਲੈਂਡਿੰਗ ਗੇਅਰ ਲਾਉਣੇ, ਵ੍ਹੀਲ ਚੈੱਕ ਕਰਨੇ, ਗਲਾਈਡਰ ਉਤਾਰਨੇ। ਟਰੱਕ ਦੇ ਪਾਰਕਿੰਗ ਬ੍ਰੇਕ ਲਾ ਕੇ ਫੇਰ ਬਾਹਰ ਆਉਣੈ।— ਇਹ ਸਭ ਉਸ ਨੂੰ ਰਟਿਆ ਪਿਆ ਸੀ। ਕਰਨਵੀਰ ਨੂੰ ਦਰਸ਼ਨ ਦੇ ਡਰਾਈਵਰ ਮਨੋਜ ਜਿਹੜਾ ਦਿਨ ਵੇਲੇ ਟ੍ਰੇਨਿੰਗ ਦਿੰਦਾ ਸੀ, ਦਾ ਭੇਤ ਆ ਗਿਆ ਸੀ। ਕਰਨਵੀਰ ਮਨੋਜ ਵਾਸਤੇ ਦਿਨੇ ਕੌਫ਼ੀ ਤੇ ਡੋਨਟ ਲਿਆ ਦਿੰਦਾ। ਉਹ ਕਰਨਵੀਰ ਨੂੰ ਇਹ ਸਭ ਸਿੱਖਣ ਵਿਚ ਮਦਦ ਕਰਦਾ। ਉਸ ਦਿਨ ਦਰਸ਼ਨ ਦੇ ਗੁੱਸੇ ਹੋਣ ਤੋਂ ਬਾਅਦ ਕਰਨਵੀਰ ਨੇ ਸੋਚਿਆ ਕਿ ਅੱਗੇ ਤੋਂ ਉਸ ਨੂੰ ਕੋਈ ਪ੍ਰਸ਼ਨ ਨਹੀਂ ਪੁੱਛਣਾ ਪਰ ਰੋਡ ਟੈਸਟ ਬਾਰੇ ਤਾਂ ਪੁੱਛਣਾ ਹੀ ਸੀ। ਤਿੰਨ ਹਫ਼ਤੇ ਲੰਘਣ ਤੋਂ ਬਾਅਦ ਜਦੋਂ ਕਰਨਵੀਰ ਨੇ ਇਹ ਪੁੱਛਿਆ ਤਾਂ ਦਰਸ਼ਨ ਬੋਲਿਆ, "ਗੱਲ ਏਦਾਂ ਬਈ ਮਨਿਸਟਰੀ ਵਾਲਿਆਂ ਨੂੰ ਪਤਾ ਲੱਗ ਗਿਐ। ਹੁਣ ਉਹ ਮੈਨੂੰ ਨਾਂ ਚੇਂਜ ਕਰ ਕੇ ਕਿਸੇ ਹੋਰ ਦੀ ਅਪੁਆਇੰਟਮੈਂਟ ਕਿਸੇ ਹੋਰ ਨੂੰ ਨਹੀਂ ਦੇਣ ਦਿੰਦੇ।"

"ਫੇਰ?" ਕਰਨਵੀਰ ਦਾ ਚਿਹਰਾ ਉੱਤਰ ਗਿਆ।

"ਐਂ ਕਰਦੇ ਆਂ। ਏਥੋਂ ਥੋੜ੍ਹੀ ਦੂਰੀ 'ਤੇ ਇਕ ਸ਼ਹਿਰ ਐ ਕਲਿੰਟਨ। ਦੋ ਢਾਈ ਘੰਟੇ ਦਾ ਰਾਹ ਹੈ। ਓਥੇ ਦੀ ਤੂੰ ਪ੍ਰਾਈਵੇਟ ਬੁਕਿੰਗ ਕਰ ਲੈ। ਮੈਂ ਨਾਲ ਚਲਿਆ ਜਾਵਾਂਗਾ। ਤੇਰਾ ਓਥੇ ਟੈਸਟ ਦਿਵਾ ਲਿਆਊਂ।" ਫਿਰ ਬੋਲਿਆ, "ਦਸ ਕੁ ਮਿੰਟ ਦੇ ਮੈਨੂੰ।" ਦਰਸ਼ਨ ਆਪਣੇ ਫੋਨ 'ਤੇ ਦੇਖਣ ਲੱਗਾ। ਫਿਰ ਕੁੱਝ ਮਿੰਟਾਂ ਬਾਅਦ ਬੋਲਿਆ, "ਕਲਿੰਟਨ ਤਾਂ ਵਿਹਲਾ ਪਿਆ। ਆਪਾਂ ਇਉਂ ਕਰਦੇ ਆਂ ਚਾਰ ਜਣਿਆਂ ਦਾ ਬੁੱਕ ਕਰ ਦਿੰਨੇ ਆਂ। ਸਾਰੇ ਚਲੇ ਚੱਲਾਂਗੇ। ਮੈਂ ਵੇਖਦਾਂ ਕਿਹੜੇ ਕਿਹੜੇ ਨੂੰ ਜ਼ਿਆਦਾ ਕਾਹਲੀ ਐ।"

"ਸੁਰਜੀਤ ਨੂੰ ਵੀ ਪੁੱਛ ਲਿਓ।" ਕਰਨਵੀਰ ਨੇ ਕਿਹਾ। ਦਰਸ਼ਨ ਨੇ ਪਹਿਲਾ ਫੋਨ ਸੁਰਜੀਤ ਨੂੰ ਹੀ ਕੀਤਾ। ਫੋਨ ਦਾ ਸਪੀਕਰ ਚਾਲੂ ਕਰ ਕੇ ਉਹ ਬੋਲਿਆ, "ਸੁਰਜੀਤ, ਕਲਿੰਟਨ ਦੀ ਤਿੰਨ ਦਿਨਾਂ ਬਾਅਦ ਮਿਲਦੀ ਐ ਰੋਡ ਟੈਸਟ ਲਈ ਅਪੁਆਇੰਟਮੈਂਟ। ਖਰਚਾ ਥੋੜ੍ਹਾ ਹੋਰ ਆਊਗਾ। ਇਕ ਦਿਨ ਪਹਿਲਾਂ ਵੀ ਸ਼ਾਇਦ ਜਾਣਾ ਪਊ।" ਇਕ ਪਲ ਦੂਜੇ ਪਾਸਿਓਂ ਕੋਈ ਜਵਾਬ ਨਾ ਆਇਆ। ਫਿਰ ਸੁਰਜੀਤ ਦੀ ਆਵਾਜ਼ ਆਈ, "ਦੋ ਦਿਹਾੜੀਆਂ ਭੰਨੂੰ, ਨਾਲੇ ਖਰਚਾ ਵਾਧੂ। ਤੁਸੀਂ ਮੇਰੇ ਨਾਲ ਮਹੀਨੇ ਦਾ ਬ੍ਰੈਂਪਟਨ 'ਚ ਵਾਅਦਾ ਕੀਤਾ ਸੀ।" ਦਰਸ਼ਨ ਨੇ ਸਪੀਕਰ ਬੰਦ ਕਰ ਕੇ ਫੋਨ ਕੰਨ ਨੂੰ ਲਾ ਲਿਆ। ਫਿਰ ਬੋਲਿਆ, "ਬ੍ਰੈਂਪਟਨ ਦੀ ਤਾਂ ਜੂਨ ਤੋਂ ਬਾਅਦ ਦੀ ਮਿਲੇਗੀ।"

"ਪੈਸੇ ਕਿਵੇਂ ਮੋੜ ਦਿਆਂ? ਟਰੱਕ ਨੀ ਸਿਖਾਇਆ? ਬੈਕ ਫੋਨ ਕਰਲੀਂ ਜੇ ਜਾਣਾ ਹੋਇਆ।" ਆਖ ਕੇ ਦਰਸ਼ਨ ਨੇ ਫੋਨ ਬੰਦ ਕਰ ਦਿੱਤਾ ਤੇ ਬੁੜਬੁੜਾਇਆ, "ਡੇਟਾਂ ਮੇਰੀ ਜੇਬ 'ਚ ਪਾਈਆਂ!"

ਕਰਨਵੀਰ ਦੇ ਚਿੱਤ ਚ ਆਈ, 'ਜੇ ਨਹੀਂ ਜੇਬ 'ਚ ਤਾਂ ਵਾਅਦਾ ਕਿਉਂ ਕਰਦੇ ਓਂ' ਪਰ ਉਸ ਨੇ ਇਹ ਕਿਹਾ ਨਹੀਂ। ਦਰਸ਼ਨ ਹੀ ਬੋਲਿਆ, "ਤੂੰ ਵੇਟ ਕਰ। ਮੈਂ ਕਰਦੈਂ ਕੋਈ ਬੰਦੋਬਸਤ।"

ਫਿਰ ਕੁੱਝ ਦੇਰ ਬਾਅਦ ਆ ਕੇ ਦਰਸ਼ਨ ਬੋਲਿਆ, "ਪਰਸੋਂ ਨੌਂ ਵਜੇ ਦੀ ਬੁੱਕ ਕਰਲੋ ਅਪੁਇੰਟਮੈਂਟ; ਤੇ ਕੱਲ੍ਹ ਸ਼ਾਮ ਨੂੰ ਚਾਰ ਵਜੇ ਇੱਥੇ ਆ ਜਾਇਓ। ਤੁਸੀਂ ਚਾਰ ਜਣੇ ਹੋਵੋਂਗੇ। ਮਨੋਜ ਆਪਣੀ ਕਾਰ 'ਤੇ ਲੈ ਜਾਵੇਗਾ। ਉਸ ਦੀ ਕਾਰ ਵਿਚ ਗੈਸ ਪਵਾ ਦਿਓ। ਓਥੇ ਪਹੁੰਚ ਕੇ ਮੈਂ ਥੋੜੀ ਓਸੇ ਰੂਟ 'ਤੇ ਪ੍ਰੈਕਟਿਸ ਕਰਵਾ ਦੇਊਂ ਜਿਸ 'ਤੇ ਰੋਡ ਟੈਸਟ ਹੋਣਾ ਹੋਇਆ। ਪੰਜ ਸੌ ਡਾਲਰ, ਜਿਹੜਾ ਰੋਡ ਟੈਸਟ ਵਾਲੇ ਦਿਨ ਦੇਣਾ ਸੀ ਉਹ, ਤੇ ਪੰਜ ਸੌ ਲੱਗੂ ਹੋਰ। ਹਜ਼ਾਰ ਡਾਲਰ ਲੈ ਆਈਂ। ਕਰਦੇ ਬੁੱਕ ਹੁਣੇ ਹੀ, ਨਹੀਂ ਤਾਂ ਹੱਥੋਂ ਨਾ ਨਿਕਲ ਜਾਏ।" ਆਖ ਕੇ ਦਰਸ਼ਨ ਕਿਸੇ ਹੋਰ ਨੂੰ ਫੋਨ ਮਿਲਾਉਣ ਲੱਗ ਪਿਆ। ਦਰਸ਼ਨ ਦੀ ਗੱਲ ਸੁਣ ਕੇ ਕਰਨਵੀਰ ਨੂੰ ਲੱਗਾ ਕਿ ਉਸ ਕੋਲ ਕੋਈ ਹੋਰ ਚਾਰਾ ਹੀ ਨਹੀਂ। ਉਹ ਆਪਣੀ ਅਪੁਇੰਟਮੈਂਟ ਬੁੱਕ ਕਰਵਾਉਣ ਲੱਗ ਪਿਆ।

ਘਰ ਵੱਲ ਵਾਪਸ ਜਾਂਦਾ ਕਰਨਵੀਰ 'ਵਧੀਆ ਸਕੂਲ' ਵਾਲੇ ਅੰਕਲ ਬਾਰੇ ਸੋਚਣ ਲੱਗਾ ਜਿਹੜਾ ਉਸ ਨੂੰ ਕਾਰ ਦਾ ਰੋਡ ਟੈਸਟ ਦਿਵਾਉਣ ਲਾਗਲੇ ਸ਼ਹਿਰ ਔਰੇਂਜਵਿਲ ਲੈ ਗਿਆ ਸੀ। ਉਦੋਂ ਕਾਰ ਦਾ ਡਰਾਈਵਿੰਗ ਟੈਸਟ ਪਾਸ ਹੋਣ ਦੀ ਖੁਸ਼ੀ ਵਿਚ ਕਰਨਵੀਰ ਨੂੰ ਵਾਧੂ ਖਰਚੇ ਡਾਲਰ ਚੁਭਣੋਂ ਹਟ ਗਏ ਸਨ ਪਰ ਦਰਸ਼ਨ ਦੀ ਕਲਿੰਟਨ ਸ਼ਹਿਰ ਜਾ ਕੇ ਟਰੱਕ ਦਾ ਰੋਡ ਟੈਸਟ ਦੇਣ ਦੀ ਗੱਲ ਸੁਣ ਕੇ ਕਰਨਵੀਰ ਨੂੰ ਉਹ ਵਾਧੂ ਖਰਚੇ ਡਾਲਰ ਰੜਕਣ ਲੱਗ ਪਏ।

'ਅੰਕਲ ਨੇ ਪਤਾ ਨਹੀਂ ਅੱਗੇ ਕਿਸੇ ਨੂੰ ਦਿੱਤੇ ਵੀ ਹੋਣਗੇ ਪੰਦਰਾਂ ਸੌ ਕਿ ਆਪ ਹੀ ਖਾ ਗਿਆ ਹੋਵੇਗਾ?' ਕਰਨਵੀਰ ਨੇ ਸੋਚਿਆ। ਫਿਰ ਉਸ ਦੇ ਦਿਮਾਗ਼ ਵਿਚ ਆਇਆ ਕਿ ਸਪੇਨ ਵਿਚ ਉਸ ਨੂੰ ਇਸ ਤਰ੍ਹਾਂ ਕਿਸੇ ਨੂੰ ਵੀ ਰਿਸ਼ਵਤ ਨਹੀਂ ਸੀ ਦੇਣੀ ਪਈ। 'ਇਸ ਪੱਖੋਂ ਤਾਂ ਓਥੇ ਹੀ ਵਧੀਆ ਸੀ।' ਫਿਰ ਉਸ ਨੇ ਸੋਚਿਆ, 'ਉੱਥੇ ਲਾਈਸੰਸ ਨਾਲ ਪੀ ਆਰ ਲੈਣ ਦਾ ਲਾਲਚ ਨਹੀਂ ਸੀ ਜੁੜਿਆ ਹੋਇਆ।' 'ਕਿਤੇ ਦਰਸ਼ਨ ਵੀ ਅੰਕਲ ਵਾਂਗ ਹੋਰ ਪੈਸੇ ਬਣਾਉਣ ਦੇ ਲਾਲਚ ਵਿਚ ਤਾਂ ਨਹੀਂ ਸਾਨੂੰ ਬਾਹਰਲੇ ਸ਼ਹਿਰ ਲੈ ਕੇ ਚੱਲਿਆ?' ਉਸ ਨੇ ਸੋਚਿਆ। ਫਿਰ 'ਜੇ ਹੋਊਗਾ ਵੀ ਤਾਂ ਕੀ ਕਰ ਸਕਦਾ ਵਾਂ, ਹੋਰ ਕੋਈ ਰਾਹ ਵੀ ਤਾਂ ਨਹੀਂ' ਸੋਚ ਕੇ ਕਰਨਵੀਰ ਨੇ ਆਪਣੇ ਆਪ ਨੂੰ ਸਮਝਾ ਲਿਆ। **(ਚੱਲਦਾ)**

# ਪੰਜਾਬੀਅਤ ਦੀ ਪਛਾਣ ਲੋਕ ਨਾਚ

**ਡਾ. ਜਗੀਰ ਸਿੰਘ ਨੂਰ**

ਪੰਜਾਬ ਦੇ ਲੋਕ ਨਾਚ ਪੰਜਾਬ ਅਤੇ ਪੰਜਾਬੀ ਰਹਿਤਲ ਦਾ ਸਜੀਵ ਪ੍ਰਗਟਾਵਾ ਹਨ। ਪੰਜਾਬ ਵਿਚੋਂ ਪ੍ਰਚਲਿਤ ਹੋਈਆਂ ਲੋਕ ਕਲਾਵਾਂ, ਖਾਸਕਰ ਪ੍ਰਦਰਸ਼ਿਤ ਲੋਕ ਕਲਾਵਾਂ ਵਿਚ ਲੋਕ ਨਾਚਾਂ ਦਾ ਵਿਸ਼ੇਸ਼ ਸਥਾਨ ਹੈ। ਲੋਕ ਨਾਚ ਸਮੂਹਿਕ ਚਰਿੱਤਰ ਦਾ ਧਾਰਨੀ ਹੁੰਦਾ ਹੈ। ਇਸ ਵਿਚ ਮਾਨਸਿਕ ਪੱਧਰ 'ਤੇ ਸਾਰੀ ਜਾਤੀ ਦੀ ਸ਼ਿਰਕਤ ਹੁੰਦੀ ਹੈ। ਇਹ ਸਮੇਂ, ਸਥਾਨ, ਕਰਤੇ ਨਿਯਮਾਂ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਬੰਧੇਜਾਂ ਦੇ ਮੁਥਾਜ ਨਹੀਂ ਹੁੰਦੇ।

ਡਾ. ਨਰਿੰਦਰ ਨਿੰਦੀ ਨੇ ਆਪਣੀ ਪੁਸਤਕ 'ਪੰਜਾਬ ਦੇ ਲੋਕ ਨਾਚਾਂ ਦਾ ਸਰਵੇਖਣ' (ਸੰਪਾਦਕ: ਸਿਮਰਤਪਾਲ ਕੌਰ) ਵਿਚ ਪੰਜਾਬ ਦੇ ਲੋਕ ਨਾਚਾਂ ਦਾ ਵਿਹਾਰਕ ਜਾਂ ਪ੍ਰਦਰਸ਼ਿਤ ਅਤੇ ਦਸਤਾਵੇਜ਼ੀ ਅਨੁਭਵਾਂ ਤੋਂ ਪੰਜਾਬ ਦੇ ਰਵਾਇਤੀ ਲੋਕ ਨਾਚਾਂ ਨੂੰ ਪਛਾਣਨ ਦਾ ਉਪਰਾਲਾ ਕੀਤਾ ਹੈ। ਪੁਸਤਕ ਨੂੰ ਢੁੱਕਵਾਂ ਰੂਪ ਪ੍ਰਦਾਨ ਕਰਨ ਲਈ ਲੇਖਕ ਨੇ ਛੇ ਕਾਂਡ ਢੁੱਕਵੀਂ ਤਰਤੀਬ ਵਿਚ ਪਾਠਕਾਂ ਦੇ ਸਨਮੁਖ ਕੀਤੇ ਹਨ। ਸਭ ਤੋਂ ਪਹਿਲਾਂ ਲੇਖਕ ਨੇ ਪੰਜਾਬ ਦੇ ਲੋਕ ਨਾਚਾਂ ਦੇ ਉਦਗਮ ਅਤੇ ਵਿਕਾਸ ਨੂੰ ਪੇਸ਼ ਕਰਨ ਲਈ ਪ੍ਰਾਚੀਨ ਕਾਲ ਵਿਚ ਪ੍ਰਚਲਿਤ ਹੋਈਆਂ ਸਭਿਅਤਾਵਾਂ ਨੂੰ ਘੋਖ ਕੇ ਉਨ੍ਹਾਂ ਵਿਚੋਂ ਇਸ ਦੇ ਪਛਾਣ ਚਿੰਨ੍ਹ ਪਛਾਣੇ ਹਨ।

ਦੂਸਰੇ ਅਧਿਆਇ 'ਪੁਰਾਤਨ ਪੰਜਾਬ ਦੇ ਲੋਕ ਨਾਚਾਂ ਦਾ ਵਿਵਰਣ' ਦੇ ਅੰਤਰਗਤ ਭੰਗੜਾ, ਗਿੱਧਾ, ਕਿੱਕਲੀ, ਝੂਮਰ, ਲੁੱਡੀ, ਧਮਾਲ, ਲੱਲੀ, ਡੰਡਾਸ ਅਤੇ ਸੰਮੀ ਆਦਿ ਲੋਕ ਨਾਚਾਂ ਬਾਰੇ ਸੰਖੇਪ ਪਰ ਭਾਵਪੂਰਤ ਜਾਣਕਾਰੀ ਦਿੱਤੀ ਹੈ। ਤੀਸਰੇ ਅਧਿਆਇ 'ਪੁਰਾਤਨ ਪੰਜਾਬ ਦੇ ਕੁਝ ਹੋਰ ਲੋਕ ਨਾਚ' ਵਿਚ ਲੇਖਕ ਨੇ ਔਰਤਾਂ ਅਤੇ ਮਰਦਾਂ ਦੇ ਲੋਕ ਨਾਚਾਂ ਨੂੰ ਦੋ ਸ਼੍ਰੇਣੀਆਂ ਵਿਚ ਰੱਖ ਕੇ ਉਨ੍ਹਾਂ ਦਾ ਸੰਖੇਪ ਬਿਓਰਾ ਦਿੱਤਾ ਹੈ।

ਇਹ ਲੋਕ ਨਾਚ ਔਰਤਾਂ ਵੱਲੋਂ ਪਰੰਪਰਾਗਤ ਰੂਪ ਵਿਚ ਕਦੇ ਨਾ ਕਦੇ ਕਿਸੇ ਸਮੇਂ ਨੱਚੇ ਜਾਣ ਵਾਲੇ ਹੁੰਦੇ ਸਨ ਜਿਨ੍ਹਾਂ ਦਾ ਨਾਮ ਖੱਲਾ, ਫਰੂਹਾ, ਘੁੰਮਰ, ਸਪੇਰਾ ਨਾਚ, ਹੁੱਲੇ ਨਾਚ, ਜਾਗਰਨ, ਬਾਲੋ ਅਤੇ ਬਾਗੜੀ ਹੈ। ਇਸੇ ਤਰ੍ਹਾਂ ਮਰਦਾਵੇਂ ਲੋਕ ਨਾਚਾਂ ਵਿਚ ਅਖਾੜਾ ਜਾਂ ਭਲਵਾਨੀ, ਢੁੰਮਣੀਆਂ, ਹਿੱਬੋ, ਬਾਘਾ, ਮਰਦਾਵਾਂ ਗਿੱਧਾ, ਹੇਮੜੀ, ਗਤਕਾ, ਲੰਗੂਰ ਨਾਚ, ਜੰਗਮ ਅਤੇ ਗੁੱਗਾ ਆਦਿ ਨਾਚਾਂ ਦਾ ਵੀ ਸੰਖੇਪ, ਭਾਵੇਂ ਕੁਝ ਸਤਰਾਂ ਵਿਚ ਹੀ, ਵੇਰਵਾ ਦਿੱਤਾ ਹੈ।

ਇਹ ਪੁਸਤਕ ਦੀ ਪ੍ਰਾਪਤੀ ਹੈ ਕਿ ਲੇਖਕ ਨੇ ਪੁਸਤਕ ਵਿਚ ਲੋਕ ਨਾਚਾਂ ਦੇ ਖੇਤਰ ਵਿਚ ਕਾਰਜਸ਼ੀਲ ਸੰਸਥਾਵਾਂ ਅਤੇ ਵਿਅਕਤੀਆਂ ਦਾ ਜ਼ਿਕਰ ਵੀ ਬੜੇ ਸ਼ਰਧਾਮੂਲਕ ਭਾਵ ਤਹਿਤ ਕੀਤਾ ਹੈ। ਲੇਖਕ ਦੀ ਇਹ ਘਾਲਣਾ ਸਲਾਹੁਣਯੋਗ ਹੈ ਪਰ ਇਸ ਨੂੰ ਪੰਜਾਬ ਦੇ ਲੋਕ ਨਾਚਾਂ ਬਾਰੇ ਦੀਰਘ ਖੋਜ ਕਾਰਜਾਂ ਨੂੰ ਵੀ ਅਧਿਐਨ ਦਾ ਵਿਸ਼ਾ ਬਣਾਉਣਾ ਅਜੇ ਬਾਕੀ ਹੈ।

ਪੁਸਤਕ ਵਿਚ ਹਰ ਲੋਕ ਨਾਚ ਬਾਰੇ ਦਿੱਤੇ ਲੋਕ ਗੀਤ ਜਾਂ ਲੋਕ ਬੋਲੀਆਂ ਲੇਖਕ ਦੀ ਪ੍ਰਤਿਭਾ ਦਾ ਹਾਸਲ ਹਨ। ਇਨ੍ਹਾਂ ਵਿਚੋਂ ਝਲਕਦੀ ਪੰਜਾਬੀਅਤ ਦੀ ਪਛਾਣ ਪੰਜਾਬੀਆਂ ਨੂੰ ਭੁੱਲਣੀ ਨਹੀਂ ਚਾਹੀਦੀ। ਪੰਜਾਬ ਦੇ ਲੋਕ ਨਾਚ ਮਹਿਜ਼ ਮਨੋਰੰਜਨ ਦਾ ਸਾਧਨ ਹੀ ਨਹੀਂ ਹਨ ਸਗੋਂ ਇਨ੍ਹਾਂ ਦੀ ਪੇਸ਼ਕਾਰੀ ਵਿਚੋਂ ਸੂਰਬੀਰਤਾ, ਸਮਾਜਿਕਤਾ, ਆਰਥਿਕਤਾ ਦਾ ਸਰੂਪ ਵੀ ਪ੍ਰਗਟ ਹੁੰਦਾ ਹੈ।

# ਸੀਰਤ, ਸਿਰਜਨਾ ਤੇ ਸਮਕਾਲ

ਕਿਸੇ ਵੀ ਸਾਹਿਤਕ ਰਚਨਾ ਦਾ ਆਧਾਰ ਸਮੇਂ, ਸਥਾਨ ਅਤੇ ਸਥਿਤੀ 'ਤੇ ਹੀ ਨਿਰਭਰ ਕਰਦਾ ਹੈ। ਇਸ ਲਈ ਸਮੇਂ ਅਤੇ ਸਥਾਨ ਦੀ ਸਥਿਤੀ ਦਾ ਰਚਨਾਤਮਿਕ ਪ੍ਰਕਿਰਿਆ ਉੱਤੇ ਅਸਰ ਹੋਣਾ ਜ਼ਰੂਰੀ ਹੈ। ਇਸੇ ਫ਼ਿਕਰ ਨੂੰ ਸਾਹਿਤਕ ਰੁਚੀ ਤਹਿਤ ਮਾਨਤਾ ਪ੍ਰਦਾਨ ਹੈ। ਫਿਰ ਜਦੋਂ ਕੁਝ ਅਜੇਹਾ ਬਦਲਾਓ ਵਾਪਰਦਾ ਹੈ ਤਾਂ ਸੁਭਾਵਕ ਹੀ ਸਿਰਜਣ ਪ੍ਰਕਿਰਿਆ ਵਿਚ ਅਣਦਿਸਦਾ ਬਦਲਾਓ ਆ ਹੀ ਜਾਂਦਾ ਹੈ। ਜਦੋਂ ਮੈਂ ਆਪਣੀਆਂ ਰਚਨਾਵਾਂ ਦਾ ਅਧਿਐਨ ਕਰਦਾ ਹਾਂ ਤਾਂ ਅਚੰਭਿਤ ਰਹਿ ਜਾਂਦਾ ਹਾਂ। ਮੇਰੀ 8 ਗ਼ਜ਼ਲਾਂ ਦੀ ਸੀ.ਡੀ ਵਿਚ ਇਕ ਗ਼ਜ਼ਲ ਜੋ ਬਹੁਤ ਗੰਭੀਰ ਪ੍ਰਸ਼ੰਸਕਾਂ ਵਲੋਂ ਪਸੰਦ ਕੀਤੀ ਗਈ ਹੈ ਜਿਸ ਦਾ ਮਤਲਾ ਇੰਝ ਹੈ

"ਗਵਾ ਰਹੇ ਹਾਂ ਸ਼ਰਾਬਾਂ 'ਚ ਆਰਸੀ ਅਪਨੀ/
ਇਹ ਕਿਸ ਮੁਕਾਮ 'ਤੇ ਲੈ ਆਈ ਤਿਸ਼ਨਗੀ ਅਪਨੀ।"

ਇਸ ਸ਼ਿਅਰ ਵਿਚ ਆਰਥਿਕ ਮੰਦਹਾਲੀ ਕਾਰਨ ਜਾਂ ਚਕਾਚੌਂਦ ਜੀਵਨ ਜੀਣ ਦੀ ਲਾਲਸਾ ਹਿੱਤ ਪਰਵਾਸ ਧਾਰਨ ਕਾਰਨ ਆਪਣੀ ਪਛਾਣ ਹੀ ਨੂੰ ਗਵਾ ਬੈਠਣਾ ਸੰਕੇਤਿਕ ਹੈ। ਮੈਂ ਜੰਮੂ ਕਸ਼ਮੀਰ ਵਿਚ ਸਥਾਪਤੀ ਦੇ ਮੋੜ 'ਤੇ ਸੀ ਅਤੇ ਪੁਸਤਕਾਂ (ਛੱਲਾਂ-ਕਾਵਿ, ਖ਼ਲਾਅ 'ਚ ਟੰਗੇ ਹਰਫ਼-ਕਾਵਿ, ਕਿਰਚਾਂ-ਗ਼ਜ਼ਲ ਅਤੇ ਭਰਮ ਭੁਲੱਈਆਂ-ਨਾਵਲ) ਦਾ ਲੇਖਕ ਹੋ ਨਿੱਬੜਿਆ ਸੀ। ਜਦ ਮੈਂ ਨਵੰਬਰ 1988 ਵਿਚ ਕੈਲੀਫੋਰਨੀਆ ਵਿਖੇ ਪਰਵਾਸ ਧਾਰਿਆ ਤਾਂ ਮੇਰੀਆਂ ਤਿੰਨ ਪੁਸਤਕਾਂ ਨੂੰ ਜੰਮੂ-ਕਸ਼ਮੀਰ ਅਕੈਡਮੀ ਆਫ ਆਰਟਸ, ਕਲਚਰ ਐਂਡ ਲੈਂਗੁਏਜਿਜ਼ ਵਲੋਂ ਪ੍ਰਥਮ ਪੁਸਤਕ ਪੁਰਸਕਾਰ ਪ੍ਰਾਪਤ ਸਨ। ਜਦ ਮੈਂ ਇਸ ਬਾਰੇ ਕਦੀ ਸੋਚਿਆ ਹੈ ਤਾਂ ਹੈਰਤ ਵੀ ਹੋਈ ਹੈ ਕਿ ਮੈਨੂੰ ਖੁੱਲ੍ਹੀ ਕਵਿਤਾ (ਛੱਲਾਂ), ਅਰੂਜ਼ ਬੰਦ ਗ਼ਜ਼ਲ (ਕਿਰਚਾਂ) ਅਤੇ ਵਾਰਤਕ ਪੁਸਤਕ (ਭਰਮ ਭੁਲੱਈਆਂ) ਜਿਹੇ ਵਖੋ-ਵੱਖਰੇ ਰੂਪਾਂ ਵਿਚ ਪਰਵਾਨ ਕੀਤਾ ਗਿਆ। ਮੈਂ ਸਾਹਿਤ ਨੂੰ ਆਪਣੇ ਇਸ਼ਟ ਵਜੋਂ ਧਾਰ ਲਿਆ ਸੀ। ਅਮਰੀਕਾ ਵਿਖੇ ਇਕ ਅੱਧ ਸਾਲ ਤਾਂ ਆਪਣੇ ਆਪ ਨੂੰ ਸੰਭਾਲਣ ਵਿਚ ਹੀ ਲੰਘ ਗਿਆ, ਪਰ ਇਕ ਅਸਾਹਿਤਕ ਖ਼ਲਾਅ ਵਿਚ ਸਾਹਿਤਕ ਮਾਹੌਲ ਦੀ ਜਗਿਆਸਾ ਅਤੇ ਇਸ ਦੀ ਉਤਪਤੀ ਲਈ ਅੰਦਰ ਹੀ ਅੰਦਰ ਘੋਲ ਕਰ ਰਿਹਾ ਸੀ। ਸੈਨਹੋਜ਼ੇ ਸ਼ਹਿਰ ਵਿਚ ਇਕ ਪੰਜਾਬੀ ਦਾ ਪਰਚਾ, "ਜਾਗੋ" ਮਹੀਨੇਵਾਰ ਅਤੇ ਦੋ ਤਿੰਨ ਪੰਜਾਬੀ ਦੀਆਂ ਅਖ਼ਬਾਰਾਂ ਨਿਕਲਦੀਆਂ ਵੇਖੀਆਂ। 'ਜਾਗੋ' ਦੇ ਸੰਪਾਦਕ ਪ੍ਰੋ. ਸ਼ੇਰ ਸਿੰਘ ਕੰਵਲ ਨਾਲ ਕੇਵਲ ਫੋਨ 'ਤੇ ਹੀ ਗੱਲਬਾਤ ਹੋ ਸਕੀ। ਉਨ੍ਹਾਂ ਕੋਲ ਸਮਾਂ ਹੀ ਨਹੀਂ ਸੀ ਅਤੇ ਉਹ ਜਲਦੀ ਹੀ ਨਿਊਯਾਰਕ ਪ੍ਰਸਥਾਨ ਕਰ ਗਏ। ਅਖ਼ਬਾਰ, 'ਪੰਜਾਬ ਟਾਈਮਜ਼ ' ਵਿਚ ਇਕ ਦੋ ਵੇਰ ਪੰਜਾਬੀ ਕਹਾਣੀ, ਕਿਸੇ ਅਮਰਜੀਤ ਦਰਦੀ ਦੀ ਪੜ੍ਹੀ ਅਤੇ ਉਹ ਕੌਣ ਸੀ! ਜਾਣ ਹੀ ਨਹੀਂ ਸਕਿਆ। ਪਰ ਮੇਰੀ ਇਸ ਭਟਕਣ ਨੇ ਮੈਨੂੰ ਉਸ ਮੁਕਾਮ 'ਤੇ ਲਿਆ ਖੜ੍ਹਾ ਕੀਤਾ ਜਿੱਥੇ ਮੇਰੀ ਅਚਨਚੇਤ ਹੀ, ਯੂਬਾ-ਸਿਟੀ ਸ਼ਹਿਰ ਵਿਖੇ, ਇਕ ਉੱਚਕੋਟੀ ਦੇ ਕਹਾਣੀਕਾਰ ਜਨਾਬ ਰਾਬਿੰਦਰ ਸਿੰਘ ਅਟਵਾਲ ਨਾਲ ਭੇਟ ਹੋ ਗਈ। ਇਨ੍ਹਾਂ ਬਾਰੇ ਮੈਨੂੰ ਜੇ-ਐਂਡ-ਕੇ ਕਲਚਰਲ ਅਕੈਡਮੀ ਦੇ ਪੰਜਾਬੀ ਵਿਭਾਗ ਦੇ ਸੰਪਾਦਕ ਸ. ਅਮਰੀਕ ਸਿੰਘ ਵਲੋਂ ਦਸਿਆ ਗਿਆ ਸੀ ਕਿ ਆਪ ਇਕ ਕਹਾਣੀਕਾਰ ਹਨ ਅਤੇ ਉਥੋਂ ਦੇ ਕੁਝ ਲੇਖਕਾਂ ਨਾਲ ਇਕ ਸੰਪਾਦਿਤ ਕਹਾਣੀ ਸੰਗ੍ਰਹਿ ਛਾਪ ਚੁੱਕੇ ਹਨ ਜਿਨ੍ਹਾਂ ਵਿਚ ਜੰਮੂ ਦੀ ਰਾਣੀ ਨਗਿੰਦਰ ਵੀ ਸ਼ਾਮਿਲ ਹੈ। ਉਨ੍ਹਾਂ ਤੋਂ ਇਕ ਖ਼ਾਸ ਪ੍ਰਾਪਤੀ ਇਹ ਹੋਈ ਕਿ ਮੈਂ ਬੇ-ਏਰੀਏ ਵਿਖੇ ਕਵੀ ਸੁਖਵਿੰਦਰ ਕੰਬੋਜ ਨੂੰ ਮਿਲਿਆ ਜੋ ਉਸ ਸਮੇਂ ਇਕ ਅਮਰੀਕੀ ਪੰਜਾਬੀ ਕਵਿਤਾ ਪੁਸਤਕ ਸੰਪਾਦਨ ਹਿੱਤ ਕੰਮ ਕਰ ਰਿਹਾ ਸੀ। ਪਰ ਉਨ੍ਹਾਂ ਕੋਲ ਸੁਖਵਿੰਦਰ ਕੰਬੋਜ ਦਾ ਕੋਈ ਅਤਾ-ਪਤਾ ਨਹੀਂ ਸੀ। ਕੇਵਲ ਇਹ ਹੀ ਦੱਸ ਸਕੇ ਕਿ ਉਹ ਕਿਸੇ 'ਪਰਾਈਸ ਕਲੱਬ' (ਅੱਜ ਦੇ 'ਕੌਸਟਕੋ') ਨਾਂ ਦੇ ਸਟੋਰ ਵਿਚ ਕੰਮ ਕਰ ਰਿਹਾ ਹੈ।

1990 ਵਿਚ ਮੈਂ ਬੀਮਾਰ ਹੋ ਗਿਆ ਅਤੇ ਦੋ ਮਹੀਨਿਆਂ ਲਈ ਜੰਮੂ ਬੱਚਿਆਂ ਕੋਲ ਆ ਗਿਆ। 1991 ਵਿਚ ਆ ਕੇ ਮੈਂ ਆਈ ਬੀ ਐਮ ਕੰਪਨੀ ਵਿਚ ਜੋਬ 'ਤੇ ਲੱਗ ਗਿਆ ਜਿੱਥੇ ਕਹਾਣੀਕਾਰ ਅਮਰਜੀਤ ਦਰਦੀ ਵੀ ਕੰਮ ਕਰ ਰਿਹਾ ਸੀ। ਬਸ ਇਕ ਕੰਪਨੀ ਪਿਕਨਿਕ ਵਿਚ ਉਸ ਨਾਲ ਮੁਲਾਕਾਤ ਹੋ ਹੀ ਗਈ। ਉਸ ਨੇ ਦੱਸਿਆ ਕਿ ਕੰਬੋਜ ਕਿੱਥੇ ਕੰਮ ਕਰਦਾ ਹੈ। ਅਸੀਂ (ਦੋਹਾਂ ਨੇ) ਉਸ ਨੂੰ ਫਰੀਮੌਂਟ ਸਟੋਰ ਵਿਚ ਲੱਭ ਲਿਆ। ਮੁਲਾਕਾਤ ਹੋਈ। ਉਸ ਨੇ ਮੇਰਾ ਨਾਂ ਸੁਣਿਆ ਹੋਇਆ ਸੀ ਅਤੇ ਇਕ ਆਪਣੇਪਣ ਜਿਹੀ ਸਾਂਝ ਬਣ ਗਈ। ਹੈਰਾਨੀ ਵਾਲੀ ਗੱਲ ਇਹ ਸੀ ਕਿ ਉਹ ਵੀ ਕਰੀਬ ਕਰੀਬ ਮੇਰੇ ਹੀ ਇਲਾਕੇ ਵਿਚ ਰਿਹਾਇਸ਼ ਪਜ਼ੀਰ ਸੀ, ਜਿਸ ਨੂੰ ਲੱਭਣ ਵਿਚ ਦੋ ਸਾਲ ਲੱਗ ਗਏ। ਉਸ ਵੱਲੋਂ ਅਤੇ ਨਿਊਯਾਰਕ ਵਿਖੇ ਰਹਿ ਰਹੇ ਰਵਿੰਦਰ ਸਹਿਰਾ ਵਲੋਂ ਸੰਪਾਦਿਤ ਸੰਗ੍ਰਹਿ ਛਪਵਾਉਣ ਲਈ ਪੰਜਾਬ ਭੇਜਿਆ ਗਿਆ ਸੀ। ਉਸ ਨੇ ਮੇਰੀ ਵੀ ਇਕ ਕਵਿਤਾ ਭੇਜ ਦਿੱਤੀ ਜੋ ਉਸ ਵਿਚ ਸ਼ਾਮਿਲ ਹੋ ਗਈ। ਪਰ ਇਸੇ ਮਹੀਨੇ ਮੈਨੂੰ ਮੁੜ ਇੰਡੀਆ ਜਾਣਾ ਪਿਆ ਕਿਉਂਕਿ ਮੈਂ ਕਾਲਜ ਤੋਂ ਫਰਲੋ-ਲੀਵ 'ਤੇ ਸਾਂ ਜਿਸ ਦੀ ਮਿਆਦ ਖ਼ਤਮ ਹੋਣ 'ਤੇ ਸੀ ਅਤੇ ਮੈਂ ਮੁੜ ਕੇ ਕਾਲਜ ਵਿਚ ਹਾਜ਼ਰੀ ਭਰ ਦਿੱਤੀ। ਇਨ੍ਹਾਂ ਵ੍ਹਰਿਆਂ ਵਿਚ ਸਿਲੇਬਸ ਵਿਚ ਬਹੁਤ ਤਬਦੀਲੀ ਹੋ ਗਈ ਸੀ। ਮਿਹਨਤ ਕਰਨੀ ਪਈ ਅਤੇ ਨੌਆਂ ਮਹੀਨਿਆਂ ਦੇ ਅੰਦਰ ਅੰਦਰ ਮੈਂ ਯੂ.ਜੀ.ਸੀ. ਤਹਿਤ ਐਸੋਸੀਏਟ ਪ੍ਰੋਫੈਸਰ ਦੀ ਜੌਬ ਤੋਂ ਵਾਲੰਟੀਅਰੀ ਰਿਟਾਇਰਮੈਂਟ ਲੈ ਕੇ ਮੁੜ ਅਕਤੂਬਰ 1992 ਵਿਚ ਕੈਲੀਫੋਰਨੀਆ (ਸੈਨਹੋਜ਼ੇ), ਅਮਰੀਕਾ ਆਵਾਸ ਧਾਰ ਲਿਆ। ਸੁਖਵਿੰਦਰ ਕੰਬੋਜ ਨਾਲ ਮੁਲਾਕਾਤ ਕੀਤੀ ਅਤੇ ਸਾਹਿਤਕ ਵਿਚਾਰ ਵਟਾਂਦਰਾ ਹੋਇਆ। ਇਸ ਅਨੁਸਾਰ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਨਿਰਮਾਣ ਦੀ ਯੋਜਨਾ ਤਿਆਰ ਕੀਤੀ ਗਈ। ਕੰਬੋਜ ਨੇ ਮੈਨੂੰ ਹੀ ਉਨ੍ਹਾਂ ਕਵੀਆਂ ਨਾਲ ਸੰਪਰਕ ਕਰਨ ਲਈ ਉਨ੍ਹਾਂ ਦੇ ਫੋਨ ਨੰਬਰ ਦਿੱਤੇ। ਬੇ-ਏਰੀਏ ਵਿਚ ਕਹਾਣੀਕਾਰ ਅਮਰਜੀਤ ਦਰਦੀ ਤੋਂ ਛੁੱਟ ਇਕ ਸੰਜੀਦਾ ਕਵੀ ਸੁਖਦਰਸ਼ਨ ਧਾਲੀਵਾਲ ਨਾਲ ਮੁਲਾਕਾਤ ਹੋਈ (ਇਹ ਦੋਵੇਂ ਹੀ ਇਸ ਲੋਕ ਨੂੰ ਛੱਡ ਕੇ ਪਰਲੋਕ ਸੁਧਾਰ ਗਏ ਹਨ)। ਧਾਲੀਵਾਲ ਸੈਨਹੋਜ਼ੇ ਵਿਚ ਲਿੱਕਰ ਸਟੋਰ ਦਾ ਮਾਲਕ ਸੀ। ਇਸ ਲਈ ਇਹ ਫੈਸਲਾ ਹੋਇਆ ਕਿ ਸਾਰਿਆਂ ਲੇਖਕਾਂ ਨੂੰ ਇਸੇ ਸਟੋਰ ਵਿਚ ਬੁਲਾਇਆ ਜਾਏ। ਸਾਰਿਆਂ ਨੂੰ ਫੋਨ ਕੀਤੇ ਗਏ ਅਤੇ 6 ਜਨਵਰੀ 1993 ਨੂੰ ਇਸੇ ਮਨੋਰਥ ਅਧੀਨ ਮੇਰੇ ਨਾਲ ਬੇ-ਏਰੀਏ ਤੋਂ ਸੁਖਵਿੰਦਰ ਕੰਬੋਜ, ਵੇਦ ਵਟੁਕ, ਅਮਰਜੀਤ ਦਰਦੀ, ਜਸਵੰਤ ਸਿੰਘ ਸ਼ਾਦ ਅਤੇ ਸੁਖਦਰਸ਼ਨ ਧਾਲੀਵਾਲ; ਫਰਿਜ਼ਨੋ ਤੋਂ ਡਾ. ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਮੁਹੰਮਦ ਅਸ਼ਰਫ ਗਿੱਲ, ਪੀ ਐਸ ਮਾਨ ਅਤੇ ਯੂਬਾ ਸਿਟੀ ਤੋਂ ਰਾਬਿੰਦਰ ਸਿੰਘ ਅਟਵਾਲ, ਹਰਬੰਸ ਸਿੰਘ ਜਗਿਆਸੂ, ਮਹਿੰਦਰ ਸਿੰਘ ਘੱਗ ਅਤੇ ਗੁਰਦੇਵ ਸਿੰਘ ਚਿੱਟੀ ਸ਼ਾਮਲ ਹੋਏ। ਇਸ ਮੀਟਿੰਗ ਦੀ ਰਿਪੋਰਟ 15 ਜਨਵਰੀ, 1993 ਦੇ 'ਹਮਦਰਦ' ਅਖ਼ਬਾਰ ਅਨੁਸਾਰ ਵੇਦ ਵਟੁਕ ਦੀ ਪ੍ਰਧਾਨਗੀ ਅਧੀਨ, ਸੁਖਵਿੰਦਰ ਕੰਬੋਜ ਨੇ ਕਾਰਵਾਈ ਚਲਾਉਂਦਿਆਂ ਮੈਨੂੰ ਇਸ ਬੈਠਕ ਦੀ ਮਹੱਤਤਾ ਪ੍ਰਤੀ ਵਿਚਾਰ ਪ੍ਰਗਟ ਕਰਨ ਦੀ ਅਨੁਮਤੀ ਦਿੱਤੀ। ਮੈਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਨੂੰ ਇਕ ਪੰਜਾਬੀ ਸਾਹਿਤਕ ਸੰਸਥਾ ਦੇ ਨਿਰਮਾਣ ਦੀ ਜ਼ਰੂਰਤ ਹੈ ਤਾਂ ਜੋ ਅਸੀਂ ਇੱਧਰਲੀ ਦੁਨੀਆ ਵਿਚ ਵਸਦੇ ਹੋਏ ਵੀ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿ ਸਕੀਏ। ਸਭਨਾਂ ਨੇ ਇਸ ਦੀ ਸਹਿਮਤੀ ਪ੍ਰਗਟਾਈ ਅਤੇ ਮਹੀਨੇ ਮਗਰੋਂ ਨਿਰਣੇਜਨਕ ਫੈਸਲੇ ਪਰਵਾਨ ਕੀਤੇ ਗਏ:

(1) ਸਭਾ ਦਾ ਨਾਂ, "ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ" ਹੋਵੇਗਾ।

(2) ਸਭਾ ਦਾ ਸੰਵਿਧਾਨ, ਸੁਰਿੰਦਰ ਸੀਰਤ ਵਲੋਂ ਤਿਆਰ ਕੀਤਾ ਜਾਏਗਾ, ਜਿਸ 'ਤੇ ਬਹਿਸ ਕਰਨ ਉਪਰੰਤ ਪਰਵਾਨਗੀ ਦਿੱਤੀ ਜਾਏਗੀ।

(3) ਸਮੁੱਚੀ ਸੰਸਥਾ ਦੇ ਤਿੰਨ ਯੂਨਿਟ ਹੋਣਗੇ ਜੋ ਕ੍ਰਮਵਾਰ ਕੇਂਦਰ ਦੀ ਭੂਮਿਕਾ ਨਿਭਾਉਣਗੇ। ਇਹ ਯੂਨਿਟ ਕ੍ਰਮਵਾਰ ਯੂਬਾ ਸਿਟੀ, ਫਰਿਜ਼ਨੋ ਅਤੇ ਬੇ ਏਰੀਆ ਹੋਣਗੇ।

ਇੰਝ ਅਮਰੀਕਾ ਦੀ ਧਰਤੀ 'ਤੇ ਗ਼ਦਰੀ ਬਾਬਿਆਂ ਤੋਂ ਬਾਅਦ ਪੰਜਾਬੀ ਸਾਹਿਤ ਦਾ ਇਕ ਸੰਜੀਦਾ ਆਰੰਭ ਹੋਇਆ। ਆਪੋ-ਆਪਣੇ ਯੂਨਿਟਾਂ ਵਿਚ ਲਗਾਤਾਰ ਦੋ ਮਹੀਨੇ ਸਾਹਿਤਕ ਬੈਠਕਾਂ ਕਰਨ ਉਪਰੰਤ ਹਰ ਤੀਜੇ ਮਹੀਨੇ ਤਿੰਨੋਂ ਇਕਾਈਆਂ ਦੀ ਮਿਲਵੀਂ ਬੈਠਕ ਦਾ ਸਿਲਸਿਲਾ ਤੋੜ ਚੜ੍ਹ ਗਿਆ। ਇਕ ਦੂਸਰੇ ਨੂੰ ਸੁਣਨ, ਘੋਖਣ ਨਾਲ ਬੜਾ ਕੁਝ ਸੱਜਰਾ ਦ੍ਰਿਸ਼ਟੀਕੋਣ ਵਿਚ ਸਮਾਉਂਦਾ ਗਿਆ। ਇਸ ਤੋਂ ਪਹਿਲਾਂ 1992 ਵਿਚ ਜਦ ਮੈਂ ਮੁੜ ਊਧਮਪੁਰ-ਜੰਮੂ ਵਿਖੇ ਕਾਲਜ ਵਿਚ ਹਾਜ਼ਰ ਸਾਂ ਤਾਂ ਮੇਰੀ ਨਵੀਂ ਕਾਵਿ ਪੁਸਤਕ, 'ਕਿੱਕਰ ਕੰਡੇ' ਦਾ ਲੋਕ ਅਰਪਣ ਸਮਾਰੋਹ ਜੰਮੂ ਦੇ ਇਕ ਹੋਟਲ ਵਿਚ, ਪੰਜਾਬੀ ਵਿਭਾਗ ਦੇ ਹੈੱਡ ਸਵ. ਡਾ. ਦੇਵਿੰਦਰ ਸਿੰਘ ਵਲੋਂ ਕਰਾਇਆ ਗਿਆ।

ਡਾ. ਦਵਿੰਦਰ ਦੇ ਇਸ ਪੁਸਤਕ 'ਤੇ ਅੰਕਿਤ ਇਕ-ਦੋ ਵਾਕ ਸਾਂਝਿਆਂ ਕਰਨ ਦੀ ਖੁੱਲ੍ਹ ਲੈ ਰਿਹਾ ਹਾਂ। ਉਨ੍ਹਾਂ ਨੇ ਲਿਖਿਆ ਹੈ, "ਸੁਰਿੰਦਰ ਸੀਰਤ ਜੰਮੂ-ਕਸ਼ਮੀਰ ਦਾ ਉਹ ਸੰਵੇਦਨਸ਼ੀਲ ਕਵੀ ਹੈ ਜਿਸ ਨੇ ਬੜ੍ਹੇ ਥੋੜੇ ਅਰਸੇ ਵਿਚ ਸਮੁੱਚੇ-ਪੰਜਾਬੀ ਜਗਤ ਵਿਚ ਆਪਣੀ ਮਾਣਯੋਗ ਥਾਂ ਬਣਾ ਲਈ ਹੈ। ਬੇਸ਼ੱਕ ਉਸ ਨੇ ਆਪਣੀ ਕਾਵਿ ਯਾਤਰਾ ਖੁੱਲ੍ਹੀ ਕਵਿਤਾ ਤੋਂ ਆਰੰਭੀ ਸੀ ਪਰੰਤੂ ਗ਼ਜ਼ਲ ਉਸ ਦਾ ਮਨਭਾਉਂਦਾ ਰੂਪਾਕਾਰ ਹੈ ਅਤੇ ਸੰਤੁਸ਼ਟੀ ਵਾਲੀ ਗੱਲ ਇਹ ਹੈ ਕਿ ਉਹ ਇਸ ਰੂਪਾਕਾਰ ਦੇ ਸਿਧਾਂਤਕ ਪਹਿਲੂ ਤੋਂ ਸਭ ਤੋਂ ਵਧੇਰੇ ਚੇਤੰਨ ਕਵੀ ਹੈ।" ਇਸ ਪੁਸਤਕ ਦੇ ਪੰਨਾ 42 'ਤੇ ਕਹੀ ਗਈ ਕਵਿਤਾ, 'ਅਲਵਿਦਾ' ਸੰਜੀਦਾ ਪਾਠਕਾਂ/ਲੇਖਕਾਂ ਨੂੰ ਪੜ੍ਹਨ ਦੀ ਬਿਨਤੀ ਹੈ। 1988 ਤੋਂ 1992 ਤੀਕ ਜੋ ਨਵਾਂ ਅਨੁਭਵ ਹੋਇਆ ਉਹ ਭਾਵੇਂ ਹੇਰਵੇ ਅਨੁਕੂਲ ਹੈ ਪਰ ਇਹ ਅਹਿਸਾਸ ਪੰਨਾ 77 'ਤੇ ਇੱਥੋਂ ਦੀ ਪ੍ਰਸਥਿਤੀ ਦੀ ਦੇਣ ਵਜੋਂ ਹੈ, ਜਿਵੇਂ

"ਇਹ ਨਗਰ ਮਿਰਾ ਨਾ ਜ਼ਮੀਂ ਮਿਰੀ, ਨਾ ਈ ਮੇਰਾ ਕੋਈ ਅਕਾਸ਼ ਹੈ
ਮੈਂ ਅਦਿਸ ਦਿਸ਼ਾ 'ਚ ਭਟਕ ਰਿਹਾਂ, ਮੈਨੂੰ ਆਪਣੇ ਘਰ ਦੀ ਤਲਾਸ਼ ਹੈ।"

ਇਸੇ ਅਹਿਸਾਸ ਵਿਚ ਇਕ ਖ਼ਾਸ ਸ਼ੇਅਰ ਦੀ ਸਾਂਝ ਵੀ ਪਾਵਾਂਗਾ ਜੋ ਪੰਨਾ 91 'ਤੇ ਇੰਝ ਹੈ:

"ਕਮਾਇਆ ਕੀ ਗਵਾਇਆ ਹੈ, ਸਮੁੰਦਰੋਂ ਪਾਰ ਆ ਕੇ ਤੂੰ/
ਨ ਬੋਲੀ ਹੀ ਰਹੀ ਸਾਬਤ ਨ ਪੱਗ ਸਿਰ 'ਤੇ ਨ ਜੂੜਾ ਹੈ"

ਅਮਰੀਕਾ ਵਿਖੇ ਵ੍ਹਰਾ 1993 ਸਾਡੀਆਂ ਸਾਹਿਤਕ ਗਤੀਵਿਦੀਆਂ ਦਾ ਆਰੰਭਿਕ ਵ੍ਹਰਾ ਹੈ। ਇਸ ਵ੍ਹਰੇ ਯੂਬਾ ਸਿਟੀ ਦੇ ਯੂਨਿਟ ਨੂੰ ਕੇਂਦਰੀ ਯੂਨਿਟ ਦੀ ਜ਼ਿੰਮੇਵਾਰੀ ਦਿੱਤੀ ਗਈ ਅਤੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਪਸਸਕ) ਵਲੋਂ ਪਹਿਲੀ ਕਾਨਫਰੰਸ, ਯੂਨਿਟ ਦੇ ਪ੍ਰਧਾਨ ਮਹਿੰਦਰ ਸਿੰਘ ਘੱਗ ਦੀ ਅਗਵਾਈ ਵਿਚ, ਲਾਇਵ ਓਕ ਵਿਖੇ ਨੇਪਰੇ ਚੜ੍ਹੀ। ਇਹ ਕਾਨਫਰੰਸ ਬਹੁਤ ਸਫ਼ਲ ਰਹੀ ਅਤੇ ਜੋਸ਼ ਖ਼ਰੋਸ਼ ਨਾਲ ਸੰਪੰਨ ਹੋਈ। ਫਿਲਮੀ ਜਗਤ ਦੇ ਚੋਟੀ ਦੇ ਕਲਾਸੀਕਲ ਗਾਇਕ ਜਨਾਬ ਸੁਰੇਸ਼ ਵਾਡਿਕਰ ਤੇ ਟੀਮ, ਸਰਦੂਲ ਕਵਾਤਰਾ ਅਤੇ ਲਗਭਗ 100 ਲੇਖਕ ਅਤੇ ਸਰੋਤੇ ਇਸ ਵਿਚ ਆ ਜੁੜੇ। ਇੰਝ ਭਾਸਿਆ ਜਿਵੇਂ ਨੋਰਥ ਕੈਲੀਫੋਰਨੀਆ ਵਿਚ ਪੰਜਾਬੀ ਸਾਹਿਤ, ਭਾਸ਼ਾ ਅਤੇ ਸੱਭਿਆਚਾਰ ਦੀ ਜ਼ੋਰਦਾਰ ਲਹਿਰ ਤੁਰ ਪਈ ਹੋਵੇ। ਮਈ 27 1993 ਨੂੰ ਹੀ ਬਰਕਲੇ ਯੂਨੀਵਰਸਿਟੀ ਵਿਖੇ ਕੁਝ ਉਰਦੂ ਅਤੇ ਪੰਜਾਬੀ ਸ਼ਾਇਰਾਂ ਨੇ ਸ਼ਬਾਨਾ ਆਜ਼ਮੀ ਅਤੇ ਜਾਵੇਦ ਅਖ਼ਤਰ ਸਾਹਿਬ ਨਾਲ ਮੁਸ਼ਾਇਰੇ ਵਿਚ ਸੰਗਤ ਕੀਤੀ। ਉਸ ਵਿਚ ਪਸਸਕ ਦੇ ਵੇਦ ਵਟੁਕ, ਹਰਜਿੰਦਰ ਕੰਗ, ਫਾਰੂਕ ਤਰਾਜ਼, ਨੋਸ਼ੀ ਗਿਲਾਨੀ, ਸੁਖਵਿੰਦਰ ਕੰਬੋਜ, ਸੁਖਦਰਸ਼ਨ ਧਾਲੀਵਾਲ, ਆਜ਼ਾਦ ਜਲੰਧਰੀ (ਜੋ ਉਸ ਸਮੇਂ ਉਰਦੂ ਦੇ ਸ਼ਾਇਰ ਵਜੋਂ ਜਾਣੇ ਜਾਂਦੇ ਸਨ), ਅਤੇ ਮੈਂ (ਸੁਰਿੰਦਰ ਸੀਰਤ) ਸ਼ਮੂਲੀਅਤ ਕੀਤੀ।

1994 ਵਿਚ ਫਰਿਜ਼ਨੋ ਇਕਾਈ ਨੂੰ ਪ੍ਰਧਾਨਤਾ ਮਿਲੀ ਅਤੇ ਉਨ੍ਹਾਂ ਵਲੋਂ ਵੀ ਇਕ ਸੰਜੀਦਾ ਪਰ ਅਕਾਦਮਿਕ ਕਾਨਫਰੰਸ ਕੀਤੀ ਗਈ, ਜਿਸ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਜਨਾਬ ਜੁਗਿੰਦਰ ਸਿੰਘ ਪਵਾਰ ਨੇ ਅਹਿਮ ਭੂਮਿਕਾ ਨਿਭਾਈ। 1995 ਵਿਚ ਮੇਰੀ ਪ੍ਰਧਾਨਗੀ ਵਿਚ ਬੇ-ਏਰੀਆ ਯੂਨਿਟ ਵਲੋਂ ਮਿਲਪੀਟਸ ਵਿਖੇ ਕਰਾਈ ਗਈ ਕਾਨਫਰੰਸ ਵਿਚ ਕਵਿਤਾ, ਕਹਾਣੀ, ਸੱਭਿਆਚਾਰਕ ਪ੍ਰਦਰਸ਼ਨੀ ਦੇ ਨਾਲ ਨਾਲ ਨਾਟਕ (ਸੁਰਿੰਦਰ ਸਿੰਘ ਧਨੋਆ ਵਲੋਂ) ਵੀ ਪ੍ਰਦਰਸ਼ਿਤ ਕੀਤਾ ਗਿਆ। ਇਸ ਕਾਨਫਰੰਸ ਵਿਚ ਭਾਰਤ ਪੰਜਾਬ ਤੋਂ ਬੀਬੀ ਬਚਿੰਤ ਕੌਰ, ਉਰਮਿਲਾ ਆਨੰਦ ਤੇ ਡਾ. ਤੇਜਵੰਤ ਸਿੰਘ ਗਿੱਲ ਦੀ ਸ਼ਮੂਲੀਅਤ ਵਿਸ਼ੇਸ਼ਤਾ ਰੱਖਦੀ ਹੈ। ਜਨਾਬ ਰਵਿੰਦਰ ਰਵੀ ਅਤੇ ਨਦੀਮ ਪਰਮਾਰ ਕੈਨੇਡਾ ਤੋਂ ਆਏ ਅਤੇ ਬੇ ਏਰੀਏ ਵਿਚ ਪੰਜਾਬੀ ਸਾਹਿਤ ਪ੍ਰਤੀ ਜਗਿਆਸਾ ਰੱਖਣ ਵਾਲੇ ਬੁੱਧੀਜੀਵੀਆਂ ਨੇ ਸਵਾਗਤ ਹੀ ਨਹੀਂ ਕੀਤਾ ਸਗੋਂ ਸਾਨੂੰ ਹਰ ਪ੍ਰਕਾਰ ਦੀ ਸਹਾਇਤਾ ਦੇਣ ਲਈ ਵਚਨਬੱਧਤਾ ਦਰਸਾਈ। ਕਵੀ ਦਰਬਾਰ ਦੀ ਪ੍ਰਧਾਨਤਾ ਕਰਦੇ ਹੋਏ ਰਵਿੰਦਰ ਰਵੀ ਨੇ ਮੇਰੇ ਵਲੋਂ ਕਹੀ ਗਈ ਗ਼ਜ਼ਲ ਦੇ ਇਕ ਸ਼ਿਅਰ ਦੀ ਪ੍ਰਸ਼ੰਸਾ ਕੀਤੀ, ਇਹ ਸ਼ਿਅਰ ਸੀ,

"ਲਹੂ ਲਹੂ ਹੈ ਹਰਿਕ ਘਰ, ਨਗਰ ਨਗਰ ਜ਼ਖ਼ਮੀਂ /
ਸਮੇਂ ਨੂੰ ਰਾਸ ਨਾ ਆਈ ਇਹ ਖ਼ੁਦਕੁਸ਼ੀ ਅਪਨੀ "

ਹੁਣ ਤੀਕ ਤਿੰਨਾਂ ਯੂਨਿਟਾਂ ਵਿਚ 40 ਦੇ ਕਰੀਬ ਲੇਖਕ ਜੁੜ ਚੁੱਕੇ ਸਨ। ਇਕ ਦੂਜੇ ਦੇ ਅਨੁਭਵ ਤੋਂ ਸਾਮਿਗਰਿਕ ਵਿਚਾਰਧਾਰਾ ਵਿਚ ਵਿਸਥਾਰ ਕੁਦਰਤੀ ਸੀ। ਫਿਰ ਹੁਣ ਭਾਰਤ ਤੋਂ ਮਹਿਮਾਨ ਲੇਖਕ ਵੀ ਸਾਡੇ ਨਾਲ ਜੁੜ ਬੈਠਣ ਵਿਚ ਮਾਣ ਅਤੇ ਉਤਸੁਕਤਾ ਅਨੁਭਵ ਕਰਦੇ ਪ੍ਰਤੀਤ ਹੋਣ ਲੱਗੇ। ਕੈਨੇਡਾ ਤੋਂ ਰਵਿੰਦਰ ਰਵੀ, ਗੁਰਚਰਨ ਰਾਮਪੁਰੀ, ਨਦੀਮ ਪਰਮਾਰ, ਪਾਲ ਢਿੱਲੋਂ, ਸੁਰਜੀਤ ਕਲਸੀ, ਅਜਮੇਰ ਰੋਡੇ, ਦਰਸ਼ਨ ਗਿੱਲ, ਸਿਆਟਲ ਤੋਂ ਹਰਭਜਨ ਸਿੰਘ ਬੈਂਸ ਆਦਿ। ਭਾਰਤ ਤੋਂ ਡਾ. ਜਸਵੰਤ ਸਿੰਘ ਨੇਕੀ, ਡਾ. ਮਦਨ ਗੋਪਾਲ, ਸੁਰਜੀਤ ਪਾਤਰ, ਡਾ. ਜਗਤਾਰ, ਪ੍ਰੋ. ਗੁਰਭਜਨ ਸਿੰਘ ਗਿੱਲ, ਗੁਰਬਚਨ ਸਿੰਘ ਭੁੱਲਰ, ਗੁਰਸ਼ਰਨ ਸਿੰਘ ਭਾਅਜੀ, ਡਾ. ਵਰਿਆਮ ਸਿੰਘ ਸੰਧੂ, ਪ੍ਰੋ. ਸੁਰਜੀਤ ਜੱਜ, ਸੁਖਵਿੰਦਰ ਅੰਮ੍ਰਿਤ, ਸਰਦਾਰ ਪੰਛੀ, ਇਲਿਆਸ ਘੁੰਮਣ, ਡਾ. ਫੌਜ਼ੀਆ ਰਫ਼ੀਕ, ਜਾਵੇਦ ਸਈਅਦ, ਡਾ. ਜਸਵਿੰਦਰ ਸਿੰਘ, ਡਾ. ਧੰਨਵੰਤ ਕੌਰ, ਡਾ. ਮੋਹਨ ਤਿਆਗੀ ਅਤੇ ਕਈ ਹੋਰ ਬੁੱਧੀਜੀਵੀ ਸੰਪਰਕ ਵਿਚ ਆਏ। ਅਜੇਹੇ ਅਦੀਬਾਂ, ਬੁੱਧੀਜੀਵਿਆਂ, ਆਲੋਚਕਾਂ ਨਾਲ ਸੰਵਾਦ ਰਚਾਉਣ ਦਾ, ਮਿਲ ਬੈਠਣ ਦਾ, ਸਾਹਿਤਕ ਆਦਾਨ ਪਰਦਾਨ ਕਰਨ ਦਾ ਆਪਣਾ ਹੀ ਮਹੱਤਵ ਹੈ। ਮੇਰੇ ਲਈ ਤਾਂ ਖਾਸ ਕਰਕੇ ਅਜੇਹਾ ਵਾਤਾਵਰਨ ਮੁੱਲਵਾਨ ਰਿਹਾ। ਇਸੇ ਵ੍ਹਰੇ ਬਰਕਲੇ ਯੂਨੀਵਰਸਿਟੀ ਵਿਚ, "ਸ਼ਾਮ-ਏ-ਫ਼ਰਾਜ਼" ਦੇ ਸ਼ੁੱਭ ਅਵਸਰ 'ਤੇ ਜਨਾਬ ਅਹਿਮਦ ਫ਼ਰਾਜ਼ ਨਾਲ ਸ਼ਾਇਰੀ ਦੀ ਸ਼ਾਮ ਵਿਚ ਹਾਜ਼ਰੀ ਭਰਨ ਦਾ ਅਵਸਰ ਪ੍ਰਾਪਤ ਹੋਇਆ। ਮੇਰੇ ਨਾਲ ਇਸ ਮੁਸ਼ਾਇਰੇ ਵਿਚ ਜਨਾਬ ਆਜ਼ਾਦ ਜਲੰਧਰੀ, ਵੇਦ ਵਟੁਕ, ਨੋਸ਼ੀ ਗਿਲਾਨੀ, ਫ਼ਾਰੂਕ ਤਰਾਜ਼, ਹਰਜਿੰਦਰ ਕੰਗ, ਅਸ਼ਰਫ਼ ਗਿੱਲ, ਸੁਰਿੰਦਰ ਧਨੋਆ, ਪਿਆਰਾ ਸਿੰਘ ਕੁੱਦੋਵਾਲ ਅਤੇ ਸੁਰਜੀਤ ਕੌਰ ਸ਼ਾਮਿਲ ਹੋਏ। ਅਜੇਹੇ ਵਾਤਾਵਰਨ ਵਿਚ ਮੇਰੀ ਗਲੋਬਲ ਪਰੀਪੇਖ ਵਿਚ ਅੱਖ ਖੁੱਲ੍ਹਦੀ ਗਈ।

1996 ਵਿਚ 'ਪਸਸਕ' ਵਿਚ ਇਕ ਨਵਾਂ ਯੂਨਿਟ 'ਨੋਰਥ ਬੇ' ਆਣ ਰਲਿਆ। ਇਸ ਦਾ ਪ੍ਰਧਾਨ ਹਰਭਜਨ ਸਿੰਘ ਢਿੱਲੋਂ ਸੀ, ਜਿਸ ਨਾਲ ਨਵੇਂ ਲੇਖਕ ਮੇਜਰ ਭੂਪਿੰਦਰ ਸਿੰਘ ਦਲੇਰ, ਕੁਲਵਿੰਦਰ, ਅਮਰਜੀਤ ਕੌਰ ਪੰਨੂ, ਜਸਵੰਤ ਸਿੰਘ ਸ਼ਾਦ ਆਦਿ ਸਨ। ਕੁਲਵਿੰਦਰ ਮੇਰੇ ਲਈ ਵਿਸ਼ੇਸ਼ ਸੀ ਕਿਉਂਕਿ ਉਹ ਵੀ ਮੇਰੇ ਨਾਲ ਪ੍ਰਿੰਸੀਪਲ ਤਖ਼ਤ ਸਿੰਘ (ਜਗਰਾਓਂ) ਦਾ ਸ਼ਾਗਿਰਦ ਰਹਿ ਚੁੱਕਾ ਸੀ। ਇਸੇ ਵ੍ਹਰੇ ਜੰਮੂ ਤੋਂ ਬੇ-ਏਰੀਏ ਵਿਚ ਪ੍ਰਸਿੱਧ ਸ਼ਾਇਰਾ ਸੁਰਜੀਤ ਸਖ਼ੀ ਦਾ ਆਗਮਨ ਵੀ ਹੋਇਆ। ਸਖ਼ੀ ਵੀ ਮੇਰੇ ਅਤੇ ਕੁਲਵਿੰਦਰ ਨਾਲ ਹਮ-ਗੁਰੂ ਦੀ ਸ਼ਿਸ਼ ਸੀ। ਫਿਰ ਕੀ ਸੀ 'ਪਸਸਕ' ਵਿਚ ਗ਼ਜ਼ਲ ਨੇ ਮੈਦਾਨ ਫ਼ਤਿਹ ਕਰ ਲਿਆ। ਹੁਣ ਮੇਰੇ ਨਾਲ ਸੁਰਜੀਤ ਸਖ਼ੀ, ਕੁਲਵਿੰਦਰ, ਮੇਜਰ ਭੁਪਿੰਰ ਦਲੇਰ, ਹਰਜਿੰਦਰ ਕੰਗ, ਅਸ਼ਰਫ਼ ਗਿੱਲ, ਆਜ਼ਾਦ ਜਾਲੰਧਰੀ, ਈਸ਼ਰ ਸਿੰਘ ਮੋਮਨ, ਗੁਰਦੇਵ ਸਿੰਘ ਚਿੱਟੀ, ਫ਼ਾਰੂਖ਼ ਤਰਾਜ਼, ਨੋਸ਼ੀ ਗਿਲਾਨੀ ਅਤੇ ਸੋਨੇ 'ਤੇ ਸੁਹਾਗਾ ਗ਼ਜ਼ਲ ਵਿਚ ਅਰੂਜ਼ ਦੀ ਵੱਡਮੁੱਲੀ ਪੁਸਤਕ 'ਤਫ਼ਹੀਮ-ਉਲ-ਅਰੂਜ਼' ਦੇ ਰਚੇਤਾ ਡਾ. ਜਮਾਲ ਹੋਸ਼ਿਆਰਪੁਰੀ ਵੀ ਆ ਰਲੇ। ਬੈਠਕਾਂ ਹੁੰਦੀਆਂ ਰਹੀਆਂ। ਅਦਾਨ ਪਰਦਾਨ ਹੁੰਦਾ ਰਿਹਾ। ਵ੍ਹਰਾ 1996 ਦੇ ਨਵੰਬਰ ਮਹੀਨੇ ,"ਨਾਨਕ ਸਿੰਘ ਨਾਵਲਿਸਟ ਸ਼ਤਾਬਦੀ ਸਮਾਰੋਹ" ਜੰਗ ਸਿੰਘ ਗਿਆਨੀ ਦੀ ਪ੍ਰਧਾਨਗੀ ਵਿਚ ਨੇਪਰੇ ਚੜ੍ਹਿਆ। ਇਸ ਸਮਾਰੋਹ ਵਿਚ ਮੈਂ ਪਸਸਕ ਦੇ ਜਨਰਲ ਸਕੱਤਰ ਦੀ ਭੂਮਿਕਾ ਨਿਭਾ ਰਿਹਾ ਸਾਂ। ਡਾ. ਕਰਤਾਰ ਸਿੰਘ ਸੂਰੀ, ਕਰਮਵੀਰ ਸਿੰਘ ਸੂਰੀ ਅਤੇ ਸੂਰੀ ਪਰਿਵਾਰ ਦੇ ਹੋਰ ਮੈਂਬਰ, ਨਾਵਲਿਸਟ ਕੇਸਰ ਸਿੰਘ ਨੀਰ, ਸੁਰਜੀਤ ਸਿੰਘ ਬਰਨਾਲਾ ਅਤੇ ਹੋਰਾਂ ਨਾਲ ਇਕ ਯਾਦਗਾਰੀ ਸਮਾਰੋਹ ਹੋ ਨਿੱਬੜਿਆ। ਇਹ ਯਾਦਗਾਰੀ ਇਸ ਲਈ ਵੀ ਹੈ ਕਿ ਜਨਾਬ ਸੁਰਜੀਤ ਸਿੰਘ ਬਰਨਾਲਾ ਦਾ ਕੁਝ ਕੁ ਪੰਜਾਬੀ ਮੁੰਡਿਆਂ ਨੇ ਆਂਡਿਆਂ ਨਾਲ ਸਵਾਗਤ ਕੀਤਾ।

ਸਮੇਂ ਸਮੇਂ ਕੁਝ ਪਰਚੇ ਵੀ ਨਿਕਲੇ ਜਿਨ੍ਹਾਂ ਵਿਚ ਬਲਬੀਰ ਸੰਘੇੜਾ ਵਲੋਂ 'ਆਰ ਪਾਰ', ਕੁਲਦੀਪ ਧਾਲੀਵਾਲ ਵਲੋਂ 'ਇੰਡੋ-ਯੂ.ਐਸ.ਏ ਡਾਇਲਾਗ, ਨਦੀਮ ਪਰਮਾਰ ਵਲੋਂ, 'ਗ਼ਜ਼ਲ', ਅਤੇ ਡਾ. ਗੁਰੂਮੇਲ ਸਿੱਧੂ ਵਲੋਂ ਸੰਪਾਦਿਤ ਵਿਸ਼ੇਸ਼ ਕਾਵਿ ਪੁਸਤਕ, 'ਸ਼ਬਦਾਂ ਦਾ ਸ਼ਗਨ' ਜਿਸ ਵਿਚ 1999 ਤੀਕ ਜੁੜ ਚੁੱਕੇ ਪਸਸਕ ਦੇ 37 ਸ਼ਾਇਰਾਂ ਦਾ ਕਲਾਮ ਦਰਜ ਹੈ ਅਤੇ ਇਸ ਵਿਚ ਮੇਰੀਆਂ 5 ਗ਼ਜ਼ਲਾਂ ਛਪੀਆਂ ਹਨ।

ਸਾਲ 2000 ਵਿਚ ਬੇ-ਏਰੀਏ ਵਲੋਂ, ਮੇਰੀ ਪ੍ਰਧਾਨਗੀ ਅਧੀਨ 'ਪਸਸਕ' ਦੇ ਸਾਹਿਤਕ ਇਤਿਹਾਸ ਵਿਚ ਇਕ ਕਦੀ ਨਾ ਭੁਲਾਈ ਜਾਣ ਵਾਲੀ ਕਾਨਫ਼ਰੰਸ ਹੋ ਨਿੱਬੜੀ। ਇਸ ਵਿਚ ਪੰਜਾਬੀ ਗ਼ਜ਼ਲ ਦੇ ਸਿਰਤਾਜ ਡਾ. ਜਗਤਾਰ ਦੇ ਆਉਣ ਨਾਲ ਪਸਸਕ ਦਾ ਨਵਾਂ ਇਤਿਹਾਸ ਰਚਿਆ ਗਿਆ। ਇਸ ਕਾਨਫ਼ਰੰਸ ਵਿਚ ਲਗਭਗ 50 ਸ਼ਾਇਰਾਂ ਨੇ ਕਵੀ ਦਰਬਾਰ ਵਿਚ ਸ਼ਮੂਲੀਅਤ ਕੀਤੀ ਅਤੇ ਤਕਰੀਬਨ 200 ਪੰਜਾਬੀ ਨਾਗਰਿਕ ਅਤੇ ਸਰੋਤੇ ਆ ਜੁੜੇ। ਇਸ ਦਾ ਕਵੀ ਦਰਬਾਰ ਇਕ ਪਾਸੇ ਤਾਂ ਨਾ ਮੁੱਕਣ ਵਿਚ ਸੀ ਅਤੇ ਦੂਜੇ ਪਾਸੇ ਕੁਝ ਇਕਾਈਆਂ ਦੇ ਸ਼ਾਇਰ, ਜਿਨ੍ਹਾਂ ਵਿਚ ਮੈਂ ਵੀ ਸ਼ਾਮਿਲ ਸੀ, ਇਸ ਵਿਚ ਹਿੱਸਾ ਨਾ ਲੈ ਸਕੇ। ਇਹ ਸਥਿਤੀ ਬਿਖਰਾਓ ਦਾ ਕਾਰਨ ਬਣੀ ਅਤੇ ਅਗਲੇ ਵ੍ਹਰੇ ਗੁਰੂਮੇਲ ਸਿੱਧੂ ਵਲੋਂ 'ਪਸਸਕ' ਤੋਂ ਅੱਡ ਹੋ ਕੇ ਇਕ ਨਵੀਂ ਸੰਜੀਦਾ ਸਾਹਿਤਕ ਸੰਸਥਾ, "ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫ਼ੋਰਨੀਆ" ਦਾ ਨਿਰਮਾਣ ਹੋਇਆ। ਇਸ ਦੀ ਪਹਿਲੀ ਹੰਗਾਮਾਖੇਜ਼ ਬੈਠਕ 2002 ਵਿਚ ਓਕਲੈਂਡ ਵਿਖੇ ਹੋਈ ਜਿਸ ਵਿਚ ਸੁਰਜੀਤ ਪਾਤਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਨੂੰ, "ਵਿਪਸਾ" ਕਹਿ ਕੇ ਸੰਬੋਧਨ ਕੀਤਾ ਗਿਆ। ਇਸ ਦੇ ਦੋ ਯੂਨਿਟ ਬਣੇ। 'ਵਿਪਸਾ ਫਰਿਜ਼ਨੋ' ਅਤੇ 'ਵਿਪਸਾ ਬੇ-ਏਰੀਆ'। ਇਸ ਤਰ੍ਹਾਂ ਨੋਰਥ ਕੈਲੀਫੋਰਨੀਆ ਵਿਚ ਹੁਣ ਦੋ ਸਾਹਿਤਕ ਸਭਾਵਾਂ (ਪਸਸਕ ਤੇ ਵਿਪਸਾ) ਕਾਰਜਸ਼ੀਲ ਹੋ ਗਈਆਂ। ਇਹ ਵ੍ਹਰਾ ਮੇਰੇ ਠਹਿਰਾਓ ਦਾ ਵ੍ਹਰਾ ਸੀ ਅਤੇ ਮੇਰਾ ਨਿਰੋਲ ਗ਼ਜ਼ਲ ਸੰਗ੍ਰਿਹ , "ਸੂਰਤ ਸੀਰਤ ਤੇ ਸ਼ਰਾਬ" ਚੇਤਨਾ ਪ੍ਰਕਾਸ਼ਨ ਵਲੋਂ ਛਾਪਿਆ ਗਿਆ। ਇਸ ਦੀਆਂ ਗ਼ਜ਼ਲਾਂ ਪ੍ਰਤੀ ਮੈਂ ਇਸ ਵਿਚ ਧੰਨਵਾਦ ਕੀਤਾ ਹੈ ਕਿ, "ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਇਕ ਅਜੇਹੀ ਸਾਹਿਤਕ ਸੰਸਥਾ ਹੈ ਜਿਸ ਦੀ ਹੋਂਦ ਸਦਕਾ ਇਸ ਪੁਸਤਕ ਦੀਆਂ ਤਕਰੀਬਨ ਸਾਰੀਆਂ ਗ਼ਜ਼ਲਾਂ ਆਕਾਰ ਧਾਰ ਸਕੀਆਂ ਹਨ"। ਮੇਰੇ ਲਈ ਇਕ ਤੌਫ਼ੀਕ ਦੀ ਗੱਲ ਹੈ ਕਿ ਡਾ. ਜਗਤਾਰ ਨੇ ਇਸ ਦੇ ਮੁਢਲੇ ਅੱਖਰ ਸਿਰਜਦਿਆਂ ਇਸ ਦਾ ਸ਼ੀਰਸ਼ਕ, "ਬਾਕਮਾਲ ਸ਼ਾਇਰ - ਸੀਰਤ" ਵਜੋਂ ਦਰਸਾਇਆ ਹੈ ਜੋ ਪੜ੍ਹਨ ਲਈ ਪ੍ਰੇਰਦਾ ਹੈ। ਉਨ੍ਹਾਂ ਅਨੁਸਾਰ, "ਸੁਰਿੰਦਰ ਸੀਰਤ ਬਾਕਮਾਲ ਸ਼ਾਇਰ ਹੈ। ਉਸਦੇ ਸ਼ਿਅਰਾਂ ਵਿਚ ਬੜੀ ਤਾਜ਼ਗੀ ਹੈ। ਉਸਦੀ ਭਾਸ਼ਾ ਵਿਚ ਤਾਜ਼ਾ ਲਹੂ ਦੌੜ ਰਿਹਾ ਹੈ ਜੋ ਪ੍ਰਚੱਲਤ ਮੁਹਾਵਰੇ ਤੋਂ ਕਾਫੀ ਭਿੰਨ ਹੈ...ਬਦੇਸ਼ਾਂ ਵਿਚ ਗ਼ਜ਼ਲ ਕਹਿ ਰਹੇ ਸਿਰਕੱਢ ਗ਼ਜ਼ਲਗੋਆਂ ਵਿਚੋਂ ਉਹ ਇਕ ਹੈ, ਜਿਸਦਾ ਨਿਵੇਕਲਾ ਅੰਦਾਜ਼ੇ-ਬਿਆਂ ਅਤੇ ਨਿਵੇਕਲਾ ਤਰਜ਼ੇ-ਫ਼ਿਕਰ ਹੈ" ਇਸ ਸਬੰਧ ਵਿਚ ਮੈਂ ਉਨ੍ਹਾਂ ਵਲੋਂ ਕੋਟ ਕੀਤੇ ਗਏ ਕੁਝ ਸ਼ਿਅਰਾਂ ਦੀ ਸਾਂਝ ਪਾ ਰਿਹਾ ਹਾਂ ਜਿਨ੍ਹਾਂ ਰਾਹੀਂ ਮੇਰੀ ਨਵੀਨ ਗ਼ਜ਼ਲ-ਚੇਤਨਾ ਦੀ ਝਲਕ ਪਈ ਦਿਸਦੀ ਹੈ:

"ਪਰਿੰਦੇ ਉਡ ਰਹੇ ਅੰਬਰ 'ਚ ਹੁੰਦੇ ਬੇਖ਼ਬਰ ਭਾਵੇਂ/
ਪਰ ਅਪਣੇ ਆਲ੍ਹਣੇ ਪਰਤਣ, ਬਚਾ ਰਖਦੇ ਨੇ ਪਰ ਬਾਕੀ।"

"ਮੈਂ ਵੀ ਅਪਣਾ ਨਾਂ ਬਦਲ ਕੇ ਪਨਪਦਾ ਇਸ ਸ਼ਹਿਰ ਵਿਚ /
ਪਰ ਤਿਰਾ ਨਾਂ ਹੀ ਤਾਂ ਹੁਣ ਹੋਇਆ ਏ ਸਿਰਨਾਵਾਂ ਮਿਰਾ।"

"ਸੋਚ ਬਿਖਰੀ, ਸੁਰਤ ਉਲਝੀ, ਸਿਮਰਤੀ ਅੰਦਰ ਕਿਆਸ /
ਹੋਂਦ ਦਰਿਆ ਹੋ ਗਈ ਪਰ ਫਿਰ ਵੀ ਨਾ ਬੁੱਝਦੀ ਪਿਆਸ।"

"ਜਨਮ ਭੂਮੀਂ ਤੋਂ ਬੇਦਾਵਾ ਵੀ ਆਇਆ ਰਾਸ ਨਾ ਮੈਨੂੰ/
ਖ਼ੁਰੀ ਪਹਿਚਾਣ, ਭਟਕੀ ਆਤਮਾਂ, ਮੈਂ ਅਜਨਬੀ ਹੋਇਆ।"

ਇਸ ਗ਼ਜ਼ਲ ਸੰਗ੍ਰਿਹ ਨੂੰ ਇਕ ਨਵੀਂ ਵਿਧੀ ਵਿਚ ਕਲਮਬੰਦ ਕੀਤਾ ਹੈ। ਜਿਸ ਅਨੁਸਾਰ ਇਸ ਦੀਆਂ ਗ਼ਜ਼ਲਾਂ ਨੂੰ 9 ਘਰਾਂ ਵਿਚ ਸੰਜੋਇਆ ਗਿਆ ਹੈ ਜੋ ਇਸ ਨੂੰ ਨੌਂ ਬਹਿਰਾਂ ਦੇ ਪਰਿਵਾਰ ਵਿਚ ਵੰਡਦੇ ਹਨ। ਅਜੇਹਾ ਕਰਨ ਨਾਲ ਗ਼ਜ਼ਲਾਂ ਨੂੰ ਪੜ੍ਹਨ ਵਿਚ ਰਵਾਨਗੀ ਦਾ ਆਨੰਦ ਪ੍ਰਾਪਤ ਹੁੰਦਾ ਹੈ ਅਤੇ ਬਹਿਰਾਂ ਦੇ ਪਰਿਵਾਰ (ਸਾਲਮ ਤੇ ਜ਼ਿਹਾਫ਼ਾਂ ਵਿਚ ਸਿਰਜਿਤ) ਵਿਚ ਕਹੀਆਂ ਗਈਆਂ ਗ਼ਜ਼ਲਾਂ ਦੀ ਨਿਸ਼ਾਨਦੇਹੀ ਵੀ ਹੁੰਦੀ ਹੈ।

***(ਬਾਕੀ ਅਗਲੇ ਸਫੇ 'ਤੇ)***

# ਸਾਡੇ ਰਿਸ਼ਤਾ-ਨਾਤਾ ਪ੍ਰਬੰਧ ਦਾ ਸੱਚ-ਕੱਚ : 'ਮਰਿਆ ਨਹੀਂ ਜਿਊਂਦਾ ਹਾਂ'

ਦਵਿੰਦਰ ਕੌਰ ਗੁਰਾਇਆ ਅਮਰੀਕਾ ਵੱਸਦੀ ਉਹ ਹੱਸਾਸ ਪੰਜਾਬੀ ਲੇਖਿਕਾ ਹੈ ਜੋ ਕਵਿੱਤਰੀ ਹੋਣ ਦੇ ਨਾਲ-ਨਾਲ ਕਹਾਣੀਕਾਰਾ ਵਜੋਂ ਵੀ ਆਪਣਾ ਲੇਖਣੀ ਧਰਮ ਨਿਭਾ ਰਹੀ ਹੈ। 2013 ਵਿਚ ਛਪੇ ਕਾਵਿ-ਸੰਗ੍ਰਹਿ 'ਕੱਚੇ ਕੋਠੇ ਦੀ ਛੱਤ' ਨਾਲ ਉਸ ਨੇ ਪੰਜਾਬੀ ਪਾਠਕ ਜਗਤ ਨੂੰ ਮਨੁੱਖੀ ਜਜ਼ਬਿਆਂ ਪ੍ਰਤੀ ਸੰਵੇਦਨਸ਼ੀਲ ਲੇਖਿਕਾ ਹੋਣ ਦਾ ਭਰਵਾਂ ਪ੍ਰਮਾਣ ਦਿੱਤਾ ਸੀ। ਵੈਸੇ ਇਹ ਕੋਈ ਰਾਤੋ ਰਾਤ ਵਾਪਰਿਆ ਵਰਤਾਰਾ ਨਹੀਂ ਸੀ। ਇਸ ਪਿੱਛੇ ਉਸ ਦੀ ਦਹਾਕਿਆਂ ਦੀ ਕਲਮ ਸਾਧਨਾ ਦਾ ਯੋਗਦਾਨ ਸੀ। ਉਹ ਆਪਣੀ ਕਲਮ ਦੀ ਧਾਰ ਨੂੰ ਨਿਰੰਤਰ ਛਾਂਗਦੀ ਤਰਾਸ਼ਦੀ ਰਹੀ ਸੀ। ਉਸ ਨੂੰ ਜਾਣਨ ਵਾਲੇ ਜਾਣਦੇ ਹਨ ਕਿ ਉਸ ਅੰਦਰ ਨਵਾਂ ਸਿੱਖਣ ਦਾ ਅਥਾਹ ਜਜ਼ਬਾ ਹੈ ਅਤੇ ਉਹ ਖੰਘਰ ਤੋਂ ਖੰਘਰ ਪ੍ਰਸਥਿਤੀਆਂ ਵਿਚੋਂ ਵੀ ਆਪਣੇ ਰਾਹ ਬਣਾਉਣੇ ਜਾਣਦੀ ਹੈ। ਇਸ ਸਭ ਦੀ ਜਾਚ ਉਹ ਨਾ ਜਾਣਦੀ ਹੁੰਦੀ ਤਾਂ ਜਿਹੋ ਜਿਹੇ ਉਸਦੇ ਘਰੇਗੀ ਹਾਲਾਤ ਸਨ, ਉਹ ਹੋਰ ਜੋ ਮਰਜ਼ੀ ਬਣ ਜਾਂਦੀ ਪਰ ਪੰਜਾਬੀ ਲੇਖਿਕਾ ਕਦੇ ਨਹੀਂ ਸੀ ਬਣ ਸਕਦੀ। ਜਿਸ ਬੱਚੇ ਨੂੰ ਘਰਦਿਆਂ, ਰਸਮੀ ਵਿੱਦਿਆ ਲਈ ਬਚਪਨ ਵਿਚ ਸਕੂਲ ਹੀ ਨਾ ਭੇਜਿਆ ਹੋਵੇ ਉਸਦੇ ਲੇਖਕ ਬਣ ਜਾਣ ਦੀ ਕਹਾਣੀ ਕਿਸੇ ਪਰੀ ਕਥਾ ਵਰਗੀ ਜਾਪਦੀ ਹੈ।



ਸੁਖਪਾਲ ਸਿੰਘ ਬਿੰਦ

ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਦੇ ਸਰਹੱਦੀ ਪਿੰਡ ਰਣਸੀਂਕੇ ਮੀਰਾਂ ਜਿਸ ਵਿਚ ਉਹ ਜੰਮੀ, ਉਸ ਵਿਚ ਸਕੂਲ ਹੀ ਨਹੀਂ ਸੀ। ਲਾਗਲੇ ਜਿਸ ਪਿੰਡ ਵਿਚ ਕੁੜੀਆਂ ਪੜ੍ਹਨ ਲਾਉਂਦੇ ਸਨ ਉਸ ਵਿਚੋਂ ਕਿਸੇ ਕੁੜੀ ਦੇ ਉਧਲ ਜਾਣ ਦੀ ਘਟਨਾ ਨੇ ਬਾਲੜੀ ਦਵਿੰਦਰ ਦੀ ਪੜ੍ਹਾਈ ਦੇ ਸਭ ਰਸਤੇ ਖੁੱਲ੍ਹਣ ਤੋਂ ਪਹਿਲਾਂ ਹੀ ਬੰਦ ਕਰ ਦਿੱਤੇ ਸਨ। 12 ਸਾਲ ਦੀ ਉਮਰ ਤੱਕ ਉਹ ਘਰ ਬੈਠੀ ਮਾਂ ਨਾਲ ਘਰ ਦਿਆਂ ਕੰਮਾਂ ਕਾਜਾਂ ਵਿਚ ਹੱਥ ਵਟਾਉਂਦੀ ਰਹੀ। ਪਰ ਉਸਦੇ ਸੁਪਨ ਸੰਸਾਰ ਵਿਚ ਅੱਖਰਾਂ ਦੇ ਜੁਗਨੂੰਆਂ ਦੀ ਲੋਅ ਧੜਕਦੀ ਰਹਿੰਦੀ ਸੀ। ਇਸ ਲੋਅ ਆਸਰੇ ਉਸ ਜੁਗਤ ਲੜਾਈ ਤੇ ਯੂਨੀਵਰਸਿਟੀ ਵਿਚ ਅਧਿਆਪਕ ਉਘੇ ਅਰਥ-ਸ਼ਾਸਤਰੀ ਆਪਣੇ ਵੱਡੇ ਵੀਰ ਨਿਰਮਲ ਸਿੰਘ ਅਜ਼ਾਦ ਦੀ ਉਂਗਲ ਫੜ ਕੇ ਪੜ੍ਹਾਈ ਵਾਲੇ ਰਸਤੇ 'ਤੇ ਨਿਕਲ ਤੁਰੀ। ਫੇਰ ਉਹ ਨਿਰੰਤਰ ਅੱਗੇ ਵਧਦੀ ਤੁਰੀ ਗਈ। ਪੜ੍ਹਾਈ ਦੇ ਨਾਲ-ਨਾਲ ਲੇਖਣੀ ਵਾਲਾ ਸਫ਼ਰ ਸ਼ੁਰੂ ਹੋ ਗਿਆ। ਦਵਿੰਦਰ ਇਹ ਗੱਲ ਨਿਝੱਕ ਕਹਿੰਦੀ ਹੈ "ਮੈਂ ਪੜ੍ਹਾਈ ਕੀਤੀ ਹੀ ਲਿਖਣ ਲਈ ਸੀ।" ਸਿਰਜਣਾਤਮਕ ਲੋਕਾਂ ਵਾਂਗ ਉਹ ਦੁਨਿਆਵੀ ਸੁੱਖ ਸਹੂਲਤਾਂ ਦੇ ਹੁੰਦਿਆਂ-ਸੁੰਦਿਆਂ ਵੀ ਆਪਣੇ ਅੰਦਰ ਇੱਕ 'ਧੁਖਧੁਖੀ' ਮਹਿਸੂਸ ਕਰਦੀ ਰਹਿੰਦੀ ਹੈ। ਅਮਰੀਕਾ ਜਾ ਵੱਸਣ ਦੇ ਬਾਵਜੂਦ ਪੁਰਾਣਾ ਪਿੰਡ ਉਸਦੇ ਅੰਦਰ ਨਿਰੰਤਰ ਧੜਕਦਾ ਹੈ। ਉਹ ਜਾਣਦੀ ਹੈ ਕਿ ਇਸ ਧੁਖਧੁਖੀ ਨੂੰ ਉਸਦੀ ਲੇਖਣੀ ਹੀ ਸੀਤ ਕਰ ਸਕਦੀ ਹੈ। ਅਜਿਹਾ ਕਰਦਿਆਂ ਹੀ ਉਸਦੀ ਪਲੇਠੀ ਕਹਾਣੀ ਪੁਸਤਕ 'ਮਰਿਆ ਨਹੀਂ ਜਿਊਂਦਾ ਹਾਂ' ਦੀਆਂ ਕਹਾਣੀਆਂ ਆਪਣਾ ਵਜੂਦ ਗ੍ਰਹਿਣ ਕਰਦੀਆਂ ਹਨ।

ਇਸ ਕਹਾਣੀ ਪੁਸਤਕ ਵਿਚ ਉਹ ਕਹਾਣੀਆਂ ਹਨ ਜੋ ਦਵਿੰਦਰ ਗੁਰਾਇਆ ਨੇ ਪਿਛਲੇ ਲੰਮੇ ਸਮੇਂ ਵਿਚ ਲਿਖੀਆਂ ਹਨ। ਪਰ ਇਹ ਕਹਾਣੀਆਂ ਲਿਖਣ ਤੋਂ ਪਹਿਲਾਂ ਲੰਮਾਂ ਸਮਾਂ ਉਸਦੀ ਸਿਮਰਤੀ ਅੰਦਰ ਚੱਲਦੀਆਂ ਰਹੀਆਂ ਹਨ। ਦਵਿੰਦਰ ਦੱਸਦੀ ਹੈ ਕਿ 'ਚਾਚੀ ਵੀਰੋ' ਕਹਾਣੀ ਦੇ ਬੀਜ ਘਰ ਦੇ ਬਜ਼ੁਰਗਾਂ ਤੋਂ ਬਚਪਨ ਵਿਚ ਪਿੰਡ ਦੀਆਂ ਹੋਈਆਂ-ਬੀਤੀਆਂ ਸੁਣਦਿਆਂ ਬੀਜੇ ਗਏ ਸਨ। ਇਹ ਉਸਦੀ ਜ਼ਿੰਦਗੀ ਦਾ ਉਹ ਸਮਾਂ ਸੀ ਜਦ ਉਹ ਅਜੇ ਅੱਖਰਾਂ ਤੋਂ ਵੀ ਵਾਕਿਫ਼ ਨਹੀਂ ਸੀ ਹੋਈ। ਆਪਣੇ ਅੰਦਰ ਖਲਬਲੀ ਮਚਾਉਂਦੇ ਪਾਤਰਾਂ ਨੂੰ ਅੱਖਰਾਂ ਵਿਚ ਢਾਲਣ ਦਾ ਵੱਲ ਤਾਂ ਬਹੁਤ ਦੇਰ ਬਾਅਦ ਆਉਂਦਾ ਹੈ। ਇਵੇਂ ਹੀ ਕਿਤਾਬ ਦੇ ਸਿਰਲੇਖ ਵਾਲੀ ਕਹਾਣੀ 'ਮਰਿਆ ਨਹੀਂ ਜਿਊਂਦਾ ਹਾਂ' 2006 ਵਿਚ ਲਿਖੇ ਜਾਣ ਤੋਂ ਦਸ-ਗਿਆਰਾਂ ਸਾਲ ਪਹਿਲਾਂ ਉਸਦੇ ਅੰਦਰ ਉਸਰਨੀ ਸ਼ੁਰੂ ਹੋ ਗਈ ਸੀ। ਕਹਾਣੀ 'ਕੁਝ ਆਪਣੇ ਪਲ' ਉਸਦੇ ਵਿਦੇਸ਼ ਵਿਚ ਜਾ ਵਸਣ ਉਪਰੰਤ ਦੇ ਅਨੁਭਵ 'ਤੇ ਆਧਾਰਿਤ ਹੈ। ਇਸ ਤਰ੍ਹਾਂ ਇਸ ਕਹਾਣੀ ਪੁਸਤਕ ਵਿਚ ਸ਼ਾਮਲ ਉਸ ਦੀਆਂ ਸੱਤ ਕਹਾਣੀਆਂ ਦਾ ਸੰਸਾਰ ਉਸਦੇ ਬਚਪਨ ਤੋਂ ਲੈ ਕੇ ਸਮਕਾਲ ਤਕ ਦਾ ਬਣ ਜਾਂਦਾ ਹੈ। ਇਨ੍ਹਾਂ ਦਾ ਰਚਨਾਵੀ ਧਰਾਤਲ ਉਸਦੇ ਪਿੰਡ ਤੋਂ ਲੈ ਕੇ ਅਮਰੀਕਾ ਤਕ ਫੈਲਿਆ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਪਿੰਡ ਨਾਲ ਸੰਬੰਧਤ ਯਾਦਾਂ ਦੇ ਆਸਰੇ ਉਸਰੀਆਂ ਕਹਾਣੀਆਂ ਨੇ ਉਸਦੀ ਸਿਰਜਣਾ ਦਾ ਜ਼ਿਆਦਾ ਵਜੂਦ ਮੱਲਿਆ ਹੋਇਆ ਹੈ। ਅਮਰੀਕਨ ਜੀਵਨ ਅਨੁਭਵ ਵਿਚੋਂ ਉਸਰੀ ਸਿਰਜਣਕਾਰੀ ਦਾ ਅਜੇ ਭਰਵੇਂ ਰੂਪ ਵਿਚ ਪੇਸ਼ ਹੋਣਾ ਬਾਕੀ ਹੈ।



ਲੇਖਿਕਾ ਦਵਿੰਦਰ ਕੌਰ ਗੁਰਾਇਆ

'ਮਰਿਆ ਨਹੀਂ ਜਿਊਂਦਾ ਹਾਂ' ਕਹਾਣੀ ਪੁਸਤਕ ਦੀਆਂ ਕਹਾਣੀਆਂ ਪਿੰਡ ਵਿਚਲੀਆਂ ਹਾਸ਼ੀਆਗਤ ਧਿਰਾਂ ਦੀਆਂ ਕਹਾਣੀਆਂ ਹਨ। ਇਨ੍ਹਾਂ ਧਿਰਾਂ ਵਿਚੋਂ ਔਰਤ, ਜਿਹੜੀ ਦੋਹਰੀ ਹਾਸ਼ੀਆਗਤ ਸਥਿਤੀ ਦਾ ਸਿਤਮ ਝੱਲਦੀ ਹੈ, ਦਵਿੰਦਰ ਦੀ ਕਲਮ ਉਸ ਜੀਵਨ ਸੱਚ ਨੂੰ ਵਧੇਰੇ ਫੜਨ ਅਤੇ ਪੇਸ਼ ਕਰਨ ਦਾ ਯਤਨ ਕਰਦੀ ਹੈ। ਅਜਿਹਾ ਕਰਦਿਆਂ ਉਹ ਪੇਂਡੂ ਸਮਾਜ ਵਿਚ ਔਰਤ ਦੀ ਸਥਿਤੀ 'ਤੇ ਫੋਕਸ ਤਾਂ ਕਰਦੀ ਹੈ ਪਰ ਇਸ ਦੇ ਬਾਵਜੂਦ ਇਨ੍ਹਾਂ ਨੂੰ ਔਰਤ ਜਾਵੀਏ ਦੀਆਂ ਕਹਾਣੀਆਂ ਬਣਾਉਣ ਦੀ ਉਚੇਚ ਨਹੀਂ ਕਰਦੀ। ਔਰਤ ਲੇਖਿਕਾ ਹੋਣ ਕਰਕੇ ਉਹ ਪੇਂਡੂ ਸਮਾਜ ਅਤੇ ਖ਼ਾਸਕਰ ਗਰੀਬ ਵਰਗ ਦੀ ਔਰਤ ਦੀ ਸਥਿਤੀ ਨਾਲ ਜੁੜੀਆਂ ਵਿਭਿੰਨ ਤ੍ਰਾਸਦਕ ਸਥਿਤੀਆਂ ਨੂੰ ਤਾਂ ਆਪਣੇ ਕਲਾਵੇ ਵਿਚ ਲੈਂਦੀ ਹੈ ਪਰ ਇਸ ਨੂੰ ਕੇਵਲ ਤੇ ਕੇਵਲ ਔਰਤ ਪੱਖੀ ਐਨਕਾਂ ਨਾਲ ਵੇਖਣ ਤੋਂ ਗੁਰੇਜ਼ ਕਰਦੀ ਹੈ। ਇਸ ਨਾਲ ਉਸਦੀ ਬਿਰਤਾਂਤਕਾਰੀ ਦਾ ਜ਼ਿਆਦਾ ਸਹਿਜ ਅਤੇ ਸੁਭਾਵਿਕ ਰੰਗ ਉਘੜਨ ਦੀਆਂ ਸੰਭਾਵਨਾਵਾਂ ਬਣ ਜਾਂਦੀਆਂ ਹਨ। ਇਸ ਸੁਭਾਵਿਕਤਾ ਕਾਰਨ ਹੀ ਪਿੰਡ ਉਸਦੀ ਬਿਰਤਾਂਤਕਾਰੀ ਵਿਚ ਕੋਈ ਆਦਰਸ਼ਕ ਪਿੰਡ ਵਜੋਂ ਨਹੀਂ ਸਗੋਂ ਆਪਣੀਆਂ ਤਮਾਮ ਚੰਗੀਆਂ ਮੰਦੀਆਂ ਸੰਭਾਵਨਾਵਾਂ ਨਾਲ ਪੇਸ਼ ਹੁੰਦਾ ਹੈ। ਅਜਿਹਾ ਕਰਦਿਆਂ ਹੀ ਉਹ ਸਾਡੇ ਰਿਸ਼ਤਾ ਨਾਤਾ ਪ੍ਰਬੰਧ ਦੇ ਅੰਦਰੂਨੀ ਖੋਖਲੇਪਨ ਨੂੰ ਸਤਹਿ 'ਤੇ ਲੈ ਆਉਂਦੀ ਹੈ। ਉਸ ਦੀਆਂ ਕਹਾਣੀਆਂ ਵਿਚ ਇਹ ਖੋਖਲਾਪਨ ਦੰਪਤੀ ਜੀਵਨ ਸਮੇਤ ਸਾਡੇ ਸਮਾਜਚਾਰੇ ਦੇ ਤਮਾਮ ਰਿਸ਼ਤਿਆਂ ਦੇ ਆਰ-ਪਾਰ ਫੈਲਿਆ ਨਜ਼ਰ ਆਉਂਦਾ ਹੈ।

ਦਵਿੰਦਰ ਗੁਰਾਇਆ ਇਸ ਮੱਤ ਦੀ ਦ੍ਰਿੜ ਵਿਸ਼ਵਾਸੀ ਹੈ ਕਿ ਸਾਹਿਤ ਨੇ ਸਮਾਜ ਵਿਚ ਨਵੀਂ ਚੇਤਨਾ ਦੇ ਪ੍ਰਸਾਰ ਲਈ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਣੀ ਹੁੰਦੀ ਹੈ। ਇਸ ਨੇ ਦਕਿਆਨੂਸੀ ਕਦਰ ਪ੍ਰਬੰਧ ਨੂੰ ਤੋੜਨ ਵਿਚ ਬੜੀ ਸੂਖਮਤਾ ਨਾਲ ਆਪਣਾ ਕਾਰਜ ਕਰਨਾ ਹੁੰਦਾ ਹੈ। ਇਸ ਸੋਚ ਨਾਲ ਭਰ ਕੇ ਹੀ ਉਹ ਆਪਣੀ ਸਾਰੀ ਰਚਨਾ ਕਰਦੀ ਹੈ। ਇਸ ਕਹਾਣੀ ਪੁਸਤਕ ਵਿਚ ਵੀ ਉਸਦਾ ਇਹੀ ਦ੍ਰਿਸ਼ਟੀਕੋਣ ਨਜ਼ਰ ਪੈਂਦਾ ਹੈ। ਉਸਦੀ ਕਹਾਣੀ ਦਾ ਜੁੱਸਾ ਭਾਵੇਂ ਸਮਾਜੀ ਧਰਾਤਲ 'ਤੇ ਘੜਿਆ ਜਾ ਰਿਹਾ ਹੋਵੇ ਜਾਂ ਪਾਤਰਾਂ ਦੇ ਮਾਨਸਿਕ ਚਿੱਤਰਪਟ ਉੱਪਰ, ਇਹ ਅੰਤ ਵੱਲ ਵਧਦਿਆਂ ਬਹੁਤਵਾਰ ਨਾਟਕੀ ਸਥਿਤੀਆਂ ਵਿਚ ਤਬਦੀਲ ਹੋਇਆ ਨਜ਼ਰ ਪੈਂਦਾ ਹੈ। ਉਸਦਾ ਬਿਰਤਾਂਤ ਤੇਜ਼ੀ ਨਾਲ ਕਦਮ ਪੁੱਟਦਿਆਂ ਆਪਣੀ ਅੰਤਿਮ ਮੰਜ਼ਿਲ ਵੱਲ ਵਧਦਾ ਹੈ। ਉਸ ਦੀਆਂ ਕਹਾਣੀਆਂ ਦੀਆਂ ਇਹ ਸਥਿਤੀਆਂ ਕਈ ਵਾਰ ਉਸਦੇ ਗਲਪੀ ਬਿੰਬ ਵਿਚ ਤ੍ਰੇੜਾਂ ਪੈਦਾ ਕਰਦੀਆਂ ਵੀ ਜਾਪਦੀਆਂ ਹਨ। ਪਰ ਇਸ ਸਥਿਤੀ ਦਾ ਦੂਜਾ ਪੱਖ ਇਹ ਹੈ ਕਿ ਇਸ ਨਾਲ ਕਹਾਣੀਆਂ ਵਿਚ ਕਥਾ-ਰਸ ਪੈਦਾ ਹੁੰਦਾ ਹੈ ਜੋ ਅੱਗੇ ਤੋਂ ਅੱਗੇ ਪੜ੍ਹਨ ਦੀ ਉਤਸੁਕਤਾ ਜਗਾਈ ਰੱਖਦਾ ਹੈ। ਇਸ ਉਤਸੁਕਤਾ ਨੂੰ ਉਹ ਬਿਰਤਾਂਤ ਵਿਚ ਧੂੜੀ ਹਲਕੀ-ਹਲਕੀ ਕਾਵਿਕਤਾ ਅਤੇ ਫਲਸਫਾਨਾ ਟਿੱਪਣੀਆਂ ਨਾਲ ਅੱਗੇ ਤੋਂ ਅੱਗੇ ਫੈਲਾਉਂਦੀ ਤੁਰੀ ਜਾਂਦੀ ਹੈ।



ਪੁਸਤਕ 'ਮਰਿਆ ਨਹੀਂ ਜਿਊਂਦਾ ਹਾਂ' ਦਾ ਸਰਵਰਕ

ਦਵਿੰਦਰ ਗੁਰਾਇਆ ਦੀ ਇਹ ਪਹਿਲੀ ਕਹਾਣੀ ਪੁਸਤਕ ਹੈ। ਇਸ ਨਾਲ ਉਹ ਭਵਿੱਖ ਦੀ ਇਕ ਚੰਗੀ ਕਹਾਣੀਕਾਰਾ ਵਜੋਂ ਆਪਣੀ ਹੋਂਦ-ਹਸਤੀ ਜਤਾਉਂਦੀ ਨਜ਼ਰ ਪੈਂਦੀ ਹੈ। ਉਸ ਕੋਲ ਭਾਰਤ ਵਿਚਲੇ ਪੰਜਾਬੀ ਜੀਵਨ ਦੇ ਨਾਲ ਨਾਲ ਅਮਰੀਕਨ ਜੀਵਨ ਦਾ ਵੀ ਵਿਸ਼ਾਲ ਅਨੁਭਵ ਹੈ। ਇਸ ਅਨੁਭਵ ਨੂੰ ਸ਼ਬਦਾਂ ਵਿਚ ਢਾਲਣ ਦਾ ਹੁਨਰ ਉਹ ਚੰਗੀ ਤਰ੍ਹਾਂ ਜਾਣਦੀ ਹੈ। ਇਸ ਹੁਨਰ ਨੂੰ ਨਿਰੰਤਰ ਨਿਖਾਰਦੇ ਰਹਿਣ ਦੀ ਉਸ ਅੰਦਰ ਵਿਸ਼ੇਸ਼ ਤਾਂਘ ਨਜ਼ਰ ਪੈਂਦੀ ਹੈ। ਇਨ੍ਹਾਂ ਸਭ ਸੰਭਾਵਨਾਵਾਂ ਦੇ ਸੰਗਮ ਨਾਲ ਮੈਨੂੰ ਪੂਰਨ ਆਸ ਹੈ ਕਿ ਉਹ ਭਵਿੱਖ ਵਿਚ ਹੋਰ ਵੀ ਵੱਡੇ ਮਹੱਤਵ ਵਾਲੀਆਂ ਗਲਪ ਰਚਨਾਵਾਂ ਨਾਲ ਸਾਹਮਣੇ ਆਵੇਗੀ। ਫਿਲਹਾਲ ਮੈਂ ਉਸਦੀ ਪੰਜਾਬੀ ਕਹਾਣੀ ਵਿਚ ਆਮਦ ਨੂੰ ਜੀ ਆਇਆਂ ਆਖਦਾ ਹੋਇਆ ਇਸ ਪੁਸਤਕ ਦਾ ਭਰਪੂਰ ਸਵਾਗਤ ਕਰਦਾ ਹਾਂ।

## ਸੀਰਤ, ਸਿਰਜਨਾ ਤੇ ਸਮਕਾਲ

*(ਪਿਛਲੇ ਸਫੇ ਦਾ ਬਾਕੀ)*

ਇਸੇ ਵਰ੍ਹੇ ਡਾ. ਜਗਤਾਰ ਨੇ ਇਕ ਗ਼ਜ਼ਲ ਸੰਗ੍ਰਹਿ, "ਬਰਫ਼ ਹੇਠ ਦੱਬੇ ਹਰਫ਼" ਦਾ ਸੰਪਾਦਨ ਕੀਤਾ। ਇਸ ਵਿਚ ਉਨ੍ਹਾਂ ਨੇ ਪਰਵਾਸ ਦੇ 15 ਗ਼ਜ਼ਲਕਾਰਾਂ ਨੂੰ ਸ਼ਾਮਿਲ ਕੀਤਾ, ਜਿਸ ਵਿਚ ਮੇਰੀਆਂ ਅੱਠ ਗ਼ਜ਼ਲਾਂ ਅੰਕਿਤ ਹਨ। ਕੁਝ ਕੁ ਸ਼ਿਅਰ ਜੋ ਡਾ. ਜਗਤਾਰ ਨੇ ਕੋਟ ਕੀਤੇ ਹਨ, ਆਪ ਦੀ ਨਜ਼ਰ ਹਨ

"ਮੈਂ ਬਿਰਖਾਂ ਤੋਂ ਘਟਾਵਾਂ ਤੋਂ ਹੈ ਮੰਗੀ/
ਕਿਸੇ ਦਿੱਤੀ ਨ ਮੈਨੂੰ ਛਾਂ ਉਧਾਰੀ।"

"ਨਾ ਛੇੜ 'ਵਾ ਨੂੰ ਤੂੰ 'ਸੀਰਤ' ਕਿ ਫੈਲਦਾ ਏ ਧੂੰਆਂ/
ਨਗਰ 'ਚ ਅੱਗ ਦਾ ਫੈਲਾਓ ਹੈ ਹਵਾ ਦੀ ਤੁਰਾਂ।"

ਇੰਝ ਸਮਾਂ ਸਾਹਿਤਕ ਗਤੀਵਿਧੀਆਂ ਵਿਚ ਆਪਣੀ ਤੋਰ ਤੁਰਦਾ ਗਿਆ। ਵਿਪਸਾ ਦੀਆਂ ਮਹਿਫ਼ਲਾਂ 'ਚ ਸਾਹਿਤਕਾਰ ਜੁੜਦੇ ਗਏ ਅਤੇ ਮੇਰੀ ਨਵੀਂ ਕਾਵਿ-ਗ਼ਜ਼ਲ ਪੁਸਤਕ, "ਸੇਜ ਸੂਲੀ ਤੇ ਸਲੀਬ" ਵਰ੍ਹਾ 2007 ਵਿਚ ਲੋਕਅਰਪਣ ਹੋ ਨਿੱਬੜਦੀ ਹੈ। ਇਸ ਦੇ ਮੁੱਢਲੇ ਸ਼ਬਦ ਵੀ ਡਾ. ਜਗਤਾਰ ਵਲੋਂ, "ਚਿਰਜੀਵੀ ਸ਼ਾਇਰ-ਸੀਰਤ" ਦੇ ਸਿਰਲੇਖ ਹੇਠ ਪੁਸਤਕ ਨੂੰ ਮਾਣ ਬਖ਼ਸ਼ਦੇ ਹਨ। ਉਨ੍ਹਾਂ ਦੇ ਇਹ ਸ਼ਬਦ ਮੇਰੀ ਆਤਮਾ ਵਿਚ ਕਾਂਬਾ ਛੇੜ ਦੇਂਦੇ ਹਨ ਜਦ ਕਦੀ ਵੀ ਮੈਂ ਇਹ ਪੜ੍ਹਨ ਦੀ ਜੁਰਅਤ ਕਰਦਾ ਹਾਂ। ਉਹ ਲਿਖਦੇ ਹਨ, "ਕਿਸੇ ਵੱਡੇ ਸ਼ਾਇਰ ਜਾਂ ਅਦੀਬ ਬਾਰੇ ਕੁਝ ਕਹਿਣ ਵੇਲੇ ਮੇਰੇ ਦੁਆਲੇ ਡਰ ਤੇ ਖ਼ੁਸ਼ੀ ਦੀ ਫ਼ਸੀਲ ਖੜ੍ਹੀ ਹੋ ਜਾਂਦੀ ਹੈ...ਸੀਰਤ ਦੀ ਕਵਿਤਾ ਵਿਚ ਵਿਗਿਆਨ ਤੇ ਦਰਸ਼ਨ ਦਾ ਸਮਾਵੇਸ਼ ਬੜੇ ਮੌਲਿਕ ਅੰਦਾਜ਼ ਵਿਚ ਪੇਸ਼ ਹੋਇਆ ਹੈ...ਉਸਦੀ ਸ਼ਾਇਰੀ ਵਿਚ ਅਰੂਜ਼ ਹੈ, ਜੁਸਤਜੂ ਹੈ, ਤਲਾਸ਼ ਹੈ, ...ਇਸ ਲਈ ਉਸਦੀ ਸ਼ਾਇਰੀ ਸਾਰਥਕ ਹੈ, ਉਹ ਚਿਰਾਂ ਤਕ ਜਿਊਂਦੀ ਰਹੇਗੀ।" ਇਸਦੇ ਕਵਿਤਾ ਭਾਗ ਵਿਚ 'ਸੇਜ ਸੂਲੀ ਤੇ ਸਲੀਬ, ਜਾਗ, ਚੁੰਧਿਆਈ ਨਜ਼ਰ, ਕੁਰਾਹੇ, ਆਤਮ ਖੋਜ ਤੇ ਵਿਵੱਸ਼ਤਾ' ਕਵਿਤਾਵਾਂ ਪੜ੍ਹਨ ਨਾਲ ਸੰਬੰਧ ਰਖਦੀਆਂ ਹਨ। ਫਿਰ ਸ਼ਾਇਰੀ ਵਿਚ ਜੋ ਨਵਾਂਪਨ ਨਿਸਰਿਆ ਪਰਤੀਤ ਹੁੰਦਾ ਹੈ, ਉਸਦੀ ਇਕ ਝਲਕ:

"ਖ਼ਾਰ, ਕਿੰਕਰ, ਤੇਹ ਸਰਾਬੀ ਹੋਈ 'ਸੀਰਤ'/
ਜਿਸ ਦੀ ਹੁੰਦੀ ਹੋਂਦ ਗੁਲਦਸਤਾ ਸੀ ਏਥੇ।"

"ਮੈਂ ਤੋਂ, ਮੇਰੇ ਤੀਕ ਹੈ ਭਰਮਾਂ ਦੀ ਭਟਕਣ ਦਾ ਸਫ਼ਰ/
ਨਾਲ ਪਰਛਾਵਾਂ ਤੁਰੇ 'ਸੀਰਤ' ਐਪਰ ਬੋਲੇ ਨਹੀਂ।"

"ਮੁਕਾਮ ਐਸੇ 'ਤੇ ਆ ਗਿਆ ਹਾਂ,
ਖ਼ਲਾਅ ਜਿਹਾ ਕੁਝ ਚੁਗਿਰਦ ਮੇਰੇ/
ਮਲਾਲ ਜਿੱਥੇ ਨੇ ਸੁੰਨ ਹੋਏ,
ਸਵਾਬ 'ਸੀਰਤ' ਸਲੀਬ ਹੋਇਆ।"

ਅਗਸਤ, 2012 ਵਿਚ ਕਰਾਈ ਗਈ ਵਿਪਸਾ ਦੀ ਗਿਆਰਵੀਂ ਕਾਨਫ਼ਰੰਸ ਵਰਣਨਯੋਗ ਹੈ। ਇਸ ਦੇ ਪ੍ਰਧਾਨ ਸੁਖਵਿੰਦਰ ਕੰਬੋਜ, ਮੀਤ ਪ੍ਰਧਾਨ ਸੁਰਿੰਦਰ ਸੀਰਤ ਅਤੇ ਜਨਰਲ ਸਕੱਤਰ ਕੁਲਵਿੰਦਰ ਦੀ ਤ੍ਰੈ-ਸੋਚਣੀ ਨੇ ਇਸ ਦੋ-ਰੋਜ਼ਾ ਕਾਨਫ਼ਰੰਸ ਨੂੰ ਇਤਿਹਾਸਕ ਰੰਗਤ ਵਿਚ ਰੰਗ ਦਿੱਤਾ। ਇਸ ਬਾਰੇ ਕੇਵਲ ਇਹ ਹੀ ਜਾਣ ਲੈਣਾ ਕਾਫੀ ਹੈ ਕਿ ਇਸ ਵਿਚ ਸੁਰਜੀਤ ਪਾਤਰ, ਵਰਿਆਮ ਸਿੰਘ ਸੰਧੂ, ਡਾ. ਗੁਰਭਜਨ ਸਿੰਘ ਗਿੱਲ, ਸੁਖਵਿੰਦਰ ਅੰਮ੍ਰਿਤ, ਅਜਮੇਰ ਸਿੱਧੂ, ਜਿੰਦਰ ਜਲੰਧਰੀ, ਬਿਕਰ ਸਿੰਘ ਕਮਿਆਣਾ ਅਤੇ ਅਮਰੀਕਾ-ਕੈਨੇਡਾ ਤੋਂ ਸਿਰਕੱਢ ਲੇਖਕਾਂ ਨੇ ਸ਼ਮੂਲੀਅਤ ਕੀਤੀ। ਇਸ ਦੋ ਰੋਜ਼ਾ ਕਾਨਫ਼ਰੰਸ ਵਿਚ ਬਹੁਤ ਕੁਝ ਸੁਣਨ, ਸਮਝਣ ਅਤੇ ਸਿਰਜਣ ਨੂੰ ਹਾਸਿਲ ਹੋਇਆ ਅਤੇ ਅਜੇਹੇ ਮਾਹੌਲ ਵਿਚ ਰਚਿਤ ਮੇਰੀ ਸੱਤਵੀਂ ਕਾਵਿ ਪੁਸਤਕ, "ਅਰੂਪੇ ਅੱਖਰਾਂ ਦਾ ਅਕਸ" ਵਰ੍ਹਾ 2014 ਵਿਚ ਪ੍ਰਕਾਸ਼ਤ ਹੁੰਦੀ ਹੈ। ਇਸ ਵਿਚ ਨੌਂ ਘਰਾਂ (ਬਹਿਰਾਂ) ਵਿਚ ਅੰਕਿਤ 63 ਗ਼ਜ਼ਲਾਂ ਅਤੇ ਨੌਂ ਕਵਿਤਾਵਾਂ ਗੀਤ ਹਨ। ਇਸ ਪੁਸਤਕ ਬਾਰੇ ਮੈਂ, ਮੇਰੇ ਇਕ ਐਸੇ ਮਿੱਤਰ ਦੇ ਹਵਾਲੇ ਨਾਲ ਗੱਲ ਕਰਨ ਜਾ ਰਿਹਾ ਹਾਂ, ਕੇਵਲ ਜਿਸ ਨੇ ਹੀ ਮੈਨੂੰ ਇਕ ਖੁੱਲ੍ਹੇ ਅਕਾਸ਼ ਵਿਚ ਚੜ੍ਹਾ ਦਿੱਤਾ ਜਿੱਥੇ ਮੇਰੇ 'ਤੇ ਕੋਈ ਵੀ ਕਿੰਤੂ-ਪ੍ਰੰਤੂ ਕਰਨ ਦੀ ਸਮਰੱਥਾ ਰੱਖਦਾ ਹੈ। ਮੇਰਾ ਉਹ ਮਿਹਰਬਾਨ ਮਿੱਤਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਵਿਭਾਗ ਦਾ ਮੁਖੀ ਅੱਜ ਕਰੋਨਾ ਦੀ ਭੇਟ ਚੜ੍ਹ ਚੁੱਕਿਆ ਹੈ... ਇਕ ਅਜੇਹੀ ਸ਼ਖ਼ਸੀਅਤ ਜੋ ਵਿਸ਼ਾਲ ਸਮੁੰਦਰ ਹੁੰਦਿਆਂ ਵੀ ਦਰਿਆ ਦੀ ਗਹਿਰੀ ਸ਼ਾਂਤਮੀ ਤੋਰ ਹੀ ਤੁਰਦਾ ਰਿਹਾ। ਹਾਂ, ਮੇਰੀ ਮੁਰਾਦ ਡਾ. ਦਰਿਆ ਤੋਂ ਹੈ। ਉਨ੍ਹਾਂ ਵਲੋਂ ਸੰਪਾਦਤ ਪੁਸਤਕ, "ਸੁਰਿੰਦਰ ਸੀਰਤ- ਸਿਰਜਣਾ ਤੇ ਸੰਵਾਦ" ਜੋ 296 ਪੰਨਿਆਂ ਵਿਚ 35 ਬੁੱਧੀਜੀਵੀਆਂ, ਲੇਖਕਾਂ ਅਤੇ ਰਿਸਰਚ ਸਕਾਲਰਾਂ ਦੇ ਸ਼ਬਦਾਂ, ਪਰਚਿਆਂ ਅਤੇ ਖੋਜਾਤਮਕ ਲੇਖਾਂ 'ਤੇ ਅਧਾਰਤ ਹੈ, ਮੇਰੀ ਸੰਪੂਰਨ ਸਾਹਿਤਕ ਅਭਿਵਿਅਕਤੀ ਨੂੰ ਸੰਪੰਨ ਹੈ।

ਡਾ. ਦਰਿਆ ਵਲੋਂ ਇਸ ਪੁਸਤਕ ਦੇ ਪੰਨਾ 19 'ਤੇ ਕਹੇ ਗਏ ਸ਼ਬਦ ਹਨ "2014 ਵਿਚ ਸੁਰਿੰਦਰ ਸੀਰਤ ਬਹੁਤ ਦੀ ਮਹੱਤਵਪੂਰਨ ਪੁਸਤਕ 'ਅਰੂਪੇ ਅੱਖਰਾਂ ਦਾ ਅਕਸ' ਪ੍ਰਕਾਸ਼ਤ ਹੁੰਦੀ ਹੈ। ਇਸ ਪੁਸਤਕ ਵਿਚ ਵੱਖ-ਵੱਖ ਨੌਂ ਬਹਿਰਾਂ ਅਨੁਸਾਰ 63 ਗ਼ਜ਼ਲਾਂ ਅੰਕਿਤ ਹਨ। ਇਹ ਗ਼ਜ਼ਲਾਂ ਮਨੁੱਖੀ ਜੀਵਨ ਨਾਲ ਜੁੜੇ ਹੋਏ ਬਾਰੀਕ ਤੋਂ ਬਾਰੀਕ ਮਸਲਿਆਂ ਨੂੰ ਸਮੇਟਦੀਆਂ ਪ੍ਰਤੀਤ ਹੁੰਦੀਆਂ ਹਨ। ਡਾ. ਜਗਤਾਰ ਨੂੰ ਸਮਰਪਿਤ ਇਸ ਗ਼ਜ਼ਲ ਸੰਗ੍ਰਹਿ ਵਿਚ ਸੁਰਿੰਦਰ ਸੀਰਤ ਦਾ ਪ੍ਰਗਤੀਵਾਦੀ ਅਤੇ ਜੁਝਾਰਵਾਦੀ ਨਜ਼ਰੀਆ ਵੀ ਪੇਸ਼ ਹੋਇਆ ਹੈ। ਉਸ ਨੇ ਸਮਾਜਿਕ ਸੱਚ ਨੂੰ ਬਿਆਨ ਕਰਦਿਆਂ ਤਲਖ਼ ਹਕੀਕਤਾਂ ਹੰਢਾਅ ਰਹੇ ਮਨੁੱਖ ਦੀ ਹੋਣੀ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ...ਇਸ ਸੰਗ੍ਰਹਿ ਰਾਹੀਂ ਸਾਧਾਰਨ ਮਨੁੱਖ ਦੇ ਜੀਵਨ ਸੰਘਰਸ਼ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸੁਰਿੰਦਰ ਸੀਰਤ ਦੀ ਸ਼ਾਇਰੀ ਵਿਚ ਮੱਧਵਰਗੀ ਸਮਾਜ ਦੇ ਅੰਦਰ ਅਤੇ ਬਾਹਰ ਵਿਚਲੇ ਫ਼ਰਕ ਨੂੰ ਵੀ ਪੇਸ਼ ਕੀਤਾ ਗਿਆ ਹੈ। ਪਰਵਾਸੀ ਜੀਵਨ ਹੰਢਾਉਂਦਿਆਂ ਪ੍ਰਕਾਸ਼ਤ ਇਹ ਪੁਸਤਕ ਸਮੁੱਚੀ ਮਾਨਵਤਾ ਦੀ ਬਾਤ ਪਾਉਂਦੀ ਹੋਈ ਮਨੁੱਖੀ ਜੀਵਨ ਅਤੇ ਸਮਾਜਕ ਵਰਤਾਰਿਆਂ ਦੇ ਵਿਭਿੰਨ ਪ੍ਰਸੰਗਾਂ ਅਤੇ ਅਰਥਾਂ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਕਰਦੀ ਹੈ।"

ਵਰ੍ਹਾ 2015-16 ਵਿਚ ਮੇਰੀ ਸਾਹਿਤਕ ਸਮਰੱਥਾ ਦੀ ਪੁਣ-ਛਾਣ ਨੂੰ ਅਵਸਰ ਪ੍ਰਾਪਤ ਹੁੰਦਾ ਹੈ ਜਦ ਜੰਮੂ ਵਿਖੇ ਮੇਰੇ ਸਮੁੱਚੇ ਸਾਹਿਤਕ ਸਫ਼ਰ ਉੱਪਰ ਦੋ ਰੋਜ਼ਾ ਸੈਮੀਨਾਰ, ਪੰਜਾਬੀ ਲੇਖਕ ਸਭਾ ਦੁਆਰਾ ਡਾ. ਸੁਸ਼ੀਲ ਸ਼ਰਮਾ ਦੀ ਨਿਗਰਾਨੀ ਵਿਚ ਸਿਰੇ ਚੜ੍ਹਿਆ। ਇਸ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਜੰਮੂ ਯੂਨੀਵਰਸਿਟੀ ਦੇ ਅਧਿਆਪਕਾਂ, ਖੋਜ ਵਿਦਿਆਰਥੀਆਂ ਅਤੇ ਪੰਜਾਬ ਤੋਂ ਚੁਣਿੰਦਾ ਸਾਹਿਤਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਹ ਕਾਲ ਮੇਰੇ ਸਾਹਿਤਕ ਸਫ਼ਰ ਦਾ ਸਿਖਰ ਕਿਹਾ ਜਾ ਸਕਦਾ ਹੈ। ਇਸ ਵਿਚ ਮੇਰੀਆਂ ਸੱਤ ਕਾਵਿ ਪੁਸਤਕਾਂ ਅਤੇ ਇਕ ਉਪਨਿਆਸ ਉੱਪਰ ਨਜ਼ਿੱਠ ਕੇ ਸੰਵਾਦ ਰਚਿਆ ਗਿਆ। ਇਸ ਦੇ ਫਲਸਰੂਪ ਡਾ. ਦਰਿਆ ਵਲੋਂ 35 ਲੇਖਾਂ 'ਤੇ ਆਧਾਰਤ ਪੁਸਤਕ, "ਸੁਰਿੰਦਰ ਸੀਰਤ- ਸਿਰਜਣਾ ਤੇ ਸੰਵਾਦ" ਸੰਪਾਦਿਤ ਕੀਤੀ ਗਈ। ਇਸ ਵਿਚ ਮੇਰੀ ਸਜਰੀ ਪੁਸਤਕ,"ਅਰੂਪੇ ਅੱਖਰਾਂ ਦਾ ਅਕਸ" ਦੇ ਸੰਬੰਧ ਵਿਚ ਕਹੇ ਗਏ ਕੁਝ ਮਹੱਤਵਪੂਰਨ ਸੰਵਾਦ ਸਾਂਝੇ ਕਰਨੇ ਅਤੀ ਅਵਸ਼ੱਕ ਹਨ:

ਜਨਾਬ ਰਵਿੰਦਰ ਰਵੀ ਵਲੋਂ ਪੰਨਾ 33 ਅਨੁਸਾਰ ਪਸੰਦ ਕੀਤੇ ਗਿਏ ਸ਼ਿਅਰਾਂ ਵਿੱਚੋਂ ਕੁਝ ਇੰਝ ਹਨ:

" ਸੁਣੀਂਦਾ ਹੀ ਨਹੀਂ ਇਕ ਸ਼ੋਰ, ਜਿਸ ਵਿਚ ਸੜ ਰਹੀ ਬਸਤੀ
ਅਜੋਕੇ ਦੌਰ ਦਾ ਬੰਦਾ, ਫ਼ਕਤ ਨਿਜਤਾ ਦਾ ਪੱਥਰ ਹੈ।"

" ਦੂਰੋਂ ਸਰਾਬ ਵੇਖਣਾ, ਬੁਝਦੀ ਨ ਤਿਸ਼ਨਗੀ ਕਦੀ
ਕੋਲੋਂ ਸਰਾਬ ਹੀ ਨਹੀਂ , ਤੇਹ ਹੈ, ਨਿਰਾ ਉਬਾਲ ਹੈ।"

ਅਤੇ ਉਨ੍ਹਾਂ ਵਲੋਂ ਕਹੇ ਗਏ ਇਹ ਸ਼ਬਦ ਮੇਰੀ ਹੈਰਤ ਦਾ ਕਾਰਨ ਹਨ ਕਿ, 'ਸੀਰਤ' ਗ਼ਜ਼ਲਕਾਰੀ ਦੀ ਉਸ ਬੁਲੰਦੀ ਤੋਂ ਵੀ ਅਗਾਂਹ ਲੰਘ ਗਿਆ ਪ੍ਰਤੀਤ ਹੋ ਰਿਹਾ ਹੈ ਜਿੱਥੇ ਉਸ ਨੂੰ 'ਸੱਤਿਅਮ-ਸ਼ਿਵਮ-ਸੁੰਦਰਮ' ਦੇ ਪਰਿਪੇਖ ਵਿਚ ਨਿਸ਼ਾਨਦੇਹੀ ਪ੍ਰਾਪਤ ਹੈ। ਉਹ ਹੁਣ ਨਫ਼ਾਸਤ, ਸਦਾਕਤ ਤੇ ਨਜ਼ਾਕਤ ਦੀਆਂ ਪ੍ਰਵਿਰਤੀਆਂ ਦੇ ਨਾਲ ਨਾਲ ਲਤਾਫ਼ਤ (ਨਾਜ਼ੁਕ-ਖ਼ਿਆਲੀ/ ਬਾਰੀਕ ਇਬਹਾਮ/ ਸੂਖ਼ਮ ਤਸਵਰਾਤ) ਦੁਆਰਾ ਆਪਣੀ ਸਮਕਾਲੀਨ ਗ਼ਜ਼ਲੀਅਤ ਤੋਂ ਅੱਡ ਖੜ੍ਹਾ ਸਾਫ਼ ਸਾਫ਼ ਨਜ਼ਰੀਂ ਆ ਰਿਹਾ ਹੈ।"

ਮੇਰੇ ਗੁਰ-ਭਾਈ ਅਤੇ ਸੁਝਵਾਨ ਗ਼ਜ਼ਲਕਾਰ ਜਨਾਬ ਮਹਿੰਦਰਦੀਪ ਗਰੇਵਾਲ ਅਨੁਸਾਰ, "ਕਸ਼ਮੀਰ ਦੇ ਗੁਲਾਬਾਂ ਦੀ ਖ਼ੁਸ਼ਬੂ ਤੋਂ ਕੈਲੀਫ਼ੋਰਨੀਆ ਦੀ ਆਧੁਨਿਕਤਾ ਤੱਕ ਦੇ ਸਫ਼ਰ ਤੱਕ ਪਹੁੰਚਦਿਆਂ, ਸੁਰਿੰਦਰ ਸਿੰਘ ਸੀਰਤ ਦੇ ਗ਼ਜ਼ਲ ਦੀ ਰੂਪਕ ਸੂਰਤ ਨੂੰ ਗੁਣਾਤਮਕ ਸੀਰਤ ਤੱਕ ਪਹੁੰਚਾਉਣ ਦਾ ਭਰਪੂਰ ਯਤਨ ਕੀਤਾ ਹੈ"। ਉਨ੍ਹਾਂ ਵਲੋਂ ਇਸ ਪੁਸਤਕ ਦੇ ਕੁਝ ਕੁ ਸ਼ਿਅਰ ਵੇਖੋ:

"ਮਿਰੇ ਮਨ ਦਾ ਪਰਿੰਦਾ ਫੜਫੜਾਉਂਦਾ ਹੀ ਰਿਹਾ ਏ
ਕਦੀ ਅਸਮਾਨ ਨਾ ਲੱਭਿਆ, ਕਦੀ ਪਰ ਨਾ ਸੰਭਾਲੇ।"

''ਅੰਨ੍ਹੀ ਬਸਤੀ'ਚ ਵੇਖਦਾ ਕੀ ਏਂ
ਗੁੰਮ ਏ ਪਹਿਚਾਨ, ਭਾਲਦਾ ਕੀ ਏਂ।"

*(ਚੱਲਦਾ)*

*-ਸੁਰਿੰਦਰ ਸੀਰਤ*

# ਜਿਨ੍ਹਾਂ ਬੋਲਾਂ ਦਾ ਗੀਤ ਬਣ ਸਕੇ...

***ਪ੍ਰੋ. ਰਾਜੇਸ਼ ਸ਼ਰਮਾ ਨੇ 1970ਵਿਆਂ ਦੀ ਜੁਝਾਰੂ ਸਾਹਿਤਕ-ਸਿਆਸੀ ਲਹਿਰ ਨਾਲ ਜੁੜੇ ਦੋ ਅਹਿਮ ਕਵੀਆਂ ਪਾਸ਼ ਅਤੇ ਲਾਲ ਸਿੰਘ ਦਿਲ ਦੀਆਂ ਕਵਿਤਾਵਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਹੈ। ਇਹ ਅਨੁਵਾਦ ਜਿੱਥੇ ਪਾਸ਼ ਅਤੇ ਦਿਲ ਦੀਆਂ ਨਜ਼ਮਾਂ ਦੀ ਨਵੀਂ ਪੜ੍ਹਤ ਉਸਾਰਦਾ ਹੈ, ਉੱਥੇ ਇਸ ਕਿਤਾਬ ਵਿਚ ਦਰਜ ਮਜ਼ਮੂਨ, ਕਵਿਤਾ ਅਤੇ ਇਤਿਹਾਸ ਦੀ ਬਣਤਰ ਬਾਰੇ ਸੁਆਲਾਂ ਨੂੰ ਵੀ ਮੁਖ਼ਾਤਬ ਹਨ। ਇਸ ਬਾਰੇ ਚਰਚਾ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਯਾਦਵਿੰਦਰ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਯੂਨਾਨ ਦੀ ਕਿਸੇ ਜੰਗ ਵਿਚ ਥੀਸਸ ਨਾਂ ਦਾ ਜੰਗੀ ਬੇੜਾ ਨੁਕਸਾਨਿਆ ਗਿਆ ਤੇ ਅਜਾਇਬ ਘਰ ਦਾ ਸ਼ਿੰਗਾਰ ਬਣ ਕੇ ਰਹਿ ਗਿਆ। ਸੌ ਸਾਲਾਂ ਬਾਅਦ ਕਿਸੇ ਹੋਰ ਬੇੜੇ ਦੇ ਪੁਰਜ਼ੇ ਲਾ ਕੇ ਜਦੋਂ ਇਹਨੂੰ ਦੁਬਾਰਾ ਸਮੁੰਦਰ ਵਿਚ ਠਿੱਲ੍ਹਿਆ ਗਿਆ ਤਾਂ ਵਾਲ ਦੀ ਖੱਲ ਲਾਹੁਣ ਵਾਲਿਆਂ ਲਈ ਇਹ ਬੇੜਾ ਬਹਿਸ ਦਾ ਸਬਬ ਹੋ ਨਿੱਬੜਿਆ। ਉਹ ਸੁਆਲ ਕਰਨ ਲੱਗੇ- ਕੀ ਹਾਲੇ ਵੀ ਇਸ ਨੂੰ ਥੀਸਸ ਦਾ ਬੇੜਾ ਕਹਿਣਾ ਠੀਕ ਹੈ? ਬੇਸ਼ੱਕ ਢਾਂਚਾ ਪੁਰਾਣਾ ਹੈ ਪਰ ਪੁਰਜ਼ੇ ਤਾਂ ਕਿਸੇ ਨਵੇਂ ਬੇੜੇ ਦੇ ਨੇ। ਫਿਰ ਇਸ ਨੂੰ ਹੁਣ ਕਿਹੜੇ ਨਾਂ ਨਾਲ ਸੱਦਿਆ ਜਾਵੇ?

ਥੀਸਸ ਦੇ ਬੇੜੇ ਵਾਲੀ ਇਹ ਅੜਾਉਣੀ ਅਨੁਵਾਦ ਦੇ ਮਸਲੇ ਨਾਲ ਵੀ ਜੁੜੀ ਹੈ। ਕੀ ਅਨੁਵਾਦ



ਕਿਸੇ ਲਿਖਤ ਦਾ ਉਤਾਰਾ ਮਾਤਰ ਹੈ ਜਾਂ ਨਵੀਂ ਸਿਰਜਣਾ? ਆਮ ਰਾਇ ਹੈ ਕਿ ਅਨੁਵਾਦ ਦਾ ਮਕਸਦ ਉਨ੍ਹਾਂ ਪਾਠਕਾਂ ਤੱਕ ਲਿਖਤ ਦਾ ਸੰਚਾਰ ਕਰਨਾ ਹੈ ਜਿਹੜੇ

**ਯਾਦਵਿੰਦਰ ਸਿੰਘ**
**ਫੋਨ: +91-70420-73084**

ਲਿਖਤ ਦੀ ਮੌਲਿਕ ਭਾਸ਼ਾ ਤੋਂ ਅਣਜਾਣ ਹਨ। ਇਸ ਖ਼ਦਸ਼ੇ ਨਾਲ ਜੂਝਦਿਆਂ ਅਨੁਵਾਦਕ ਪਾਠਕ ਦੀ ਸਹੂਲਤ ਮੁਤਾਬਿਕ ਸ਼ਬਦ ਭਾਲਣ ਲੱਗਦਾ ਹੈ। ਸ਼ਬਦਕੋਸ਼ ਵਿਚੋਂ ਉਧਾਰੇ ਲਏ ਲਫ਼ਜ਼ਾਂ ਨੂੰ ਤਰਤੀਬ ਦੇ ਕੇ ਉਹ ਲਿਖਤ ਦਾ ਇੱਕ ਤੋਂ ਦੂਜੀ ਜ਼ੁਬਾਨ ਵਿਚ ਉਤਾਰਾ ਕਰ ਦਿੰਦਾ ਹੈ। ਵਿਸ਼ੇ ਦੀ ਹੂ-ਬ-ਹੂ ਪੇਸ਼ਕਾਰੀ ਕਰਨ ਵਾਲੇ ਇਸ ਉਲੱਥੇ ਨੂੰ ਹੀ ਅਨੁਵਾਦ ਕਹਿਣ ਦਾ ਭਰਮ ਪਾਲ ਲਿਆ ਜਾਂਦਾ ਹੈ।


'ਪਾਸ਼ ਐਂਡ ਦਿਲ: ਕ੍ਰਿਟਿਕਲ ਐਸੇਜ਼ ਐਂਡ ਪੋਇਮਜ਼ ਇਨ ਟਰਾਂਸਲੇਸ਼ਨ' ਸਿਰਲੇਖ ਹੇਠ ਲਿਖੀ ਕਿਤਾਬ ਦੇ ਬਹਾਨੇ ਪ੍ਰੋ. ਰਾਜੇਸ਼ ਸ਼ਰਮਾ ਨੇ ਅਨੁਵਾਦ ਬਾਰੇ ਸਾਡੀ ਰਵਾਇਤੀ ਸੂਝ ਨੂੰ ਹਲੂਣਿਆ ਹੈ। ਇਹ ਦੋ ਕਵੀਆਂ ਦੀਆਂ ਨਜ਼ਮਾਂ ਦੀ ਅੰਗਰੇਜ਼ੀ ਵਿਚ ਕੀਤੀ ਗੰਢ-ਤੁੱਪ ਨਹੀਂ ਸਗੋਂ ਇਨ੍ਹਾਂ ਕਵਿਤਾਵਾਂ ਨੂੰ ਨਵੇਂ ਸਿਰਿਓਂ ਬੀੜਨ ਦਾ ਅਮਲ ਹੈ। ਇਹ ਕਿਤਾਬ ਇਸ ਬੁਨਿਆਦੀ ਸੁਆਲ ਨੂੰ ਮੁਖ਼ਾਤਬ ਹੈ ਕਿ ਜੇ ਕਿਸੇ ਲਿਖਤ ਤੋਂ ਇਹ ਆਸ ਨਹੀਂ ਰੱਖੀ ਜਾਂਦੀ ਕਿ ਉਹ ਪਾਠਕ ਦੀ ਸਹੂਲਤ ਦਾ ਧਿਆਨ ਰੱਖਦਿਆਂ ਲਿਖੀ ਜਾਵੇ ਤਾਂ ਫਿਰ ਅਨੁਵਾਦ ਤੋਂ ਇਹ ਤਵੱਕੋ ਕਿਉਂ?

ਇਸੇ ਸੁਆਲ ਨੂੰ ਅਗਾਂਹ ਮੌਲਿਕ ਕਹੀ ਜਾਂਦੀ ਲਿਖਤ ਤੱਕ ਵੀ ਵਿਸਥਾਰਿਆ ਜਾ ਸਕਦਾ ਹੈ। ਕਿਤੇ ਮੌਲਿਕ ਲਿਖਤ ਵੀ ਕਿਸੇ ਚੁੱਪ ਵਿਚੋਂ ਉਪਜੇ ਅਨੁਭਵ ਦਾ ਅਨੁਵਾਦ ਤਾਂ ਨਹੀਂ? ਸਾਨੂੰ ਲੱਗਦਾ ਹੈ ਕਿ ਭਾਸ਼ਾ ਅੰਦਰ ਕੋਈ ਸੱਚ ਲੁਕਿਆ ਹੈ ਜਿਸ ਨੂੰ ਅਸੀਂ ਦੇਰ-ਸਵੇਰ ਲੱਭ ਲਵਾਂਗੇ। ਦਰਅਸਲ, ਇਹ ਸਾਡਾ ਭਰਮ ਹੈ। ਨੀਤਸ਼ੇ ਕਹਿੰਦਾ ਹੈ ਕਿ ਭਾਸ਼ਾ ਦਾ ਮੂਲ ਸੁਭਾਅ ਹੀ ਸਿਰਜਣਾਤਮਕ ਹੈ। ਨਾ ਸਿਰਫ਼ ਸਾਹਿਤਕ ਭਾਸ਼ਾ ਸਗੋਂ ਰੋਜ਼ਮਰ੍ਹਾ ਬੋਲ-ਚਾਲ ਵਿਚ ਵਰਤੀ ਜਾਂਦੀ ਭਾਸ਼ਾ ਵੀ ਪ੍ਰਤੀਕਮਈ ਹੈ।

ਧੁਨੀ ਨੇ ਸੁਰ ਤੇ ਤਾਲ ਦਾ ਲਿਬਾਸ ਪਹਿਨ ਕੇ ਸ਼ਬਦ ਦਾ ਰੂਪ ਵਟਾ ਲਿਆ ਹੈ। ਜੇ ਸ਼ਬਦ ਅੰਕੁਰ ਵਾਂਗ ਤਿੜਕੀ ਚੁੱਪ ਵਿਚੋਂ ਗੂੰਜਿਆ ਸੰਗੀਤ ਹੈ ਤਾਂ ਅਨੁਵਾਦ ਉਹਦੀ ਕਲਮ ਨੂੰ ਨਵੀਂ ਜ਼ਮੀਨ ਅੰਦਰ ਮੁੜ ਲਾਉਣ ਦਾ ਅਮਲ। ਲੇਖਕ ਤੇ ਅਨੁਵਾਦਕ ਦੋਵੇਂ ਭਾਸ਼ਾ ਦੀ ਮਸ਼ਕ ਵਿਚ ਰੁੱਝੇ ਜੀਅ ਹਨ। ਦੋਵਾਂ ਦੀ ਬਿਰਤੀ ਇੱਕੋ ਜਿਹੀ ਹੈ। ਇੱਕ ਲਿਹਾਜ਼ ਨਾਲ ਤਾਂ ਲੇਖਕ ਵੀ ਆਪਣੇ ਅਨੁਭਵ ਦਾ ਤਰਜਮਾ ਕਰਦਿਆਂ ਅਨੁਵਾਦ ਦੇ ਅਮਲ ਵਿਚੋਂ ਹੀ ਲੰਘਦਾ ਹੈ। ਬਕੌਲ ਸੁਰਜੀਤ ਪਾਤਰ:

ਮੈਂ ਉਸ ਦਾ ਹੀ ਲਫ਼ਜ਼ਾਂ 'ਚ ਅਨੁਵਾਦ ਕੀਤਾ
ਜੋ ਪੌਣਾਂ ਤੇ ਰੁੱਖਾਂ 'ਚ ਗੱਲਬਾਤ ਹੋਈ

ਆਪਣੀ ਸੰਵਾਦੀ ਭਾਸ਼ਾ ਕਰਕੇ ਪ੍ਰੋ. ਰਾਜੇਸ਼ ਦਾ ਅਨੁਵਾਦ ਜਿੱਥੇ ਪਾਸ਼ ਤੇ ਦਿਲ ਦੀਆਂ ਨਜ਼ਮਾਂ ਦੀ ਨਵੀਂ ਪੜ੍ਹਤ ਉਸਾਰਦਾ ਹੈ, ਉੱਥੇ ਇਸ ਕਿਤਾਬ ਵਿਚ ਦਰਜ ਮਜ਼ਮੂਨ ਕਵਿਤਾ ਤੇ ਇਤਿਹਾਸ ਦੀ ਬਣਤਰ ਬਾਰੇ ਸੁਆਲਾਂ ਨੂੰ ਵੀ ਮੁਖ਼ਾਤਬ ਹਨ। ਇਤਿਹਾਸ ਸਿਮਰਤੀ ਦੇ ਸੱਚ ਨੂੰ ਜਾਨਣ ਦਾ ਅਮਲ ਹੈ; ਤੱਥਾਂ ਤੇ ਅੰਕੜਿਆਂ ਨਾਲ ਕਿਸੇ ਸੰਪੂਰਨ ਸੱਚ ਤੱਕ ਪਹੁੰਚਣ ਦਾ ਦਾਅਵਾ। ਇਹਦੇ ਉਲਟ ਕਵਿਤਾ ਸਿਮਰਤੀ ਨੂੰ ਲੋਕ ਮੁਹਾਵਰੇ ਵਿਚ ਢਾਲਣ ਦੀ ਮਸ਼ਕ ਹੈ। ਅਤੀਤ ਵਿਚ ਵਾਪਰੀ ਘਟਨਾ ਲੋਕ ਸਿਮਰਤੀ ਵਿਚ ਕਈ ਵਾਰ ਘਟਦੀ ਹੈ। ਲੋਕ ਮਾਨਸ ਇਸ ਨੂੰ ਵਾਰ-ਵਾਰ ਨਵਿਆਉਂਦਾ ਹੈ ਪਰ ਲੋਕ ਚੇਤਿਆਂ 'ਚ ਧੜਕਦੀ ਇਹ ਸਿਮਰਤੀ ਤਾਰੀਖ਼ਦਾਨ ਦੀ ਤੱਥਮੂਲਕ ਪੜ੍ਹਤ ਦਾ ਹਿੱਸਾ ਬਣਨ ਤੋਂ ਖੁੰਝ ਜਾਂਦੀ ਹੈ। ਕਵਿਤਾ ਇਸ ਅਣਕਹੇ ਦੀ ਜੀਭ ਹੈ ਜਿਹੜੀ ਇਤਿਹਾਸ ਤੋਂ ਬਾਹਰ ਰਹਿ ਗਏ ਵਰਤਾਰਿਆਂ ਨੂੰ ਸ਼ਬਦ ਦੀ ਜੂਨੇ ਪਾਉਂਦੀ ਹੈ।




*ਪਾਸ਼ ਅਤੇ ਲਾਲ ਸਿੰਘ ਦਿਲ ਬਾਰੇ ਕਿਤਾਬ ਦਾ ਮੁਖੜਾ।*

ਕਵੀ ਦੇ ਨਜ਼ਰੀਏ ਤੋਂ ਤੱਕਿਆਂ ਸਮਾਜਿਕ-ਸਿਆਸੀ ਵਰਤਾਰਿਆਂ ਬਾਰੇ ਵੱਖਰੀ ਸਮਝ ਬਣਦੀ ਹੈ, ਪਰ ਪੰਜਾਬੀ ਸਮੀਖਿਆ ਵਿਚ ਅਕਸਰ ਕਵਿਤਾ ਦੀ ਪੜ੍ਹਤ ਨੂੰ ਇਤਿਹਾਸਕ ਨੁਕਤਾ-ਨਿਗਾਹ ਤੱਕ ਸੀਮਤ ਕਰ ਦੇਣ ਦੀ ਰਵਾਇਤ ਹੈ। ਇਤਿਹਾਸਕ ਦੌਰਾਂ ਦੇ ਖ਼ਾਨਿਆਂ ਵਿਚ ਫਿੱਟ ਕਰ ਕੇ ਅਸੀਂ ਕਵਿਤਾ ਨੂੰ ਕਿਸੇ ਸਮਾਜਿਕ-ਸਿਆਸੀ ਪ੍ਰਸੰਗ ਦੀ ਪਿੱਠਭੂਮੀ ਤਹਿਤ ਹੀ ਵਿਚਾਰਨ ਦੇ ਆਦੀ ਹਾਂ। ਮਸਲਨ; ਵੀਹਵੀਂ ਸਦੀ ਦੇ ਛੇਵੇਂ-ਸੱਤਵੇਂ ਦਹਾਕੇ ਬਾਰੇ ਇਤਿਹਾਸਕਾਰਾਂ ਦੀ ਰਾਇ ਹੈ ਕਿ ਹਰੇ ਇਨਕਲਾਬ ਕਰਕੇ ਹਿੰਦੋਸਤਾਨ ਅੰਦਰ ਪੈਦਾਵਾਰੀ ਰਿਸ਼ਤਿਆਂ ਵਿਚ ਵਾਪਰੀ ਤਬਦੀਲੀ ਨਕਸਲਬਾੜੀ ਲਹਿਰ ਦੇ ਉਥਾਨ ਦਾ ਕਾਰਨ ਬਣੀ। ਪੰਜਾਬੀ ਸਾਹਿਤ ਆਲੋਚਕਾਂ ਨੇ ਇਤਿਹਾਸ ਦੀ ਇਸ ਸਮਝ ਨੂੰ ਹੀ ਜੁਝਾਰਵਾਦੀ ਕਵਿਤਾ 'ਤੇ ਵੀ ਇੰਨ-ਬਿੰਨ ਲਾਗੂ ਕਰ ਦਿੱਤਾ। ਜਾਂ ਕਹੀਏ ਕਿ ਇਸ ਦੌਰ ਦੀ ਕਵਿਤਾ ਨੂੰ ਸਮਾਜਿਕ-ਸਿਆਸੀ ਹਾਲਾਤ ਦੇ ਪ੍ਰਤੀਉੱਤਰ ਵਜੋਂ ਹੀ ਪੜ੍ਹਤ ਵਿਚ ਲਿਆਂਦਾ ਗਿਆ।

ਇਸ ਪ੍ਰਵਾਨਿਤ ਬਿਆਨੀਏ ਦੇ ਉਲਟ ਪ੍ਰੋ. ਰਾਜੇਸ਼ ਨੇ ਪਾਸ਼ ਤੇ ਦਿਲ ਦੀ ਕਵਿਤਾ ਥਾਣੀਂ ਪੰਜਾਬ ਦੀ ਰਹਿਤਲ ਨੂੰ ਤੱਕਣ ਦਾ ਹੰਭਲਾ ਮਾਰਿਆ ਹੈ। ਇਤਿਹਾਸ ਦੇ ਨਜ਼ਰੀਏ ਤੋਂ ਕਵਿਤਾ ਨੂੰ ਦੇਖਣ ਦੀ ਥਾਂ ਉਹ ਕਵਿਤਾ ਵਿਚੋਂ ਤਾਰੀਖ਼ ਨੂੰ ਤੱਕਦਾ ਹੈ। ਉਸ ਨੂੰ ਇਸ ਗੱਲ ਦਾ ਸ਼ਿੱਦਤ ਨਾਲ ਅਹਿਸਾਸ ਹੈ ਕਿ ਜਿਸ ਨੂੰ ਅਸੀਂ ਸਮਾਜਿਕ ਯਥਾਰਥ ਕਹਿੰਦੇ ਹਾਂ, ਉਹ ਅਸਲ ਵਿਚ ਸੱਤਾਮੁਖੀ ਭਾਸ਼ਾ ਦੀ ਸਿਰਜੀ ਹਿੰਸਾ ਦਾ ਵਿਸਥਾਰ ਹੈ। ਸ਼ਬਦਾਂ ਦੇ ਅੱਗੇ-ਪਿੱਛੇ, ਵਿਚ ਵਿਚਾਲੇ ਤੇ ਅਣਕਹੇ ਦੇ ਰਹੱਸ ਨੂੰ ਬੁੱਝੇ ਬਿਨਾਂ ਕਿਸੇ ਸੱਭਿਆਚਾਰ ਦੇ ਅੰਤਰਮਨ ਦੀਆਂ ਤਹਿਆਂ ਤੱਕ ਨਹੀਂ ਅੱਪੜਿਆ ਜਾ ਸਕਦਾ। ਕਿਸੇ ਤਾਰੀਖ਼ਦਾਨ ਵਾਂਗ ਪ੍ਰੋ. ਰਾਜੇਸ਼ ਮਨੁੱਖੀ ਵਰਤਾਰਿਆਂ ਨੂੰ ਮਹਿਜ਼ ਅੰਕੜਿਆਂ ਤੱਕ ਸੀਮਤ ਰੱਖ ਕੇ ਨਹੀਂ ਵਿੰਹਦੇ। ਉਨ੍ਹਾਂ ਦੇ ਨੁਕਤਾ-ਨਿਗਾਹ ਵਿਚ ਲੋਕਾਈ ਮਹਿਜ਼ ਡੈਟਾ ਨਹੀਂ ਜਿਸ ਅੰਦਰ ਜਿਉਂਦੇ-ਜਾਗਦੇ ਜੀਅ-ਜੰਤ ਨੂੰ ਗਿਣਤੀਆਂ-ਮਿਣਤੀਆਂ ਵਿਚ ਬਦਲ ਦਿੱਤਾ ਜਾਂਦਾ ਹੈ। ਕਵਿਤਾ ਦੀ ਸੂਖ਼ਮ ਅੱਖ ਨਾਲ ਉਹ ਅੰਕੜਿਆਂ ਹੇਠ ਦੱਬੀ ਸਾਹ ਲੈਂਦੀ ਲੋਕਾਈ ਦੇ ਧੜਕਦੇ ਅੰਤਰ-ਮਨ ਦੀ ਕਨਸੋਅ ਲੈਂਦੇ ਹਨ। ਉਹ ਲੋਕ ਮਨ ਜਿਹੜਾ ਮੰਡੀ ਦੀ ਜਿਣਸ ਮਾਤਰ ਬਣੇ ਰਹਿਣ ਤੋਂ ਇਨਕਾਰੀ ਹੈ।

ਜਾਰਜ ਲੁਕਾਚ ਦੱਸਦਾ ਹੈ ਕਿ ਸਰਮਾਏਦਾਰੀ ਨਿਜ਼ਾਮ ਨੇ ਮਨੁੱਖੀ ਜ਼ਿੰਦਗੀ ਦੇ ਹਰ ਪੱਖ ਨੂੰ ਜਿਣਸ ਬਣਾ ਦਿੱਤਾ। ਘੜੀ ਦੀਆਂ ਸੂਈਆਂ ਨਾਲ ਸਮਾਂ ਵੀ ਦੂਰੀ ਵਾਂਗ ਹੀ ਮਾਪੇ ਜਾਣ ਵਾਲੀ ਸ਼ੈਅ ਬਣ ਗਿਆ ਤੇ ਦਿਹਾੜੀਆਂ ਦੇ ਬੱਝੇ-ਰੁੱਧੇ ਅਮਲ ਵਿਚ ਕਿਰਤ ਹੋਰਨਾਂ ਸ਼ੈਆਂ ਵਾਂਗ ਵੇਚਣ/ਖਰੀਦਣ ਵਾਲੀ ਵਸਤ। ਲਿਹਾਜ਼ਾ, ਕਿਰਤੀ ਦੀ ਹੈਸੀਅਤ ਆਰਥਿਕ ਢਾਂਚੇ ਦਾ ਪੁਰਜ਼ਾ ਬਣ ਕੇ ਰਹਿ ਗਈ। ਇਸ ਮਕਾਨਕੀ ਸਿਸਟਮ ਨੇ ਮਨੁੱਖ ਨੂੰ ਆਪਣੇ ਆਲੇ-ਦੁਆਲੇ ਨਾਲ ਜੀਵੰਤ ਰਿਸ਼ਤਿਆਂ ਤੋਂ ਤੋੜ ਦਿੱਤਾ। ਪੂੰਜੀਵਾਦੀ ਨਿਜ਼ਾਮ ਵਿਚ ਭਾਵੇਂ ਸਮਾਂ ਤੇ ਸਪੇਸ ਦੋਵੇਂ ਸਰਮਾਏ ਦੀ ਨਿਗਰਾਨੀ ਹੇਠ ਹਨ, ਫਿਰ ਵੀ ਕੁਝ ਪਲ ਇਸ ਆਰਥਿਕ ਤਾਣੇ-ਬਾਣੇ ਵਿਚੋਂ ਬਾਹਰ ਰਹਿ ਜਾਂਦੇ ਹਨ। ਭਾਵੇਂ ਮੰਡੀ ਦੇ ਨੁਕਤੇ ਤੋਂ ਇਨ੍ਹਾਂ ਛਿਣਾਂ ਦੀ ਕੋਈ ਕੀਮਤ ਨਹੀਂ, ਪਰ ਇਹ ਪਲ ਹੀ ਕਵੀ ਨੂੰ ਆਪਣੇ ਆਲੇ-ਦੁਆਲੇ ਨੂੰ ਗਹਿਰੀ ਨੀਝ ਨਾਲ ਤੱਕਣ ਦਾ ਵੱਲ ਸਿਖਾਉਂਦੇ ਹਨ। ਇਨ੍ਹਾਂ ਪਲਾਂ ਅੰਦਰ ਹੀ ਅਹਿਸਾਸ ਹੁੰਦਾ ਹੈ ਕਿ ਗਿਣਤੀਆਂ-ਮਿਣਤੀਆਂ ਤੋਂ ਬਾਹਰ ਵੀ ਜੀਆਂ ਦੀ ਕੋਈ ਹੋਂਦ ਹੈ।

ਜੇਕਰ ਪਾਸ਼ ਨੂੰ ਸੁਪਨਿਆਂ ਦਾ ਮਰ ਜਾਣਾ ਕਿਰਤ ਦੀ ਲੁੱਟ ਨਾਲੋਂ ਵੱਧ ਖ਼ਤਰਨਾਕ ਲੱਗਦਾ ਹੈ ਤਾਂ ਇਹ ਮਹਿਜ਼ ਸਬਬ ਨਹੀਂ। ਦਰਅਸਲ, ਮੋਏ ਸੁਪਨਿਆਂ ਦੀ ਸ਼ਨਾਖਤ ਨਾਲ ਹੀ ਮੰਡੀ ਦੀ ਨਿਗਰਾਨੀ ਹੇਠ ਦਫ਼ਨ ਹੋ ਰਹੇ ਪਲਾਂ ਦੀ ਸ਼ਿੱਦਤ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਇਨ੍ਹਾਂ ਛਿਣਾਂ ਨੂੰ ਕਵਿਤਾ ਅੰਦਰ ਸਾਂਭ ਕੇ ਹੀ ਪਾਸ਼ ਸਾਨੂੰ ਵਰਤਾਰਿਆਂ ਨੂੰ ਨੀਝ ਨਾਲ ਤੱਕਣ ਦੀ ਜਾਚ ਸਿਖਾਉਂਦਾ ਹੈ। ਸ਼ਬਦਾਂ ਨੂੰ ਛਿੱਲਦਾ ਤਰਾਸ਼ਦਾ ਉਹ ਨਾ ਸਿਰਫ਼ ਪੰਜਾਬੀ ਕਵਿਤਾ ਅੰਦਰ ਵੱਖਰੀ ਕਿਸਮ ਦੀ ਭਾਸ਼ਾਕਾਰੀ ਈਜਾਦ ਕਰਦਾ ਹੈ ਸਗੋਂ ਬਿਖਰੇ ਬੋਲਾਂ ਨੂੰ ਗੀਤ ਬਣਨ ਦੇ ਰਾਹ ਵੀ ਤੋਰਦਾ ਹੈ।

ਪਾਸ਼ ਦੇ ਮੁਕਾਬਲੇ ਦਿਲ ਦੀ ਵਿਲੱਖਣਤਾ ਸਾਹਮਣੇ ਵਾਪਰ ਰਹੇ ਵਰਤਾਰਿਆਂ ਨੂੰ ਨੀਝ ਲਾ ਕੇ ਤੱਕਣ ਵਿਚ ਹੈ। ਉਹਦੇ ਇੰਝ ਤੱਕਦੇ ਰਹਿਣ ਵਿਚ ਦ੍ਰਸ਼ਟਾ ਹੋਣ ਦਾ ਅਨੁਭਵ ਸ਼ਾਮਲ ਹੈ। ਦ੍ਰਸ਼ਟਾ ਆਪਣੇ ਭੌਂ-ਮੰਡਲ ਨੂੰ ਸੱਜਰੀ ਅੱਖ ਨਾਲ ਵਿੰਹਦਾ ਹੈ। ਉਹਦੀ ਤੱਕਣੀ ਵਿਚ ਇਕੱਲੇ ਮਨੁੱਖ ਦਾ ਹੀ ਅਨੁਭਵ ਸ਼ਾਮਲ ਨਹੀਂ। ਮਨੁੱਖ ਦੀ ਕਥਾ ਵਿਚੋਂ ਗ਼ੈਰਹਾਜ਼ਰ ਛਿਣ ਵੀ ਇਹਦਾ ਹਿੱਸਾ ਨੇ। ਦਿਲ, ਪੰਜਾਬ ਦੀ ਸੱਭਿਆਚਾਰਕ ਤਾਰੀਖ਼ ਦਾ ਨਕਸ਼ਾਨਵੀਸ ਹੈ ਤੇ ਉਹਦੀ ਕਵਿਤਾ ਪੰਜਾਬ ਦੀ ਰਹਿਤਲ ਦੇ ਬਦਲਦੇ ਮੰਜ਼ਰ ਦੀ ਤਸਵੀਰਕਸ਼ੀ। ਇਸ ਤਸਵੀਰ ਵਿਚ ਮਜ਼ੂਰਨ ਤਵੇ 'ਤੇ ਦਿਲ ਪਕਾਉਂਦੀ ਹੈ ਤੇ ਉਹਨੂੰ ਤੱਕ ਕੇ ਚੰਨ ਟਾਹਲੀ ਪਿੱਛਿਓਂ ਮੁਸਕਾਉਂਦਾ ਹੈ। ਬੰਗਾਲ ਤੇ ਕੇਰਲਾ 'ਚ ਉੱਗੇ ਪਿੱਪਲ ਤੇ ਖਜੂਰ ਦੇ ਰੁੱਖ ਅਤੇ ਅਸਮਾਨੀ ਉੱਡਦੇ ਬੱਦਲ ਦਿਲ ਨੂੰ ਮਾਛੀਵਾੜੇ ਦਾ ਸਿਰਨਾਵਾਂ ਦੱਸਦੇ ਨੇ। ਕਾਪੀ ਤੇ ਕਾਗਜ਼ ਨੂੰ ਤੁੱਰਰਿਆਂ ਵਾਂਗ ਸਿਰ 'ਤੇ ਟੁੰਗ ਕੇ ਟੁਰੇ ਕਵੀ ਨੂੰ ਮੱਝਾਂ ਦਾ ਗੋਹਾ ਚੁੱਕਦਿਆਂ ਆਪਣਾ ਆਪਾ ਸ਼ੇਕਸਪੀਅਰ ਜਾਪਦਾ ਹੈ।

ਲਿਖਤ ਅਤੇ ਲੇਖਕ ਦੋਵੇਂ ਪਦਾਰਥਕ ਸੰਸਾਰ ਅੰਦਰ ਹੀ ਬਣਦੇ/ਬਿਨਸਦੇ ਹਨ। ਇਸ ਲਈ ਲਿਖਤ ਨੂੰ ਪੜ੍ਹਦਿਆਂ ਲੇਖਕ ਦੀ ਘਾੜਤ ਨੂੰ ਵੀ ਪੜ੍ਹਿਆ ਜਾ ਸਕਦਾ ਹੈ। ਦਿਲ ਦੀ ਕਵਿਤਾ ਵਿਚੋਂ ਉਹਦੇ ਹੋਣ-ਥੀਣ ਤੇ ਬਣਨ-ਬਿਨਸਣ ਦੇ ਅਮਲ ਨੂੰ ਪਛਾਣਦਿਆਂ ਦਿਲ ਦੀ ਬੇਗਾਨਗੀ ਦਾ ਸਿਰਨਾਵਾਂ ਲੱਭਦਾ ਹੈ। ਹੈਮਲਟ ਦਾ ਸੁਆਲ 'ਮੈਂ ਕਰਾਂ ਜਾਂ ਨਾ' ਦਿਲ ਲਈ 'ਅਸੀਂ ਹਾਂ ਜਾਂ ਨਹੀਂ' ਦਾ ਪ੍ਰਸ਼ਨ ਬਣ ਜਾਂਦਾ ਹੈ। ਮੈਂ/ਅਸੀਂ ਅਤੇ ਕਰਨਾ/ਹੋਣਾ ਵਿਚਲਾ ਅੰਤਰ ਨਿੱਜੀ ਬਿਰਤਾਂਤ ਨੂੰ ਹਾਸ਼ੀਆਗਤ ਲੋਕਾਈ ਦੇ ਅਵਚੇਤਨ ਨਾਲ ਜੋੜਨ ਦੀ ਕਵਾਇਦ ਹੈ। ਅਕਾਦਮਿਕ ਭਾਸ਼ਾ ਵਿਚ ਇਹਨੂੰ 'ਸ਼ਨਾਖਤ ਦੀ ਸਿਆਸਤ' ਵੀ ਕਿਹਾ ਜਾ ਸਕਦਾ ਹੈ ਜਿਸ ਵਿਚ ਮਨੁੱਖੀ ਪਛਾਣ ਇਕਹਿਰੀ ਨਹੀਂ ਰਹਿੰਦੀ; ਹਾਸ਼ੀਆਗਤ ਸਮੂਹ ਦੀ ਹੋਣੀ ਨਾਲ ਜਾ ਜੁੜਦੀ ਹੈ। ਇਸ ਨਜ਼ਰੀਏ ਤੋਂ ਤੱਕਿਆਂ ਹੀ ਦਿਲ ਦੀ ਕਵਿਤਾ ਵਿਚੋਂ ਲੋਕਾਈ ਦੀ ਦੇਹ 'ਤੇ ਉੱਕਰੇ ਸੱਤਾ ਦੇ ਬਿਰਤਾਂਤ ਨੂੰ ਪੜ੍ਹਿਆ ਜਾ ਸਕਦਾ ਹੈ।



*ਪ੍ਰੋ. ਰਾਜੇਸ਼ ਸ਼ਰਮਾ*

ਪ੍ਰੋ. ਰਾਜੇਸ਼ ਨੇ ਦਿਲ ਦੀ ਕਵਿਤਾ 'ਅੱਜ ਬਿੱਲਾ ਫੇਰ ਆਇਆ' ਨੂੰ ਦੇਹ 'ਤੇ ਉੱਕਰੇ ਹਾਸ਼ੀਆਗਤ ਲੋਕਾਈ ਦੇ ਬਿਆਨੀਏ ਵਜੋਂ ਵਿਚਾਰਿਆ ਹੈ। ਇਹ ਲੰਮੀ ਨਜ਼ਮ ਕਿਸੇ ਨੇਮਬੱਧ ਢਾਂਚੇ ਵਿਚ ਨਹੀਂ ਸਮਾਉਂਦੀ ਸਗੋਂ ਸੁਹਜ ਦੇ ਮੂਲ ਵਿਧਾਨ ਨੂੰ ਨਵੇਂ ਸਿਰਿਓਂ ਵਿਉਂਤਦੀ ਹੈ। ਇਹ ਤਿੜਕੇ ਯਥਾਰਥ ਦੀਆਂ ਕਾਤਰਾਂ ਦਾ ਮੋਨਟਾਜ਼ ਸਿਰਜਦੀ ਹੈ। ਮੋਨਟਾਜ਼ ਕੈਮਰੇ ਦਾ ਘੜਿਆ ਯਥਾਰਥ ਹੈ ਜਿਹੜਾ ਸਮੇਂ ਬਾਰੇ ਸਾਡੇ ਤੈਅ ਕੀਤੇ ਦਾਇਰਿਆਂ ਨੂੰ ਉਲੰਘਦਾ ਹੈ। ਇਹ ਅਣਮਨੁੱਖੀ ਕਹਿ ਕੇ ਨਕਾਰ ਦਿੱਤੇ ਜਗਤ ਨੂੰ ਸਾਡੇ ਹੋਣ-ਥੀਣ ਦਾ ਹਿੱਸਾ ਬਣਾਉਂਦਾ ਹੈ। ਇਸ ਪੱਖ ਤੋਂ ਲਾਲ ਸਿੰਘ ਦਿਲ ਦਾ ਬਿੱਲਾ ਤੇ ਗੁਰਵਿੰਦਰ ਸਿੰਘ ਦੀ ਫਿਲਮ 'ਅੰਨ੍ਹੇ ਘੋੜੇ ਦਾ ਦਾਨ' ਦਾ ਮੇਲੂ ਇੱਕੋ ਧਰਾਤਲ 'ਤੇ ਖੜ੍ਹੇ ਨਜ਼ਰ ਆਉਂਦੇ ਹਨ।

ਬਿੱਲਾ ਤੇ ਮੇਲੂ ਪਿੰਡ ਛੱਡ ਕੇ ਸ਼ਹਿਰ ਤੁਰਿਆ ਪੰਜਾਬ ਹੈ ਜਿਨ੍ਹਾਂ ਨੂੰ ਸ਼ਹਿਰ ਓਟਣ ਲਈ ਤਿਆਰ ਨਹੀਂ। ਗੁਰਵਿੰਦਰ ਦੀ ਫਿਲਮ ਵਿਚ ਫੈਕਟਰੀ ਲਾਉਣ ਲਈ ਢਾਹਿਆ ਜਾ ਰਿਹਾ ਘਰ, ਹੜਤਾਲ ਦੌਰਾਨ ਰਿਕਸ਼ੇ ਵਾਲਿਆਂ ਦੇ ਪੈਰਾਂ ਦਾ ਸ਼ਾਟ ਤੇ ਲੰਘਦੀ ਟਰੇਨ ਕਰਕੇ ਲੱਗੇ ਫਾਟਕਾਂ ਦੇ ਦੋਵੇਂ ਪਾਸੇ ਖੜ੍ਹੇ ਵਾਹਨਾਂ ਦੀ ਕਤਾਰ; ਸੱਠਵਿਆਂ-ਸੱਤਰਵਿਆਂ ਦੇ ਪੰਜਾਬ ਦੇ ਬਦਲਦੇ ਭੂ-ਦ੍ਰਿਸ਼ ਦਾ ਮੋਨਟਾਜ ਹੈ। ਕੈਮਰਾ ਬਿਨਾਂ ਕੁਝ ਕਹਿਆਂ-ਸੁਣਿਆਂ ਪੰਜਾਬ ਅੰਦਰ ਪੈਰ ਪਸਾਰ ਰਹੀ ਸਰਮਾਏਦਾਰੀ ਦਾ ਕੋਲਾਜ ਸਿਰਜ ਰਿਹਾ ਹੈ। ਠੀਕ ਉਵੇਂ ਹੀ ਦਿਲ ਦੀ ਕਵਿਤਾ 'ਅੱਜ ਬਿੱਲਾ ਫੇਰ ਆਇਆ' ਇਸ ਦੌਰ ਵਿਚੋਂ ਉਪਜੇ ਮਾਨਸਿਕ ਤਣਾਅ ਦਾ ਲੈਂਡਸਕੇਪ ਹੈ।

ਪ੍ਰੋ. ਰਾਜੇਸ਼ ਨੇ ਸਿਨੇਮਾਈ ਤਕਨੀਕ ਜੰਪ ਕੱਟ ਦੇ ਹਵਾਲੇ ਨਾਲ ਇਸ ਬਦਲਦੇ ਭੌਂ-ਦ੍ਰਿਸ਼ ਨੂੰ ਪੜ੍ਹਤ ਵਿਚ ਲਿਆਂਦਾ ਹੈ। ਜੰਪ ਕੱਟ ਨਾਲ ਸਿਨੇਮਾ ਕਈ ਉਘੜ-ਦੁੱਘੜੇ ਦ੍ਰਿਸ਼ਾਂ ਨੂੰ ਤਰਤੀਬ ਦਿੰਦਾ ਹੈ। ਇਸ ਤਰਤੀਬ ਨੂੰ ਅੱਖ ਦੀ ਥਾਂ ਕੈਮਰਾ ਘੜਦਾ ਹੈ ਜਿਸ ਕਰਕੇ ਇਹ ਤਰਤੀਬ ਕਿਸੇ ਇੱਕ ਬੰਦੇ ਦੇ ਨਜ਼ਰੀਏ ਦੀ ਮੁਥਾਜ ਨਹੀਂ ਰਹਿੰਦੀ। ਅਸੀਂ ਜਿਸ ਪੱਕ ਚੁੱਕੇ ਨਜ਼ਰੀਏ ਤੋਂ ਆਲੇ-ਦੁਆਲੇ ਨੂੰ ਦੇਖਣਾ ਗਿੱਝ ਗਏ ਹਾਂ, ਕੈਮਰਾ ਸਾਨੂੰ ਉਸ ਫਰੀਜ਼ ਹੋ ਚੁੱਕੇ ਦ੍ਰਿਸ਼ਟੀਕੋਣ ਤੋਂ ਮੁਕਤ ਕਰਦਾ ਹੈ। ਲਾਲ ਸਿੰਘ ਦਿਲ ਦੀ ਕਵਿਤਾ ਹਕੀਕਤ ਦੇ ਵੱਖ-ਵੱਖ ਪਸਾਰਾਂ ਨੂੰ ਬਿਨਾਂ ਕਿਸੇ ਤਰੱਦਦ ਦੇ ਕੈਨਵਸ 'ਤੇ ਬਿਖੇਰ ਦੇਣ ਦੀ ਜੁਗਤ ਵਰਤਦੀ ਹੈ। ਇਹ ਖ਼ਾਨਾਬਦੋਸ਼ ਕਵੀ ਦੀ ਅੱਖਰਾਂ ਨਾਲ ਬਣਾਈ ਪੇਂਟਿੰਗ ਹੈ। ਇਸ ਨੂੰ ਪੜ੍ਹਦਿਆਂ/ਤੱਕਦਿਆਂ ਚੀਨੀ ਮੂਲ ਦੀ ਅਮਰੀਕੀ ਫਿਲਮ ਨਿਰਦੇਸ਼ਕ ਕਲੋਈ ਚਾਓ ਦੀ ਫਿਲਮ 'ਨੋਮੈਡਲੈਂਡ' ਚੇਤੇ ਆਉਂਦੀ ਹੈ। ਇਹ ਫਿਲਮ ਅਮਰੀਕੀ ਸਰਮਾਏਦਾਰੀ ਦਾ ਉਮਰ ਭਰ ਬਾਲਣ ਬਣੇ ਉਨ੍ਹਾਂ ਬਜ਼ੁਰਗਾਂ ਦੀ ਬਾਤ ਪਾਉਂਦੀ ਹੈ ਜਿਹੜੇ ਐਮਾਜ਼ੋਨ ਸਟੋਰਾਂ ਅਤੇ ਜਰਨੈਲੀ ਸੜਕਾਂ 'ਤੇ ਸਾਫ਼-ਸਫ਼ਾਈ ਜਿਹੇ ਕੰਮ-ਧੰਦੇ ਕਰਕੇ ਦਿਨ-ਕਟੀ ਕਰ ਰਹੇ ਹਨ। ਸਾਰੀ ਉਮਰ ਦਿਹਾੜੀਆਂ ਕਰਕੇ ਵੀ ਇਹ ਲੋਕ ਟੱਪਰੀਵਾਸਾਂ ਵਾਲੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਇਨ੍ਹਾਂ ਖ਼ਾਨਾਬਦੋਸ਼ਾਂ ਨੂੰ ਇਕੱਠਿਆਂ ਕਰਕੇ ਵੈਨਾਂ ਵਿਚ ਰਹਿਣ ਦਾ ਵੱਲ ਸਿਖਾਉਣ ਵਾਲਾ ਬੌਬ ਵੇਲਸ ਆਪਣੇ ਪ੍ਰਾਜੈਕਟ ਬਾਰੇ ਕਹਿੰਦਾ ਹੈ:

'ਅਸੀਂ ਨਾ ਸਿਰਫ਼ ਡਾਲਰ ਤੇ ਮੰਡੀ ਦੇ ਅੱਤਿਆਚਾਰਾਂ ਨੂੰ ਸਹਿਣ ਕੀਤਾ ਸਗੋਂ ਇਨ੍ਹਾਂ ਨੂੰ ਗਲਵਕੜੀ ਪਾ ਕੇ ਚਿੰਬੜੇ ਰਹੇ। ਸਾਰੀ ਉਮਰ ਅਸੀਂ ਇਸ ਪੰਜਾਲ਼ੀ ਨੂੰ ਆਪਣੇ ਮੋਢਿਆਂ 'ਤੇ ਚੁੱਕੀ ਰੱਖਿਆ। ਸਾਡੀ ਹਾਲਤ ਉਸ ਬਲਦ ਜਿਹੀ ਹੈ ਜਿਹੜਾ ਸਾਰੀ ਉਮਰ ਬਿਨਾਂ ਕੋਈ ਸ਼ਿਕਵਾ ਕੀਤਿਆਂ ਕੰਮ ਕਰਦਾ ਹੈ ਤੇ ਮਰਨ ਕੰਢੇ ਪਹੁੰਚਦਿਆਂ ਉਹਨੂੰ ਅਵਾਰਾ ਪਸ਼ੂਆਂ ਵਾਂਗ ਧੱਕੇ ਖਾਣ ਲਈ ਛੱਡ ਦਿੱਤਾ ਜਾਂਦਾ ਹੈ। ਹੁਣ ਇਸ ਅਵਾਰਾ ਵੱਗ ਨੂੰ ਇਕੱਠੇ ਹੋ ਕੇ ਇੱਕ-ਦੂਜੇ ਨੂੰ ਸੰਭਾਲਣਾ ਪਵੇਗਾ। ਸਰਮਾਏਦਾਰੀ ਦਾ ਟਾਇਟੈਨਿਕ ਡੁੱਬ ਰਿਹਾ ਹੈ। ਮੇਰਾ ਕੰਮ ਹੈ ਕਿ ਮੈਂ ਇਸ ਡੁੱਬਦੇ ਜਹਾਜ਼ ਵਿਚੋਂ ਬਾਹਰ ਕੱਢਣ ਵਾਲੀਆਂ ਬੇੜੀਆਂ ਬਣਾਵਾਂ।'


ਆਪਣੇ ਹੋਣ-ਥੀਣ ਦੇ ਅਰਥਾਂ ਤੋਂ ਵਿਜੋਗੇ ਜੀਆਂ ਕੋਲ ਇਸ ਤੋਂ ਸਿਵਾ ਹੋਰ ਚਾਰਾ ਵੀ ਕੀ ਹੈ ਕਿ ਉਹ ਜੰਗਾਲੇ ਗਏ ਥੀਸਸ ਦੇ ਬੇੜਿਆਂ ਨੂੰ ਮੁੜ ਬੀੜ ਕੇ ਪਾਣੀਆਂ ਅੰਦਰ ਠਿੱਲ ਦੇਣ।

ਸੁਰੰਗ ਵਰਗੀ ਜ਼ਿੰਦਗੀ 'ਚ ਤੁਰਦੇ ਹੋਏ
ਜਦ ਪਰਤ ਆਉਂਦੀ ਹੈ
ਆਪਣੀ ਆਵਾਜ਼ ਮੁੜ ਆਪਣੇ ਹੀ ਪਾਸ
ਤੇ ਅੱਖਾਂ 'ਚ ਰੜਕਦੇ ਰਹਿੰਦੇ
ਬੁੱਢੇ ਬਲਦ ਦੇ ਉੱਚੜੇ ਹੋਏ ਕੰਨ ਵਰਗੇ ਸੁਫ਼ਨੇ
ਜਦ ਚਿਮਟ ਜਾਵੇ ਗਲੀਆਂ ਦਾ ਚਿੱਕੜ
ਉਮਰ ਦੇ ਸਭ ਤੋਂ ਹੁਸੀਨ ਵਰ੍ਹਿਆਂ 'ਤੇ
ਤਾਂ ਕਰਨ ਨੂੰ ਬਸ ਇਹੋ ਬਚਦਾ ਹੈ
ਕਿ ਚੱਲਿਆ ਜਾਵੇ
ਉਡਦਿਆਂ ਬਾਜ਼ਾਂ ਮਗਰ।

# ਝੰਜੋੜਨ ਵਾਲੀ ਪਾਕਿਸਤਾਨੀ ਫਿਲਮ ਜੁਆਏ ਲੈਂਡ







*ਫਿਲਮ 'ਜੁਆਏ ਲੈਂਡ' ਦਾ ਪੋਸਟਰ, ਫਿਲਮ ਦੇ ਦੋ ਦ੍ਰਿਸ਼ ਅਤੇ ਫਿਲਮ ਦੇ ਡਾਇਰੈਕਟਰ ਸਾਇਮ ਸਾਦਿਕ।*

ਪਾਕਿਸਤਾਨੀ ਫਿਲਮ 'ਜੁਆਏ ਲੈਂਡ' ਪਿਛਲੇ ਸਾਲ ਰਿਲੀਜ਼ ਹੋਈ ਸੀ। ਉਰਦੂ ਅਤੇ ਪੰਜਾਬੀ ਵਿਚ ਬਣੀ ਇਸ ਫਿਲਮ ਦਾ ਡਾਇਰੈਕਟਰ

**ਕੁਦਰਤ ਕੌਰ**

ਸਾਇਮ ਸਾਦਿਕ ਹੈ। ਇਹ ਫਿਲਮ ਉਸ ਨੇ ਖੁਦ ਲਿਖੀ ਹੈ ਅਤੇ ਸੰਪਾਦਨ ਕਾਰਜ ਵਿਚ ਵੀ ਹੱਥ ਵਟਾਇਆ ਹੈ। ਇਸ ਫਿਲਮ ਵਿਚ ਅਲੀ ਜੁਨੇਜੋ, ਐਲੀਨਾ ਖਾਨ, ਰਸਤੀ ਫਾਰੂਕ, ਸਰਵਤ ਗਿਲਾਨੀ, ਸਲਮਾਨ ਪੀਰਜ਼ਾਦਾ, ਸੁਹੇਲ ਸਮੀਰ, ਸਾਨੀਆ ਸਈਦ ਨੇ ਵੱਖ-ਵੱਖ ਕਿਰਦਾਰ ਨਿਭਾਏ ਹਨ।

ਇਹ ਫਿਲਮ ਝੰਜੋੜਨ ਵਾਲੀ ਅਤੇ ਸਾਡੇ ਸਮਾਜ ਦੀਆਂ ਬੇਰਹਿਮੀਆਂ ਦੀ ਝਾਤ ਪੁਆਉਣ ਵਾਲੀ ਹੈ। ਇਹ ਫਿਲਮ ਚਿਰ ਪਹਿਲਾਂ ਆਈ ਇਕ ਹੋਰ ਪਾਕਿਸਤਾਨੀ ਫਿਲਮ 'ਬੋਲ' ਵਾਂਗ ਕਈ ਮਾਮਲਿਆਂ ਵਿਚ ਹੈਰਾਨ ਕਰਦੀ ਹੈ। ਵਾਕਈ, ਪਾਕਿਸਤਾਨੀ ਡਾਇਰੈਕਟਰ ਕਦੇ-ਕਦੇ ਵੱਡਾ ਕ੍ਰਿਸ਼ਮਾ ਕਰ ਦਿੰਦੇ ਹਨ। ਫਿਲਮ ਜਗੀਰੂ ਸਮਾਜ ਦੀ ਘੁਟਨ ਬਾਰੇ ਹੈ ਜਿਸ ਵਿਚ ਹਰ ਬੰਦਾ ਆਪਣੀ 'ਜੁਆਏ ਲੈਂਡ' ਤਲਾਸ਼ ਰਿਹਾ ਹੈ ਪਰ ਮਿਲ ਨਹੀਂ ਰਹੀ। ਫਿਲਮ ਵਿਚ ਜ਼ਾਹਿਰਾ ਤੌਰ 'ਤੇ ਕੋਈ ਖਲਨਾਇਕ ਨਹੀਂ ਪਰ ਹਰ ਇਕ ਦੀ ਸੰਘੀ ਦੱਬਣ ਲਈ ਸਿਸਟਮ ਰੂਪੀ ਅਦਿੱਖ ਸ਼ਕਤੀ ਹੈ। ਫਿਲਮ ਸਭ ਕੁਝ ਦ੍ਰਿਸ਼ ਦੀ ਭਾਸ਼ਾ ਵਿਚ ਬਿਆਨਦੀ ਹੈ। ਯਥਾਰਥ ਅਤੇ ਐਬਸਟ੍ਰੈਕਸ਼ਨ (ਅਮੂਰਤਤਾ) ਬਾਂਹ ਵਿਚ ਬਾਂਹ ਪਾਈ ਇਉਂ ਨਾਲ ਨਾਲ ਚਲਦੇ ਹਨ ਕਿ ਨਿਰਦੇਸ਼ਕ ਦੀ ਕਲਾ ਸੂਝ 'ਤੇ ਰਸ਼ਕ ਹੁੰਦਾ ਹੈ। ਕਲਾਕਾਰਾਂ ਨੇ ਜਿਵੇਂ ਭਿੱਜ ਕੇ ਆਪੋ-ਆਪਣੇ ਰੋਲ ਨਿਭਾਏ ਹਨ, ਉਹ ਵੀ ਦਰਸ਼ਕ ਦੇ ਅਹਿਸਾਸ ਦਾ ਅੰਗ ਬਣ ਜਾਂਦੇ ਹਨ। ਇਸ ਫਿਲਮ ਦਾ ਨਾਂ ਭਾਵੇਂ ਅੰਗਰੇਜ਼ੀ ਵਿਚ ਹੈ ਪਰ ਫਿਲਮ ਪੰਜਾਬੀ ਤੜਕੇ ਵਾਲੀ ਉਰਦੂ ਜ਼ੁਬਾਨ ਵਿਚ ਹੈ।

ਇਹ ਫਿਲਮ 75ਵੇਂ ਕਾਨ ਫਿਲਮ ਮੇਲੇ ਦੌਰਾਨ 23 ਮਈ 2022 ਨੂੰ ਦਿਖਾਈ ਗਈ ਸੀ ਜਿੱਥੇ ਇਸ ਨੂੰ ਭਰਪੂਰ ਹੁੰਗਾਰਾ ਮਿਲਿਆ। ਇਸ ਤੋਂ ਇਲਾਵਾ ਇਹ ਫਿਲਮ ਟਰਾਂਟੋ ਕੌਮਾਂਤਰੀ ਫਿਲਮ ਮੇਲੇ, 27ਵੇਂ ਬੁਸਾਨ ਕੌਮਾਂਤਰੀ ਫਿਲਮ ਮੇਲੇ, 28ਵੇਂ ਕੋਲਕਾਤਾ ਕੌਮਾਂਤਰੀ ਫਿਲਮ ਮੇਲੇ ਅਤੇ ਕਈ ਹੋਰ ਕੌਮਾਂਤਰੀ ਫਿਲਮ ਮੇਲਿਆਂ ਵਿਚ ਵੀ ਦਿਖਾਈ ਗਈ। ਫਿਲਮ ਨੂੰ ਭਾਵੇਂ ਹਰ ਪਾਸਿਓਂ ਸ਼ਾਬਾਸ਼ ਮਿਲੀ ਪਰ ਜਦੋਂ ਇਹ ਫਿਲਮ 18 ਨਵੰਬਰ 2022 ਨੂੰ ਪਾਕਿਸਤਾਨ ਵਿਚ ਰਿਲੀਜ਼ ਹੋਣੀ ਸੀ ਤਾਂ ਇਸ ਉਤੇ ਪਾਬੰਦੀ ਲਗਾ ਦਿੱਤੀ ਗਈ। ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦਾ ਕਹਿਣਾ ਸੀ ਕਿ ਇਹ ਫਿਲਮ ਸਮਲਿੰਗੀ ਸਬੰਧਾਂ ਨੂੰ ਹੱਲਾਸ਼ੇਰੀ ਦੇਣ ਵਾਲੀ ਹੈ ਹਾਲਾਂਕਿ ਪਾਕਿਸਤਾਨ ਦੇ ਸੈਂਸਰ ਬੋਰਡ ਨੇ ਇਸ ਨੂੰ ਹਰੀ ਝੰਡੀ ਦੇ ਦਿੱਤੀ ਸੀ। ਉਂਝ, ਪਾਕਿਸਤਾਨ ਵਿਚ ਇਸ ਪਾਬੰਦੀ ਦਾ ਬਹੁਤ ਤਿੱਖਾ ਵਿਰੋਧ ਸਾਹਮਣੇ ਆਇਆ। ਸੋਸ਼ਲ ਮੀਡੀਆ ਉਤੇ ਵੀ ਇਸ ਪਾਬੰਦੀ ਖਿਲਾਫ ਮੁਹਿੰਮ ਚੱਲ ਨਿੱਕਲੀ ਅਤੇ ਆਖਿਰਕਾਰ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੂੰ ਦਖਲ ਦੇਣਾ ਪਿਆ ਅਤੇ ਇਸ ਫਿਲਮ ਦੇ ਮੁਲੰਕਣ ਲਈ ਕਮੇਟੀ ਬਣਾਈ ਗਈ। ਕਮੇਟੀ ਦੀ ਰਾਏ ਤੋਂ ਬਾਅਦ ਇਹ ਫਿਲਮ ਕੁਝ ਕੱਟਾਂ ਨਾਲ ਪਾਕਿਸਤਾਨ ਵਿਚ ਤਾਂ ਉਸੇ ਦਿਨ 18 ਨਵੰਬਰ ਨੂੰ ਰਿਲੀਜ਼ ਕਰ ਦਿੱਤੀ ਗਈ ਪਰ ਇਹ ਪੰਜਾਬ ਵਿਚ ਨਹੀਂ ਦਿਖਾਈ ਗਈ।

ਇਸ ਫਿਲਮ ਦਾ ਡਾਇਰੈਕਟਰ 32 ਵਰ੍ਹਿਆਂ ਦਾ ਨੌਜਵਾਨ ਸਾਇਮ ਸਾਦਿਕ ਹੈ। ਉਸ ਦਾ ਜਨਮ ਲਾਹੌਰ ਦਾ ਹੈ। ਉਂਝ ਉਸ ਦਾ ਪਾਲਣ-ਪੋਸ਼ਣ ਰਾਵਲਪਿੰਡੀ ਵਿਚ ਹੋਇਆ। ਉਹ ਲਾਲਾਜ਼ਾਰ (ਰਾਵਲਪਿੰਡੀ) ਦੇ ਸੇਂਟ ਮੇਰੀ'ਜ਼ ਅਕੈਡਮੀ ਵਿਚ ਪੜ੍ਹਿਆ ਅਤੇ ਫਿਰ ਉਸ ਨੇ ਲਾਹੌਰ ਯੂਨੀਵਰਸਿਟੀ ਆਫ ਮੈਨੇਜਮੈਂਟ ਸਾਇੰਸਜ਼ ਤੋਂ ਸਾਲ 2014 ਵਿਚ ਗਰੈਜੂਏਸ਼ਨ ਕੀਤੀ। 2019 ਵਿਚ ਉਸ ਨੇ ਕੋਲੰਬੀਆ ਯੂਨੀਵਰਸਿਟੀ ਸਕੂਲ ਆਫ ਆਰਟਸ ਤੋਂ ਪਟਕਥਾ ਅਤੇ ਡਾਇਰੈਕਸ਼ਨ ਦਾ ਕੋਰਸ ਕੀਤਾ। ਪਹਿਲਾਂ ਪਹਿਲ ਉਸ ਨੇ ਛੋਟੀ ਫਿਲਮ 'ਨਾਈਸ ਟਾਕਿੰਗ ਟੂ ਯੂ' ਬਣਾਈ। ਇਸ ਫਿਲਮ ਅਤੇ ਸਾਇਮ ਸਾਦਿਕ ਦੀ ਖੂਬ ਚਰਚਾ ਹੋਈ ਅਤੇ ਕੋਲੰਬੀਆ ਯੂਨੀਵਰਸਿਟੀ ਫਿਲਮ ਮੇਲੇ ਵਿਚ ਇਨਾਮ ਵੀ ਹਾਸਲ ਹੋਇਆ। ਇਸ ਫਿਲਮ ਨੇ ਹੋਰ ਵੀ ਕਈ ਇਨਾਮ ਜਿੱਤੇ। ਆਪਣੀ ਪੜ੍ਹਾਈ ਦੌਰਾਨ ਸਾਇਮ ਦੀ ਦਿਲਚਸਪੀ ਖੁਸਰਿਆਂ ਬਾਰੇ ਛਾਣ-ਬੀਣ ਵਿਚ ਬਹੁਤ ਵਧ ਗਈ ਸੀ ਅਤੇ ਇਸ ਦਿਲਚਸਪੀ ਦਾ ਸਿੱਟਾ 'ਜੁਆਏਲੈਂਡ' ਦੇ ਰੂਪ ਵਿਚ ਸਾਹਮਣੇ ਆਇਆ। ਉਹ ਖੁਸ਼ ਹੈ ਕਿ ਉਹ ਇਨ੍ਹਾਂ ਲੋਕਾਂ ਬਾਰੇ ਵਧੀਆ ਗੱਲਾਂ ਕਰ ਸਕਿਆ ਹੈ। ਇਹ ਉਸ ਦੀ ਪਲੇਠੀ ਫੀਚਰ ਫਿਲਮ ਹੈ। ਇਹ ਪਹਿਲੀ ਪਾਕਿਸਤਾਨੀ ਫਿਲਮ ਹੋ ਨਿੱਬੜੀ ਹੈ ਜੋ ਕਾਨ ਫਿਲਮ ਮੇਲੇ ਵਿਚ ਦਿਖਾਈ ਗਈ।





*ਫਿਲਮ 'ਜੁਆਏ ਲੈਂਡ' ਦੇ ਅਦਾਕਾਰ (ਖੱਬਿਓਂ) ਅਲੀਨਾ ਖਾਨ, ਅਲੀ ਜੁਨੇਜੋ ਤੇ ਰਸਤੀ ਫਾਰੂਕ।*

# ਰਾਣੀ ਮੁਖਰਜੀ ਦੇ ਤਜਰਬੇ




ਅਦਾਕਾਰਾ ਰਾਣੀ ਮੁਖਰਜੀ ਨੇ ਇੰਡੀਅਨ ਫਿਲਮ ਫੈਸਟੀਵਲ ਆਫ ਮੈਲਬਰਨ ਵਿਚ ਆਪਣੇ ਤਜਰਬੇ ਸਾਂਝੇ ਕੀਤੇ। ਇਸ ਵਿਸ਼ੇਸ਼ ਸਮਾਗਮ ਵਿਚ ਰਾਣੀ ਮੁਖਰਜੀ ਨੇ ਆਪਣੀਆਂ ਸਭ ਤੋਂ ਵਧੀਆ ਭੂਮਿਕਾਵਾਂ ਅਤੇ ਫਿਲਮਾਂ ਬਾਰੇ ਗੱਲਾਂ ਕੀਤੀਆਂ ਅਤੇ ਦਰਸ਼ਕਾਂ ਨਾਲ ਅਜਿਹੀਆਂ ਗੱਲਾਂ ਸਾਂਝੀਆਂ ਕੀਤੀਆਂ ਜੋ ਬੜੀਆਂ ਦਿਲਚਸਪ ਤਾਂ ਸਨ ਹੀ, ਲੋਕਾਂ ਨੇ ਪਹਿਲੀ ਵਾਰ ਸੁਣੀਆਂ ਸਨ। ਉਸ ਦਾ ਕਹਿਣਾ ਸੀ ਕਿ ਫਿਲਮ ਸਨਅਤ ਦਾ ਹਿੱਸਾ ਬਣ ਕੇ ਉਸ ਨੂੰ ਸਦਾ ਹੀ ਬਹੁਤ ਮਾਣ ਮਹਿਸੂਸ ਹੁੰਦਾ ਹੈ। 45 ਸਾਲਾ ਅਦਾਕਾਰਾ ਰਾਣੀ ਮੁਖਰਜੀ ਨੇ ਆਪਣੇ ਫਿਲਮੀ ਸਫਰ ਦੀ ਸ਼ੁਰੂਆਤ 18 ਸਾਲ ਦੀ ਉਮਰ ਵਿਚ ਕੀਤੀ ਸੀ। ਉਸ ਦੀ ਪਹਿਲੀ ਫਿਲਮ ਬੰਗਲਾ ਫਿਲਮ 'ਬੀਏਰ ਫੂਲ' ਸੀ ਜੋ 1996 ਵਿਚ ਆਈ ਸੀ। ਇਸ ਫਿਲਮ ਦਾ ਡਾਇਰੈਕਟਰ ਉਸ ਦਾ ਪਿਤਾ ਰਾਮ ਮੁਖਰਜੀ ਹੀ ਸੀ। ਇਸੇ ਸਾਲ ਉਸ ਦੀ ਇਕ ਹੋਰ ਫਿਲਮ 'ਰਾਜਾ ਕੀ ਆਏਗੀ ਬਾਰਾਤ' ਵੀ ਰਿਲੀਜ਼ ਹੋਈ ਸੀ ਜਿਸ ਵਿਚ ਉਸ ਦਾ ਰੋਲ ਨਾਇਕਾ ਦਾ ਸੀ। 1998 ਵਿਚ ਆਈ ਫਿਲਮ 'ਗੁਲਾਮ' ਜਿਸ ਵਿਚ ਆਮਿਰ ਖਾਨ ਨੇ ਨਾਇਕ ਦਾ ਕਿਰਦਾਰ ਨਿਭਾਇਆ ਸੀ, ਨਾਲ ਉਸ ਦੀ ਗੁੱਡੀ ਚੜ੍ਹ ਗਈ ਅਤੇ ਫਿਰ ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ।


# ਰੌਕੀ ਰੰਧਾਵਾ ਰਣਵੀਰ ਸਿੰਘ

ਅਦਾਕਾਰ ਰਣਵੀਰ ਸਿੰਘ ਦਾ ਕਹਿਣਾ ਹੈ ਕਿ ਫਿਲਮ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' ਵਿਚ ਉਸ ਦੇ ਨਿਭਾਏ ਰੌਕੀ ਰੰਧਾਵਾ ਦੇ ਕਿਰਦਾਰ ਲਈ ਉਸ ਨੂੰ ਦਰਸ਼ਕਾਂ ਕੋਲੋਂ ਬੇਹਿਸਾਬ ਪਿਆਰ ਮਿਲ ਰਿਹਾ ਹੈ। ਰਣਵੀਰ ਨੇ ਫਿਲਮ ਵਿਚ ਪੰਜਾਬੀ ਮੁੰਡੇ ਦੀ ਭੂਮਿਕਾ ਨਿਭਾਈ ਹੈ ਜਿਸ ਨੂੰ ਬੰਗਾਲੀ ਪੱਤਰਕਾਰ ਰਾਨੀ ਚੈਟਰਜੀ ਨਾਲ ਪਿਆਰ ਹੋ ਜਾਂਦਾ ਹੈ। ਆਲੋਚਕਾਂ ਵੱਲੋਂ ਵੀ ਰਣਵੀਰ ਦੀ ਇਸ ਅਦਾਕਾਰੀ ਨੂੰ ਹੁਣ ਤੱਕ ਦੀ ਬਿਹਤਰੀਨ ਦੱਸਿਆ ਜਾ ਰਿਹਾ ਹੈ। ਅਦਾਕਾਰ ਨੇ ਕਿਹਾ, "ਮੈਨੂੰ ਮਿਲ ਰਿਹਾ ਇਹ ਪਿਆਰ ਤੇ ਅਪਣੱਤ ਮੇਰੀ ਕਲਪਨਾ ਤੋਂ ਪਰ੍ਹੇ ਹੈ। ਇੰਨਾ ਪਿਆਰ ਮਿਲਣ ਮਗਰੋਂ ਮੈਂ ਭਾਵੁਕ ਹੋ ਗਿਆ ਹਾਂ। ਦਰਸ਼ਕ ਸਿਨੇਮਾ ਹਾਲ ਵਿਚ ਰੌਕੀ ਨੂੰ ਦੇਖ ਕੇ ਖੁਸ਼ ਹੋ ਰਹੇ ਹਨ ਤੇ ਉਸ ਲਈ ਸੀਟੀਆਂ ਵਜਾ ਰਹੇ ਹਨ।

ਅਦਾਕਾਰ ਰਣਵੀਰ ਸਿੰਘ ਅਤੇ ਅਦਾਕਾਰਾ ਆਲੀਆ ਭੱਟ ਦੀ ਫਿਲਮ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' ਕਮਾਈ ਵੀ ਕਰ ਰਹੀ ਹੈ। ਇਸ ਨੇ ਪਹਿਲੇ ਚਾਰ ਦਿਨਾਂ ਵਿਚ ਬਾਕਸ ਆਫਿਸ 'ਤੇ 52.92 ਕਰੋੜ ਦੀ ਕਮਾਈ ਕੀਤੀ। ਹੁਣ ਤੱਕ ਇਸ ਨੇ 100 ਕਰੋੜ ਰੁਪਏ ਤੋਂ ਵੱਧ ਕਮਾਈ ਕਰ ਲਈ ਹੈ ਅਤੇ ਇਸ ਟੀਚੇ 'ਤੇ ਪਹੁੰਚਣ ਵਾਲੀ ਇਸ ਸਾਲ ਦੀ ਇਹ ਛੇਵੀਂ ਫਿਲਮ ਹੋ ਨਿੱਬੜੀ ਹੈ। ਫਿਲਮ ਨੇ ਰਿਲੀਜ਼ ਦੇ ਪਹਿਲੇ ਹਫ਼ਤੇ ਹੀ ਘਰੇਲੂ ਬਾਕਸ ਆਫਿਸ 'ਚ 45.90 ਕਰੋੜ ਰੁਪਏ ਕਮਾ ਲਏ ਹਨ ਇਸ ਫਿਲਮ ਦਾ ਨਿਰਮਾਤਾ ਕਰਨ ਜੌਹਰ ਹੈ ਅਤੇ ਇਸ ਵਿਚ ਧਰਮਿੰਦਰ, ਸ਼ਬਾਨਾ ਆਜ਼ਮੀ ਅਤੇ ਜਯਾ ਬੱਚਨ ਨੇ ਵੀ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਇਹ ਫਿਲਮ ਕਰਨ ਜੌਹਰ ਦੀ ਫਿਲਮ ਜਗਤ ਵਿਚ 25ਵੀਂ ਵਰ੍ਹੇਗੰਢ ਮੌਕੇ ਰਿਲੀਜ਼ ਕੀਤੀ ਗਈ ਹੈ। ਇਸ ਤੋਂ ਪਹਿਲਾਂ ਕਰਨ ਜੌਹਰ ਦੀ ਫਿਲਮ 'ਏ ਦਿਲ ਹੈ ਮੁਸ਼ਕਿਲ' 2012 ਵਿਚ ਰਿਲੀ ਹੋਈ ਸੀ।

ਇਸ ਫਿਲਮ ਵਿਚ ਨਾਇਕ ਅਤੇ ਨਾਇਕਾ ਵਿਆਹ ਤੋਂ ਤਿੰਨ ਮਹੀਨੇ ਪਹਿਲਾਂ ਇਕੱਠੇ ਰਹਿਣ ਦਾ ਫੈਸਲਾ ਕਰਦੇ ਹਨ। ਫਿਲਮ ਵਿਚ ਕਈ ਮੋੜ-ਘੋੜ ਹਨ ਜਿਸ ਨਾਲ ਦਰਸ਼ਕ ਦੀ ਦਿਲਚਸਪੀ ਫਿਲਮ ਵਿਚ ਬਣੀ ਰਹਿੰਦੀ ਹੈ। ਇਸ ਫਿਲਮ ਦੀ ਸ਼ੂਟਿੰਗ ਮੁੰਬਈ, ਨਵੀਂ ਦਿੱਲੀ ਅਤੇ ਜੰਮੂ ਕਸ਼ਮੀਰ ਵਿਚ ਮੁਕੰਮਲ ਕੀਤੀ ਗਈ ਸੀ। ਇਸ ਫਿਲਮ ਨੂੰ ਸੰਗੀਤ ਪ੍ਰੀਤਮ ਨੇ ਦਿੱਤਾ ਹੈ ਅਤੇ ਸਿਨੇਮਾਟੋਗ੍ਰਾਫੀ ਦੇ ਜੌਹਰ ਮਾਨੁਸ਼ ਨੰਦਨ ਨੇ ਦਿਖਾਏ ਹਨ।





*ਨਵੀਂ ਰਿਲੀਜ਼ ਹੋਈ ਫਿਲਮ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' ਦਾ ਪੋਸਟਰ ਅਤੇ (ਸੱਜੇ) ਰਣਵੀਰ ਸਿੰਘ।*

# ਸਿੱਖ ਗੁਰਦੁਆਰਾ ਸੈਨ ਹੋਜ਼ੇ ਵਿਖੇ ਸਾਲਾਨਾ ਗੁਰਮਤਿ ਕੈਂਪ

**ਸੈਨ ਹੋਜ਼ੇ:** ਸਿੱਖ ਗੁਰਦੁਆਰਾ ਸੈਨ ਹੋਜ਼ੇ ਵਿਖੇ ਸੰਗਤਾਂ ਦੇ ਸਹਿਯੋਗ, ਮਾਪਿਆਂ ਅਤੇ ਵਾਲੰਟੀਅਰਾਂ ਦੀ ਮਦਦ ਅਤੇ ਵਿਦਿਆਰਥੀਆਂ ਦੀ ਭਾਗੀਦਾਰੀ ਨਾਲ, ਸਾਲਾਨਾ ਗੁਰਮਤਿ ਕੈਂਪ ਸਫਲ ਰਿਹਾ। ਗੁਰਮਤਿ ਕੈਂਪ 24 ਜੁਲਾਈ ਨੂੰ ਸ਼ੁਰੂ ਹੋਇਆ ਅਤੇ 28 ਜੁਲਾਈ ਨੂੰ ਸਮਾਪਤ ਹੋਇਆ। ਕੈਂਪ ਵਿੱਚ ਬੇ ਏਰੀਆ, ਸੈਕਰਾਮੈਂਟੋ, ਲਾਸ ਏਂਜਲਸ ਤੋਂ 150 ਤੋਂ ਵੱਧ ਵਿਦਿਆਰਥੀ ਵਾਲੰਟੀਅਰਾਂ ਅਤੇ ਇੰਗਲੈਂਡ ਤੋਂ 4 ਵਿਦਿਆਰਥੀਆਂ ਨੇ ਭਾਗ ਲਿਆ। ਕੈਂਪ ਵਿਚ 6 ਤੋਂ 20 ਸਾਲ ਦੇ ਵਿਦਿਆਰਥੀਆਂ ਨੇ ਸਿੱਖ ਇਤਿਹਾਸ, ਸਿੱਖ ਜੀਵਨ ਜਾਚ, ਗੁਰੂਆਂ, ਚਾਰ ਸਾਹਿਬਜ਼ਾਦਿਆਂ, ਪੰਜ ਪਿਆਰਿਆਂ ਅਤੇ ਸ਼ਹੀਦਾਂ ਬਾਰੇ ਜਾਣਕਾਰੀ ਹਾਸਲ ਕੀਤੀ। ਬੱਚਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਸੁਖਾਸਨ ਸੇਵਾ ਵਿਚ ਵੀ ਭਾਗ ਲਿਆ।

ਕਲਾਸਾਂ ਨੂੰ ਸਥਾਨਕ ਗੁਰਸਿੱਖਾਂ ਅਤੇ ਇੰਗਲੈਂਡ ਤੋਂ ਵਿਸ਼ੇਸ਼ ਤੌਰ 'ਤੇ ਬੁਲਾਏ ਗਏ ਧਾਰਮਿਕ ਵਿਦਵਾਨ ਭਾਈ ਸੁਖਵਿੰਦਰ ਸਿੰਘ ਜੀ ਉਰਫ ਸੁੱਖੀ ਬਾਬਾ ਦੁਆਰਾ ਪੜ੍ਹਾਇਆ ਗਿਆ। 2019 ਜਾਂ ਪਿਛਲੇ ਕੋਵਿਡ ਸਮੇਂ ਤੋਂ ਬਾਅਦ ਇਹ ਪਹਿਲਾ ਗੁਰਮਤਿ ਕੈਂਪ ਸੀ।

ਪ੍ਰਬੰਧਕਾਂ ਨੇ ਉਨ੍ਹਾਂ ਸਾਰੇ ਪਰਿਵਾਰਾਂ ਅਤੇ ਵਿਅਕਤੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਖੁੱਲ੍ਹੇ ਦਿਲ ਨਾਲ ਦਾਨ ਕੀਤਾ। ਉਨ੍ਹਾਂ ਸਾਰੇ ਮਾਪਿਆਂ, ਦਾਦਾ-ਦਾਦੀ ਅਤੇ ਭੈਣ-ਭਰਾ ਜਿਨ੍ਹਾਂ ਨੇ ਸਵੈ-ਇੱਛਾ ਨਾਲ ਆਪਣਾ ਕੀਮਤੀ ਸਮਾਂ ਦਿੱਤਾ ਅਤੇ ਜਿਨ੍ਹਾਂ ਪਰਿਵਾਰਾਂ ਨੇ ਲੰਗਰ ਦੀ ਸੇਵਾ ਕੀਤੀ, ਦਾ ਧੰਨਵਾਦ ਕੀਤਾ ਗਿਆ। ਪ੍ਰਬੰਧਕਾਂ ਕਿਹਾ, 'ਅਸੀਂ ਹਰੇਕ ਵਿਦਿਆਰਥੀ ਦੇ ਦਿਲ ਵਿਚ ਸਿੱਖੀ ਦਾ ਛੋਟਾ ਜਿਹਾ ਬੀਜ ਬੀਜਿਆ ਹੈ ਅਤੇ ਪਰਿਵਾਰਾਂ ਨੂੰ ਬੇਨਤੀ ਹੈ ਕਿ ਇਸ ਨੂੰ ਪਾਲਣ ਵਿਚ ਸਾਡੀ ਮਦਦ ਕਰਨ ਤਾਂ ਜੋ ਅਸੀਂ ਹੋਰ ਬੱਚੇ ਗੁਰਸਿੱਖ ਬਣਾ ਸਕੀਏ।















